PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

20th - 27th February 2025 • Issue No. 3068 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389



## ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਪੰਜਾਬੀ ਬੋਲੀ ਦੀ ਸੇਵਾ ਕਰਨ ਵਾਲੇ ਪੰਜਾਬੀਆਂ, ਸਾਡੇ ਪਾਠਕਾਂ, ਲੇਖਕਾਂ ਅਤੇ ਸਾਰੇ ਸਹਿਯੋਗੀਆਂ ਨੂੰ ਲੱਖ ਲੱਖ ਵਧਾਈ

ਇਕ ਵਾਰੀ ਹੱਥ ਮਾਂ-ਬੋਲੀ ਦਾ ਜੋ ਕੌਮਾਂ ਨੇ ਛੱਡ ਦਿੰਦੀਆਂ,
ਗੁੰਮ ਜਾਵਣ ਵਿਚ ਮੇਲੇ ਕਿਧਰੇ ਫੇਰ ਉਹ ਲੱਭਦੀਆਂ ਨਹੀਂ।

*–(ਨਿਰਮਲ ਸਿੰਘ ਕੰਧਾਲਵੀ)*

## ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ (ਲੰਡਨ) ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਨਾਇਆ





## ਯੰਗ ਸਪੋਰਟਸ ਐਂਡ ਐਨ ਆਰ ਆਈ ਕਲੱਬ ਧੰਨੀ ਪਿੰਡ ਵਿਖੇ ਸਫਲ ਟੂਰਨਾਮੈਂਟ ਕਰਵਾਇਆ ਗਿਆ

### ਟੂਰਨਾਮੈਂਟ ਲਈ ਸਹਿਯੋਗ ਦੇਣ ਵਾਲੇ ਸਾਰੇ ਵੀਰਾਂ ਦਾ ਹਾਰਦਿਕ ਧੰਨਵਾਦ















ਜਾਰੀ ਕਰਤਾ – ਸ਼ਿੰਦਰ ਸਿੰਘ ਗਿੱਲ ਅਤੇ ਯੰਗ ਸਪੋਰਟਸ ਐਂਡ ਐਨ ਆਰ ਆਈ ਕਲੱਬ ਧੰਨੀ ਪਿੰਡ





## Contact your GP practice

If you’ve had **tummy trouble** such as **discomfort or diarrhoea for three weeks or more,** or seen **blood in your urine – even just once,** it could be a sign of cancer. It’s probably nothing serious, but finding cancer early makes it more treatable.

Your NHS wants to see you.
**nhs.uk/cancersymptoms**

Clear on cancer
Help us help you

# ਅਕਾਲੀ ਦਲ ਦੇ ਸੰਕਟ ਕਾਰਣ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਤੇ ਬਡੂੰਗਰ ਨੂੰ ਦੇਣਾ ਪਿਆ ਅਸਤੀਫ਼ਾ

**✪ ਪੰਥਕ ਸੰਕਟ ਹੋਇਆ ਡੂੰਘਾ, ਜਥੇਦਾਰ ਅਕਾਲ ਤਖ਼ਤ ਨੂੰ ਹੁਣ ਹੁਕਮਨਾਮਾ ਨਿਭਾਉਣਾ ਹੋਇਆ ਔਖਾ ✪ ਸੱਤ ਮੈਂਬਰੀ ਭਰਤੀ ਕਮੇਟੀ ਵਿਚੋਂ ਪੰਜ ਮੈਂਬਰ ਹੁਕਮਨਾਮਾ ਨਿਭਾਉਣ ਦੇ ਹੱਕ ਵਿਚ ✪ ਕੀ ਜਥੇਦਾਰ ਅਕਾਲ ਤਖ਼ਤ ਪੰਥਕ ਸੰਕਟ ਦਾ ਹੱਲ ਲੱਭ ਸਕਣਗੇ ?**

## ਪੰਥਕ ਹਲਚਲ

ਜਲੰਧਰ-ਅਕਾਲੀ ਦਲ ਦੇ ਸੰਕਟ ਨੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੂੰ ਆਪਣੇ ਚੱਕਰਵਿਊ ਵਿੱਚ ਧੱਕ ਦਿੱਤਾ ਹੈ। ਗਿਆਨੀ ਹਰਪ੍ਰੀਤ ਸਿੰਘ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫ਼ਾਰਗ ਕਰਨ ਦੇ ਫ਼ੈਸਲੇ ਮਗਰੋਂ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਇਸ ਤੋਂ ਬਾਅਦ ਸ੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੇ ਬੀਤੇ ਦਿਨੀ 7 ਮੈਂਬਰੀ ਭਰਤੀ ਕਮੇਟੀ ਜੋ ਅਕਾਲੀ ਦਲ ਨੂੰ ਪੁਨਰ ਉਸਾਰਨ ਲਈ ਅਕਾਲ ਤਖ਼ਤ ਸਾਹਿਬ ਤੋਂ ਬਣਾਈ ਗਈ ਸੀ, ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਧਾਮੀ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਵੀ ਲਾਂਭੇ ਹੋ ਗਏ ਹਨ। ਇਸ ਨਾਲ ਪਿਛਲੇ ਸਾਲ ਦੋ ਦਸੰਬਰ ਤੋਂ ਬਾਅਦ ਬਦਲ ਰਹੇ ਹਾਲਾਤ ਦਰਮਿਆਨ ਪੰਥਕ ਸੰਕਟ ਹੋਰ ਵੀ ਡੂੰਘਾ ਹੋ ਗਿਆ ਹੈ।

ਅਸਤੀਫ਼ਾ ਦੇਣ ਦੇ ਕਾਰਨ ਸਪੱਸ਼ਟ ਕਰਦਿਆਂ ਧਾਮੀ ਨੇ ਕਿਹਾ ਸੀ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਫਾਰਗ ਕਰਨ ਦੇ ਫ਼ੈਸਲੇ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਕਾਰਨ ਉਹ ਨੈਤਿਕ ਆਧਾਰ 'ਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰਨ ਦੇ ਫ਼ੈਸਲੇ 'ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖਤ ਇਤਰਾਜ਼ ਪ੍ਰਗਟਾਇਆ ਸੀ। ਉਹ ਉਸ ਵੇਲੇ ਇੰਗਲੈਂਡ ਦੌਰੇ 'ਤੇ ਸਨ। ਜਥੇਦਾਰ ਰਘਬੀਰ ਸਿੰਘ ਨੇ ਕਿਹਾ ਸੀ ਕਿ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਲਈ ਵਰਤੇ ਗਏ ਕਾਰਨ ਅਤੇ ਤਰੀਕਾ ਬਿਲਕੁਲ ਗੈਰ ਸਿਧਾਂਤਕ ਤੇ ਮਰਿਆਦਾ ਹੀਣ ਹੈ। ਉਨ੍ਹਾਂ ਕਿਹਾ ਸੀ ਕਿ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਥਕ ਭਾਵਨਾਵਾਂ ਅਤੇ ਪਰੰਪਰਾਵਾਂ ਦੀ ਰੌਸ਼ਨੀ ਵਿਚ ਹੋਏ ਫੈਸਲਿਆਂ ਤੋਂ ਬਾਅਦ ਹੀ ਇਸ ਤਰ੍ਹਾਂ ਜਾਪ ਰਿਹਾ ਸੀ ਕਿ ਸਿੰਘ ਸਾਹਿਬਾਨ ਖ਼ਿਲਾਫ਼ ਗਿਣੇ ਮਿਥੇ ਤਰੀਕੇ ਦੇ ਨਾਲ ਮਾਹੌਲ ਬਣਾਇਆ ਜਾ ਰਿਹਾ ਹੈ ਜ਼ਥੇਦਾਰ ਗਿਆਨੀ ਰਘਬੀਰ ਸਿੰਘ ਇਸ ਤੋਂ ਪਹਿਲਾਂ ਹੀ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਬਣਾਈ ਗਈ ਜਾਂਚ ਕਮੇਟੀ ਬਾਰੇ ਇਤਰਾਜ਼ ਪ੍ਰਗਟ ਕਰ ਚੁੱਕੇ ਸਨ ਕਿ ਜਥੇਦਾਰਾਂ ਖ਼ਿਲਾਫ਼ ਜਾਂਚ ਕਰਨ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਨਹੀਂ ਹੈ ਅਤੇ ਸਿਰਫ਼ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਹੀ ਇਸ ਸਬੰਧੀ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਭਾਈ ਮਨਜੀਤ ਸਿੰਘ, ਜਥੇਦਾਰ ਮਿੱਠੂ ਸਿੰਘ ਕਾਹਨੇਕੇ, ਜਥੇਦਾਰ ਸਤਵਿੰਦਰ ਸਿੰਘ ਟੌਹੜਾ ਅਤੇ ਜਥੇਦਾਰ ਮਲਕੀਤ ਸਿੰਘ ਚੰਗਾਲ ਵੱਲੋਂ ਇਕ ਸਾਂਝਾ ਬਿਆਨ ਜਾਰੀ ਕਰਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਗਈ ਸੀ ਕਿ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਤਿਆਰ ਕੀਤੀ ਗਈ, ਇਕਪਾਸੜ ਪੜਤਾਲੀਆ ਰਿਪੋਰਟ ਨੂੰ ਰੱਦ ਕੀਤਾ ਜਾਵੇ।

ਪਾਕਿਸਤਾਨੀ ਸਿੱਖ ਆਗੂ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਕਿਹਾ ਸੀ ਕਿ ਪਾਕਿਸਤਾਨੀ ਸਿੱਖ ਸੰਗਤ ਨੇ ਫੈਸਲਾ ਕੀਤਾ ਕਿ ਗਿਆਨੀ ਹਰਪ੍ਰੀਤ ਸਿੰਘ ਦੇ ਨਾਲ ਚੱਟਾਨ ਵਾਂਗ ਖੜ੍ਹੇ ਹਾਂ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਬੇਬੁਨਿਆਦ ਦੋਸ਼ ਲਗਾਏ ਗਏ ਹਨ।

ਹੁਣ ਤੱਕ, ਨਾ ਤਾਂ ਸ਼੍ਰੋਮਣੀ ਕਮੇਟੀ ਅਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਅਕਾਲ ਤਖ਼ਤ ਦੇ ਜਥੇਦਾਰ ਦੇ ਬਿਆਨ 'ਤੇ ਕੋਈ ਪ੍ਰਤੀਕਿਰਿਆ ਦਿੱਤੀ ਸੀ ਹਾਲਾਂਕਿ ਸੁਖਬੀਰ ਦੇ ਧੜੇ ਦੇ ਸਮਰਥਕ ਗਿਆਨੀ ਹਰਪ੍ਰੀਤ ਸਿੰਘ ਦੀ ਸਖ਼ਤ ਆਲੋਚਨਾ ਕਰ ਰਹੇ ਹਨ, ਕੁਝ ਤਾਂ ਤਿੱਖੀ ਭਾਸ਼ਾ ਦੀ ਵਰਤੋਂ ਵੀ ਕਰ ਰਹੇ ਹਨ, ਅਤੇ ਅਕਾਲੀ ਆਗੂਆਂ ਅਤੇ ਸ਼੍ਰੋਮਣੀ ਕਮੇਟੀ ਦੇ ਫੈਸਲੇ ਦਾ ਸਮਰਥਨ ਕਰਨਾ ਜਾਰੀ ਰੱਖਿਆ ਹੈ, ਪਰ ਅਕਾਲ ਤਖ਼ਤ ਦੇ ਜਥੇਦਾਰ ਦੇ ਬਿਆਨ 'ਤੇ ਉਨ੍ਹਾਂ ਵੱਲੋਂ ਕੋਈ ਸਪੱਸ਼ਟ ਪ੍ਰਤੀਕਿਰਿਆ ਨਹੀਂ ਆਈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦੋ ਦਸੰਬਰ ਨੂੰ ਅਕਾਲ ਤਖ਼ਤ ਤੋਂ ਸ਼੍ਰੋਮਣੀ ਅਕਾਲੀ ਦਲ ਆਗੂ ਸੁਖਬੀਰ ਸਿੰਘ ਬਾਦਲ ਅਤੇ ਹੋਰਾਂ ਖ਼ਿਲਾਫ਼ ਕੀਤੀ ਗਈ ਕਾਰਵਾਈ ਮਗਰੋਂ ਪੰਥਕ ਹਾਲਾਤ ਲਗਾਤਾਰ ਬਦਲ ਰਹੇ ਹਨ। ਇਸ ਦੌਰਾਨ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਤਖ਼ਤਾਂ ਦੇ ਜਥੇਦਾਰਾਂ ਵਿਚਾਲੇ ਪਾੜਾ ਵਧਿਆ ਹੈ। ਸ਼੍ਰੋਮਣੀ ਕਮੇਟੀ ਦੋਹਾਂ ਧਿਰਾਂ ਵਿਚਾਲੇ ਇੱਕ ਪੁਲ ਵਾਂਗ ਕੰਮ ਕਰ ਰਹੀ ਸੀ ਪਰ ਪੈਦਾ ਹੋਏ ਤਣਾਅ ਅਤੇ ਦਬਾਅ ਕਾਰਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਸੀਨੀਅਰ ਪੱਤਰਕਾਰ ਅਤੇ ਪੰਥਕ ਸਿਆਸਤ ਦੇ ਜਾਣਕਾਰ ਜਸਪਾਲ ਸਿੰਘ ਸਿੱਧੂ ਕਹਿੰਦੇ ਹਨ ਕਿ 'ਹਰਜਿੰਦਰ ਸਿੰਘ ਧਾਮੀ ਉੱਤੇ ਕਾਫ਼ੀ ਜ਼ਿਆਦਾ ਰਾਜਨੀਤਿਕ ਦਬਾਅ ਸੀ, ਇਸ ਕਰ ਕੇ ਕਾਫ਼ੀ ਸਮਾਂ ਪਹਿਲਾਂ ਹੀ ਉਨ੍ਹਾਂ ਨੇ ਆਪਣੇ ਆਪ ਨੂੰ ਅਕਾਲੀ ਦਲ ਦੀਆਂ ਗਤੀਵਿਧੀਆਂ ਤੋਂ ਵੱਖ ਕਰ ਲਿਆ ਸੀ। ਖ਼ਾਸ ਤੌਰ ਉੱਤੇ ਮਾਘੀ ਮੇਲੇ ਦੌਰਾਨ ਵੀ ਉਹ ਸ਼੍ਰੋਮਣੀ ਅਕਾਲੀ ਦਲ ਦੀ ਸਟੇਜ ਉੱਤੇ ਨਜ਼ਰ ਨਹੀਂ ਆਏ ਜ਼ਸਪਾਲ ਸਿੰਘ ਨੇ ਦੱਸਿਆ ਕਿ ਅਕਾਲੀ ਦਲ ਉੱਤੇ ਪੰਥਕ ਸੰਕਟ ਪਹਿਲਾ ਵੀ ਆਇਆ ਹੈ ਪਰ ਉਸ ਸਮੇਂ ਉਸ ਦੀ ਰਾਜਨੀਤਿਕ ਪਕੜ ਕਾਫ਼ੀ ਜ਼ਿਆਦਾ ਸੀ ਪਰ ਮੌਜੂਦਾ ਸਮੇਂ ਦੌਰਾਨ ਹਵਾ ਅਕਾਲੀ ਦਲ ਦੇ ਪੱਖ ਵਿੱਚ ਨਹੀਂ ਹੈ ਕਿਉਂਕਿ ਰਾਜਨੀਤਿਕ ਤੌਰ ਉੱਤੇ ਉਹ ਪਹਿਲਾਂ ਹੀ ਹਾਸ਼ੀਏ ਉੱਤੇ ਆ ਗਿਆ ਹੈ। ਮੌਜੂਦਾ ਹਾਲਾਤ ਵਿੱਚ ਜਿਸ ਦੀ ਭਰਪਾਈ ਹੋਣਾ ਸੰਭਵ ਨਹੀਂ ਲੱਗ ਰਿਹਾ ਅਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਇਹ ਅਕਾਲੀ ਦਲ ਲਈ ਸਭ ਤੋਂ ਇਤਿਹਾਸਕ ਝਟਕਾ ਹੋਵੇਗਾ।

### ਜਥੇਦਾਰ ਅਕਾਲ ਤਖਤ ਚੁਣੌਤੀਆਂ ਵਿਚ ਘਿਰੇ

ਧਾਮੀ ਤੇ ਬਡੂੰਗਰ ਦੇ ਅਸਤੀਫ਼ੇ ਤੋਂ ਬਾਅਦ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹੁਣ ਇੱਕ ਹੋਰ ਚੁਣੌਤੀ ਅਤੇ ਇੱਕ ਗੁੰਝਲਦਾਰ ਸਥਿਤੀ ਦਾ ਸਾਹਮਣਾ ਕਰਨਾ ਪਵੇਗਾ, ਕਿਉਂਕਿ ਸੰਕਟ ਨੂੰ ਹੱਲ ਕਰਨ ਦੀ ਬਜਾਏ, ਹੋਰ ਪੇਚੀਦਗੀਆਂ ਪੈਦਾ ਹੋ ਗਈਆਂ ਹਨ।

ਭਾਵੇਂ ਧਾਮੀ ਨੇ ਅਕਾਲ ਤਖ਼ਤ ਦੇ ਜਥੇਦਾਰ ਦੇ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਤੇ ਸ੍ਰੋਮਣੀ ਕਮੇਟੀ ਦੀ ਜਾਂਚ ਟੀਮ ਵਿਰੁਧ ਦਿੱਤੇ ਬਿਆਨ ਤੋਂ ਚਾਰ ਦਿਨ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੂੰ ਬਰਖ਼ਾਸਤ ਕਰਨ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਦੇ ਬਿਆਨ ਦਾ ਹਵਾਲਾ ਦਿੱਤਾ ਸੀ, ਪਰ ਪਤਾ ਲੱਗਾ ਹੈ ਕਿ ਦੂਜਾ ਵੱਡਾ ਕਾਰਨ ਇਹ ਸੀ ਕਿ ਉਹ ਅਕਾਲ ਤਖ਼ਤ ਵੱਲੋਂ 2 ਦਸੰਬਰ ਨੂੰ ਅਕਾਲੀ ਦਲ ਦੀ ਮੈਂਬਰਸ਼ਿਪ ਮੁਹਿੰਮ ਲਈ ਬਣੀ ਸੱਤ ਮੈਂਬਰੀ ਕਮੇਟੀ ਚਲਾਉਣ ਦੀ ਜ਼ਿੰਮੇਵਾਰੀ ਨਹੀਂ ਨਿਭਾ ਸਕੇ।

-ਬਾਕੀ ਹਿਸਾ ਸਫ਼ਾ 49 ਤੇ ਪੜ੍ਹੋ



**ਇਸ ਸੰਕਟ ਦੇ ਸਮੇਂ ਅਕਾਲੀ ਲੀਡਰਸ਼ਿਪ ਅਤੇ ਪਾਰਟੀ ਦੇ ਸਮਰਥਕ ਹੋਰ ਵਰਗਾਂ ਨਾਲ ਸੰਬੰਧਿਤ ਆਗੂ ਮਿਲ ਕੇ ਬੈਠਦੇ, ਸਾਹਮਣੇ ਪੇਸ਼ ਚੁਣੌਤੀਆਂ ਸੰਬੰਧੀ ਵਿਚਾਰ-ਵਟਾਂਦਰਾ ਕਰਦੇ, ਉਨ੍ਹਾਂ ਦੇ ਸਰਬ ਪ੍ਰਵਾਨਿਤ ਹੱਲ ਲੱਭਣ ਲਈ ਯਤਨਸ਼ੀਲ ਹੁੰਦੇ, ਪਰ ਅਜਿਹਾ ਸੰਭਵ ਨਾ ਹੋ ਸਕਿਆ ਤੇ ਨਾ ਹੀ ਏਕਤਾ ਅਤੇ ਸਾਂਝੀ ਰਾਇ ਬਣਾਉਣ ਦੇ ਕੀਤੇ ਗਏ ਯਤਨ ਹੀ ਸਫ਼ਲ ਹੋ ਸਕੇ। ਅੱਜ ਲੀਡਰਸ਼ਿਪ ਦੀ ਈਗੋ ਕਾਰਣ ਅਕਾਲੀ ਦਲ ਬੁਰੀ ਤਰ੍ਹਾਂ ਖਿੰਡਰ-ਪੁੰਡਰ ਗਿਆ ਹੈ। ਅਕਾਲ ਤਖ਼ਤ ਸਾਹਿਬ ਤੋਂ ਦਿੱਤੇ ਗਏ ਆਦੇਸ਼ ਵੀ ਲੀਡਰਸ਼ਿਪ 'ਤੇ ਆਪਣਾ ਪ੍ਰਭਾਵ ਨਹੀਂ ਬਣਾ ਸਕੇ, ਜਿਸ ਕਾਰਨ ਇਸ ਨਾਲ ਭਾਵੁਕ ਤੌਰ 'ਤੇ ਜੁੜੇ ਰਹੇ ਵੱਡੀ ਗਿਣਤੀ 'ਚ ਸਿਖ ਜਗਤ ਨੂੰ ਨਿਰਾਸ਼ਾ ਦਾ ਮੂੰਹ ਵੇਖਣਾ ਪਿਆ ਹੈ। ਇਸ ਸਮੇਂ ਅਕਾਲੀ ਦਲ ਨੂੰ ਪੈਦਾ ਹੋਈ ਅਜਿਹੀ ਨਿਰਾਸ਼ਾਜਨਕ ਸਥਿਤੀ ਵਿਚੋਂ ਉੱਭਾਰਨਾ ਜ਼ਰੂਰੀ ਹੋਵੇਗਾ। ਅਜਿਹਾ ਸਾਰੇ ਸੰਬੰਧਿਤ ਆਗੂਆਂ ਵਲੋਂ ਆਪਣੇ ਪਾਲੇ ਹਿੱਤਾਂ ਨੂੰ ਛੱਡ ਕੇ ਇਕ ਸਾਂਝੇ ਮੰਚ 'ਤੇ ਇਕੱਠੇ ਹੋਣ ਦੀ ਸੋਚ ਨਾਲ ਹੀ ਸੰਭਵ ਹੈ।**

## ਹਰਜਿੰਦਰ ਸਿੰਘ ਧਾਮੀ ਦੀਆਂ ਪ੍ਰਾਪਤੀਆਂ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਜਨਮ 28 ਅਗਸਤ 1956 'ਚ ਹੋਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪਿੱਪਲਾਂ ਵਾਲਾ ਵਿਖੇ ਹੋਇਆ। ਉਹ ਪੰਜਾਬ ਦੇ ਦੋਆਬਾ ਖੇਤਰ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਨੇ ਬੀਏ, ਐਲਐਲਬੀ ਦੀ ਡਿਗਰੀ ਪ੍ਰਾਪਤ ਕੀਤੀ ਹੈ ਅਤੇ ਪਿਛਲੇ ਚਾਰ ਦਹਾਕਿਆਂ ਤੋਂ ਵਕਾਲਤ ਦੇ ਪੇਸ਼ੇ ਨਾਲ ਜੁੜੇ ਹੋਏ ਹਨ। ਲੰਮੇ ਅਰਸੇ ਤੋਂ ਸਿੱਖ ਸੰਸਥਾ ਨਾਲ ਜੁੜੇ ਧਾਮੀ, 1996 ਵਿੱਚ ਸ਼ਾਮਚੁਰਾਸੀ ਹਲਕੇ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਦੇ ਬਣੇ ਸਨ ਅਤੇ ਉਦੋਂ ਤੋਂ ਹੁਣ ਤੱਕ ਲਗਾਤਾਰ ਮੈਂਬਰ ਬਣਦੇ ਆ ਰਹੇ ਹਨ। ਇਸ ਦੇ ਨਾਲ ਹੀ ਧਾਮੀ ਧਰਮ ਪ੍ਰਚਾਰ ਦੇ ਮੈਂਬਰ ਵੀ ਰਹੇ ਅਤੇ ਅੰਤ੍ਰਿੰਗ ਮੈਂਬਰ ਵੀ ਬਣੇ।

# 27 ਤੋਂ ਵੱਧ ਖਾੜਕੂਆਂ ਤੇ ਗੈਂਗਸਟਰਾਂ ਨੇ ਅਮਰੀਕਾ ਸਮੇਤ ਕਈ ਦੇਸ਼ਾਂ ਵਿਚ ਲਈ ਹੋਈ ਪਨਾਹ

## ✪ ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਨੂੰ ਭੇਜਿਆ ਤਾਜ਼ਾ ਡੋਜ਼ੀਅਰ



ਚੰਡੀਗੜ੍ਹ-ਗੈਂਗਸਟਰ ਗੋਲਡੀ ਬਰਾੜ ਤੇ ਅਨਮੋਲ ਬਿਸ਼ਨੋਈ ਦੀ ਹਵਾਲਗੀ ਦਾ ਰਸਤਾ ਸਾਫ ਹੋਣ ਤੋਂ ਬਾਅਦ ਪੁਲਿਸ ਨੇ ਵਿਦੇਸ਼ 'ਚ ਬੈਠੇ ਪੰਜਾਬ ਦੇ 27 ਤੋਂ ਵੱਧ ਖਾੜਕੂਆਂ ਤੇ ਗੈਂਗਸਟਰਾਂ 'ਤੇ ਸ਼ਿਕੰਜਾ ਕੱਸਣ ਦੀ ਤਿਆਰੀ ਕਰ ਲਈ ਹੈ। ਇਹ ਸਾਰੇ ਪੰਜਾਬ 'ਚ ਹਿੰਸਕ ਸਰਗਰਮੀਆਂ, ਰੰਗਦਾਰੀ ਮੰਗਣ ਅਤੇ ਹੱਤਿਆ ਦੇ ਮਾਮਲਿਆਂ 'ਚ ਲੋੜੀਂਦੇ ਹਨ। ਗੋਲਡੀ ਬਰਾੜ ਤੇ ਅਨਮੋਲ ਬਿਸ਼ਨੋਈ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਸਟਰਮਾਈਂਡ ਹਨ। ਇਨ੍ਹਾਂ ਦੋਵਾਂ ਤੋਂ ਇਲਾਵਾ ਦਰਮਨਜੋਤ ਸਿੰਘ ਕਾਹਲੋਂ ਉਰਫ ਦਰਮਨ ਕਾਹਲੋਂ, ਅਮ੍ਰਿਤਪਾਲ ਸਿੰਘ, ਹਰਜੋਤ ਸਿੰਘ, ਹਰਬੀਰ ਸਿੰਘ, ਨਵਰੂਪ ਸਿੰਘ, ਸਵਰਨ ਸਿੰਘ ਉਰਫ ਫ਼ੌਜੀ, ਸਾਹਿਲ ਕੈਲਾਸ਼ ਰਿਤੋਲੀ, ਯੋਗੇਸ਼ ਉਰਫ਼ ਬੌਬੀ ਬੇਰੀ, ਆਸ਼ੂ ਉਰਫ਼ ਭਾਨੂ ਪ੍ਰਤਾਪ ਸਾਂਭਲੀ ਤੇ ਅਮਨ ਸਾਂਭੀ ਦੇ ਨਾਮ ਮੁੱਖ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਕੈਨੇਡਾ ਤੋਂ ਹੁੰਦੇ ਹੋਏ ਅਮਰੀਕਾ 'ਚ ਜਾ ਲੁਕੇ ਹਨ।

ਪੰਜਾਬ ਪੁਲਿਸ ਇਨ੍ਹਾਂ ਦੀ ਹਵਾਲਗੀ ਲਈ ਕੇਂਦਰੀ ਏਜੰਸੀਆਂ ਦੇ ਸੰਪਰਕ 'ਚ ਹਨ। ਪੰਜਾਬ ਪੁਲਿਸ ਦੇ ਅਧਿਕਾਰੀਆਂ ਮੁਤਾਬਕ ਇਨ੍ਹਾਂ ਖਾੜਕੂਆਂ ਤੇ ਗੈਂਗਸਟਰਾਂ ਦੇ ਟਿਕਾਣੇ ਹਾਂਗਕਾਂਗ, ਮਲੇਸ਼ੀਆ ਤੇ ਆਸਟ੍ਰੇਲੀਆ 'ਚ ਵੀ ਹਨ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਨਿਰਦੇਸ਼ ਤੋਂ ਬਾਅਦ ਮੁੱਖ ਸੁਰੱਖਿਆ ਏਜੰਸੀਆਂ ਨੇ 12 ਖਾੜਕੂਆਂ ਤੇ ਗੈਂਗਸਟਰਾਂ ਦੀ ਇਸ ਸੂਚੀ ਤਿਆਰ ਕੀਤੀ ਹੈ ਜੋ ਅਮਰੀਕਾ 'ਚ ਲੁਕੇ ਹੋਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਬੀਤੇ ਦਿਨੀਂ ਵਾਸ਼ਿੰਗਟਨ 'ਚ ਮੁਲਾਕਾਤ ਤੋਂ ਬਾਅਦ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਮੁੰਬਈ ਹਮਲੇ ਦੇ ਦੋਸ਼ੀ ਤਹੱਵੁਰ ਰਾਣਾ ਤੋਂ ਬਾਅਦ ਉਨ੍ਹਾਂ ਹੋਰ ਲੋਕਾਂ ਨੂੰ ਵੀ ਭਾਰਤ ਦੇ ਹਵਾਲੇ ਕਰਨਗੇ ਜਿਨ੍ਹਾਂ ਦੀ ਸੂਚੀ ਭਾਰਤ ਨੇ ਅਮਰੀਕਾ ਨੂੰ ਦਿੱਤੀ ਹੈ।

ਇਸ ਸੂਚੀ 'ਚ ਗੋਲਡੀ ਬਰਾੜ ਤੇ ਅਨਮੋਲ ਬਿਸ਼ਨੋਈ ਦਾ ਨਾਮ ਵੀ ਹੈ। ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਮਰੀਕਾ 'ਚ ਲੁਕੇ ਖਾੜਕੂਆਂ ਤੇ ਗੈਂਗਸਟਰਾਂ ਦਾ ਇਕ ਤਾਜ਼ਾ ਕ੍ਰਿਮੀਨਲ ਡੋਜ਼ੀਅਰ ਬੀਤੇ ਦਿਨੀਂ ਕੇਂਦਰੀ ਏਜੰਸੀਆਂ ਨੂੰ ਤਿਆਰ ਕਰ ਕੇ ਭੇਜਿਆ ਗਿਆ ਸੀ।


ਦੋਸ਼ੀਆਂ ਨੂੰ ਵਾਪਸ ਲਿਆਉਣ ਲਈ ਹੁਣ ਤੱਕ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਬਿਓਰਾ ਵੀ ਨਾਲ ਭੇਜਿਆ ਗਿਆ ਹੈ। ਪਿਛਲੇ ਦੋ ਸਾਲਾਂ 'ਚ ਸਿਰਫ ਛੇ ਗੈਂਗਸਟਰਾਂ ਨੂੰ ਹੀ ਵਾਪਸ ਲਿਆਂਦਾ ਜਾ ਸਕਿਆ ਹੈ।

## ਅਮਰੀਕਾ ਨੂੰ ਸੌਂਪੀ ਗਈ ਮੋਸਟ ਵਾਂਟੇਡ ਦੀ ਲਿਸਟ

1. **ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ** : ਗੋਲਡੀ ਬਰਾੜ ਪੰਜਾਬੀ ਸਿੰਗਰ ਸਿੱਧੂ ਮੂਸੇਵਾਲਾ ਦੀ ਹੱਤਿਆ ਦਾ ਮਾਸਟਰਮਾਈਂਡ ਹੈ।
2. **ਅਨਮੋਲ ਬਿਸ਼ਨੋਈ** : ਬਠਿੰਡਾ ਜੇਲ੍ਹ 'ਚ ਬੰਦ ਬਿਸ਼ਨੋਈ ਗੈਂਗ ਦੇ ਮੁਖੀ ਲਾਰੇਂਸ ਬਿਸ਼ਨੋਈ ਦਾ ਭਰਾ ਹੈ। ਅਮਰੀਕਾ 'ਚ ਪੁਲਿਸ ਦੀ ਹਿਰਾਸਤ 'ਚ ਹੈ।
3. **ਹਰਜੋਤ ਸਿੰਘ ਗਿੱਲ** : ਪੰਜਾਬ ਦੇ ਫਾਜ਼ਿਲਕਾ ਦਾ ਰਹਿਣ ਵਾਲਾ ਹਰਜੋਤ ਸਿੰਘ ਗਿੱਲ ਗੋਲਡੀ ਬਰਾੜ ਦੇ ਨੈੱਟਵਰਕ ਨਾਲ ਕੌਮਾਂਤਰੀ ਵਸੂਲੀ ਰੈਕੇਟ 'ਚ ਸ਼ਾਮਲ ਹੈ। ਆਪਣੇ ਭਰਾ ਜਸਪ੍ਰੀਤ ਨਾਲ ਇਸ ਨੇ ਮਿਊਜ਼ਿਕ ਕੰਪਨੀ ਵੀ ਖੋਲ੍ਹੀ ਹੋਈ ਹੈ।
4. **ਦਰਮਨਜੀਤ ਸਿੰਘ ਉਰਫ਼ ਦਰਨ ਕਾਹਲੋਂ** : ਇਸ ਦਾ ਨਾਮ ਵੀ ਸਿੱਧੂ ਮੂਸੇਵਾਲਾ ਹੱਤਿਆਕਾਂਡ 'ਚ ਆਇਆ ਸੀ।
5. **ਅਮ੍ਰਿਤ ਬਲ** : ਅਮ੍ਰਿਤ ਬਲ ਭਾਰਤ 'ਚ ਹਥਿਆਰਾਂ ਦੀ ਤਸਕਰੀ ਕਰਵਾਉਂਦਾ ਹੈ।
6. **ਗੁਰਪਿੰਦਰ ਸਿੰਘ ਉਰਫ਼ ਬਾਬਾ ਡੱਲਾ** : ਬਾਬਾ ਡੱਲਾ 'ਤੇ ਟਾਰਗੇਟ ਕਿਲਿੰਗ ਦਾ ਦੋਸ਼ ਹੈ।
7. **ਸਤਵਿੰਦਰ ਸਿੰਘ ਉਰਫ਼ ਸੈਮ** : ਇਹ ਬਿਸ਼ਨੋਈ ਦਾ ਸਰਗਰਮ ਮੈਂਬਰ ਹੈ।
8. **ਸਨੋਵਰ ਢਿੱਲੋਂ** : ਇਸ ਦਾ ਨਾਮ ਕਬੱਡੀ ਖਿਡਾਰੀ ਸੰਦੀਪ ਨੰਗਲ ਹੱਤਿਆਕਾਂਡ 'ਚ ਆਇਆ ਸੀ।
9. **ਲਖਵੀਰ ਸਿੰਘ ਉਰਫ਼ ਲੰਡਾ** : ਲੰਡਾ ਬੱਬਰ ਖ਼ਾਲਸਾ ਇੰਟਰਨੈਸ਼ਨਲ ਨਾਮੀ ਜਥੇਬੰਦੀ ਚਲਾਉਂਦਾ ਹੈ। ਮੋਹਾਲੀ 'ਚ ਇੰਟੈਲੀਜੈਂਸ ਦੇ ਮੁੱਖ ਦਫ਼ਤਰ ਤੇ ਤਰਨ ਤਾਰਨ ਜ਼ਿਲ੍ਹੇ ਦੇ ਇਕ ਪੁਲਿਸ ਸਟੇਸ਼ਨ 'ਤੇ ਆਰਪੀਜੀ ਹਮਲੇ 'ਚ ਇਸਦਾ ਹੱਥ ਸੀ।
10. **ਅਰਸ਼ਦੀਪ ਸਿੰਘ ਉਰਫ਼ ਡੱਲਾ** : ਇਹ ਭਾਰਤ ਤੋਂ ਭੱਜ ਕੇ ਅਮਰੀਕਾ ਤੇ ਕੈਨੇਡਾ ਤੋਂ ਅਪਰਾਧਾਂ ਨੂੰ ਅੰਜਾਮ ਦੇ ਰਿਹਾ ਹੈ।
11. **ਚਰਨਜੀਤ ਸਿੰਘ ਉਰਫ਼ ਰਿੰਕੂ ਬਿਹਲਾ** : ਪੰਜਾਬ ਦਾ ਰਹਿਣ ਵਾਲਾ ਹੈ ਅਤੇ ਅਪਰਾਧਿਕ ਸਰਗਰਮੀਆਂ 'ਚ ਸ਼ਾਮਲ ਹੈ।
12. **ਰਾਮਦੀਪ ਸਿੰਘ ਉਰਫ਼ ਰਮਨ ਜੱਜ**: ਪੰਜਾਬ ਦਾ ਰਹਿਣ ਵਾਲਾ ਅਤੇ ਅਪਰਾਧਿਕ ਸਰਗਰਮੀਆਂ 'ਚ ਸ਼ਾਮਲ ਹੈ।

## ਅਮਰੀਕਾ ਹੁਣ ਭਾਰਤ ਨਹੀਂ ਭੇਜੇਗਾ ਗੈਰ ਕਨੂੰਨੀ ਪ੍ਰਵਾਸੀ !

### ✪ ਕੋਸਟਾ ਰੀਕਾ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਤੱਕ ਪਹੁੰਚਣ ਲਈ ਇੱਕ ਪੁਲ ਦਾ ਕੰਮ ਕਰੇਗਾ



ਸੈਨ ਜੋਸ-ਕੋਸਟਾ ਰੀਕਾ ਨੇ ਭਾਰਤ ਅਤੇ ਮੱਧ ਏਸ਼ੀਆ ਦੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਵਾਪਸ ਭੇਜਣ ਵਿਚ ਇੱਕ "ਪੁਲ" ਵਜੋਂ ਕੰਮ ਕਰਨ 'ਤੇ ਸਹਿਮਤ ਪ੍ਰਗਟਾਈ ਹੈ। ਅਮਰੀਕਾ ਤੋਂ ਭੇਜੇ ਗਏ ਪ੍ਰਵਾਸੀ ਉਦੋਂ ਤੱਕ ਕੋਸਟਾ ਰੀਕਾ ਵਿੱਚ ਰਹਿਣਗੇ, ਜਦੋਂ ਤੱਕ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਵਾਪਸ ਨਹੀਂ ਭੇਜਿਆ ਜਾ ਸਕਦਾ। ਕੋਸਟਾ ਰੀਕਾ ਦੇ ਰਾਸ਼ਟਰਪਤੀ ਰੋਡਰੀਗੋ ਚਾਵੇਸ ਰੋਬਲਜ਼ ਦੇ ਦਫ਼ਤਰ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਅਨੁਸਾਰ, 200 ਪ੍ਰਵਾਸੀਆਂ ਦਾ ਪਹਿਲਾ ਬੈਚ ਬੁੱਧਵਾਰ ਨੂੰ ਇੱਕ ਵਪਾਰਕ ਉਡਾਣ ਰਾਹੀਂ ਜੁਆਨ ਸੈਂਟਾਮਾਰੀਆ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੇਗਾ। ਬਿਆਨ ਵਿੱਚ ਕਿਹਾ ਗਿਆ ਹੈ, "ਕੋਸਟਾ ਰੀਕਾ ਸਰਕਾਰ ਨੇ 200 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇ ਦੇਸ਼ ਵਾਪਸ ਭੇਜਣ ਵਿਚ ਅਮਰੀਕਾ ਨਾਲ ਸਹਿਯੋਗ ਕਰਨ 'ਤੇ ਸਹਿਮਤੀ ਪ੍ਰਗਟਾਈ ਹੈ। ਇਹ ਲੋਕ ਮੱਧ ਏਸ਼ੀਆਈ ਦੇਸ਼ਾਂ ਅਤੇ ਭਾਰਤ ਤੋਂ ਹਨ।" ਬਿਆਨ ਵਿੱਚ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਵਿੱਚੋਂ ਕਿੰਨੇ ਭਾਰਤ ਤੋਂ ਹਨ। ਇਸ ਵਿਚ ਕਿਹਾ ਗਿਆ ਹੈ, "ਕੋਸਟਾ ਰੀਕਾ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਤੱਕ ਪਹੁੰਚਣ ਲਈ ਇੱਕ ਪੁਲ ਦਾ ਕੰਮ ਕਰੇਗਾ।" ਟਰੰਪ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸਖ਼ਤ ਕਾਰਵਾਈ ਦੌਰਾਨ ਕੁੱਲ 332 ਭਾਰਤੀਆਂ ਨੂੰ ਪਹਿਲਾਂ ਹੀ 3 ਬੈਚਾਂ ਵਿੱਚ ਭਾਰਤ ਵਾਪਸ ਭੇਜਿਆ ਜਾ ਚੁੱਕਾ ਹੈ।

## ਵਿਸ਼ੇਸ਼ ਨੋਟ

ਪੰਜਾਬ ਟਾਈਮਜ਼ ਦੇ ਸਫ਼ਾ 30 ਉੱਪਰ ਜੋ ਲੇਖ ਛਪਿਆ ਹੈ ਉਸ ਵਿੱਚ ਲੇਖਕ ਦਾ ਨਾਮ ਗਲਤ ਛਪ ਗਿਆ ਹੈ। ਇਸ ਦੇ ਲੇਖਕ ਸ: ਨਿਰਮਲ ਸਿੰਘ ਕੰਧਾਲਵੀ ਹਨ ਜੋ ਕਿ ਲੰਮੇ ਸਮੇਂ ਤੋਂ ਪੰਜਾਬ ਟਾਈਮਜ਼ ਨਾਲ ਜੁੜੇ ਹੋਏ ਹਨ।

## ਬੀਬੀ ਸਤਵੰਤ ਕੌਰ ਨੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਜਥੇਦਾਰ ਨੂੰ ਸੌਂਪੀ ਰਿਪੋਰਟ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 2 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਗਠਿਤ 7 ਮੈਂਬਰੀ ਕਮੇਟੀ ਦੀ ਮੈਂਬਰ ਬੀਬੀ ਸਤਵੰਤ ਕੌਰ ਵਲੋਂ ਬੀਤੇ ਦਿਨ ਕਮੇਟੀ ਦੀ ਹੋਈ ਇਕੱਤਰਤਾ ਸਬੰਧੀ ਰਿਪੋਰਟ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਮ ਸੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਸੌਂਪ ਦਿੱਤੀ ਹੈ। ਇਸ ਮੌਕੇ ਗੱਲਬਾਤ ਕਰਦਿਆ ਬੀਬੀ ਸਤਵੰਤ ਕੌਰ ਨੇ ਕਿਹਾ ਕਿ ਬੀਤੇ ਦਿਨੀਂ ਪੰਜ ਮੈਂਬਰਾਂ ਦੀ ਮੀਟਿੰਗ ਚੰਗੇ ਮਾਹੌਲ ਵਿਚ ਹੋਈ ਸੀ ਅਤੇ ਮੀਟਿੰਗ ਦੀ ਰਿਪੋਰਟ ਦਫ਼ਤਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੌਂਪ ਦਿੱਤੀ ਹੈ ਅਤੇ ਅਗਲੀ ਮੀਟਿੰਗ ਗਿਆਨੀ ਰਘਬੀਰ ਸਿੰਘ ਦੇ ਨਿਰਦੇਸ਼ਾਂ 'ਤੇ ਹੋਵੇਗੀ।

# ਟਰੰਪ ਨੇ ਸੰਘੀ ਕਰਮਚਾਰੀਆਂ ਦੀ ਗਿਣਤੀ ਵਿੱਚ ਭਾਰੀ ਕਟੌਤੀ ਕਰਨ ਦੀ ਯੋਜਨਾ ਬਣਾਈ

## ✪ ਟਰੰਪ ਪ੍ਰਸ਼ਾਸਨ ਅਨੁਸਾਰ ਜੇਕਰ ਉਹ ਨੌਕਰੀ ਛੱਡਣਗੇ ਤਾਂ ਉਨ੍ਹਾਂ ਨੂੰ 30 ਸਤੰਬਰ ਤੱਕ ਤਨਖਾਹ ਅਤੇ ਹੋਰ ਲਾਭ ਮਿਲਣਗੇ ✪ ਵ੍ਹਾਈਟ ਹਾਊਸ ਦੇ ਅਨੁਸਾਰ, ਲਗਭਗ 75,000 ਕਰਮਚਾਰੀਆਂ ਨੇ ਲਾਭ ਲੈਕੇ ਪੇਸ਼ਕਸ਼ ਨੂੰ ਸਵੀਕਾਰਿਆ



ਵਸ਼ਿੰਗਟਨ-ਓਵਲ ਦਫ਼ਤਰ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਕਰਮਚਾਰੀਆਂ ਨੂੰ ਪ੍ਰਸਤਾਵ ਦਿੱਤਾ ਸੀ ਕਿ ਜੇਕਰ ਉਹ ਹੁਣ ਨੌਕਰੀ ਛੱਡ ਦਿੰਦੇ ਹਨ, ਤਾਂ ਉਨ੍ਹਾਂ ਨੂੰ 30 ਸਤੰਬਰ ਤੱਕ ਤਨਖਾਹ ਅਤੇ ਹੋਰ ਲਾਭ ਮਿਲਦੇ ਰਹਿਣਗੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਘੀ ਕਰਮਚਾਰੀਆਂ ਦੀ ਗਿਣਤੀ ਵਿੱਚ ਭਾਰੀ ਕਟੌਤੀ ਕਰਨ ਦੀ ਯੋਜਨਾ ਬਣਾਈ ਹੈ। ਅਮਰੀਕਾ ਦੀਆਂ ਕਈ ਸੰਘੀ ਏਜੰਸੀਆਂ ਵਿੱਚ ਕਰਮਚਾਰੀਆਂ ਨੂੰ ਵੱਡੇ ਪੱਧਰ 'ਤੇ ਬਰਖਾਸਤ ਕਰਨ ਦੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਹਾਲਾਂਕਿ, ਅਮਰੀਕਾ ਵਿੱਚ ਕਰਮਚਾਰੀਆਂ ਨੂੰ ਭਰਤੀ ਕਰਨ ਅਤੇ ਕੱਢਣ ਸੰਬੰਧੀ ਨਿਯਮ ਅਤੇ ਨਿਯਮ ਗੁੰਝਲਦਾਰ ਹਨ। ਅਜਿਹੇ ਹਾਲਾਤ ਵਿੱਚ, ਟਰੰਪ ਦੀ ਯੋਜਨਾ ਨੂੰ ਮੁਕੱਦਮਿਆਂ ਅਤੇ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅਮਰੀਕਾ ਵਿੱਚ ਸਰਕਾਰ ਲਈ ਕੰਮ ਕਰਨ ਵਾਲੇ ਸਿਵਲ ਕਰਮਚਾਰੀਆਂ ਦੀ ਗਿਣਤੀ ਲਗਭਗ 23 ਲੱਖ ਹੈ। ਟਰੰਪ ਨੇ 11 ਫਰਵਰੀ ਨੂੰ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਸਨ ਜਿਸ ਵਿੱਚ ਏਜੰਸੀਆਂ ਨੂੰ ਸਟਾਫ ਵਿੱਚ ਮਹੱਤਵਪੂਰਨ ਕਟੌਤੀ ਕਰਨ ਅਤੇ ਅਹੁਦਿਆਂ ਨੂੰ ਖਤਮ ਕਰਨ ਦੇ ਤਰੀਕੇ ਲੱਭਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਏਜੰਸੀਆਂ ਨੌਕਰੀ ਤੋਂ ਕੱਢੇ ਗਏ ਹਰ ਚਾਰ ਲੋਕਾਂ ਲਈ ਸਿਰਫ਼ ਇੱਕ ਵਿਅਕਤੀ ਨੂੰ ਭਰਤੀ ਕਰ ਸਕਦੀਆਂ ਹਨ।

ਰਾਸ਼ਟਰਪਤੀ ਹੋਣ ਦੇ ਨਾਤੇ, ਟਰੰਪ ਕੋਲ ਸੰਘੀ ਕਰਮਚਾਰੀਆਂ ਨੂੰ ਘਟਾਉਣ ਦਾ ਵਿਆਪਕ ਅਧਿਕਾਰ ਹੈ। ਪਰ ਕਰਮਚਾਰੀਆਂ ਨੂੰ ਕੱਢਣਾ ਇੰਨਾ ਆਸਾਨ ਨਹੀਂ ਹੈ। ਕਾਨੂੰਨੀ ਤੌਰ 'ਤੇ, ਜ਼ਿਆਦਾਤਰ ਸਿਵਲ ਸੇਵਾ ਕਰਮਚਾਰੀਆਂ ਨੂੰ ਸਿਰਫ਼ ਮਾੜੀ ਕਾਰਗੁਜ਼ਾਰੀ ਜਾਂ ਮਾੜੇ ਵਿਵਹਾਰ ਲਈ ਹੀ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ। ਜੇਕਰ ਉਨ੍ਹਾਂ ਦੀ ਨੌਕਰੀ ਮਨਮਾਨੇ ਢੰਗ ਨਾਲ ਖੋਹੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਅਪੀਲ ਕਰਨ ਦਾ ਅਧਿਕਾਰ ਹੈ।

ਸੰਘੀ ਕਰਮਚਾਰੀ ਮੈਰਿਟ ਸਿਸਟਮ ਪ੍ਰੋਟੈਕਸ਼ਨ ਬੋਰਡ ਨੂੰ ਬਰਖਾਸਤਗੀ ਦੀ ਅਪੀਲ ਕਰ ਸਕਦੇ ਹਨ। ਇਹ ਇੱਕ ਸੁਤੰਤਰ ਏਜੰਸੀ ਹੈ ਜੋ ਅਜਿਹੇ ਕਾਨੂੰਨ ਲਾਗੂ ਕਰਦੀ ਹੈ ਜੋ ਸਿਵਲ ਸੇਵਕਾਂ ਨੂੰ ਗੈਰ-ਕਾਨੂੰਨੀ ਖਤਰਿਆਂ ਤੋਂ ਬਚਾਉਂਦੀ ਹੈ। ਉਨ੍ਹਾਂ ਦਾ ਬੋਰਡ ਵਿਵਾਦਾਂ ਦੀ ਸੁਣਵਾਈ ਲਈ ਪ੍ਰਸ਼ਾਸਕੀ ਜੱਜਾਂ ਦੀ ਨਿਯੁਕਤੀ ਕਰਦਾ ਹੈ। ਪਰ ਅੰਤਿਮ ਫੈਸਲਾ ਏਜੰਸੀ ਦੇ ਤਿੰਨ ਮੈਂਬਰੀ ਬੋਰਡ ਦੁਆਰਾ ਲਿਆ ਜਾਂਦਾ ਹੈ।

ਟਰੰਪ ਨੇ ਇਸ ਬੋਰਡ ਦੀ ਚੇਅਰਪਰਸਨ ਕੈਥੀ ਹੈਰਿਸ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਹੈਰਿਸ ਨੇ ਇਸ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਉਹ ਕਹਿੰਦੀ ਹੈ ਕਿ ਉਸਨੂੰ ਸਿਰਫ਼ ਪ੍ਰਦਰਸ਼ਨ ਦੇ ਆਧਾਰ 'ਤੇ ਹੀ ਹਟਾਇਆ ਜਾ ਸਕਦਾ ਹੈ। ਹਾਲਾਂਕਿ, ਜੇਕਰ ਕਰਮਚਾਰੀ ਬੋਰਡ ਕੋਲ ਅਪੀਲ ਕਰਨ ਦੇ ਆਪਣੇ ਮੌਕੇ ਗੁਆ ਦਿੰਦੇ ਹਨ, ਤਾਂ ਉਹ ਸਿੱਧੇ ਵਾਸ਼ਿੰਗਟਨ ਦੇ ਸੰਘੀ ਸਰਕਟ ਕੋਲ ਅਪੀਲ ਦਾਇਰ ਕਰ ਸਕਦੇ ਹਨ।

### ਕਿੰਨੇ ਕਰਮਚਾਰੀ ਆਪਣੀ ਨੌਕਰੀ ਆਪ ਛੱਡ ਰਹੇ ਹਨ ?

ਵ੍ਹਾਈਟ ਹਾਊਸ ਦੇ ਅਨੁਸਾਰ, ਲਗਭਗ 75,000 ਕਰਮਚਾਰੀਆਂ ਨੇ ਇਸ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਹੈ। ਇਹ ਕੁੱਲ ਕਰਮਚਾਰੀਆਂ ਦਾ ਲਗਭਗ ਤਿੰਨ ਪ੍ਰਤੀਸ਼ਤ ਹੈ। ਕਰਮਚਾਰੀ ਸੰਗਠਨਾਂ ਨੇ ਵੀ ਇਸ ਪ੍ਰਸਤਾਵ ਨੂੰ ਰੋਕਣ ਲਈ ਅਪੀਲ ਦਾਇਰ ਕੀਤੀ ਸੀ, ਪਰ ਸੰਘੀ ਜੱਜ ਨੇ ਪ੍ਰਸਤਾਵ 'ਤੇ ਰੋਕ ਲਗਾਉਣ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕਰ ਦਿੱਤਾ। ਹਾਲਾਂਕਿ, ਇਹ ਪੇਸ਼ਕਸ਼ 12 ਫਰਵਰੀ ਨੂੰ ਖਤਮ ਹੋ ਗਈ ਸੀ, ਜਿਸਦਾ ਅਰਥ ਹੈ ਕਿ ਕਰਮਚਾਰੀ ਹੁਣ ਇਸਦਾ ਵਿਕਲਪ ਨਹੀਂ ਚੁਣ ਸਕਦੇ।

### ਟਰੰਪ ਪ੍ਰਸ਼ਾਸਨ ਨੇ 10 ਹਜ਼ਾਰ ਮੁਲਾਜ਼ਮ ਨੌਕਰੀਓਂ ਕੱਢੇ

ਡੋਨਾਲਡ ਟਰੰਪ ਪ੍ਰਸ਼ਾਸਨ ਨੇ ਸਰਕਾਰੀ ਖਰਚੇ ਨੂੰ ਘੱਟ ਕਰਨ ਦੀ ਦਿਸ਼ਾ 'ਚ ਇਕ ਹੋਰ ਕਦਮ ਚੁੱਕਦਿਆਂ 9,500 ਤੋਂ ਜ਼ਿਆਦਾ ਮੁਲਾਜ਼ਮਾਂ ਨੂੰ ਨੌਕਰੀਓਂ ਕੱਢ ਦਿੱਤਾ ਹੈ। ਇਨ੍ਹਾਂ 'ਚ ਅੰਦਰੂਨੀ, ਊਰਜਾ, ਪੁਰਾਣੇ ਮਾਮਲਿਆਂ, ਖੇਤੀ ਤੇ ਸਿਹਤ ਤੇ ਮਨੁੱਖੀ ਸੇਵਾ ਵਿਭਾਗਾਂ ਦੇ ਮੁਲਾਜ਼ਮ ਸ਼ਾਮਲ ਹਨ। ਇਹ ਉਨ੍ਹਾਂ 75 ਹਜ਼ਾਰ ਮਜ਼ਦੂਰਾਂ ਤੋਂ ਇਲਾਵਾ ਹਨ, ਜਿਨ੍ਹਾਂ ਨੇ ਆਪਣੀ ਇੱਛਾ ਨਾਲ ਨੌਕਰੀ ਛੱਡਣ ਦੀ ਪੇਸ਼ਕਸ਼ ਸਵੀਕਾਰੀ ਸੀ।

ਟਰੰਪ ਦਾ ਕਹਿਣਾ ਹੈ ਕਿ ਸੰਘੀ ਸਰਕਾਰ 'ਚ ਬਹੁਤ ਸਾਰਾ ਪੈਸਾ ਬਰਬਾਦ ਹੋ ਗਿਆ ਹੈ। ਸਰਕਾਰ 'ਤੇ ਕਰੀਬ 36 ਟ੍ਰਿਲੀਅਨ ਡਾਲਰ ਦਾ ਕਰਜ਼ਾ ਹੈ ਤੇ ਪਿਛਲੇ ਸਾਲ ਉਸ ਨੂੰ 1.8 ਟ੍ਰਿਲੀਅਨ ਡਾਲਰ ਦਾ ਘਾਟਾ ਹੋਇਆ ਸੀ। ਸੁਧਾਰ ਦੀ ਲੋੜ 'ਤੇ ਦੋਵਾਂ ਪਾਰਟੀਆਂ 'ਚ ਸਹਿਮਤੀ ਹੈ ਪਰ ਡੈਮੋਕ੍ਰੇਟਸ ਦਾ ਕਹਿਣਾ ਹੈ ਕਿ ਟਰੰਪ ਸੰਘੀ ਖਰਚ 'ਤੇ ਵਿਧਾਨਪਾਲਿਕਾ ਦੇ ਸੰਵਿਧਾਨਕ ਅਧਿਕਾਰ ਦਾ ਕਬਜ਼ਾ ਕਰ ਰਹੇ ਹਨ। ਸੂਤਰਾਂ ਨੇ ਕਿਹਾ ਕਿ ਮਸਕ ਦੀਆਂ ਕੋਸ਼ਿਸ਼ਾਂ ਦੀ ਰਫ਼ਤਾਰ ਨੇ ਤਾਲਮੇਲ ਦੀ ਕਮੀ ਨੂੰ ਲੈ ਕੇ ਟਰੰਪ ਦੇ ਕੁਝ ਸਹਿਯੋਗੀਆਂ ਵਿਚ ਨਿਰਾਸ਼ਾ ਪੈਦਾ ਕੀਤੀ ਹੈ। ਨੌਕਰੀ 'ਚ ਕਟੌਤੀ ਤੋਂ ਜਾਣੂ ਸੂਤਰਾਂ ਨੇ ਕਿਹਾ ਕਿ ਅਮਰੀਕੀ ਰੋਗ ਕੰਟਰੋਲ ਤੇ ਰੋਕਥਾਮ ਕੇਂਦਰ ਦੇ ਲਗਪਗ ਅੱਧੇ ਪ੍ਰੋਬੇਸ਼ਨਰ ਮੁਲਾਜ਼ਮਾਂ ਤੇ ਰਾਸ਼ਟਰੀ ਸਿਹਤ ਸੰਸਥਾਨ ਦੇ ਹੋਰ ਮੁਲਾਜ਼ਮਾਂ ਨੂੰ ਜਬਰੀ ਕੱਢਿਆ ਜਾ ਰਿਹਾ ਹੈ। ਅਮਰੀਕੀ ਜੰਗਲਾਤ ਸੇਵਾ ਲਗਪਗ 3,400 ਹਾਲੀਆ ਨਿਯੁਕਤੀਆਂ ਨੂੰ ਕੱਢ ਰਹੀ ਹੈ, ਜਦਕਿ ਰਾਸ਼ਟਰੀ ਬਾਗ਼ਬਾਨ ਸੇਵਾ ਲਗਪਗ 1,000 ਨੌਕਰੀਆਂ ਨੂੰ ਖਤਮ ਕਰ ਰਹੀ ਹੈ। ਕਰ ਸੰਗ੍ਰਹਿ ਕਰਨ ਵਾਲੀ ਅੰਦਰੂਨੀ ਮਾਲ ਸੇਵਾ ਅਗਲੇ ਹਫਤੇ ਹਜ਼ਾਰਾਂ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦੀ ਤਿਆਰੀ ਕਰ ਰਹੀ ਹੈ। ਅਮਰੀਕੀ ਵਾਤਾਵਰਨ ਸੰਭਾਲ ਏਜੰਸੀ ਨੇ ਕਿਹਾ ਕਿ ਉਸ ਨੇ ਪਿਛਲੇ ਦੋ ਸਾਲਾਂ 'ਚ ਕੰਮ 'ਤੇ ਰੱਖੇ ਗਏ 388 ਮੁਲਾਜ਼ਮਾਂ ਨੂੰ ਬਰਖਾਸਤ ਕਰ ਦਿੱਤਾ ਹੈ। ਹੋਰ ਖ਼ਰਚਾ ਕਟੌਤੀ ਨੇ ਚਿੰਤਾਵਾਂ ਵਧਾ ਦਿੱਤੀਆਂ ਹਨ। ਮਹੱਤਵਪੂਰਨ ਸੇਵਾਵਾਂ ਖਤਰੇ 'ਚ ਹਨ।

ਆਲੋਚਕਾਂ ਨੇ ਮਸਕ ਦੇ ਦ੍ਰਿਸ਼ਟੀਕੋਣ 'ਤੇ ਸਵਾਲ ਚੁੱਕਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਮਸਕ ਆਪਣੀ ਮੁਹਿੰਮ ਨੂੰ ਪ੍ਰਬੰਧਿਤ ਕਰਨ ਲਈ ਘੱਟ ਸਰਕਾਰੀ ਤਜਰਬੇ ਵਾਲੇ ਨੌਜਵਾਨ ਇੰਜੀਨੀਅਰਾਂ ਦੇ ਇਕ ਗਰੁੱਪ 'ਤੇ ਭਰੋਸਾ ਕਰ ਰਹੇ ਹਨ ਤੇ ਉਨ੍ਹਾਂ ਦੀ ਸ਼ੁਰੂਆਤੀ ਕਟੌਤੀ ਲਾਗਤ ਘੱਟ ਕਰਨ ਦੇ ਮੁਕਾਬਲੇ 'ਚ ਵਿਚਾਰਧਾਰਾ ਤੋਂ ਜ਼ਿਆਦਾ ਪ੍ਰੇਰਿਤ ਲੱਗਦੀ ਹੈ।

ਜੱਜ ਨੇ ਡਾਜ਼ ਮੁਲਾਜ਼ਮਾਂ ਨੂੰ ਸਿਹਤ, ਕਿਰਤ ਤੇ ਖਪਤਕਾਰ ਵਿੱਤੀ ਸੁਰੱਖਿਆ ਏਜੰਸੀਆਂ ਦੇ ਰਿਕਾਰਡ ਤੱਕ ਪਹੁੰਚ ਦੀ ਇਜਾਜ਼ਤ ਦੇ ਦਿੱਤੀ ਹੈ। ਉੱਥੇ, ਇਕ ਸੰਘੀ ਜੱਜ ਨੇ ਸ਼ੁੱਕਰਵਾਰ ਨੂੰ ਮਸਕ ਦੀ ਸਰਕਾਰੀ ਲਾਗਤ-ਕਟੌਤੀ ਟੀਮ ਨੂੰ ਅਮਰੀਕੀ ਟ੍ਰੇਜ਼ਰੀ ਵਿਭਾਗ 'ਚ ਭੁਗਤਾਨ ਪ੍ਰਣਾਲੀਆਂ ਤੱਕ ਪੁੱਜਣ 'ਤੇ ਲੱਗੀ ਰੋਕ ਵਧਾ ਦਿੱਤੀ ਹੈ।

# ਡਰੱਗ ਤੇ ਗ਼ੈਰਕਾਨੂੰਨੀ ਹਥਿਆਰਾਂ ਦੀ ਸਮਗਲਿੰਗ ਕਾਰਣ 9 ਦੋਸ਼ੀ ਫੜੇ

## ✪ ਦੋ ਕਿਲੋ ਹੈਰੋਇਨ, ਪੰਜ ਆਧੁਨਿਕ ਪਿਸਤੌਲਾਂ ਤੇ ਹੋਰ ਸਾਮਾਨ ਬਰਾਮਦ



ਅੰਮ੍ਰਿਤਸਰ-ਅੰਮ੍ਰਿਤਸਰ ਕਮਿਸ਼ਨਰੇਟ ਦੇ ਸੀਆਈਏ ਸਟਾਫ ਦੀ ਪੁਲੀਸ ਨੇ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਨਸ਼ਾ ਤਸਕਰੀ ਤੇ ਗੈਰਕਾਨੂੰਨੀ ਹਥਿਆਰਾਂ ਦੀ ਸਪਲਾਈ ਦੇ ਦੋਸ਼ ਹੇਠ ਨੌਂ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਇਨ੍ਹਾਂ ਕੋਲੋਂ ਦੋ ਕਿਲੋ ਹੈਰੋਇਨ, ਪੰਜ ਆਧੁਨਿਕ ਪਿਸਤੌਲਾਂ ਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ। ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਲੀਸ ਵੱਲੋਂ ਤਿੰਨ ਵੱਖ ਵੱਖ ਮਾਮਲਿਆਂ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਸ਼ਨਾਖਤ ਗੁਰਪ੍ਰੀਤ ਸਿੰਘ ਗੋਪੀ, ਕੁੰਨਣ ਸਿੰਘ, ਬਲਵਿੰਦਰ ਸਿੰਘ ਉਰਫ ਬਬਾ, ਪ੍ਰੇਮ ਸਿੰਘ ਕਾਲਾ, ਬਲਵਿੰਦਰ ਸਿੰਘ ਉਰਫ ਗੋਪੀ, ਸਾਬਰ ਸੰਧੂ ਉਰਫ ਤਰਲੋਕ ਬਾਬਾ ਵਰਿੰਦਰ ਸਿੰਘ, ਰਾਜਵਿੰਦਰ ਸਿੰਘ ਅਤੇ ਰਵਿੰਦਰ ਸਿੰਘ ਵਜੋਂ ਹੋਈ ਹੈ।

ਉਨ੍ਹਾਂ ਦੱਸਿਆ ਕਿ ਪੁਲੀਸ ਨੇ 12 ਜਨਵਰੀ ਨੂੰ ਐਨਡੀਪੀਐਸ ਐਕਟ ਹੇਠ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਸੀ ਜਿਨ੍ਹਾਂ ਵਿੱਚ ਗੁਰਪ੍ਰੀਤ ਸਿੰਘ, ਕੁੰਨਣ ਸਿੰਘ, ਬਲਵਿੰਦਰ ਸਿੰਘ ਅਤੇ ਪ੍ਰੇਮ ਸਿੰਘ ਸ਼ਾਮਲ ਸਨ। ਇਸੇ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ ਹੁਣ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚ ਬਲਵਿੰਦਰ ਸਿੰਘ ਉਰਫ ਗੋਪੀ ਅਤੇ ਸਾਬਰ ਸੰਧੂ ਸ਼ਾਮਲ ਹਨ। ਇਨ੍ਹਾਂ ਕੋਲੋਂ ਇੱਕ ਕਿਲੋ ਹੈਰੋਇਨ ਅਤੇ ਦੋ ਪਿਸਤੌਲ (ਇੱਕ ਪੁਆਇੰਟ .30 ਬੋਰ ਅਤੇ .32 ਬੋਰ) ਬਰਾਮਦ ਕੀਤੇ ਹਨ।

ਦੂਜੇ ਕੇਸ ਵਿੱਚ ਐਨਡੀਪੀਐਸ ਐਕਟ ਹੇਠ ਰਾਜਵਿੰਦਰ ਸਿੰਘ ਅਤੇ ਰਵਿੰਦਰ ਸਿੰਘ ਨੂੰ ਕਾਬੂ ਕੀਤਾ ਹੈ ਅਤੇ ਉਨ੍ਹਾਂ ਕੋਲੋਂ ਇਕ ਕਿਲੋ ਹੈਰੋਇਨ ਬਰਾਮਦ ਕੀਤੀ।ਤੀਜੇ ਕੇਸ ਵਿੱਚ ਵਰਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਸ ਕੋਲੋਂ ਪੁਆਇੰਟ .32 ਬੋਰ ਦੇ ਤਿੰਨ ਪਿਸਤੌਲ ਅਤੇ ਦੋ ਕਾਰਤੂਸ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਤਿੰਨ ਕੇਸਾਂ ਵਿੱਚ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਖਿਲਾਫ ਪਹਿਲਾਂ ਵੀ ਅਪਰਾਧਕ ਕੇਸ ਦਰਜ ਹਨ।

# ਸੁਖਬੀਰ ਦੀ ਬੇਟੀ ਹਰਕੀਰਤ ਦੇ ਵਿਆਹ ਦੇ ਸਮਾਗਮ ਵਿਚ ਧਾਰਮਿਕ ਤੇ ਸਿਆਸੀ ਆਗੂ ਪਹੁੰਚੇ








ਚੰਡੀਗੜ੍ਹ-ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਪੁੱਤਰੀ ਹਰਕੀਰਤ ਕੌਰ ਬਾਦਲ ਦੀ ਤੇਜ਼ਵੀਰ ਸਿੰਘ ਤੂਰ ਨਾਲ ਹੋਈ ਸ਼ਾਦੀ ਬਾਅਦ ਨਿਊ ਚੰਡੀਗੜ੍ਹ ਦੇ ਸੁਰਜੀਤ ਬਾਗ਼ ਵਿਖੇ ਹੋਏ ਰਿਸੈੱਪਸ਼ਨ ਸਮਾਗਮ ਵਿਚ ਸਿਆਸੀ, ਧਾਰਮਿਕ ਖੇਤਰ ਦੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਉੱਚ ਅਧਿਕਾਰੀਆਂ ਵੀ ਹਾਜ਼ਰੀ ਭਰੀ।

ਦੇਸ਼ ਦੇ ਉਪ ਰਾਸ਼ਟਰਪਤੀ ਜਗਦੀਪ ਧਨਖੜ੍ਹ ਤੋਂ ਇਲਾਵਾ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਉਨ੍ਹਾਂ ਦੇ ਪਿਤਾ ਫ਼ਾਰੂਕ ਅਬਦੁੱਲਾ, ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ ਤੋਂ ਇਲਾਵਾ ਕੇਂਦਰੀ ਮੰਤਰੀ ਰਵਨੀਤ ਬਿੱਟੂ ਤੇ ਰਾਧਾ ਸੁਆਮੀ ਡੇਰੇ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵਲੋਂ ਨਵੀਂ ਵਿਆਹੀ ਜੋੜੀ ਨੂੰ ਅਸ਼ੀਰਵਾਦ ਦਿੱਤਾ ਗਿਆ।

ਵਿਸ਼ਾਲ ਪੰਡਾਲ ਵਿਚ ਦੁਪਹਿਰ ਰੱਖੇ ਸਮਾਗਮ ਵਿਚ ਪੰਜਾਬੀ ਕਲਾਕਾਰਾਂ ਬੱਬੂ ਮਾਨ, ਗਿੱਪੀ ਗਰੇਵਾਲ ਤੇ ਗੁਰਪ੍ਰੀਤ ਸਿੰਘ ਘੁੱਗੀ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਸਮਾਗਮ ਵਿਚ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾ ਤ੍ਰੇਅ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਭਾਜਪਾ ਆਗੂ ਅਸ਼ਵਨੀ ਸ਼ਰਮਾ, ਤਰੁਣ ਚੁੱਗ, ਅਰਵਿੰਦ ਖੰਨਾ, ਫਤਿਹਜੰਗ ਸਿੰਘ ਬਾਜਵਾ, ਰਾਣਾ ਗੁਰਜੀਤ ਸਿੰਘ ਸੋਢੀ, ਮਨਪ੍ਰੀਤ ਸਿੰਘ ਬਾਦਲ ਤੇ ਚੰਡੀਗੜ੍ਹ ਦੇ ਭਾਜਪਾ ਆਗੂ ਸੰਜੇ ਟੰਡਨ ਤੋਂ ਇਲਾਵਾ ਹਰਿਆਣਾ ਦੇ ਮੰਤਰੀ ਅਨਿਲ ਵਿਜ ਵੀ ਹਾਜ਼ਰ ਸਨ। ਪੰਜਾਬ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਰਾਣਾ ਗੁਰਜੀਤ ਸਿੰਘ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਲਾਲ ਸਿੰਘ ਤੇ ਉਨ੍ਹਾਂ ਦੇ ਬੇਟੇ ਰਜਿੰਦਰ ਸਿੰਘ, ਬ੍ਰਹਮ ਮਹਿੰਦਰਾ, ਵਜਿੰਦਰ ਸਿੰਗਲਾ, ਸੁਖ ਸਰਕਾਰੀਆਂ ਤੇ ਐਮ.ਪੀ ਗੁਰਜੀਤ ਸਿੰਘ ਔਜਲਾ, ਜਸਬੀਰ ਸਿੰਘ ਡਿੰਪਾ ਤੋਂ ਇਲਾਵਾ ਰਾਜਾ ਮਾਲਵਿੰਦਰ ਸਿੰਘ ਤੇ ਭਰਤਇੰਦਰ ਸਿੰਘ ਚਾਹਲ ਵੀ ਹਾਜ਼ਰ ਸਨ। ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਤੋਂ ਇਲਾਵਾ ਬਿਕਰਮ ਸਿੰਘ ਮਜੀਠੀਆ, ਦਲਜੀਤ ਸਿੰਘ ਚੀਮਾਂ, ਐਨ.ਕੇ. ਸ਼ਰਮਾ ਸਮੇਤ ਦਲ ਦੇ ਸਮੁੱਚੇ ਸੀਨੀਅਰ ਆਗੂ ਹਾਜ਼ਰ ਸਨ।

ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੀ ਨਵ ਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ ਜਦੋਂ ਕਿ ਪੰਜਾਬ ਤੇ ਹਰਿਆਣਾ ਤੋਂ ਸਿਵਲ ਤੇ ਪੁਲਿਸ ਦੇ ਕਾਫ਼ੀ ਅਧਿਕਾਰੀਆਂ ਵੀ ਸਮਾਗਮ 'ਚ ਸ਼ਮੂਲੀਅਤ ਕੀਤੀ।

# ਅਕਾਲੀ ਦਲ ਵਾਰਿਸ ਪੰਜਾਬ ਨੇ ਮੈਂਬਰਸ਼ਿਪ ਕੀਤੀ ਸ਼ੁਰੂ

## ✪ ਭਰਤੀ ਲਈ ਜਿਲਾ ਪੱਧਰੀ ਪੰਜ ਮੈਂਬਰੀ ਕਮੇਟੀ ਬਣਾਈ ✪ ਗਿਆਨੀ ਹਰਪ੍ਰੀਤ ਸਿੰਘ ਨੂੰ ਫਾਰਗ ਕਰਨਾ ਸਿੱਖੀ ਸਿਧਾਂਤਾਂ ਦੇ ਉਲਟ-ਜਥੇਦਾਰ ਤਰਸੇਮ ਸਿੰਘ




ਸੁਲਤਾਨਪੁਰ ਲੋਧੀ-ਨਵੀਂ ਸੂਬਾਈ ਪਾਰਟੀ ਅਕਾਲੀ ਦਲ ਵਾਰਸ ਪੰਜਾਬ ਦੇ ਵੱਲੋਂ ਮੈਂਬਰਸ਼ਿਪ ਭਰਤੀ ਦੀ ਮੁਹਿਮ ਦੀ ਸ਼ੁਰੂਆਤ ਪਾਵਨ ਨਗਰੀ ਸੁਲਤਾਨਪੁਰ ਲੋਧੀ ਤੋਂ ਕੀਤੀ ਗਈ। ਇਸ ਦੇ ਲਈ ਜ਼ਿਲ੍ਹਾ ਪੱਧਰ ਤੇ 5 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਗੁਰਦੀਪ ਸਿੰਘ ਭੰਡਾਲ, ਬੋਹੜ ਸਿੰਘ ਹਜਾਰਾ, ਡਾਕਟਰ ਪਰਮਜੀਤ ਸਿੰਘ ਮਾਨਸਾ, ਡਾਕਟਰ ਸੁਖਚੈਨ ਸਿੰਘ ਅਤੇ ਰਸ਼ਪਾਲ ਸਿੰਘ ਭਾਣੋ ਲੰਗਾ ਸ਼ਾਮਿਲ ਹਨ। ਜਿਨਾਂ ਦੇ ਉੱਪਰ ਪ੍ਰਗਟ ਸਿੰਘ ਮੀਆਂਵਿੰਡ ਨੂੰ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਜਥੇਦਾਰ ਤਰਸੇਮ ਸਿੰਘ ਨੇ ਸਾਥੀਆਂ ਸਮੇਤ ਸਥਾਨਕ ਇਤਿਹਾਸਿਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਪਾਰਟੀ ਦੀ ਚੜ੍ਹਦੀ ਕਲ੍ਹਾ ਲਈ ਅਰਦਾਸ ਕੀਤੀ।

ਜਥੇਦਾਰ ਤਰਸੇਮ ਸਿੰਘ ਨੇ ਕਿਹਾ ਕਿ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ 1-1 ਲੱਖ ਮੈਂਬਰ ਭਰਤੀ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਦੀ ਮੈਂਬਰਸ਼ਿਪ ਲੈਣ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਸਾਡੀ ਪਾਰਟੀ ਦਾ ਏਜੰਡਾ ਪੰਥ ਬਚਾਓ-ਪੰਜਾਬ ਬਚਾਓ ਹੋਵੇਗਾ ਜਿਸ ਵਿੱਚ ਸਭ ਨੂੰ ਨਿਆਂ ਮਿਲੇਗਾ। ਉਨ੍ਹਾਂ ਇਹ ਵੀ ਕਿਹਾ ਕਿ ਰਵਾਇਤੀ ਪਾਰਟੀਆਂ ਤੋਂ ਦੁਖੀ ਹੋ ਕੇ ਪੰਜਾਬ ਦੇ ਲੋਕਾਂ ਦੀ ਮੰਗ ਤੇ ਅਸੀਂ ਪਾਰਟੀ ਦਾ ਗਠਨ ਕੀਤਾ ਹੈ ਤਾਂ ਜੋ ਪੰਜਾਬ ਦੇ ਲੋਕਾਂ ਦੇ ਹਿੱਤਾਂ ਲਈ ਡੱਟ ਕੇ ਖਲੋਤਾ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਦੋਸ਼ੀ ਐਲਾਨਣ ਤੋਂ ਪਹਿਲਾਂ ਆਪਣਾ ਅਸਤੀਫਾ ਦੇ ਦੇਣਾ ਚਾਹੀਦਾ ਸੀ। ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਫਾਰਗ ਕਰਨ ਦੀ ਨਿੰਦਾ ਕਰਦਿਆਂ ਉਹਨਾਂ ਕਿਹਾ ਕਿ ਜਦੋਂ ਤੋਂ ਉਹਨਾਂ ਸੁਖਬੀਰ ਸਿੰਘ ਬਾਦਲ ਨੂੰ ਦੋਸ਼ੀ ਐਲਾਨਿਆ ਸੀ, ਉਦੋਂ ਤੋਂ ਹੀ ਉਹਨਾਂ ਨੂੰ ਟਾਰਗੇਟ ਕੀਤਾ ਜਾ ਰਿਹਾ ਸੀ। ਅਮਰੀਕਾ ਵੱਲੋਂ ਡਿਪੋਰਟ ਕੀਤੇ ਜਾ ਰਹੇ ਦੇਸ਼ ਦੇ ਨੌਜਵਾਨਾਂ ਬਾਰੇ ਉਹਨਾਂ ਕਿਹਾ ਕਿ ਇਹ ਸਭ ਸਾਡੀਆਂ ਸਰਕਾਰਾਂ ਦੀਆਂ ਨਲਾਇਕੀ ਦਾ ਨਤੀਜਾ ਹੈ ਕਿਉਂਕਿ ਜੇਕਰ ਰੋਜ਼ਗਾਰ ਦੇ ਸਾਧਨ ਸਾਡੇ ਦੇਸ਼ ਦੇ ਅੰਦਰ ਹੀ ਹੋਣ ਤਾਂ ਨੌਜਵਾਨਾਂ ਨੂੰ ਬਾਹਰ ਭੱਜਣ ਦੀ ਕੀ ਲੋੜ ਹੈ। ਉਨ੍ਹਾਂ ਕਿਹਾ ਸਰਕਾਰਾਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਨਾ ਕਰਕੇ ਕਾਨੂੰਨ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ ਕਿਉਂਕਿ ਬੰਦੀ ਸਿੰਘਾਂ ਨੂੰ ਮਿਲਣ ਵਾਲੀ ਸਜ਼ਾ ਤੋਂ ਉਹ ਵੱਧ ਸਮਾਂ ਜ਼ੇਲ੍ਹਾਂ ਵਿੱਚ ਕੱਟ ਚੁੱਕੇ ਹਨ। ਇਸੇ ਕਰਕੇ ਲੋਕਾਂ ਦਾ ਕਾਨੂੰਨ ਤੋਂ ਵਿਸ਼ਵਾਸ਼ ਉੱਠਦਾ ਜਾ ਰਿਹਾ ਹੈ। ਅੰਤ ਵਿੱਚ ਜਥੇਦਾਰ ਤਰਸੇਮ ਸਿੰਘ ਨੇ ਇਹ ਵੀ ਕਿਹਾ ਕਿ ਮੈਂਬਰ ਪਾਰਲੀਮੈਂਟ ਬਣਨ ਤੋਂ ਬਾਅਦ ਵੀ ਭਾਈ ਅਮ੍ਰਿਤਪਾਲ ਸਿੰਘ ਨੂੰ ਰਿਹਾਅ ਨਾ ਕਰਕੇ ਸਰਕਾਰਾਂ ਵੱਲੋਂ ਉਸ ਨਾਲ ਧੱਕਾ ਕੀਤਾ ਜਾ ਰਿਹਾ ਹੈ। ਇਸ ਮੌਕੇ ਉਹਨਾਂ ਦੇ ਨਾਲ ਦਸ਼ਮੇਸ਼ ਅਕੈਡਮੀ ਦੇ ਚੇਅਰਮੈਨ ਸਵਰਨ ਸਿੰਘ ਖਾਲਸਾ ਅਤੇ ਵੱਡੀ ਗਿਣਤੀ ਵਿੱਚ ਉਹਨਾਂ ਦੇ ਸਮਰਥਕ ਵੀ ਹਾਜ਼ਰ ਸਨ।

# ਗਿਆਨੀ ਰਣਜੀਤ ਸਿੰਘ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਡਟਿਆ

## ✪ ਜਥੇਦਾਰ ਨੂੰ ਲਿਖੀ ਚਿੱਠੀ ਕਿ ਉਸਦੇ ਗੁਨਾਹ ਵਿਚ ਭਾਈਵਾਲ ਨਾ ਬਣੋ

ਅੰਮ੍ਰਿਤਸਰ-ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ 'ਗੌਹਰ ਏ ਮਸਕੀਨ' ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਲਿਖ ਕੇ ਗਿਆਨੀ ਹਰਪ੍ਰੀਤ ਸਿੰਘ ਦੇ ਕੀਤੇ ਗੁਨਾਹਾਂ ਵਿਚ ਭਾਈਵਾਲ ਨਾ ਬਣਨ ਦੀ ਬੇਨਤੀ ਕੀਤੀ ਹੈ।

ਗਿਆਨੀ ਗੌਹਰ ਨੇ ਪੱਤਰ ਵਿਚ ਲਿਖਿਆ ਕਿ ਆਪ ਸਿੱਖ ਪੰਥ ਦੇ ਸਿਰਮੌਰ ਅਹੁਦੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਬਤੌਰ ਜਥੇਦਾਰ ਵਜੋਂ ਸੇਵਾਵਾਂ ਨਿਭਾ ਰਹੇ ਹੋ। ਆਪ ਨੂੰ ਮਿਲੀਆਂ ਸੇਵਾਵਾਂ ਬਹੁਤ ਹੀ ਉੱਚੀਆਂ ਤੇ ਸੁੱਚੀਆਂ ਹਨ ਅਤੇ ਇਨ੍ਹਾਂ ਸੇਵਾਵਾਂ ਨੂੰ ਨਿਭਾਉਂਦੇ ਸਮੇਂ ਹਰੇਕ ਫੈਂਸਲੇ ਲੈਣੇ ਬਹੁਤ ਹੀ ਨਾਜ਼ੁਕ ਅਵਸਥਾ ਵਾਲੇ ਹੁੰਦੇ ਹਨ। ਆਪ ਨੂੰ ਇੱਕ ਪਹਿਲਾਂ ਵੀ ਬੇਨਤੀ ਪੱਤਰ ਲਿਖ ਚੁੱਕਾ ਹਾਂ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਤਲਬ ਕੀਤਾ ਜਾਵੇ। ਆਪ ਵੱਲੋਂ ਪਿਛਲੇ ਦਿਨੀ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਤੋਂ ਬਾਅਦ ਇਹ ਮਹਿਸੂਸ ਹੋਇਆ ਕਿ ਆਪ ਗਿਆਨੀ ਹਰਪ੍ਰੀਤ ਸਿੰਘ ਨੂੰ ਬਖ਼ਸ਼ਣ ਲਈ ਉਤਾਵਲੇ ਹੋ। ਆਪ ਅੱਗੇ ਬੇਨਤੀ ਹੈ ਕਿ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਮਾਮਲੇ ਦੀ ਗਹਿਰੀ ਜਾਂਚ ਜਰੂਰ ਕਰਵਾ ਲਵੋ।

ਬੇਨਤੀ ਹੈ ਕਿ ਗਿਆਨੀ ਹਰਪ੍ਰੀਤ ਸਿੰਘ 'ਤੇ ਜਿਹੜੇ ਦੋਸ਼ ਲੱਗੇ ਸਨ, ਜੋ ਸਾਬਤ ਹੋਣ ਉਪਰੰਤ ਹੀ ਜਾਂਚ ਕਮੇਟੀ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਰਿਪੋਰਟ ਸੌਂਪੀ ਸੀ। ਆਪ ਨੂੰ ਵੀ ਇਹ ਗਿਆਤ ਹੈ ਕਿ ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ ਸਾਬਤ ਹੋਣ ਉਪਰੰਤ ਹੀ ਸ਼੍ਰੋਮਣੀ ਕਮੇਟੀ ਨੇ ਕੋਈ ਫੈਸਲਾ ਲਿਆ ਹੈ। 50 ਦਿਨ ਤੋਂ ਵੱਧ ਸਮਾਂ ਜਾਂਚ ਕਮੇਟੀ ਵੱਲੋਂ ਜਾਂਚ ਲਈ ਲਗਾਇਆ ਗਿਆ। ਇਹ ਜਾਂਚ ਕੋਈ ਹਫੜਾ-ਦਫੜੀ ਵਿਚ ਨਹੀਂ ਹੋਈ, ਲੱਗੇ ਦੋਸ਼ਾਂ ਦੀ ਗਹਿਰਾਈ ਨਾਲ ਜਾਂਚ ਕਮੇਟੀ ਨੇ ਜਾਂਚ ਕੀਤੀ ਹੈ। ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਜਾਂਚ ਕਮੇਟੀ ਵਲੋਂ ਰਿਪੋਰਟ ਵਿਚ ਸਾਬਤ ਹੋਏ ਦੋਸ਼ਾਂ ਦੀ ਆਪ ਵੀ ਜਾਂਚ ਕਰੋ। ਇਹ ਦੋਸ਼ ਕੋਈ ਛੋਟੇ ਦੋਸ਼ ਨਹੀਂ ਹਨ। ਇੱਕ ਵੱਡੀ ਪਦਵੀਂ 'ਤੇ ਸੇਵਾ ਨਿਭਾ ਰਹੇ ਵਿਅਕਤੀ ਉੱਤੇ ਨੀਵੇਂ ਦੋਸ਼ ਸਾਬਤ ਹੋਏ ਹਨ, ਖਾਲਸਾ ਪੰਥ ਲਈ ਨਮੋਸ਼ੀ ਭਰੇ ਹਨ। ਇਹਨਾਂ ਗੁਨਾਹਾਂ ਦੇ ਸਾਬਤ ਹੋਣ ਤੋਂ ਬਾਅਦ ਵੀ ਗਿਆਨੀ ਹਰਪ੍ਰੀਤ ਸਿੰਘ ਪ੍ਰਤੀ ਕੋਈ ਨਰਮੀ ਵਰਤ ਕੇ ਬਿਨਾਂ ਜਾਂਚ 'ਤੇ ਅਗਰ ਆਪ ਉਹਨਾਂ ਨੂੰ ਬਖ਼ਸ਼ਣ ਦੀ ਕਾਹਲੀ ਕਰਦੇ ਹੋ ਤਾਂ ਗੁਨਾਹਾਂ ਵਿਚ ਭਾਈਵਾਲ ਬਣ ਆਪ ਗਿਆਨੀ ਹਰਪ੍ਰੀਤ ਸਿੰਘ ਦਾ ਕਲੰਕ ਆਪਣੇ ਮੱਥੇ 'ਤੇ ਲੈ ਕੇ ਨਾ ਜਾਵੋ।

ਜਥੇਦਾਰ ਆਪਣਾ ਚਿੱਟਾ ਦਾਮਨ ਲੈ ਕੇ ਜਾਂਦਾ ਚੰਗਾ ਲੱਗਦਾ ਹੈ। ਅਗਰ ਆਪ ਦਾ ਦਾਮਨ ਵੀ ਦਾਗੀ ਹੋ ਗਿਆ ਤਾਂ ਬਹੁਤ ਨਮੋਸ਼ੀ ਹੋਵੇਗੀ ਤੇ ਪੰਥ ਆਪ ਨੂੰ ਕਦੀ ਵੀ ਨਹੀਂ ਬਖਸ਼ੇਗਾ। ਕਿਉਂਕਿ ਜਿਹੜੇ ਦੋਸ਼ ਗਿਆਨੀ ਹਰਪ੍ਰੀਤ ਸਿੰਘ 'ਤੇ ਸਾਬਤ ਹੋਏ ਹਨ, ਇਹਨਾਂ ਦੇ ਸਬੂਤ ਬਹੁਤ ਸਾਰੇ ਲੋਕ ਸਾਂਭੀ ਬੈਠੇ ਹਨ। ਇਸ ਤਰ੍ਹਾਂ ਨਾ ਹੋਵੇ ਕਿ ਆਪ ਵੱਲੋਂ ਲਏ ਫੈਸਲੇ ਤੋਂ ਬਾਅਦ ਉਹ ਸਬੂਤ ਨਸ਼ਰ ਹੋਣੇ ਸ਼ੁਰੂ ਹੋ ਜਾਣ।

ਆਪ ਨੇ ਮੀਡੀਆ ਨੂੰ ਕਿਹਾ ਕਿ ਜਦੋਂ ਪੰਜ ਪਿਆਰੇ ਸਾਹਿਬਾਨ ਕੋਲ ਗਿਆਨੀ ਹਰਪ੍ਰੀਤ ਸਿੰਘ ਪੇਸ਼ ਹੀ ਹੋ ਗਏ ਤਾਂ ਜਾਂਚ ਦੀ



ਕੋਈ ਲੋੜ ਨਹੀਂ, ਪਰ ਉਸ ਤੋਂ ਬਾਅਦ ਜਦੋਂ ਪੰਜ ਪਿਆਰਿਆਂ ਨੇ ਜਾਂਚ ਕਮੇਟੀ ਕੋਲ ਬਿਆਨ ਦਿੱਤਾ ਕਿ ਸਾਡੇ ਸਾਹਮਣੇ ਤਾਂ ਪੇਸ਼ ਹੀ ਨਹੀਂ ਹੋਏ ਬਲਕਿ ਮਰਿਆਦਾ ਦੀ ਉਲੰਘਣਾ ਕਰਦੇ ਹੋਏ ਸਾਨੂੰ ਤਲਬ ਕੀਤਾ ਜਿਸ ਦੀ ਬਹੁਤ ਨਮੋਸ਼ੀ ਹੋਈ ਹੈ। ਆਸ ਹੈ ਕਿ ਮੇਰੇ ਇਸ ਪੱਤਰ 'ਤੇ ਜ਼ਰੂਰ ਵਿਚਾਰ ਕਰਦੇ ਹੋਏ ਗਿਓਨੀ ਹਰਪ੍ਰੀਤ ਸਿੰਘ ਦੇ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਢੁੱਕਵੀਂ ਕਾਰਵਾਈ ਕਰੋਗੇ।

### ਅਕਾਲੀ ਦਲ ਨੂੰ ਕਮਜ਼ੋਰ ਕਰਨ ਵਾਸਤੇ ਬਿਆਨਬਾਜ਼ੀ ਕਰ ਰਹੇ ਕੁੱਝ ਲੋਕ

ਗਿਆਨੀ ਰਣਜੀਤ ਸਿੰਘ ਨੇ ਲਿਖਿਆ ਕਿ ਗੱਲ ਵਿਅਕਤੀ ਵਿਸ਼ੇਸ਼ ਦੀ ਨਹੀਂ ਗੱਲ ਗੁਰਮਤਿ ਸਿਧਾਂਤ ਦੀ ਹੋਣੀ ਚਾਹੀਦੀ ਹੈ, ਜੇ ਆਪ ਨੇ ਹੁਕਮ ਪੰਥਕ ਏਕਤਾ ਦਾ ਦਿੱਤਾ ਸੀ ਤਾਂ ਕੇਵਲ ਇਕ ਸ਼੍ਰੋਮਣੀ ਅਕਾਲੀ ਦਲ ਨੇ ਹੀ ਤੁਹਾਡਾ ਬਚਨ ਮੰਨਦਿਆਂ ਜਥੇਬੰਦਕ ਢਾਂਚਾ ਭੰਗ ਕਰਕੇ ਅਸਤੀਫੇ ਪ੍ਰਵਾਨ ਕਰਕੇ ਨਵੀਂ ਭਰਤੀ ਸ਼ੁਰੂ ਕੀਤੀ ਹੈ। ਜਿਸ ਦੀ ਆਪ ਨੇ ਵੀ ਸ਼ਲਾਘਾ ਕੀਤੀ ਹੈ। ਪਰ ਕੁਝ ਲੋਕ ਪੰਥ ਵਿਰੋਧੀ ਸ਼ਕਤੀਆਂ ਦੇ ਇਸ਼ਾਰੇ 'ਤੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਵਾਸਤੇ ਬਿਆਨਬਾਜ਼ੀ ਕਰ ਰਹੇ ਹਨ। ਆਪ ਨੂੰ ਢਾਲ ਬਣਾ ਕੇ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਕਿ 7 ਮੈਂਬਰੀ ਕਮੇਟੀ ਬਾਰੇ ਕੁਝ ਬੋਲੋ, ਪਰ ਇਹ 7 ਮੈਂਬਰੀ ਕਮੇਟੀ ਜਿਸ ਅਕਾਲੀ ਦਲ ਨੇ ਤੁਹਾਡਾ ਬਚਨ ਮੰਨਿਆ ਉਸ ਨੂੰ ਹੀ ਟਾਰਗੇਟ ਕਰ ਰਹੇ ਹਨ, ਨਾ ਕਿ ਉਹਨਾਂ ਅਕਾਲੀ ਦਲਾਂ ਨੂੰ ਜਿਹੜੇ ਦੂਸਰੇ ਅਕਾਲੀ ਦਲ ਜਿਨਾਂ ਨੇ ਅੱਜ ਤੱਕ ਨਾ ਅਸਤੀਫੇ ਦਿੱਤੇ ਅਤੇ ਨਾ ਹੀ ਆਪਣੇ ਢਾਂਚੇ ਭੰਗ ਕੀਤੇ ਹਨ। ਕਿਉਂਕਿ ਆਪ ਸਾਰੇ ਪੰਥ ਨੂੰ ਇਕੱਠਾ ਕਰਨ ਦਾ ਹੁਕਮ ਕੀਤਾ ਸੀ, ਜੋ ਸ਼ਲਾਘਾਯੋਗ ਹੈ।


ਬੇਨਤੀ ਹੈ ਕਿ ਕੁਝ ਅਕਾਲੀ ਦਲ ਅਜੇ ਵੀ ਆਪੋ ਆਪਣੀ ਡਫਲੀ ਵਜਾ ਰਹੇ ਹਨ ਅਤੇ ਨਵੇਂ ਵੀ ਬਣ ਰਹੇ ਹਨ, ਪਰ ਉਹਨਾਂ ਵੱਲ ਧਿਆਨ ਦੇਣ ਦੀ ਬਜਾਏ ਇਹ ਸ਼ਰਾਰਤੀ ਲੋਕ ਜੋ ਅਕਾਲੀ ਦਲ ਤੁਹਾਡਾ ਹੁਕਮ ਮੰਨ ਰਿਹਾ ਹੈ ਉਸ ਨੂੰ ਹੀ ਘੇਰ ਰਹੇ ਹਨ। ਆਪ ਇਸ ਨੁਕਤੇ ਵੱਲ ਵੀ ਧਿਆਨ ਦਿਓ ਕਿ ਬਹੁਤ ਵੱਡੀ ਗਿਣਤੀ ਵਿਚ ਤੁਹਾਡੇ ਹੁਕਮਾਂ ਤੋਂ ਬਾਅਦ ਅਕਾਲੀ ਦਲ ਦੀ ਭਰਤੀ ਹੋਈ ਹੈ। ਆਪ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਹੁਕਮ ਕਰੋ ਕਿ ਜਥੇਬੰਦਕ ਢਾਂਚਾ ਬਣਾਉਣ ਤਾਂ ਕਿ ਕੌਮ ਅਤੇ ਪੰਜਾਬ ਦੀਆਂ ਜੋ ਸਮੱਸਿਆਵਾਂ ਹਨ, ਉਹਨਾਂ ਪ੍ਰਤੀ ਸਹੀ ਨਿਰਣੇ ਹੋ ਸਕਣ।

# ਸਿੱਖ ਕਤਲੇਆਮ ਨਵੰਬਰ 84 ਦੇ ਛੇ ਮਾਮਲੇ ਮੁੜ ਖੁੱਲ੍ਹਣਗੇ !

## ✪ ਦਿੱਲੀ ਸਰਕਾਰ ਸੁਪਰੀਮ ਕੋਰਟ ਵਿਚ ਕਰੇਗੀ ਅਪੀਲ ✪ ਸੀਨੀਅਰ ਵਕੀਲ ਐੱਚਐੱਸ ਫੂਲਕਾ ਲੜ ਰਹੇ ਨੇ ਕੇਸ

ਨਵੀਂ ਦਿੱਲੀ-ਦਿੱਲੀ ਸਰਕਾਰ ਨੇ ਬੀਤੇ ਦਿਨੀਂ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਕਿ ਉਹ 1984 ਦੇ ਸਿੱਖ ਕਤਲੇਆਮ ਵਿਚ ਛੇ ਮੁਲਜ਼ਮਾਂ ਨੂੰ ਬਰੀ ਕੀਤੇ ਜਾਣ ਦੇ ਫ਼ੈਸਲਿਆਂ ਨੂੰ ਚੁਣੌਤੀ ਦਿੰਦੇ ਹੋਏ ਅਪੀਲ ਦਾਖ਼ਲ ਕਰੇਗੀ। ਅਦਾਲਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਐੱਸ ਗੁਰਲਾਦ ਸਿੰਘ ਕਾਹਲੋਂ ਵੱਲੋਂ ਦਾਖ਼ਲ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। 2018 ਵਿਚ ਸੁਪਰੀਮ ਕੋਰਟ ਨੇ ਕਾਹਲੋਂ ਦੀ ਪਟੀਸ਼ਨ 'ਤੇ ਉਨ੍ਹਾਂ 199 ਮਾਮਲਿਆਂ ਦੀ ਜਾਂਚ ਲਈ ਇਕ ਐੱਸਆਈਟੀ ਦਾ ਗਠਨ ਕੀਤਾ ਸੀ, ਜਿਨ੍ਹਾਂ ਦੀ ਜਾਂਚ ਬੰਦ ਕਰ ਦਿੱਤੀ ਗਈ ਸੀ।

ਦਿੱਲੀ ਸਰਕਾਰ ਵੱਲੋਂ ਐਡੀਸ਼ਨਲ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਨੇ ਜਸਟਿਸ ਅਭੈ ਐੱਸ ਓਕਾ ਤੇ ਉੱਜਲ ਭੁਈਆਂ ਦੇ ਬੈਂਚ ਨੂੰ ਦੱਸਿਆ ਕਿ ਬਰੀ ਕੀਤੇ ਜਾਣ ਵਾਲੇ ਫ਼ੈਸਲਿਆਂ ਨੂੰ ਸੁਪਰੀਮ ਕੋਰਟ ਵਿਚ




ਚੁਣੌਤੀ ਦੇਣ ਦਾ ਫ਼ੈਸਲਾ ਲਿਆ ਗਿਆ ਹੈ। ਦਲੀਲ 'ਤੇ ਗ਼ੌਰ ਕਰਦੇ ਹੋਏ ਬੈਂਚ ਨੇ ਦਿੱਲੀ ਸਰਕਾਰ ਨੂੰ ਛੇ ਹਫ਼ਤੇ ਅੰਦਰ ਅਪੀਲ ਦਾਖ਼ਲ ਕਰਨ ਦਾ ਨਿਰਦੇਸ਼ ਦਿੱਤਾ ਤੇ ਕਿਹਾ ਕਿ ਵਿਸ਼ੇਸ਼ ਇਜਾਜ਼ਤ ਪਟੀਸ਼ਨਾਂ ਨੂੰ ਚੀਫ ਜਸਟਿਸ ਸੰਜੀਵ ਖੰਨਾ ਦੇ ਸਾਹਮਣੇ ਰੱਖਿਆ ਜਾਵੇ, ਤਾਂ ਜੋ ਉਨ੍ਹਾਂ ਨੂੰ ਮੌਜੂਦਾ ਮਾਮਲੇ ਦੇ ਨਾਲ ਜੋੜਿਆ ਜਾਵੇ।

ਸੁਣਵਾਈ ਦੌਰਾਨ ਪਟੀਸ਼ਨਰ ਕਾਹਲੋਂ ਵੱਲੋਂ ਪੇਸ਼ ਸੀਨੀਅਰ ਵਕੀਲ ਐੱਚਐੱਸ ਫੂਲਕਾ ਨੇ ਕਿਹਾ ਕਿ ਫ਼ੈਸਲਿਆਂ ਤੋਂ ਪਤਾ ਲਗਦਾ ਹੈ ਕਿ ਇਸਤਗਾਸਾ ਦੀ ਇਸ ਮਾਮਲੇ 'ਚ ਮੁਲਜ਼ਮਾਂ ਦੇ ਨਾਲ ਮਿਲੀਭੁਗਤ ਸੀ। ਉਨ੍ਹਾਂ ਨੇ ਕਿਹਾ ਕਿ ਇਹ ਆਮ ਮਾਮਲੇ ਨਹੀਂ ਹਨ। ਇਸ 'ਚ ਮਾਮਲੇ ਨੂੰ ਲੁਕਾਇਆ ਗਿਆ ਤੇ ਸਟੇਟ ਨੇ ਵਾਜਬ ਤਰੀਕੇ ਨਾਲ ਮੁਕੱਦਮਾ ਨਹੀਂ ਚਲਾਇਆ। ਇਹ ਮਾਮਲੇ ਮਨੁੱਖਤਾ ਖ਼ਿਲਾਫ਼ ਅਪਰਾਧ ਹਨ। ਇਸ ਤੋਂ ਪਹਿਲਾਂ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲਿਆਂ 'ਚ ਮੁਲਜ਼ਮਾਂ ਨੂੰ ਬਰੀ ਕੀਤੇ ਜਾਣ ਖ਼ਿਲਾਫ਼ ਅਪੀਲ ਦਾਖ਼ਲ ਨਾ ਕਰਨ 'ਤੇ ਦਿੱਲੀ ਪੁਲਿਸ ਨੂੰ ਸਵਾਲ ਕੀਤਾ ਸੀ ਤੇ ਕਿਹਾ ਸੀ ਕਿ ਮੁਕੱਦਮਾ ਗੰਭੀਰਤਾ ਨਾਲ ਕੀਤਾ ਜਾਣਾ ਚਾਹੀਦਾ ਹੈ, ਸਿਰਫ਼ ਦਿਖਾਵੇ ਲਈ ਨਹੀਂ।

ਜ਼ਿਕਰਯੋਗ ਹੈ ਕਿ ਸਾਲ 1984 'ਚ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਬਾਡੀਗਾਰਡਾਂ ਵੱਲੋਂ ਹੱਤਿਆ ਤੋਂ ਬਾਅਦ ਦਿੱਲੀ 'ਚ ਵੱਡੇ ਪੱਧਰ 'ਤੇ ਹਿੰਸਾ ਹੋਈ ਸੀ ਤੇ ਸਿੱਖ ਭਾਈਚਾਰੇ ਦੇ ਲੋਕਾਂ ਦੀਆਂ ਹੱਤਿਆਵਾਂ ਹੋਈਆਂ ਸਨ। ਹਿੰਸਾ ਦੀ ਜਾਂਚ ਲਈ ਗਠਿਤ ਇਕ ਮੈਂਬਰੀ ਨਾਨਵਤੀ ਕਮਿਸ਼ਨ ਦੀ ਰਿਪੋਰਟ ਦੇ ਮੁਤਾਬਕ, ਕਤਲੇਆਮ 'ਚ 2733 ਲੋਕ ਮਾਰੇ ਗਏ ਸਨ। ਇਸ ਸਿਲਸਿਲੇ ਵਿਚ ਦਿੱਲੀ 'ਚ 587 ਐੱਫਆਈਆਰ ਦਰਜ ਕੀਤੀਆਂ ਗਈਆਂ। ਕੁੱਲ ਮਾਮਲਿਆਂ ਵਿਚੋਂ ਲਗਪਗ 240 ਮਾਮਲਿਆਂ ਨੂੰ ਪੁਲਿਸ ਨੇ ਬੰਦ ਕਰ ਦਿੱਤਾ ਤੇ ਲਗਪਗ 250 ਮਾਮਲਿਆਂ 'ਚ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ।

ਵਿਚਾਰ :– ਭੁੱਖ ਵਿਚ ਸਬਰ ਨਹੀਂ ਮਿਲਦਾ ਤੇ ਦਿਲ ਦੀ ਸ਼ਾਂਤੀ ਗਰੀਬੀ ਵਿਚ ਅਸੰਭਵ ਹੈ ।



ਰਜਿੰਦਰ ਸਿੰਘ ਪੁਰੇਵਾਲ

# ਭਾਰਤ ਸਰਕਾਰ ਦੇ ਅਨਿਆਂ ਕਾਰਣ ਅੰਮ੍ਰਿਤਪਾਲ ਸਿੰਘ ਦੀ ਸੰਸਦ ਮੈਂਬਰੀ ਖ਼ਤਰੇ ਵਿੱਚ ?

ਖਾਲਿਸਤਾਨੀ ਸਿੱਖ ਪ੍ਰਚਾਰਕ ਅਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਇੱਕ ਵਾਰ ਫਿਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਸੰਸਦ ਮੈਂਬਰ ਨੇ ਅਦਾਲਤ ਤੋਂ ਲੋਕ ਸਭਾ ਸਕੱਤਰੇਤ ਵੱਲੋਂ ਜਾਰੀ ਸੰਮਨਾਂ ਦੀ ਪਾਲਣਾ ਕਰਦਿਆਂ ਸੰਸਦ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਲਈ ਨਿਰਦੇਸ਼ ਮੰਗੇ ਹਨ। ਇਥੇ ਜ਼ਿਕਰਯੋਗ ਹੈ ਕਿ ਅਸਾਮ ਵਿੱਚ ਘਰ ਵਿੱਚ ਨਜ਼ਰਬੰਦੀ ਕਾਰਨ ਉਹ ਸੰਸਦ ਦੀ ਕਾਰਵਾਈ ਵਿੱਚ ਸ਼ਾਮਲ ਨਹੀਂ ਹੋ ਪਾ ਰਹੇ ਹਨ ਅਤੇ ਉਨ੍ਹਾਂ ਨੂੰ ਗ਼ੈਰਹਾਜ਼ਰ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸਦਾ ਉਦੇਸ਼ ਉਸਨੂੰ ਉਸਦੇ ਸੰਸਦੀ ਹਲਕੇ ਦੀ ਪ੍ਰਤੀਨਿਧਤਾ ਤੋਂ ਵਾਂਝਾ ਕਰਨਾ ਅਤੇ 60 ਦਿਨਾਂ ਦੀ ਗ਼ੈਰਹਾਜ਼ਰੀ ਪੂਰੀ ਹੋਣ ਤੋਂ ਬਾਅਦ ਉਸਦੀ ਸੀਟ ਨੂੰ ਖਾਲੀ ਘੋਸ਼ਿਤ ਕਰਨਾ ਹੈ, ਜਿਸਦੇ ਗੰਭੀਰ ਨਤੀਜੇ ਨਾ ਸਿਰਫ਼ ਅੰਮ੍ਰਿਤ ਪਾਲ ਸਿੰਘ ਲਈ ਸਗੋਂ ਉਸਦੇ ਹਲਕੇ ਦੇ ਵੋਟਰਾਂ ਲਈ ਵੀ ਹੋ ਸਕਦੇ ਹਨ। ਇਸੇ ਲਈ, ਸੰਸਦ ਮੈਂਬਰ ਨੇ ਕੇਂਦਰ ਸਰਕਾਰ ਦੇ ਮੰਤਰੀਆਂ ਨਾਲ ਮੀਟਿੰਗ ਕਰਨ ਦੀ ਇਜਾਜ਼ਤ ਵੀ ਮੰਗੀ ਹੈ, ਤਾਂ ਜੋ ਉਹ ਆਪਣੇ ਸੰਸਦੀ ਹਲਕੇ ਦੀਆਂ ਸਮੱਸਿਆਵਾਂ ਅਤੇ ਵਿਕਾਸ ਦੇ ਮੁੱਦਿਆਂ 'ਤੇ ਚਰਚਾ ਕਰ ਸਕਣ। ਸੰਸਦ ਮੈਂਬਰ ਦਾ ਕਹਿਣਾ ਸੀ ਕਿ ਉਹ ਇੱਕ ਚੁਣੇ ਹੋਏ ਸੰਸਦ ਮੈਂਬਰ ਹਨ ਅਤੇ ਇਸ ਲਈ ਉਨ੍ਹਾਂ ਨੂੰ ਆਪਣੇ ਇਲਾਕੇ ਦੇ ਵਿਕਾਸ ਲਈ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨਾਲ ਗੱਲਬਾਤ ਕਰਨ ਦਾ ਪੂਰਾ ਅਧਿਕਾਰ ਹੈ।

ਅੰਮ੍ਰਿਤ ਪਾਲ ਸਿੰਘ ਨੇ ਦਾਇਰ ਆਪਣੀ ਪਟੀਸ਼ਨ ਵਿੱਚ, ਅਦਾਲਤ ਨੂੰ ਅਪੀਲ ਕੀਤੀ ਹੈ ਕਿ ਉਹ ਨਜ਼ਰਬੰਦੀ ਅਧਿਕਾਰੀਆਂ ਨੂੰ ਲੋਕ ਸਭਾ ਸਕੱਤਰੇਤ ਦੁਆਰਾ ਵਾਰ-ਵਾਰ ਜਾਰੀ ਕੀਤੇ ਗਏ ਸੰਮਨਾਂ ਦਾ ਸਨਮਾਨ ਕਰਨ ਅਤੇ ਲੋਕ ਸਭਾ ਸੈਸ਼ਨ ਸ਼ੁਰੂ ਹੁੰਦੇ ਹੀ ਉਸਨੂੰ ਉੱਥੇ ਪੇਸ਼ ਕਰਨ ਦਾ ਨਿਰਦੇਸ਼ ਦੇਵੇ। ਸੰਸਦ ਮੈਂਬਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦੀ ਨਜ਼ਰਬੰਦੀ ਕਿਸੇ ਅਦਾਲਤੀ ਹੁਕਮ ਜਾਂ ਸਜ਼ਾ ਅਧੀਨ ਨਹੀਂ ਹੈ, ਸਗੋਂ ਉਨ੍ਹਾਂ ਨੂੰ ਰਾਸ਼ਟਰੀ ਸੁਰੱਖਿਆ ਐਕਟ ਅਧੀਨ ਰੋਕਥਾਮ ਹਿਰਾਸਤ ਵਿੱਚ ਰੱਖਿਆ ਗਿਆ ਹੈ, ਜਿਸ ਨੂੰ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟਰੇਟ ਨੇ ਉਨ੍ਹਾਂ ਦੀ ਨਿੱਜੀ ਸੰਤੁਸ਼ਟੀ ਦੇ ਆਧਾਰ 'ਤੇ ਲਾਗੂ ਕੀਤਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 2024 ਦੀਆਂ ਆਮ ਚੋਣਾਂ ਵਿੱਚ, ਉਹ ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ ਅਤੇ ਉਨ੍ਹਾਂ ਨੇ ਚਾਰ ਲੱਖ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਸਨ। ਇਸ ਤਰ੍ਹਾਂ, ਉਹ ਆਪਣੇ ਹਲਕੇ ਦੇ 19 ਲੱਖ ਵੋਟਰਾਂ ਦਾ ਵਿਸ਼ਵਾਸ ਅਤੇ ਨੁਮਾਇੰਦਗੀ ਕਰਦੇ ਹਨ।30 ਨਵੰਬਰ, 2024 ਨੂੰ, ਉਸਨੇ ਰਸਮੀ ਤੌਰ 'ਤੇ ਲੋਕ ਸਭਾ ਸਪੀਕਰ ਨੂੰ ਚੱਲ ਰਹੇ ਸੰਸਦੀ ਸੈਸ਼ਨਾਂ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਣ ਦੀ ਬੇਨਤੀ ਕੀਤੀ ਸੀ। ਪਟੀਸ਼ਨਕਰਤਾ ਨੂੰ ਦੱਸਿਆ ਗਿਆ ਕਿ ਉਹ ਹੁਣ ਤੱਕ 46 ਦਿਨਾਂ ਤੋਂ ਸੰਸਦ ਦੀ ਕਾਰਵਾਈ ਤੋਂ ਗ਼ੈਰਹਾਜ਼ਰ ਰਿਹਾ ਹੈ, ਅਤੇ ਉਸਦੀ ਗ਼ੈਰਹਾਜ਼ਰੀ ਦਾ ਵਿਸਤ੍ਰਿਤ ਵੇਰਵਾ ਵੀ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਮੈਜਿਸਟਰੇਟ ਨੂੰ ਸੰਸਦ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਮੰਗਣ ਲਈ ਇੱਕ ਨੁਮਾਇੰਦਗੀ ਵੀ ਸੌਂਪੀ ਸੀ ਪਰ ਹੁਣ ਤੱਕ ਉਨ੍ਹਾਂ ਨੂੰ ਇਸ 'ਤੇ ਕੋਈ ਜਵਾਬ ਨਹੀਂ ਮਿਲਿਆ ਹੈ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 60 ਦਿਨਾਂ ਤੱਕ ਸੰਸਦ ਦੀ ਕਾਰਵਾਈ ਤੋਂ ਗ਼ੈਰਹਾਜ਼ਰ ਰਹਿਣ ਤੋਂ ਬਾਅਦ, ਉਸਦੀ ਸੀਟ ਨੂੰ ਖਾਲੀ ਘੋਸ਼ਿਤ ਕੀਤਾ ਜਾਵੇਗਾ ਅਤੇ ਨਵੀਆਂ ਚੋਣਾਂ ਕਰਵਾਈਆਂ ਜਾਣਗੀਆਂ। ਜਦੋਂ ਕਿ ਅਸਲੀਅਤ ਇਹ ਹੈ ਕਿ ਉਸਨੂੰ ਜ਼ਬਰਦਸਤੀ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਰੋਕਿਆ ਗਿਆ ਹੈ। ਅਜਿਹੀ ਸਥਿਤੀ ਵਿੱਚ, ਇਸਨੂੰ ਗੈਰਹਾਜ਼ਰੀ ਨਹੀਂ ਕਿਹਾ ਜਾ ਸਕਦਾ, ਸਗੋਂ ਇਹ ਪ੍ਰਸ਼ਾਸਨ ਵੱਲੋਂ ਚੁੱਕਿਆ ਗਿਆ ਇੱਕ ਜ਼ਬਰਦਸਤੀ ਕਦਮ ਹੈ, ਜਿਸ ਦੁਆਰਾ ਪਟੀਸ਼ਨਕਰਤਾ ਨੂੰ ਸੰਸਦ ਤੋਂ ਦੂਰ ਰੱਖਿਆ ਜਾ ਰਿਹਾ ਹੈ। ਉਨ੍ਹਾਂ ਆਪਣੀ ਦਲੀਲ ਵਿੱਚ ਇਹ ਵੀ ਕਿਹਾ ਹੈ ਕਿ ਅਜਿਹੀ ਕਾਰਵਾਈ ਸੰਸਦ ਦੀ ਬੇਅਦਬੀ ਦੇ ਦਾਇਰੇ ਵਿੱਚ ਆਉਂਦੀ ਹੈ। ਹਾਈ ਕੋਰਟ ਵਿੱਚ ਦਾਇਰ ਇਸ ਪਟੀਸ਼ਨ ਰਾਹੀਂ ਅੰਮ੍ਰਿਤਪਾਲ ਸਿੰਘ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਸੰਸਦ ਦੇ ਸੈਸ਼ਨਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੱਤੀ ਜਾਵੇ, ਤਾਂ ਜੋ ਉਹ ਆਪਣੇ ਇਲਾਕੇ ਦੇ ਵੋਟਰਾਂ ਦੀ ਆਵਾਜ਼ ਬੁਲੰਦ ਕਰ ਸਕਣ ਅਤੇ ਲੋਕ ਸਭਾ ਵਿੱਚ ਉਨ੍ਹਾਂ ਦੀ ਸੀਟ ਬਚਾਈ ਜਾ ਸਕੇ।

ਪੰਜਾਬ ਟਾਈਮਜ ਅਨੁਸਾਰ ਇਸ ਚੁਣੇ ਹੋਏ ਮੈਂਬਰ ਜੋ ਸਿਖ ਘੱਟਗਿਣਤੀ ਵਜੋਂ ਹੈ ਉਸ ਨਾਲ ਤੇ ਉਸਦੇ ਹਲਕੇ ਦੇ ਲੋਕਾਂ ਨਾਲ ਸਰਕਾਰਾਂ ਵਲੋਂ ਅਨਿਆਂ ਕੀਤਾ ਜਾ ਰਿਹਾ। ਉਸਨੇ ਨਾ ਭਾਰਤ ਸਰਕਾਰ ਵਿਰੁਧ ਬਗਾਵਤ ਕੀਤੀ ਹੈ ਨਾ ਹਿੰਸਾ ਨੂੰ ਪ੍ਰਮੋਟ ਕੀਤਾ ਹੈ। ਫਿਰ ਕਿਉਂ ਉਸ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਪੰਥ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਜਦੋਂ ਸੰਸਦ ਵਿਚ ਪ੍ਰਤੀਨਿਧ ਪਹੁੰਚ ਗਿਆ ਤਾਂ ਕਿਸੇ ਵੀ ਤਰੀਕੇ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਹੁੰ ਚੁੱਕਣੀ ਸੰਵਿਧਾਨ ਮੁਤਾਬਕ ਹੱਕ ਹੈ, ਇਹ ਕਿਸੇ ਤੋਂ ਖੋਹਿਆ ਨਹੀਂ ਜਾਣਾ ਚਾਹੀਦਾ। ਜੇਕਰ ਭਾਰਤੀ ਸੰਸਦ ਮੈਂਬਰਾਂ ਉਪਰ ਅਨੇਕਾਂ ਦੋਸ਼ਾਂ ਉਪਰ ਕੇਸ ਚਲ ਰਹੇ ਹਨ ਤਾਂ ਉਨ੍ਹਾਂ ਨੂੰ ਵਿਚਰਨ ਦੀ ਖੁਲ ਦਿਤੀ ਜਾ ਰਹੀ ਹੈ ਤਾਂ ਅੰਮ੍ਰਿਤ ਪਾਲ ਸਿੰਘ ਉਪਰ ਝੂਠੇ ਦੋਸ਼ ਲਗਾਕੇ ਬੰਦੀ ਕਿਉਂ ਬਣਾਇਆ ਗਿਆ ਹੈ।

## ਸੱਜਣ ਕੁਮਾਰ ਲਈ ਮਿਸਾਲੀ ਸਜ਼ਾ ਹੋਵੇ

ਬੀਤੇ ਦਿਨੀਂ ਦਿਲੀ ਸਿਖ ਕਤਲੇਆਮ ਨਵੰਬਰ 84 ਪੀੜਤ ਧਿਰ ਨੇ ਲਿਖਤੀ ਹਲਫ਼ਨਾਮੇ ਰਾਹੀਂ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੂੰ ਅਪੀਲ ਕੀਤੀ ਸੀ ਕਿ ਸਿੱਖ ਕਤਲੇਆਮ ਲਈ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਹੋਵੇ। ਦੂਜੇ ਪਾਸੇ ਸੱਜਣ ਕੁਮਾਰ ਦੇ ਵਕੀਲ ਵੱਲੋਂ ਦਲੀਲਾਂ ਲਈ ਹੋਰ ਸਮਾਂ ਮੰਗਣ ਮਗਰੋਂ ਜੱਜ ਨੇ ਕੇਸ ਦੀ ਅਗਲੀ ਸੁਣਵਾਈ 21 ਫਰਵਰੀ ਲਈ ਮੁਲਤਵੀ ਕਰ ਦਿੱਤੀ ਸੀ। ਉਧਰ ਸ਼ਿਕਾਇਤਕਰਤਾ ਪੀੜਤ ਧਿਰ ਵੱਲੋਂ ਪੇਸ਼ ਸੀਨੀਅਰ ਵਕੀਲ ਐੱਚ. ਐੱਸ. ਫੂਲਕਾ ਨੇ ਇਸਤਗਾਸਾ ਧਿਰ ਦੀ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਦੀ ਹਮਾਇਤ ਕੀਤੀ ਤੇ ਜਿਰ੍ਹਾ ਲਈ ਸਮਾਂ ਮੰਗਿਆ। ਕੁਮਾਰ ਇਸ ਵੇਲੇ ਤਿਹਾੜ ਦੀ ਜੇਲ੍ਹ ਵਿਚ ਬੰਦ ਹੈ।

ਬਾਕੀ ਹਿਸਾ ਸਫਾ 9 ਤੇ ਪੜ੍ਹੋ

NEWS & VIEWS

# PLANE-LOADS OF ILLEGAL MIGRANTS SENT BACK TO PANJAB



Gurmukh Singh OBE

As US military planes bring back illegal Indian migrants at Amritsar, we are compelled to look at the root causes why young Indians, including Panjabis, risk their lives to leave the country at great cost. The short answer is that most are moving away from a failed system which has neglected them and driven them to desperation to flee from the whole socio-political environment.

By contrast, western countries have the systems which enable the same young people to work hard and offer them the opportunities to realise their dreams. In addition, they can live in secure environments where the law rules.

That the planes bringing illegal migrants are landing at Amritsar is also highly symbolic and significant for Panjab. As noted last week, *the administrations of Panjab and India carry the ultimate responsibility for creating conditions which compel young men and women of working age to run from own homes and country. The Indian state and central governments are in the dock and not the foreign governments.*

The disappointment writ large on the faces of those returned home in handcuffs and shackles is also a verdict on the performance of the leaders and politicians of Panjab since 1947. These political and, for the Sikhs, religio-social, *leaders,* include those who are in the dock before Sri Akal Takht Sahib today. They have been found guilty in the Court of the Guru and Sangat.

It is questionable if any Sikh political or religious leading figure since 1947, deserves a *Panth Ratan* award. At best, some leading Sikhs did try in all honesty to improve the socio-political environment of Panjab but did not succeed. The progress and performance of Panjab is probably the worst amongst Indian states when looked at against its starting growth potential from 1947 onwards.

Successive Panjab administrations and politicians missed opportunities to retain the lead position of the state in the country. There has been no shortage of agro-scientists, agro-economists, agro-environmentalists and planners recommending sensible policies including diversity of crops and industries. They delivered their well-researched papers, but the politicians and public servants in power, relegated these to the office bins and gave priority to personal gains and promotions. They played and continue to play political games at great cost to the state and the people. Communal politics led to the bloodshed of 1984 and the following years. It is not surprising that there is a credibility gap between what is in the biographies of Panjab leaders and their actual performance in office. The result is the Panjab ground realities today in all spheres.

We now have a failed system and socio-political milieu from which even wealthy Panjabis and other Indians are moving away to Western countries. The colonial system of administration was devised to rule over subordinate people. Colonial powers behaved as if they had the god-given right to rule as superior human beings. Today, Indian brown sahibs have the same powers and behave in the same way, except that they are openly corrupt. Nepotism (parwarwaad) is common and bribery is openly demanded for public services.

Everyone tries to jump the queue in almost every sphere by whatever means. Yet, the same people behave very differently when in western systems.

There is general lack of compassion for those at the lowest rungs of the society. Even today most Indians do not fully grasp the injustice and cruelty of the caste system. (The topic continues.)

Gurmukh Singh OBE, Ret'd Principal Civil Servant (UK) sewauk2005@yahoo.co.uk

# ਕੇਜਰੀਵਾਲ ਲਈ 'ਸ਼ੀਸ਼ ਮਹਿਲ' ਮੁਸੀਬਤ ਬਣਿਆ

## ✪ ਮੋਦੀ ਸਰਕਾਰ ਵਲੋਂ ਵਿਜੀਲੈਂਸ ਜਾਂਚ ਦੇ ਹੁਕਮ, ਹੁਣ ਦੁਬਾਰਾ ਜੇਲ ਵੀ ਜਾਣਾ ਪੈ ਸਕਦਾ

ਨਵੀਂ ਦਿੱਲੀ-ਕੇਂਦਰੀ ਵਿਜੀਲੈਂਸ ਕਮਿਸ਼ਨ (ਸੀਵੀਸੀ) ਨੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ 6, ਫਲੈਗਸਟਾਫ ਰੋਡ ਬੰਗਲੇ ਦੇ ਨਵੀਨੀਕਰਨ ਦੀ ਜਾਂਚ ਦੇ ਲੋਕ ਨਿਰਮਾਣ ਵਿਭਾਗ (ਸੀਪੀਡਬਲਿਊਡੀ) ਨੂੰ ਹੁਕਮ ਦਿੱਤੇ ਹਨ। ਭਾਜਪਾ ਨੇ ਇਸ ਨੂੰ 'ਸ਼ੀਸ਼ ਮਹਿਲ' ਦਾ ਨਾਮ ਦਿੱਤਾ ਹੈ ਅਤੇ ਉਸ ਨੇ ਚੋਣਾਂ 'ਚ ਇਸ 'ਤੇ ਖ਼ਰਚੇ ਪੈਸਿਆਂ ਨੂੰ ਲੈ ਕੇ ਮੁੱਦਾ ਵੀ ਬਣਾਇਆ ਸੀ।

ਭਾਜਪਾ ਆਗੂ ਅਤੇ ਰੋਹਿਣੀ ਤੋਂ ਵਿਧਾਇਕ ਵਿਜੇਂਦਰ ਗੁਪਤਾ ਨੇ ਕਿਹਾ ਕਿ 'ਸ਼ੀਸ਼ ਮਹਿਲ' ਨੂੰ ਲੈ ਕੇ 'ਆਪ' ਅਤੇ ਅਰਵਿੰਦ ਕੇਜਰੀਵਾਲ ਦਾ ਭ੍ਰਿਸ਼ਟਾਚਾਰ ਹੁਣ ਸਭ ਦੇ ਸਾਹਮਣੇ ਆ ਗਿਆ ਹੈ। ਗੁਪਤਾ ਨੇ ਕਿਹਾ ਕਿ ਸੀਵੀਸੀ ਨੇ ਉਨ੍ਹਾਂ ਦੀਆਂ ਦੋ ਸ਼ਿਕਾਇਤਾਂ ਦਾ ਨੋਟਿਸ ਲੈਂਦਿਆਂ ਬੰਗਲੇ ਦੇ ਵਿਸਥਾਰ ਲਈ ਜਾਇਦਾਦਾਂ ਦੇ ਕਥਿਤ ਰਲੇਵੇਂ ਅਤੇ ਇਸ ਦੇ ਅੰਦਰੂਨੀ ਹਿੱਸੇ 'ਤੇ ਹੋਏ ਖ਼ਰਚਿਆਂ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ। ਭਾਜਪਾ ਨੇ ਇਹ ਵੀ ਕਿਹਾ ਹੈ ਕਿ ਪਾਰਟੀ ਦਾ ਮੁੱਖ ਮੰਤਰੀ ਇਸ ਬੰਗਲੇ 'ਚ ਨਹੀਂ ਰਹੇਗਾ। ਕੇਜਰੀਵਾਲ ਨੇ ਅਕਤੂਬਰ 2024 'ਚ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਇਹ ਬੰਗਲਾ ਖਾਲੀ ਕਰ ਦਿੱਤਾ ਸੀ।

ਗੁਪਤਾ ਨੇ ਸੀਵੀਸੀ ਨੂੰ ਕੀਤੀ ਸ਼ਿਕਾਇਤ 'ਚ ਲਿਖਿਆ ਸੀ ਕਿ 'ਸ਼ੀਸ਼ ਮਹਿਲ' ਦਾ ਖੇਤਰਫਲ ਅਸਲ ਵਿੱਚ 10,000 ਗਜ਼ ਤੋਂ ਘੱਟ ਸੀ ਪਰ ਨਾਲ ਲਗਦੀ ਸੰਪਤੀ 'ਤੇ ਕਬਜ਼ਾ ਕਰਕੇ ਇਸ ਦਾ ਏਰੀਆ ਵਧਾ ਲਿਆ ਗਿਆ ਸੀ। ਸੀਵੀਸੀ ਨੂੰ ਦਿੱਤੀ ਸ਼ਿਕਾਇਤ ਵਿੱਚ ਰੋਹਿਣੀ ਤੋਂ ਭਾਜਪਾ ਦੇ ਨਵੇਂ ਚੁਣੇ ਵਿਧਾਇਕ ਨੇ ਦੋਸ਼ ਲਾਇਆ ਕਿ ਕੇਜਰੀਵਾਲ ਨੇ 40,000 ਵਰਗ ਗਜ਼ (8 ਏਕੜ) ਜ਼ਮੀਨ ਨੂੰ ਕਵਰ ਕਰਕੇ ਇਕ ਆਲੀਸ਼ਾਨ ਮਹਿਲ ਬਣਾਉਣ ਲਈ ਬਿਲਡਿੰਗ ਨਿਯਮਾਂ ਦੀ ਉਲੰਘਣਾ ਕੀਤੀ ਹੈ। ਰਾਜਪੁਰ ਰੋਡ 'ਤੇ ਪਲਾਟ ਨੰਬਰ 45 ਅਤੇ 47 (ਪਹਿਲਾਂ ਟਾਈਪ-ਵੀ ਫਲੈਟਾਂ ਵਿੱਚ ਸੀਨੀਅਰ ਅਧਿਕਾਰੀਆਂ ਅਤੇ ਜੱਜਾਂ ਦੀ ਰਿਹਾਇਸ਼) ਅਤੇ ਦੋ ਬੰਗਲੇ (8-ਏ ਅਤੇ 8-ਬੀ, ਫਲੈਗ ਸਟਾਫ ਰੋਡ) ਸਮੇਤ ਸਰਕਾਰੀ ਜਾਇਦਾਦਾਂ ਨੂੰ ਢਾਹ ਕੇ ਨਵੀਂ ਰਿਹਾਇਸ਼ ਵਿੱਚ ਮਿਲਾ ਦਿੱਤਾ ਗਿਆ। ਇਕ ਹੋਰ ਸ਼ਿਕਾਇਤ ਵਿੱਚ ਗੁਪਤਾ ਨੇ 6, ਫਲੈਗ ਸਟਾਫ ਰੋਡ 'ਤੇ ਬੰਗਲੇ ਦੀ ਮੁਰੰਮਤ ਅਤੇ ਅੰਦਰੂਨੀ ਸਜਾਵਟ 'ਤੇ 'ਵਧੇਰੇ ਖ਼ਰਚ' ਦਾ ਦੋਸ਼ ਲਗਾਇਆ ਹੈ। ਵਿਧਾਇਕ ਨੇ ਦਾਅਵਾ ਕੀਤਾ ਕਿ ਉਨ੍ਹਾਂ ਵੱਲੋਂ ਲਿਖੀਆਂ ਚਿੱਠੀਆਂ ਦੇ ਆਧਾਰ 'ਤੇ ਸੀਵੀਸੀ ਨੇ ਲੋਕ ਨਿਰਮਾਣ ਵਿਭਾਗ ਨੂੰ ਤੱਥਾਂ ਸਮੇਤ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।



'ਆਪ' ਲੀਡਰਸ਼ਿਪ ਨੂੰ ਚੁਣਾਵੀ ਫੰਡਾਂ ਲਈ ਭ੍ਰਿਸ਼ਟਾਚਾਰ ਕਰਨ, ਪਾਰਟੀ ਦੀ ਅੰਦਰੂਨੀ ਜਮਹੂਰੀਅਤ ਦਾ ਖਾਤਮਾ ਕਰਨ, ਚਾਪਲੂਸੀ ਤੇ ਨਿੱਜੀ ਵਫ਼ਾਦਾਰੀ ਨੂੰ ਹੱਲਾਸ਼ੇਰੀ ਦੇਣ ਅਤੇ ਭਾਰਤ ਦੀ ਔਸਤਨ ਸਿਆਸੀ ਲੀਡਰਸ਼ਿਪ ਦੀ ਤਰ੍ਹਾਂ ਸ਼ਾਨੋ-ਸ਼ੌਕਤ ਵਾਲੀ ਜੀਵਨ ਸ਼ੈਲੀ ਅਪਣਾਉਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਕਰ ਕੇ ਮੱਧਵਰਗ ਵਿੱਚ 'ਆਪ', ਖ਼ਾਸਕਰ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਪ੍ਰਤੀ ਮੋਹ ਭੰਗ ਹੋਣ ਲੱਗ ਪਿਆ। ਚੋਣ ਨਤੀਜਿਆਂ ਤੋਂ ਜ਼ਾਹਿਰ ਹੁੰਦਾ ਹੈ ਕਿ ਘੱਟ ਵਿਕਸਤ ਕਾਲੋਨੀਆਂ ਅਤੇ ਝੌਂਪੜਪੱਟੀਆਂ ਵਿੱਚ ਰਹਿਣ ਵਾਲੇ ਹੇਠਲੇ ਤਬਕਿਆਂ ਵਿੱਚ ਵੀ ਪਾਰਟੀ ਦੀ ਹਮਾਇਤ ਘਟੀ ਹੈ ਹਾਲਾਂਕਿ ਇਸ ਨੇ ਉਨ੍ਹਾਂ ਨੂੰ ਕਾਫ਼ੀ ਲਾਭ ਵੀ ਪਹੁੰਚਾਏ ਹਨ। ਇਸ ਦਾ ਕਾਰਨ ਹੈ ਸਰਪ੍ਰਸਤੀ ਅਤੇ ਗ੍ਰਾਹਕਵਾਦ ਦੀ ਰਾਜਨੀਤੀ ਜਿਸ ਨੂੰ 'ਆਪ' ਨੇ ਹੱਲਾਸ਼ੇਰੀ ਦਿੱਤੀ ਹੈ। ਕੇਜਰੀਵਾਲ ਸਮੇਤ 'ਆਪ' ਦੇ ਸੀਨੀਅਰ ਆਗੂਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲੱਗਣ ਕਾਰਣ ਲੋਕਾਂ ਵਿਚ ਆਪ ਦੀ ਸ਼ਾਖ ਡਿਗ ਚੁਕੀ ਹੈ। ਹੁਣ 'ਸ਼ੀਸ਼ ਮਹਿਲ' ਕਾਰਣ ਉਸਨੂੰ ਜੇਲ ਵੀ ਜਾਣਾ ਪੈ ਸਕਦਾ ਹੈ। ਭਾਰਤੀ ਸਿਆਸੀ ਆਗੂ ਟੈਕਸ ਦਾਤਿਆਂ ਵੱਲੋਂ ਦਿੱਤੇ ਜਾਂਦੇ ਪੈਸੇ ਨੂੰ ਕਿਵੇਂ ਬੇਦਰਦੀ ਨਾਲ ਖਰਚ ਕਰਦੇ ਹਨ।

## ਮਨਜਿੰਦਰ ਸਿਰਸਾ ਵਲੋਂ ਜਾਂਚ ਦਾ ਸਵਾਗਤ



ਨਵੀਂ ਦਿੱਲੀ-ਰਾਜੌਰੀ ਗਾਰਡਨ ਤੋਂ ਭਾਜਪਾ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ 'ਸ਼ੀਸ਼ ਮਹਿਲ' ਦੀ ਜਾਂਚ ਦੇ ਹੁਕਮਾਂ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਇਹ ਜਾਣ ਕੇ ਹੈਰਾਨ ਹਨ ਕਿ ਬੰਗਲੇ ਦਾ ਰਕਬਾ 8 ਏਕੜ ਹੈ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਰਹਿਣ ਲਈ 8 ਏਕੜ ਦੇ ਘਰ ਦੀ ਕਿਉਂ ਲੋੜ ਸੀ। ਉਨ੍ਹਾਂ ਕਿਹਾ ਕਿ ਵਿਜੀਲੈਂਸ ਬੰਗਲੇ ਅੰਦਰ ਲਗਾਈਆਂ ਗਈਆਂ ਆਲੀਸ਼ਾਨ ਵਸਤਾਂ ਦੀ ਵੀ ਜਾਂਚ ਕਰੇ।

## ਸੱਜਣ ਕੁਮਾਰ ਲਈ ਮਿਸਾਲੀ ਸਜ਼ਾ ਹੋਵੇ

8 ਸਫ਼ੇ ਦੀ ਬਾਕੀ

ਇਥੇ ਜਿਕਰਯੋਗ ਹੈ ਕਿ ਜਸਵੰਤ ਸਿੰਘ ਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੀ 1 ਨਵੰਬਰ 1984 ਨੂੰ ਹੱਤਿਆ ਕੀਤੀ ਗਈ ਸੀ। ਸ਼ੁਰੂਆਤ ਵਿਚ ਪੰਜਾਬੀ ਬਾਗ ਪੁਲੀਸ ਥਾਣੇ ਨੇ ਕੇਸ ਦਰਜ ਕੀਤਾ ਸੀ, ਪਰ ਮਗਰੋਂ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਸੰਭਾਲ ਲਈ ਅਦਾਲਤ ਨੇ 16 ਦਸੰਬਰ, 2021 ਨੂੰ ਕੁਮਾਰ ਵਿਰੁੱਧ ਦੋਸ਼ ਤੈਅ ਕੀਤੇ ਸਨ। ਇਸਤਗਾਸਾ ਧਿਰ ਨੇ ਦੋਸ਼ ਲਗਾਇਆ ਹੈ ਕਿ ਘਾਤਕ ਹਥਿਆਰਾਂ ਨਾਲ ਲੈਸ ਇੱਕ ਵੱਡੇ ਹਜੂਮ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਸਿੱਖਾਂ ਦੀਆਂ ਜਾਇਦਾਦਾਂ ਨੂੰ ਵੱਡੇ ਪੱਧਰ 'ਤੇ ਲੁੱਟਿਆ ਤੇ ਅੱਗਜ਼ਨੀ ਕੀਤੀ। ਇਸਤਗਾਸਾ ਧਿਰ ਨੇ ਦਾਅਵਾ ਕੀਤਾ ਕਿ ਭੀੜ ਨੇ ਸ਼ਿਕਾਇਤਕਰਤਾ, ਜੋ ਕਿ ਜਸਵੰਤ ਦੀ ਪਤਨੀ ਹੈ, ਦੇ ਘਰ 'ਤੇ ਹਮਲਾ ਕੀਤਾ। ਸਾਮਾਨ ਲੁੱਟਿਆ ਅਤੇ ਉਨ੍ਹਾਂ ਦੇ ਘਰ ਨੂੰ ਅੱਗ ਲਗਾਉਣ ਤੋਂ ਇਲਾਵਾ ਪਿਉ ਪੁੱਤ ਦੀ ਹੱਤਿਆ ਕਰ ਦਿੱਤੀ।

ਯਾਦ ਰਹੇ ਕਿ 1984 ਦਾ ਸਿੱਖ ਕਤਲੇਆਮ ਮਨੁੱਖੀ ਇਤਿਹਾਸ ਵਿੱਚ ਮਾਨਵ ਵਿਰੋਧੀ ਕਰੂਰ ਕਾਰੇ ਦੀ ਸਿਖਰ ਵਜੋਂ ਅੰਕਿਤ ਹੈ, ਜਿਸ ਦੇ ਪੀੜਤ ਕਰੀਬ 4 ਦਹਾਕਿਆਂ ਤੋਂ ਵਧ ਇਨਸਾਫ਼ ਲਈ ਅੱਜ ਵੀ ਸੰਘਰਸ਼ ਕਰ ਰਹੇ ਹਨ, ਜੋ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਸ਼ਰਮਨਾਕ ਹੈ। ਹੁਣ ਜਦੋਂ ਸਿੱਖ ਕਤਲੇਆਮ ਦੇ ਇੱਕ ਮਾਮਲੇ ਵਿੱਚ ਕਾਂਗਰਸੀ ਆਗੂ ਸੱਜਣ ਕੁਮਾਰ ਦੋਸ਼ੀ ਪਾਏ ਗਏ ਹਨ ਤਾਂ ਉਸ ਨੂੰ ਮਿਸਾਲੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਸੱਜਣ ਕੁਮਾਰ ਤੋਂ ਇਲਾਵਾ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਸਮੇਤ ਹੋਰ ਵੀ ਕਈ ਆਗੂ ਸਿੱਖ ਕਤਲੇਆਮ ਵਿਚ ਸ਼ਾਮਲ ਸਨ ਅਤੇ ਹਰ ਦੋਸ਼ੀ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਕਾਂਗਰਸ ਨੇ ਸਿੱਖਾਂ ਦੇ ਜਖਮ ਭਰਨ ਦੀ ਥਾਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਹਮੇਸ਼ਾ ਵੱਡੇ ਅਹੁਦੇ ਦੇ ਕੇ ਨਿਵਾਜਿਆ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ 1984 ਸਿੱਖ ਕਤਲੇਆਮ ਨਾਲ ਸਬੰਧਤ ਦੇਸ਼ ਦੇ ਵੱਖ-ਵੱਖ ਥਾਂਵਾਂ ਉੱਤੇ ਚੱਲ ਰਹੇ ਮਾਮਲਿਆਂ ਨੂੰ ਫਾਸਟ ਟ੍ਰੈਕ ਅਦਾਲਤਾਂ ਰਾਹੀਂ ਅੱਗੇ ਵਧਾਇਆ ਜਾਵੇ ਤਾਂ ਜੋ ਇਨਸਾਫ਼ ਵਿੱਚ ਹੋਰ ਦੇਰੀ ਨਾ ਹੋਵੇ। ਭਾਰਤ ਦੀ ਸੰਸਦ ਅੰਦਰ ਸਿੱਖ ਕਤਲੇਆਮ ਪ੍ਰਤੀ ਸੰਵੇਦਨਾ ਅਤੇ ਮੁਆਫ਼ੀ ਦਾ ਇੱਕ ਮਤਾ ਵੀ ਜ਼ਰੂਰ ਪਾਸ ਕੀਤਾ ਜਾਵੇ। ਇਹ ਭਾਰਤ ਵਿੱਚ 1984 ਅੰਦਰ ਮਾਰੇ ਗਏ ਬੇਦੋਸ਼ੇ ਸਿੱਖ ਨਾਗਰਿਕਾਂ ਪ੍ਰਤੀ ਇੱਕ ਸ਼ਰਧਾਂਜਲੀ ਹੋਵੇਗੀ।

-ਰਜਿੰਦਰ ਸਿੰਘ ਪੁਰੇਵਾਲ

## ਯੰਗ ਸਪੋਰਟਸ ਐਂਡ ਐਨ ਆਰ ਆਈ ਕਲੱਬ ਧੰਨੀ ਪਿੰਡ ਵਿਖੇ ਸਫਲ ਟੂਰਨਾਮੈਂਟ ਕਰਵਾਇਆ ਗਿਆ

### ਸਹਿਯੋਗ ਦੇਣ ਵਾਲੇ ਸਾਰੇ ਵੀਰਾਂ ਦਾ ਹਾਰਦਿਕ ਧੰਨਵਾਦ



ਯੰਗ ਸਪੋਰਟਸ ਐਂਡ ਐਨ ਆਰ ਆਈ ਕਲੱਬ ਧੰਨੀ ਪਿੰਡ ਵੱਲੋਂ ਬੀਤੀ 8 ਤੇ 9 ਫਰਵਰੀ 2025 ਨੂੰ ਬਹੁਤ ਵਧੀਆ ਤੇ ਸ਼ਾਨਦਾਰ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ ਵਿਚ ਸਹਿਯੋਗ ਦੇਣ ਵਾਲੇ ਐਨ ਆਰ ਆਈ ਵੀਰਾਂ ਅਤੇ ਪਿੰਡ ਦੇ ਹਰੇਕ ਨਗਰ ਵਾਸੀ ਦਾ ਸਹਿਯੋਗ ਦੇਣ ਤੇ ਸਪੋਰਟਸ ਕਲੱਬ ਦੀ ਸਾਰੀ ਟੀਮ ਵੱਲੋਂ ਬਹੁਤ ਬਹੁਤ ਧੰਨਵਾਦ ਕੀਤਾ ਗਿਆ। ਸਪੋਰਟਸ ਕਲੱਬ ਦੇ ਆਗੂਆਂ ਅਤੇ ਪ੍ਰਬੰਧਕਾਂ ਨੇ ਕਿਹਾ ਕਿ ਅਸੀਂ ਆਪਣੀ ਸਾਰੀ ਟੀਮ ਵੱਲੋਂ ਅਰਦਾਸ ਕਰਦੇ ਹਾਂ ਕਿ ਸਾਰੇ ਹੀ ਵੀਰ ਚੜ੍ਹਦੀ ਕਲਾ ਵਿਚ ਰਹਿਣ ਪਰਮਾਤਮਾ ਇਹਨਾਂ ਨੂੰ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਬਖਸ਼ਣ।

ਸ਼ਿੰਦਰ ਸਿੰਘ ਗਿੱਲ ਯੂ ਕੇ ਅਤੇ ਉਹਨਾਂ ਦੇ ਪਰਿਵਾਰ ਵੱਲੋਂ 2025 ਦੇ ਸਫਲ ਟੂਰਨਾਮੈਂਟ ਲਈ ਸਾਰੀ ਧੰਨੀ ਪਿੰਡ ਕਬੱਡੀ ਟੀਮ ਅਤੇ ਇਸਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਗਈ ਹੈ ਅਤੇ ਨਾਲ ਹੀ ਹਰ ਉਸ ਵਿਅਕਤੀ ਦਾ ਧੰਨਵਾਦ ਕੀਤਾ ਜਾਂਦਾ ਹੈ ਜਿਸਨੇ ਕਿਸੇ ਵੀ ਤਰੀਕੇ ਨਾਲ ਹਿੱਸਾ ਲਿਆ ਅਤੇ ਸਾਡੇ ਸਾਰੇ ਐਨ ਆਰ ਆਈ ਭਰਾਵਾਂ ਦਾ ਬਹੁਤ ਧੰਨਵਾਦ।

# ਅਮਰੀਕਾ ਵੱਲੋਂ ਭਾਰਤ ਨੂੰ ਝਟਕਾ: ਰੋਕੀ 22 ਮਿਲੀਅਨ ਡਾਲਰ ਦੀ ਫੰਡਿੰਗ



**ਵਾਸ਼ਿੰਗਟਨ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਐਲੋਨ ਮਸਕ ਦੀ ਅਗਵਾਈ ਵਾਲੇ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੈਂਸੀ (DOGE) ਨੇ ਭਾਰਤ ਨੂੰ ਵੱਡਾ ਝਟਕਾ ਦਿੱਤਾ ਹੈ। DOGE ਨੇ ਸ਼ਨੀਵਾਰ ਨੂੰ ਭਾਰਤ ਵਿਚ ਵੋਟਰ ਭਾਗੀਦਾਰੀ ਲਈ ਰੱਖੇ ਗਏ 22 ਮਿਲੀਅਨ ਡਾਲਰ ਨੂੰ ਰੱਦ ਕਰਨ ਦਾ ਐਲਾਨ ਕੀਤਾ। ਇਹ ਕਦਮ ਉਦੋਂ ਆਇਆ, ਜਦੋਂ DOGE ਨੇ ਯੂ. ਐੱਸ. ਟੈਕਸਦਾਤਾਵਾਂ ਦੁਆਰਾ ਖਰਚ ਕੀਤੇ ਜਾਣ ਵਾਲੇ ਕਈ ਹੋਰ ਫੰਡਾਂ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਸੀ।**

DOGE ਦੇ ਟਵਿੱਟਰ ਹੈਂਡਲ ਤੇ ਇੱਕ ਪੋਸਟ ਵਿਚ ਦੱਸਿਆ ਗਿਆ ਕਿ ਕਿਵੇਂ ਯੂ.ਐੱਸ. ਟੈਕਸਦਾਤਾਵਾਂ ਦੇ ਪੈਸਿਆਂ ਦਾ ਖਰਚਾ ਰੱਦ ਕੀਤਾ ਗਿਆ ਹੈ, ਜਿਸ ਵਿਚ 21 ਮਿਲੀਅਨ ਡਾਲਰ ਵੀ ਸ਼ਾਮਲ ਹੈ, ਜੋ ਭਾਰਤ ਵਿਚ ਵੋਟਰਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਸੀ। ਇਸ ਰਾਸ਼ੀ ਨੂੰ ਰੱਦ ਕਰਨ ਦੀ ਘੋਸ਼ਣਾ ਨੇ ਮਹੱਤਵਪੂਰਨ ਧਿਆਨ ਖਿੱਚਿਆ ਹੈ, ਕਿਉਂਕਿ ਇਹ ਭਾਰਤੀ ਚੋਣ ਪ੍ਰਕਿਰਿਆ ਵਿਚ ਬਾਹਰੀ ਦਖਲਅੰਦਾਜ਼ੀ ਦਾ ਦੋਸ਼ ਲਗਾਉਂਦੇ ਹੋਏ ਕੁਝ ਲੋਕਾਂ ਲਈ ਵਿਵਾਦਪੂਰਨ ਬਣ ਗਿਆ ਸੀ।


ਭਾਜਪਾ ਦੇ ਬੁਲਾਰੇ ਅਮਿਤ ਮਾਲਵੀਆ ਨੇ ਟਵੀਟ ਕਰਕੇ ਇਸ ਫੈਸਲੇ ਤੇ ਪ੍ਰਤੀਕਿਰਿਆ ਦਿੱਤੀ, 21 ਮਿਲੀਅਨ ਡਾਲਰ ਦਾ ਖਰਚ? ਇਹ ਸਪੱਸ਼ਟ ਤੌਰ ਤੇ ਭਾਰਤ ਦੀ ਚੋਣ ਪ੍ਰਕਿਰਿਆ ਵਿਚ ਬਾਹਰੀ ਦਖਲਅੰਦਾਜ਼ੀ ਹੈ। ਇਸ ਦਾ ਫਾਇਦਾ ਕਿਸ ਨੂੰ ਹੋਵੇਗਾ? ਇਹ ਸਪੱਸ਼ਟ ਹੈ ਕਿ ਇਹ ਕੇਂਦਰ ਸਰਕਾਰ ਲਈ ਨਹੀਂ ਹੈ। ਇਸ ਤੋਂ ਇਲਾਵਾ, DOGE ਨੇ ਕਈ ਹੋਰ ਸਕੀਮਾਂ ਲਈ ਰੱਖੇ ਫੰਡਿੰਗ ਨੂੰ ਵੀ ਰੱਦ ਕਰ ਦਿੱਤਾ। ਇਨ੍ਹਾਂ ਵਿਚ ਮੋਜ਼ਾਮਬੀਕ ਵਿਚ ਮਰਦਾਂ ਦੀ ਸਵੈ-ਇੱਛਤ ਡਾਕਟਰੀ ਸੁੰਨਤ (10 ਮਿਲੀਅਨ ਡਾਲਰ), ਮੋਲਡੋਵਾ ਵਿਚ ਇੱਕ ਸੰਮਲਿਤ ਅਤੇ ਭਾਗੀਦਾਰ ਰਾਜਨੀਤਿਕ ਪ੍ਰਕਿਰਿਆ ਨੂੰ ਉਤਸ਼ਾਹਿਤ ਕਰਨ ਲਈ 22 ਮਿਲੀਅਨ ਡਾਲਰ ਅਤੇ ਬੰਗਲਾਦੇਸ਼ ਵਿਚ ਰਾਜਨੀਤਿਕ ਦ੍ਰਿਸ਼ ਨੂੰ ਮਜ਼ਬੂਤ ਕਰਨ ਲਈ 29 ਮਿਲੀਅਨ ਡਾਲਰ ਸ਼ਾਮਲ ਹਨ।

DOGE ਨੇ ਇਹ ਵੀ ਘੋਸ਼ਣਾ ਕੀਤੀ ਕਿ ਉਸਨੇ ਵੱਖ-ਵੱਖ ਦੇਸ਼ਾਂ ਲਈ ਹੋਰ ਕਿਸਮਾਂ ਦੇ ਖਰਚਿਆਂ ਨੂੰ ਵੀ ਰੱਦ ਕਰ ਦਿੱਤਾ ਹੈ, ਜਿਵੇਂ ਕਿ ਲਾਇਬੇਰੀਆ ਵਿਚ ਵੋਟਰਾਂ ਦੇ ਵਿਸ਼ਵਾਸ ਨੂੰ ਉਤਸ਼ਾਹਿਤ ਕਰਨ ਲਈ 1.5 ਮਿਲੀਅਨ ਡਾਲਰ, ਮਾਲੀ ਵਿਚ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨ ਲਈ 14 ਮਿਲੀਅਨ ਡਾਲਰ ਅਤੇ ਦੱਖਣੀ ਅਫਰੀਕਾ ਵਿਚ ਸੰਮਲਿਤ ਲੋਕਤੰਤਰ ਨੂੰ ਸਮਰਥਨ ਦੇਣ ਲਈ 2.5 ਮਿਲੀਅਨ ਡਾਲਰ ਦੀ ਫੰਡਿੰਗ ਨੂੰ ਰੱਦ ਕੀਤਾ ਗਿਆ ਹੈ। ਅਮਰੀਕੀ ਸਰਕਾਰ ਵੱਲੋਂ ਇਹ ਕਦਮ ਸਰਕਾਰੀ ਖਰਚਿਆਂ ਨੂੰ ਘਟਾਉਣ ਦੀ ਕੋਸ਼ਿਸ਼ ਦੇ ਹਿੱਸੇ ਵਜੋਂ ਚੁੱਕਿਆ ਗਿਆ ਹੈ। ਯੋਘਓ ਦਾ ਉਦੇਸ਼ ਸਰਕਾਰੀ ਫੰਡਿੰਗ ਨੂੰ ਸੁਚਾਰੂ ਬਣਾਉਣਾ ਅਤੇ ਉਨ੍ਹਾਂ ਪ੍ਰੋਜੈਕਟਾਂ ਤੇ ਖਰਚ ਨੂੰ ਕੰਟਰੋਲ ਕਰਨਾ ਹੈ, ਜੋ ਪ੍ਰਭਾਵੀ ਨਤੀਜੇ ਨਹੀਂ ਦੇ ਰਹੇ ਹਨ।

## ਦੀਵਾਨ ਟੋਡਰ ਮੱਲ ਦੇ ਨਾਂ ਤੇ ਮਖੌਲ: ਕਾਮੇਡੀਅਨ ਕਪਿਲ ਸ਼ਰਮਾ ਖਿਲਾਫ਼ ਪੁਲੀਸ ਨੂੰ ਸ਼ਿਕਾਇਤ

**ਕਪਿਲ ਸ਼ਰਮਾ ਸ਼ੋਅ ਦੇ ਮੇਜ਼ਬਾਨ ਕਪਿਲ ਸ਼ਰਮਾ ਵੱਲੋਂ ਆਪਣੇ ਸ਼ੋਅ ਦੌਰਾਨ ਦੀਵਾਨ ਟੋਡਰ ਮੱਲ ਦੇ ਨਾਂ ਦਾ ਮਖੌਲ ਉਡਾਉਣ ਦੀ ਹਰ ਪਾਸਿਓਂ ਨਿਖੇਧੀ ਹੋ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਅਜਿਹਾ ਭੱਦਾ ਮਜ਼ਾਕ ਨਾ ਸਹਿਣਯੋਗ ਹੈ। ਇਸ ਦੇ ਵਿਰੋਧ ਵਿੱਚ ਲੁਧਿਆਣਾ ਦੇ ਸਿੱਖ ਭਾਈਚਾਰੇ ਨਾਲ ਸਬੰਧਤ ਲੋਕਾਂ ਨੇ ਕਪਿਲ ਸ਼ਰਮਾ ਖਿਲਾਫ ਪੁਲੀਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਹੈ।ਲੋਕਾਂ ਦਾ ਕਹਿਣਾ ਹੈ ਕਿ ਕਪਿਲ ਸ਼ਰਮਾ ਜੋ ਇੱਕ ਕਾਮੇਡੀਅਨ ਕਲਾਕਾਰ ਹਨ, ਨੇ ਆਪਣੇ ਸ਼ੋਅ ਦੌਰਾਨ ਉਸ ਸ਼ਖਸੀਅਤ ਦਾ ਮਜ਼ਾਕ ਉਡਾਇਆ ਹੈ ਜਿਨ੍ਹਾਂ ਦੀ ਸਿੱਖ ਇਤਿਹਾਸ ਵਿੱਚ ਖਾਸ ਥਾਂ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਤਰ੍ਹਾਂ ਦੇ ਮਜ਼ਾਕ ਲਈ ਕਪਿਲ ਸ਼ਰਮਾ ਖਿਲਾਫ਼ ਕੇਸ ਦਰਜ ਕੀਤਾ ਜਾਵੇ। ਸ਼ਿਕਾਇਤਕਰਤਾਵਾਂ ਦਾ ਕਹਿਣਾ ਸੀ ਕਿ ਦੀਵਾਨ ਟੋਡਰ ਮੱਲ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਆਪਣੀ ਪੂਰੀ ਦੌਲਤ ਖਰਚ ਕਰਕੇ ਅਤੇ ਡੇਢ ਕੁਇੰਟਲ ਸੋਨੇ ਦੀਆਂ ਮੋਹਰਾਂ ਲਾ ਕੇ ਥਾਂ ਖਰੀਦੀ ਸੀ ਜੋ ਵਿਸ਼ਵ ਵਿੱਚ ਹੁਣ ਤੱਕ ਦੀ ਸਭ ਤੋਂ ਮਹਿੰਗੀ ਥਾਂ ਦੱਸੀ ਜਾ ਰਹੀ ਹੈ।**

## ਸੱਜਣ ਕੁਮਾਰ ਦੀ ਸਜ਼ਾ ਦਾ ਫ਼ੈਸਲਾ ਵਕੀਲਾਂ ਦੀ ਹੜਤਾਲ ਹੋਣ ਕਰਕੇ ਟਲਿਆ, 21 ਫਰਵਰੀ ਨੂੰ ਹੋਵੇਗੀ ਸੁਣਵਾਈ



*ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਸਰਸਵਤੀ ਵਿਹਾਰ ਮਾਮਲੇ ਵਿੱਚ ਕਾਂਗਰਸ ਨੇਤਾ ਸੱਜਣ ਕੁਮਾਰ ਦੀ ਸਜ਼ਾ ਬਾਰੇ ਫੈਸਲਾ ਅੱਜ ਰਾਊਸ ਐਵੇਨਿਊ ਅਦਾਲਤ ਵਿੱਚ ਵਕੀਲਾਂ ਦੀ ਹੜਤਾਲ ਹੋਣ ਕਰਕੇ ਨਹੀਂ ਹੋ ਸਕਿਆ ਹੈ। ਇਸ ਮਾਮਲੇ ਵਿਚ ਦਿੱਲੀ ਪੁਲਿਸ ਨੇ ਉਸ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਹੈ ਜਦਕਿ ਸੱਜਣ ਕੁਮਾਰ ਰਹਿਮ ਦੀ ਅਪੀਲ ਕਰ ਰਿਹਾ ਹੈ।*

ਜ਼ਿਕਰਯੋਗ ਹੈ ਕਿ ਬੀਤੀ 12 ਫਰਵਰੀ ਨੂੰ ਅਦਾਲਤ ਨੇ ਉਸਨੂੰ ਇਸ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਸੀ। ਸੱਜਣ ਕੁਮਾਰ ਇਸ ਸਮੇਂ 1984 ਦੇ ਦਿੱਲੀ ਕੈਂਟ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿੱਚ ਸਿੱਖ ਕਤਲੇਆਮ ਕੀਤੇ ਗਏ ਸਨ, ਸਿੱਖਾਂ ਦੀ ਜਾਇਦਾਦ ਸਾੜੀ, ਲੁੱਟੀ ਗਈ ਸੀ ਤੇ ਔਰਤਾਂ ਨਾਲ ਜਬਰਜਿਨਾਹ ਕੀਤਾ ਗਿਆ ਸੀ। ਇਸ ਸਮੇਂ ਦੌਰਾਨ, ਸੱਜਣ ਕੁਮਾਰ ਅਤੇ ਹੋਰ ਆਗੂਆਂ ਤੇ ਆਮ ਲੋਕਾਂ ਨੂੰ ਸਿੱਖਾਂ ਵਿਰੁੱਧ ਭੜਕਾਉਣ ਦਾ ਦੋਸ਼ ਲਗਾਇਆ ਗਿਆ ਹੈ । ਅਦਾਲਤ ਅੰਦਰ ਸਰਕਾਰੀ ਵਕੀਲ ਨੇ ਨਿਰਭਯਾ ਕੇਸ ਅਤੇ ਇਸ ਤਰ੍ਹਾਂ ਦੇ ਹੋਰ ਫੈਸਲਿਆਂ ਦੀਆਂ ਉਦਾਹਰਣਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸੱਜਣ ਕੁਮਾਰ ਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਸੱਜਣ ਕੁਮਾਰ ਦੇ ਸੀਨੀਅਰ ਵਕੀਲ ਨੇ ਵੀ ਲਿਖਤੀ ਦਲੀਲਾਂ ਦਾਇਰ ਕੀਤੀਆਂ ਹਨ। ਅਦਾਲਤ ਨੇ ਸਜ਼ਾ ਸੁਣਾਉਣ ਲਈ 21 ਫਰਵਰੀ ਦੀ ਤਰੀਕ ਨਿਰਧਾਰਤ ਕੀਤੀ ਹੈ ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਪੁਰਬ ਸਾਊਥਾਲ ਲੰਡਨ ਵਿਖੇ ਧੂਮ ਧਾਮ ਨਾਲ ਮਨਾਇਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਲੰਡਨ ਵਿਖੇ 16 ਫਰਵਰੀ ਦਿਨ ਐਤਵਾਰ ਨੂੰ ਧੂਮ ਧਾਮ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਰਣਜੀਤ ਸਿੰਘ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਗੁਰੂ ਘਰ ਨਤਮਸਤਕ ਹੋਈਆਂ। ਗੁਰੂ ਘਰ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਜਨਰਲ ਸਕੱਤਰ ਸ਼ਿਵ ਰੱਤੂ, ਚੁੰਨੀ ਲਾਲ ਚੈਂਬਰ, ਮੋਹਨ ਹਾਲੈਂਡ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਗੁਰੂ ਰਵਿਦਾਸ ਜੀ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਅਪੀਲ ਕੀਤੀ। ਭਾਰਤੀ ਹਾਈਕਮਿਸ਼ਰ ਵਿਕਰਮ ਦੁਰਾਏਸਵਾਮੀ, ਈਲਿੰਗ ਦੀ ਮੇਅਰ ਕੌਂਸਲਰ ਯਵੋਨ ਜੌਨਸਨ,



ਭਾਰਤੀ ਹਾਈਕਮਿਸ਼ਨਰ ਵਿਕਰਮ ਦੁਰਾਏ ਸਵਾਮੀ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਅਤੇ ਰਾਜ ਗ੍ਰਹਿ ਮੰਤਰੀ ਸੀਮਾ ਮਲਹੋਤਰਾ

ਕੇਂਦਰੀ ਰਾਜ ਗ੍ਰਹਿ ਮੰਤਰੀ ਐਮ ਪੀ ਸੀਮਾ ਮਲਹੋਤਰਾ ਆਦਿ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਸੰਗਤਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਅੱਜ ਵੀ ਪਛੜੇ ਵਰਗਾਂ ਨੂੰ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦੇ ਹੱਲ ਲਈ ਗੁਰੂ ਰਵਿਦਾਸ ਦੀਆਂ ਸਿੱਖਿਆਵਾਂ ਨੂੰ ਜੀਵਨ ਦਾ ਅਧਾਰ ਬਣਾਉਣਾ ਜਰੂਰੀ ਹੈ। ਗੁਰੂ ਘਰ ਵੱਲੋਂ ਆਏ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਊਸ਼ਾ ਗੰਗੜ, ਵਰਿੰਦਰ ਕੁਮਾਰ, ਕੋਆਰਡੀਨੇਟਰ ਮਨਿਸਟਰ ਦੀਪਕ ਚੌਧਰੀ, ਕੌਂਸਲਰ ਮਹਿੰਦਰ ਕੌਰ ਮਿੱਡਾ, ਕੌਂਸਲਰ ਰਣਜੀਤ ਧੀਰ, ਪੁਲਿਸ ਅਧਿਕਾਰੀਆਂ, ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰੀਆਂ ਤੋਂ ਇਲਾਵਾ ਵੱਖ ਵੱਖ ਸ਼ਹਿਰਾਂ ਤੋਂ ਆਈਆਂ ਸੰਗਤਾਂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ।

ਇਸ ਤੋਂ ਇਲਾਵਾ 12 ਫਰਵਰੀ ਨੂੰ ਵੀ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਸਮਾਗਮ ਕਰਵਾਏ ਗਏ। ਜਿਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨਤਮ-ਸਤਕ ਹੋਈਆਂ। ਨਿਸ਼ਾਨ ਸਾਹਿਬ ਦੇ ਚੋਲਾ ਬਦਲਣ ਦੀਆਂ ਸੇਵਾਵਾਂ ਮੌਕੇ ਸੰਗਤਾਂ ਵੱਲੋਂ ਭਾਰੀ ਉਤਸ਼ਾਹ ਵਿਖਾਇਆ ਗਿਆ। ਸਾਰਾ ਦਿਨ ਗੁਰੂ ਕੇ ਅਤੁੱਟ ਲੰਗਰ ਵਰਤੇ।

ਭਾਰਤੀ ਹਾਈਕਮਿਸ਼ਨਰ ਵਿਕਰਮਦੁਰਾਏ ਸਵਾਮੀ ਵੱਲੋਂ ਗੁਰਦੁਆਰਾ ਸਾਹਿਬ ਦੇ ਨਵੇਂ ਬਣੇ ਮੀਟਿੰਗ ਹਾਲ ਦਾ ਉਦਘਾਟਨ ਕੀਤਾ ਗਿਆ। ਸਭਾ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਨੇ ਲੰਗਰਾਂ ਵਿੱਚ ਸੇਵਾ ਕਰਨ ਵਾਲੇ ਸੇਵਾਦਾਰਾਂ, ਗ੍ਰੰਥੀ ਸਿੰਘਾ, ਕੀਰਤਨੀ ਜੱਥੇ ਦਾ ਅਤੇ ਹੋਰ ਸੇਵਾਵਾਂ ਕਰਨ ਵਾਲੇ ਸਮੂਹ ਸੇਵਾਦਾਰਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਪ੍ਰਕਾਸ਼ ਸਮਾਗਮਾਂ ਮੌਕੇ ਸੇਵਾ ਕੀਤੀ।

## ਟੋਰਾਂਟੋ ਡੈਲਟਾ ਏਅਰਲਾਈਨਜ਼ ਦਾ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ 17 ਜ਼ਖਮੀ, ਜਾਨੀ ਨੁਕਸਾਨ ਤੋਂ ਬਚਾਅ

ਸੋਮਵਾਰ ਨੂੰ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਉਤਰਨ ਦੀ ਕੋਸ਼ਿਸ਼ ਕਰਦੇ ਹੋਏ ਡੈਲਟਾ ਏਅਰਲਾਈਨਜ਼ ਦੇ ਜਹਾਜ਼ ਦੇ ਹਾਦਸਾਗ੍ਰਸਤ ਹੋ ਜਾਣ ਕਾਰਨ ਘੱਟੋ-ਘੱਟ 17 ਯਾਤਰੀ ਜ਼ਖਮੀ ਹੋ ਗਏ, ਜਿਸ ਉਪਰੰਤ ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਡੈਲਟਾ ਏਅਰ ਲਾਈਨਜ਼ ਨੇ ਇੱਕ ਬਿਆਨ ਵਿੱਚ ਕਿਹਾ, ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ ਅਤੇ ਜ਼ਖਮੀ ਹੋਏ 17 ਸਵਾਰੀਆਂ ਨੂੰ ਖੇਤਰ ਦੇ ਹਸਪਤਾਲਾਂ ਵਿੱਚ ਲਿਜਾਇਆ ਗਿਆ ਹੈ। ਜ਼ਖਮੀਆਂ ਵਿਚੋਂ ਇੱਕ ਬੱਚੇ ਸਮੇਤ 3 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।ਅਮਰੀਕਾ ਦੇ ਸ਼ਹਿਰ ਮਿਨੀਆਪੋਲੀਸ ਤੋਂ ਆਏ ਜਹਾਜ਼ ਵਿੱਚ ਅਮਲੇ ਦੇ ਚਾਰ ਮੈਂਬਰ ਅਤੇ 76 ਯਾਤਰੀ ਸਵਾਰ ਸਨ। ਦੁਪਹਿਰ ਢਾਈ ਕੁ ਵਜੇ ਵਾਪਰੇ ਹਾਦਸੇ ਤੋਂ ਬਾਅਦ ਹਵਾਈ ਅੱਡਾ ਉਡਾਣਾਂ ਦੇ ਉੱਡਣ ਜਾਂ ਉਤਰਨ ਲਈ ਤਿੰਨ ਘੰਟੇ ਬੰਦ ਰੱਖਣਾ ਪਿਆ ਤਾਂ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਹੋ ਸਕੇ। ਇਸ ਦੌਰਾਨ 100 ਤੋਂ ਵੱਧ ਉਡਾਣਾਂ ਪ੍ਰਭਾਵਿਤ ਹੋਈਆਂ ਜਿਨ੍ਹਾਂ ਚੋਂ 48 ਵੱਡੇ ਜਹਾਜਾਂ ਨੂੰ ਮੌਂਟਰੀਅਲ ਅਤੇ ਓਟਵਾ ਹਵਾਈ ਅੱਡਿਆਂ ਵੱਲ ਭੇਜਿਆ ਗਿਆ ਤੇ ਛੋਟੇ ਜਹਾਜਾਂ ਨੂੰ ਲੰਡਨ, ਵਿੰਡਸਰ ਆਦਿ ਨੇੜਲੇ ਹਵਾਈ ਅੱਡਿਆਂ ਤੇ ਉਤਾਰਿਆ ਗਿਆ।

## ਪੰਜਾਬ ਸਰਕਾਰ ਵੱਲੋਂ ਐੱਨ.ਆਰ.ਆਈਜ਼ ਲਈ ਉਨ੍ਹਾਂ ਦੀਆਂ ਸਿਕਾਇਤਾਂ ਦੀ ਰਿਪੋਰਟ ਕਰਨ ਲਈ ਵਟਸਐਪ ਨੰਬਰ ਲਾਂਚ

ਚੰਡੀਗੜ੍ਹ- ਪੰਜਾਬ ਸਰਕਾਰ ਵੱਲੋਂ ਐੱਨ. ਆਰ. ਆਈਜ਼ ਦੀਆਂ ਚਿੰਤਾਵਾਂ ਅਤੇ ਸ਼ਿਕਾਇਤਾਂ ਨੂੰ ਦੂਰ ਕਰਨ ਦੇ ਉਦੇਸ਼ ਨਾਲ, ਉਨ੍ਹਾਂ ਲਈ ਇੱਕ ਵਟਸਐਪ ਨੰਬਰ 90560-09884 ਲਾਂਚ ਕੀਤਾ ਗਿਆ ਹੈ, ਜਿਸ ਰਾਹੀਂ ਉਹ ਆਪਣੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਦੀ ਰਿਪੋਰਟ ਕਰ ਸਕਦੇ ਹਨ। ਇਸ ਸਬੰਧੀ ਐੱਨ.ਆਰ.ਆਈਜ਼ ਦੀਆਂ ਸਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਇਹ ਸ਼ਿਕਾਇਤਾਂ ਸਬੰਧਤ ਵਿਭਾਗਾਂ ਦੇ ਨਾਲ-ਨਾਲ ਪੰਜਾਬ ਪੁਲਿਸ ਦੇ ਐੱਨ. ਆਰ. ਆਈ. ਵਿੰਗ ਦੇ ਏ. ਡੀ. ਜੀ. ਪੀ. ਨੂੰ ਭੇਜੀਆਂ ਜਾਂਦੀਆਂ ਹਨ।ਪ੍ਰਸ਼ਾਸਨਿਕ ਸੁਧਾਰ ਅਤੇ ਐੱਨ. ਆਰ. ਆਈ. ਮਾਮਲਿਆਂ ਮੰਤਰੀ ਨੇ ਦੱਸਿਆ ਕਿ ਐੱਨ. ਆਰ. ਆਈ. ਮਾਮਲੇ ਵਿਭਾਗ ਵੱਲੋਂ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਜਨਮ ਸਰਟੀਫਿਕੇਟ, ਨਾਨ ਏਵੇਲਬਿਲੀਟੀ ਬਰਥ ਸਰਟੀਫਿਕੇਟ (ਅਸੁਲਭਤਾ ਜਨਮ ਸਰਟੀਫਿਕੇਟ), ਜਨਮ ਦੀ ਲੇਟ ਐਂਟਰੀ, ਪੁਲਿਸ ਕਲੀਅਰੈਂਸ, ਮੈਡੀਕਲ ਸਰਟੀਫਿਕੇਟ, ਵਿਦਿਅਕ ਯੋਗਤਾ ਸਬੰਧੀ ਸਰਟੀਫਿਕੇਟ, ਡਰਾਈਵਿੰਗ ਸਰਟੀਫਿਕੇਟ, ਮੌਤ ਦਾ ਸਰਟੀਫਿਕੇਟ, ਵਿਆਹ/ਤਲਾਕ ਦਾ ਸਰਟੀਫਿਕੇਟ, ਡਿਕਰੀ, ਗੋਦ ਲੈਣ ਸਬੰਧੀ ਡੀਡ, ਹਲਫਨਾਮਾ, ਫਿੰਗਰਪ੍ਰਿੰਟ ਅਤੇ ਹੋਰ ਸਰਟੀਫਿਕੇਟ ਆਦਿ ਵਰਗੇ ਵੱਖ-ਵੱਖ ਦਸਤਾਵੇਜ਼ਾਂ ਦੇ ਕਾਊਂਟਰਸਾਈਨ/ਤਸਦੀਕੀਕਰਨ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਐੱਨ. ਆਰ. ਆਈ. ਆਪਣੇ ਘਰਾਂ ਤੋਂ ਹੀ ਆਪਣੇ ਦਸਤਾਵੇਜ਼ਾਂ ਦੇ ਕਾਊਂਟਰਸਾਈਨ ਕਰਵਾਉਣ ਲਈ ਈ-ਸਨਦ ਪੋਰਟਲ ਤੇ ਆਨਲਾਈਨ ਬਿਨੈ ਦੇ ਸਕਦੇ ਹਨ।


PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95
1 YEAR ---- £180

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.........................................................
ADDRESS.....................................................
.................................POST CODE.........................
TEL.............................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਮਾਂ ਬੋਲੀ ਕੌਮਾਂਤਰੀ ਦਿਵਸ 'ਤੇ ਪੰਜਾਬ ਟਾਈਮਜ਼ ਵੱਲੋਂ ਮਾਂ ਬੋਲੀ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਤੇ ਲੱਖ ਲੱਖ ਵਧਾਈ

## ਯੂਰਪੀ ਪੰਜਾਬੀ ਸੱਥ ਵਾਲਸਾਲ ਯੂ.ਕੇ. ਵੱਲੋਂ

## ਅਸੀਂ ਦਿੱਲ ਦੀਆਂ ਗਹਿਰਾਈਆਂ ਤੋਂ ਸ਼ੁਕਰਗੁਜ਼ਾਰ ਹਾਂ...

* ਗੁਰੂਆਂ ਪੀਰਾਂ, ਭਗਤਾਂ, ਸੂਰਬੀਰ ਯੋਧਿਆਂ, ਰਹਿਬਰਾਂ ਅਤੇ ਸ਼ਹੀਦਾਂ ਦੇ ਜਿਹੜੇ ਸਾਡੇ ਪ੍ਰੇਰਨਾ ਸਰੋਤ ਬਣੇ।

* ਆਪਣੀਆਂ ਧੀਆਂ ਭੈਣਾਂ ਅਤੇ ਮਾਤਾਵਾਂ ਦੇ ਜਿਨ੍ਹਾਂ ਦੀ ਦੂਰ-ਅੰਦੇਸ਼ੀ ਸਾਡੀ ਸਹਾਇਕ ਬਣੀ।

* ਆਪਣੀ ਮਾਂ ਬੋਲੀ ਅਤੇ ਪੁਰਖਿਆਂ ਦੀਆਂ ਸਿਹਤਮੰਦ ਕਦਰਾਂ ਕੀਮਤਾਂ ਦੀਆਂ ਬਾਤਾਂ ਪਾਉਣ ਵਾਲਿਆਂ ਦੇ, ਜਿਹਨਾਂ ਦੇ ਉੱਤਸ਼ਾਹ ਤੋਂ ਅਸੀਂ ਬਹੁਤ ਕੁੱਝ ਸਿੱਖਿਆ।

* ਦੇਸ਼ਾਂ-ਵਿਦੇਸ਼ਾਂ ਦੀਆਂ ਪੰਜਾਬੀ ਸੱਥਾਂ ਦੇ ਸੰਚਾਲਕਾਂ ਅਤੇ ਸਮੂਹ ਸੱਥਾਂ ਦੀਆਂ ਇਕਾਈਆਂ ਦੇ ਸੰਗੀ-ਬੇਲੀਆਂ ਦੇ, ਜਿਹੜੇ ਝੱਖੜਾਂ-ਝਾਂਬਿਆਂ ਵਿੱਚ ਵੀ ਸਾਡੇ ਨਾਲ ਰਹੇ।

* ਆਪਣੇ ਵਤਨ ਦੀ ਮਿੱਟੀ ਅਤੇ ਉਸ ਤੋਂ ਹਜ਼ਾਰਾਂ ਮੀਲ ਦੂਰ ਵਸੇਂਦੇ ਪੰਜਾਬੀ ਸੱਥਾਂ ਦੇ ਹਿਤੈਸ਼ੀਆਂ ਦੇ, ਜਿਹੜੇ ਔਝੜੇ ਰਾਹਾਂ 'ਤੇ ਵੀ ਸਾਡੇ ਨਾਲ ਤੁਰਦੇ ਰਹੇ।

* ਉਹਨਾਂ ਵਿਦਵਾਨਾਂ, ਬੁੱਧੀਜੀਵੀਆਂ, ਸਿਆਣੇ ਕਲਮਕਾਰਾਂ ਦੇ, ਜਿਹੜੇ ਪੰਜਾਬੀ ਬੋਲੀ, ਸੱਭਿਆਚਾਰ ਅਤੇ ਵਿਰਾਸਤ ਵਾਸਤੇ ਤਨਦੇਹੀ ਨਾਲ ਕੰਮ ਕਰ ਰਹੇ ਹਨ।

* ਉਹਨਾਂ ਸਾਕ-ਸੰਬੰਧੀਆਂ ਅਤੇ ਸੱਜਣਾਂ-ਮਿੱਤਰਾਂ ਦੇ, ਜਿਹੜੇ ਸਾਡੀਆਂ ਬਾਤਾਂ ਦਾ ਹੁੰਘਾਰਾ ਭਰਦੇ ਕਦੇ ਵੀ ਥੱਕਦੇ ਨਹੀਂ।

* ਆਪਣੀ ਬੋਲੀ ਅਤੇ ਵਿਰਾਸਤ ਵਾਸਤੇ ਕੰਮ ਕਰਨ ਵਾਲੇ ਅਣਥੱਕ ਯੋਧਿਆਂ ਦੇ, ਜਿਹੜੇ ਸਾਨੂੰ ਮਿਲੇ ਨਹੀਂ, ਪਰ ਥਾਪੜਾ ਦੇਣ ਤੋਂ ਕਦੇ ਵੀ ਉਕਾਈ ਨਹੀਂ ਖਾਂਦੇ।

* ਆਲਮੀ ਪੱਧਰ 'ਤੇ ਕੰਮ ਕਰ ਰਹੇ ਮੀਡੀਆ ਦਾ, ਜਿਸ ਦੀ ਬਦੌਲਤ ਅਸੀਂ ਪੰਜਾਬੀ ਪਿਆਰਿਆਂ ਤੀਕਰ ਆਪਣਾ ਕੰਮ ਤੇ ਪੈਗ਼ਾਮ ਪਹੁੰਚਾਉਂਦੇ ਰਹੇ।

* ਸਾਡੇ ਕੰਮਾਂ ਨੂੰ ਨੀਝ ਨਾਲ ਵੇਖਣ ਵਾਲਿਆਂ ਦੇ, ਜਿਹੜੇ ਸਾਡੀਆਂ ਤਰੁੱਟੀਆਂ ਨੂੰ ਧਿਆਨ ਵਿੱਚ ਲਿਆ ਕੇ ਸਾਨੂੰ ਨਿਖਾਰਦੇ ਰਹੇ।

* ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਮਿਲੀ ਹੱਲਾਸ਼ੇਰੀ ਵਾਸਤੇ, ਜਿਹੜੀ ਸਾਡੇ ਲਈ ਆਕਸੀਜਨ ਦਾ ਕੰਮ ਕਰ ਰਹੀ ਹੈ।

**ਬੇਨਤੀ ਕਰਤਾ:**

**ਯੂਰਪੀ ਪੰਜਾਬੀ ਸੱਥ, ਵਾਲਸਾਲ, ਯੂ.ਕੇ. ਦੇ ਸਮੂਹ ਸੰਗੀ ਬੇਲੀ**

**ਵਧੇਰੇ ਜਾਣਕਾਰੀ ਲਈ ਸੰਪਰਕ: – ਫੋਨ: 07850 750 109**

# ਦੋ ਦਿਨਾਂ ਵਿਚ 228 ਭਾਰਤੀਆਂ ਨੂੰ ਲੈ ਕੇ ਅੰਮ੍ਰਿਤਸਰ ਉਤਰੇ ਅਮਰੀਕਾ ਦੇ ਦੋ ਫੌਜੀ ਜਹਾਜ਼

**ਵਿਸ਼ੇਸ਼ ਰਿਪੋਟ**

## ✪ ਅਮਰੀਕਾ ਵਿਚ ਸ਼ਰਨ ਮੰਗਣ ਵਾਲੇ 66 ਫ਼ੀਸਦੀ ਪੰਜਾਬੀ, ਪੰਜ ਸਾਲਾਂ ਵਿਚ ਹੋਈ ਦੁੱਗਣੀ ✪ ਅਮਰੀਕਨ ਫੌਜੀ ਜਹਾਜ਼ ਦੇ ਅੰਮ੍ਰਿਤਸਰ ਉਤਰਣ ਕਾਰਣ ਦੇਸ਼ ਦੀ ਸੁਰਖਿਆ ਤੇ ਗੁਜਰਾਤ ਮਾਡਲ ਉਤੇ ਉਠੇ ਸੁਆਲ





5 ਫਰਵਰੀ ਨੂੰ ਅਮਰੀਕਾ ਵਲੋਂ ਆਪਣੇ ਫ਼ੌਜੀ ਜਹਾਜ਼ ਰਾਹੀਂ ਹੱਥਾਂ-ਪੈਰਾਂ ਨੂੰ ਬੇੜੀਆਂ ਪਾ ਕੇ ਅੰਮ੍ਰਿਤਸਰ ਭੇਜੇ ਗਏ 104 ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਦੇ ਘਟਨਾਕ੍ਰਮ ਨੇ ਇੰਡੀਆ ਵਿਚ ਹਲਚਲ ਮਚਾ ਦਿੱਤੀ ਸੀ, ਪਰ ਇਹ ਘਟਨਾਕ੍ਰਮ ਇੱਥੇ ਹੀ ਰੁਕਣ ਵਾਲਾ ਨਹੀਂ ਸੀ ਹੁਣ ਤੱਕ ਅਮਰੀਕਾ ਤਿੰਨ ਗਰੁੱਪਾਂ ਵਿੱਚ 377 ਲੋਕਾਂ ਨੂੰ ਭਾਰਤ ਭੇਜ ਚੁੱਕਾ ਹੈ।

15 ਫਰਵਰੀ ਨੂੰ 116 ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਨੂੰ ਲੈ ਕੇ ਇਕ ਹੋਰ ਅਮਰੀਕੀ ਫ਼ੌਜੀ ਜਹਾਜ਼ ਅੰਮ੍ਰਿਤਸਰ ਉਤਾਰਿਆ ਗਿਆ ਸੀ।ਅਮਰੀਕਾ ਦੀ ਟਰੰਪ ਸਰਕਾਰ ਨੇ ਬੀਤੇ ਐਤਵਾਰ ਨੂੰ ਤੀਜਾ ਫੌਜੀ ਜਹਾਜ਼ ਅੰਮ੍ਰਿਤਸਰ ਭੇਜਿਆ ਗਿਆ ਸੀ। ਜਹਾਜ਼ ਵਿੱਚ ਕੁੱਲ 112 ਪ੍ਰਵਾਸੀ ਭਾਰਤੀ ਵੱਖ ਵੱਖ ਰਾਜਾਂ ਦੇ ਸਵਾਰ ਸਨ। ਡਿਪੋਰਟ ਕੀਤੇ ਗਏ ਲੋਕਾਂ ਵਿੱਚ ਸੱਤ ਬੱਚੇ ਵੀ ਸ਼ਾਮਲ ਹਨ। ਇਨ੍ਹਾਂ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 31 ਵਿਅਕਤੀ ਸ਼ਾਮਲ ਹਨ। ਦੋ ਦਿਨਾਂ ਦੌਰਾਨ ਇਸ ਤਰ੍ਹਾਂ 228 ਭਾਰਤੀਆਂ ਨੂੰ ਲੈ ਕੇ ਅਮਰੀਕਾ ਦੇ ਦੋ ਫੌਜੀ ਜਹਾਜ਼ ਅੰਮ੍ਰਿਤਸਰ ਉਤਰੇ ਸਨ। ਔਰਤਾਂ ਅਤੇ ਬੱਚਿਆਂ ਨੂੰ ਛੱਡ ਕੇ ਬਾਕੀ ਸਾਰੇ ਮਰਦਾਂ ਨੂੰ ਹੱਥਕੜੀਆਂ ਲਗਾਈਆਂ ਗਈਆਂ ਸਨ ਅਤੇ ਉਨ੍ਹਾਂ ਦੀਆਂ ਲੱਤਾਂ ਨੂੰ ਬੇੜੀਆਂ ਬੰਨ੍ਹੀਆਂ ਹੋਈਆਂ ਸਨ। ਇਹ ਕਿਹਾ ਜਾ ਰਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਈ ਬਿਆਨਾਂ ਦੇ ਅਨੁਸਾਰ ਭਾਰਤੀ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਹੋਰ ਉਡਾਣਾਂ ਆਉਣਗੀਆਂ। ਬੀਤੇ ਹਫਤੇ ਵ੍ਹਾਈਟ ਹਾਊਸ ਵਿਖੇ ਟਰੰਪ ਨਾਲ ਇੱਕ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਭਾਰਤ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਕਿਸੇ ਵੀ ਪ੍ਰਮਾਣਿਤ ਭਾਰਤੀ ਨੂੰ ਵਾਪਸ ਲੈਣ ਲਈ ਪੂਰੀ ਤਰ੍ਹਾਂ ਤਿਆਰ ਹੈ।

### ਹੱਥ ਕੜੀਆਂ ਤੇ ਬੇੜੀਆਂ ਵਿਚ ਬਝੇ ਭਾਰਤੀ

ਦੇਸ਼ ਦੀਆਂ ਵਿਰੋਧੀਆਂ ਪਾਰਟੀਆਂ ਅਤੇ ਲੋਕਾਂ ਦੇ ਸਖ਼ਤ ਵਿਰੋਧ ਨੂੰ ਦੇਖਦਿਆਂ ਉਮੀਦ ਜਤਾਈ ਜਾ ਰਹੀ ਸੀ ਕਿ ਇਸ ਵਾਰ ਇਨ੍ਹਾਂ ਪ੍ਰਵਾਸੀ ਭਾਰਤੀਆਂ ਨੂੰ ਕੈਦੀਆਂ ਵਾਂਗ ਇਧਰ ਨਹੀਂ ਭੇਜਿਆ ਜਾਵੇਗਾ, ਪਰ ਇਨ੍ਹਾਂ ਉਮੀਦਾਂ ਦੇ ਉਲਟ ਸਨਿਚਰਵਾਰ ਤੇ ਐਤਵਾਰ ਅੰਮ੍ਰਿਤਸਰ ਪੁੱਜੇ ਜਹਾਜ਼ ਵਿਚ ਵੀ ਇਨ੍ਹਾਂ ਪ੍ਰਵਾਸੀ ਭਾਰਤੀਆਂ ਨੂੰ ਹੱਥਕੜੀਆਂ ਤੇ ਪੈਰਾਂ ਵਿਚ ਬੇੜੀਆਂ ਪਾ ਕੇ ਹੀ ਲਿਆਂਦਾ ਗਿਆ ਸੀ।

ਇਹ ਸਵਾਲ ਖਾਸ ਤੌਰ 'ਤੇ ਇਸ ਲਈ ਉੱਠਿਆ ਕਿਉਂਕਿ ਕੋਲੰਬੀਆ ਨੇ ਆਪਣੇ ਦੇਸ਼ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲਿਜਾ ਰਹੇ ਅਮਰੀਕੀ ਫੌਜੀ ਜਹਾਜ਼ ਨੂੰ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ। ਕੋਲੰਬੀਆ ਨੇ ਅਮਰੀਕੀ ਫੌਜੀ ਜਹਾਜ਼ ਨੂੰ ਵਾਪਸ ਮੋੜ ਦਿੱਤਾ। ਇਸ 'ਤੇ ਟਰੰਪ ਨੇ ਕੋਲੰਬੀਆ 'ਤੇ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਸੀ। ਇਸ ਤੋਂ ਬਾਅਦ ਵੀ ਕੋਲੰਬੀਆ ਝੁਕਿਆ ਨਹੀਂ ਸੀ। ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ ਨੇ ਕਿਹਾ ਸੀ ਕਿ ਉਹ ਇਹ ਯਕੀਨੀ ਬਣਾਏਗੀ ਕਿ ਉਸਦੇ ਨਾਗਰਿਕਾਂ ਨੂੰ ਅਮਰੀਕਾ ਤੋਂ ਬੇਇੱਜ਼ਤੀ ਨਾਲ ਨਾ ਕੱਢਿਆ ਜਾਵੇ। ਇਸ ਸਬੰਧ ਵਿੱਚ, ਕੋਲੰਬੀਆ ਦੇ ਰਾਸ਼ਟਰਪਤੀ ਦਫ਼ਤਰ ਨੇ ਆਪਣੇ ਬਿਆਨ ਵਿੱਚ 'ਸਨਮਾਨਜਨਕ ਵਾਪਸੀ' ਸ਼ਬਦਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਪੈਟਰੋ ਨੇ ਅਮਰੀਕਾ ਤੋਂ ਪ੍ਰਵਾਸੀਆਂ ਨੂੰ ਵਾਪਸ ਲਿਆਉਣ ਲਈ ਆਪਣਾ ਵਿਸ਼ੇਸ਼ ਜਹਾਜ਼ ਭੇਜਣ ਦਾ ਫੈਸਲਾ ਕੀਤਾ। ਹਾਲਾਂਕਿ, ਪਹਿਲੇ ਬੈਚ ਵਿੱਚ ਦੇਸ਼ ਨਿਕਾਲਾ ਦਿੱਤੇ ਗਏ ਅਤੇ ਭਾਰਤ ਆਏ ਲੋਕਾਂ ਨੇ ਆਪਣੀ ਮੁਸ਼ਕਲ ਬਿਆਨ ਕੀਤੀ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਨੂੰ ਇੱਕ ਫੌਜੀ ਜਹਾਜ਼ ਵਿੱਚ ਬੇੜੀਆਂ ਅਤੇ ਹੱਥਕੜੀਆਂ ਲਗਾ ਕੇ ਲਿਆਂਦਾ ਗਿਆ ਸੀ। ਉਸਨੂੰ 40 ਘੰਟੇ ਬਾਥਰੂਮ ਜਾਣ ਲਈ ਵੀ ਸੰਘਰਸ਼ ਕਰਨਾ ਪਿਆ। ਵਿਰੋਧੀ ਧਿਰ ਨੇ ਇਸ ਅਣਮਨੁੱਖੀ ਸਥਿਤੀ ਲਈ ਮੋਦੀ ਸਰਕਾਰ ਦੀ ਆਲੋਚਨਾ ਕੀਤੀ ਸੀ। ਇਹ ਮੁੱਦਾ ਸੰਸਦ ਦੇ ਦੋਵਾਂ ਸਦਨਾਂ ਵਿੱਚ ਵੀ ਉਠਾਇਆ ਗਿਆ ਸੀ।

ਬਾਕੀ ਹਿਸਾ ਸਫਾ 14ਤੇ ਪੜ੍ਹੋ

## ਪੰਜਾਬ ਸਰਕਾਰ ਵਲੋਂ ਟ੍ਰੈਵਲ ਏਜੰਟਾਂ 'ਤੇ ਸਖਤ ਕਾਰਵਾਈ !

### ✪ ਪ੍ਰਾਪਰਟੀ ਪ੍ਰਾਪਰਟੀ ਵੀ ਸੀਜ਼ ਕਰਨ ਦਾ ਫ਼ੈਸਲਾ

ਪੰਜਾਬ ਸਰਕਾਰ ਨੇ ਡਰੱਗ ਤਸਕਰਾਂ ਦੀ ਤਰ੍ਹਾਂ ਹੁਣ ਦੋਸ਼ੀ ਇਮੀਗ੍ਰੇਸ਼ਨ ਮਾਲਕਾਂ ਤੇ ਟ੍ਰੈਵਲ ਏਜੰਟਾਂ ਦੀ ਪ੍ਰਾਪਰਟੀ ਵੀ ਸੀਜ਼ ਕਰਨ ਦਾ ਫ਼ੈਸਲਾ ਲੈ ਲਿਆ ਹੈ। ਸੂਤਰਾਂ ਦੇ ਮੁਤਾਬਕ ਲੋਕਾਂ ਨਾਲ ਲੱਖਾਂ-ਕਰੋੜਾਂ ਦੀ ਧੋਖਾਧੜੀ ਕਰਨ ਵਾਲੇ ਅਜਿਹੇ ਕਰੀਬ 3200 ਟ੍ਰੈਵਲ ਏਜੰਟਾਂ ਨੂੰ ਲੁੱਕ ਆਊਟ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਮੁੱਢਲੀ ਜਾਂਚ ਦੌਰਾਨ ਸੂਬੇ ਦੇ ਅਜਿਹੇ 11 ਜ਼ਿਲ੍ਹਿਆਂ ਦੀ ਪਛਾਣ ਕੀਤੀ ਗਈ ਹੈ, ਜਿੱਥੇ ਸਭ ਤੋਂ ਜ਼ਿਆਦਾ ਗੈਰ-ਕਾਨੂੰਨੀ ਤੌਰ 'ਤੇ ਇਮੀਗ੍ਰੇਸ਼ਨ ਦਾ ਧੰਦਾ ਚਲਾਇਆ ਜਾਂਦਾ ਹੈ। ਇਨ੍ਹਾਂ ਵਿਚੋਂ ਮੁੱਖ ਤੌਰ 'ਤੇ ਮੋਹਾਲੀ, ਜਲੰਧਰ, ਅੰਮ੍ਰਿਤਸਰ, ਪਟਿਆਲਾ, ਲੁਧਿਆਣਾ, ਬਠਿੰਡਾ, ਮੋਗਾ, ਨਵਾਂਸ਼ਹਿਰ, ਰੋਪੜ, ਸੰਗਰੂਰ ਅਤੇ ਕਪੂਰਥਲਾ ਸ਼ਾਮਲ ਹਨ। ਇਨ੍ਹਾਂ ਜ਼ਿਲ੍ਹਿਆਂ ਦੇ ਕਰੀਬ 3200 ਤੋਂ ਜ਼ਿਆਦਾ ਇਮੀਗ੍ਰੇਸ਼ਨ ਅਤੇ ਗੈਰ-ਕਾਨੂੰਨੀ ਤੌਰ 'ਤੇ ਏਜੰਟਾਂ ਵਜੋਂ ਕੰਮ ਕਰਨ ਵਾਲਿਆਂ ਦੀ ਗਿਣਤੀ ਸਾਹਮਣੇ ਆਈ ਹੈ। ਪੁਲਸ ਨੇ 2-3 ਦਿਨਾਂ ਦੇ ਅੰਦਰ-ਅੰਦਰ ਇਨ੍ਹਾਂ ਨੌਜਵਾਨਾਂ ਤੋਂ ਕਰੋੜਾਂ ਰੁਪਏ ਠੱਗਣ ਵਾਲੇ 10 ਜਾਅਲੀ ਟ੍ਰੈਵਲ ਏਜੰਟਾਂ ਖ਼ਿਲਾਫ਼ ਤੇਜ਼ੀ ਨਾਲ ਕਾਰਵਾਈ ਕੀਤੀ ਹੈ, ਉਸ ਨਾਲ ਕਪੂਰਥਲਾ ਜ਼ਿਲ੍ਹੇ ਸਮੇਤ ਪੂਰੇ ਸੂਬੇ ਵਿੱਚ ਸਰਗਰਮ ਉਨ੍ਹਾਂ ਜਾਅਲੀ ਟਰੈਵਲ ਏਜੰਟਾਂ ਵਿੱਚ ਦਹਿਸ਼ਤ ਫੈਲ ਗਈ ਹੈ, ਜੋ ਲੰਬੇ ਸਮੇਂ ਤੋਂ ਮਾਸੂਮ ਨੌਜਵਾਨਾਂ ਨੂੰ ਮੈਕਸੀਕੋ ਰਾਹੀਂ ਅਮਰੀਕਾ ਭੇਜਣ ਦਾ ਵਾਅਦਾ ਕਰਕੇ ਲੱਖਾਂ-ਕਰੋੜਾਂ ਰੁਪਏ ਠੱਗਣ ਲਈ ਸੁਰਖੀਆਂ ਵਿੱਚ ਰਹੇ ਹਨ। ਚੰਡੀਗੜ੍ਹ ਪੁਲਸ ਵੱਲੋਂ ਫਰਜੀ ਟ੍ਰੈਵਲ ਏਜੰਟਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਬੀਤੇ ਹਫਤੇ ਕਈ ਇਮੀਗ੍ਰੇਸ਼ਨ ਦਫ਼ਤਰਾਂ ਦੀ ਜਾਂਚ ਦੇ ਨਾਲ-ਨਾਲ ਦੋ ਨਕਲੀ ਟਰੈਵਲ ਏਜੰਟਾਂ ਦੀ ਗ੍ਰਿਫ਼ਤਾਰੀ ਨੇ ਇਸ ਦਹਿਸ਼ਤ ਨੂੰ ਹੋਰ ਵਧਾ ਦਿੱਤਾ ਹੈ।

## ਸਿੱਖ ਨੌਜਵਾਨਾਂ ਨੂੰ ਨੰਗੇ ਸਿਰ ਲਿਆਉਣ 'ਤੇ ਸ਼੍ਰੋਮਣੀ ਕਮੇਟੀ ਨੇ ਕੀਤੀ ਨਿੰਦਾ

### ✪ ਵਾਪਸ ਆਏ ਨੌਜਵਾਨਾਂ ਨੂੰ ਦਿੱਤੀਆਂ ਦਸਤਾਰਾਂ



ਅਮਰੀਕਾ ਵੱਲੋਂ ਡਿਪੋਰਟ ਕੀਤੇ ਭਾਰਤੀਆਂ ਵਿਚੋਂ ਸਿੱਖ ਨੌਜਵਾਨ ਨੂੰ ਬਿਨਾ ਪੱਗ ਤੋਂ ਨੰਗੇ ਸਿਰ ਵਾਪਸ ਭਾਰਤ ਭੇਜਿਆ ਗਿਆ ਸੀ, ਜਿਸ ਤੋਂ ਬਾਅਦ ਪੰਜਾਬ ਵਿਚ ਸਿਆਸਤ ਭਖ ਗਈ ਹੈ। ਇਸ ਨੂੰ ਆਧਾਰ ਬਣਾ ਕੇ ਬਿਕਰਮ ਸਿੰਘ ਮਜੀਠੀਆ ਤੇ ਸ਼੍ਰੋਮਣੀ ਕਮੇਟੀ ਨੇ ਪੰਜਾਬ ਸਰਕਾਰ 'ਤੇ ਸਵਾਲ ਚੁੱਕੇ ਹਨ। ਬੀਤੇ ਦਿਨੀਂ ਅਮਰੀਕਾ ਦਾ ਜਹਾਜ਼ ਭਾਰਤੀਆਂ ਨੂੰ ਲੈ ਕੇ ਅੰਮ੍ਰਿਤਸਰ ਪਹੁੰਚਿਆ। ਉੱਥੇ ਹੀ ਇੱਕ ਤਸਵੀਰ ਨਿਕਲ ਕੇ ਸਾਹਮਣੇ ਆਈ ਕੁਝ ਸਿੱਖ ਨੌਜਵਾਨਾਂ ਦੇ ਸਿਰ ਉੱਤੇ ਦਸਤਾਰ ਨਹੀਂ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਿਥੇ ਜਬਰੀ ਵਾਪਸ ਭੇਜੇ ਗਏ ਭਾਰਤੀ ਨਾਗਰਿਕਾਂ ਦੇ ਪਰਿਵਾਰਾਂ ਤੇ ਹੋਰਨਾਂ ਲਈ ਅੰਮਿਬਸਰ ਹਵਾਈ ਅੱਡੇ 'ਤੇ ਲੰਗਰ ਤੇ ਚਾਹ ਦਾ ਪ੍ਰਬੰਧ ਕੀਤਾ ਗਿਆ, ਇਸ ਦੇ ਨਾਲ ਹੀ ਹੋਰ ਵੱਡਾ ਉਪਰਾਲਾ ਕਰਦਿਆਂ ਵਾਪਸ ਆਏ ਨੌਜਵਾਨਾਂ ਲਈ ਹਵਾਈ ਅੱਡੇ 'ਤੇ ਦਸਤਾਰਾਂ ਦਾ ਪ੍ਰਬੰਧ ਕੀਤਾ ਗਿਆ। ਇਸ ਸੰਬੰਧੀ ਸ਼੍ਰੋਮਣੀ ਕਮੇਟੀ ਵਲੋਂ ਹਵਾਈ ਅੱਡੇ 'ਤੇ ਲਗਾਏ ਗਏ ਇੰਚਾਰਜ ਸੰਦੀਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਕਹਿਣ 'ਤੇ ਉਹ ਹਵਾਈ ਅੱਡੇ 'ਤੇ ਦਸਤਾਰਾਂ ਲੈ ਕੇ ਪਹੁੰਚੇ ਹਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਿਹੜੇ ਲੋਕ ਵਿਸ਼ੇਸ਼ ਜਹਾਜ਼ਾਂ ਰਾਹੀਂ ਅੰਮ੍ਰਿਤਸਰ ਪੁੱਜ ਰਹੇ ਹਨ, ਸ਼੍ਰੋਮਣੀ ਕਮੇਟੀ ਉਨ੍ਹਾਂ ਲਈ ਰਿਹਾਇਸ਼ ਅਤੇ ਲੋੜ ਅਨੁਸਾਰ ਉਨ੍ਹਾਂ ਨੂੰ ਘਰ ਪਹੁੰਚਾਉਣ ਦਾ ਪ੍ਰਬੰਧ ਕਰਨ ਲਈ ਤਿਆਰ ਹੈ।

13 ਸਫ਼ੇ ਦੀ ਬਾਕੀ

ਇਸ ਦੌਰਾਨ, ਜਦੋਂ ਅੰਮ੍ਰਿਤਸਰ ਵਿੱਚ ਦੂਜੀ ਖੇਪ ਦੇ ਉਤਰਨ ਦੀ ਖ਼ਬਰ ਆਈ, ਤਾਂ ਇਸ ਉੱਤੇ ਇੱਕ ਨਵਾਂ ਵਿਵਾਦ ਖੜ੍ਹਾ ਹੋ ਗਿਆ। ਸਵਾਲ ਇਹ ਉੱਠੇ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਜਾਣ ਵਾਲੀਆਂ ਅਮਰੀਕੀ ਡਿਪੋਰਟੇਸ਼ਨ ਉਡਾਣਾਂ ਨੂੰ ਸਿਰਫ਼ ਪੰਜਾਬ ਵਿੱਚ ਹੀ ਕਿਉਂ ਉਤਾਰਿਆ ਜਾ ਰਿਹਾ ਸੀ ਜਦ ਕਿ ਇਸ ਵਿਚ ਭਾਰਤ ਦੇ ਬਾਕੀ ਪ੍ਰਾਤਾਂ ਦੇ ਲੋਕ ਵੀ ਸ਼ਾਮਲ ਹਨ? ਕੀ ਇਹ ਪੰਜਾਬ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ ਕਿ ਪੰਜਾਬੀ ਹੀ ਅਮਰੀਕਾ ਜਾਣ ਲਈ ਗੈਰ ਕਨੂੰਨੀ ਰਾਹ ਅਪਨਾਉਂਦੇ ਹਨ? ਆਖ਼ਿਰਕਾਰ, ਇਹ ਉਡਾਣਾਂ ਗੁਜਰਾਤ ਜਾਂ ਹਰਿਆਣਾ ਵਰਗੇ ਰਾਜਾਂ ਵਿੱਚ ਕਿਉਂ ਨਹੀਂ ਉਤਰ ਰਹੀਆਂ? ਇਹ ਸਵਾਲ ਉਠਾਉਂਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਲਗਾਤਾਰ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਕਾਂਗਰਸ ਦੇ ਰਾਸ਼ਟਰੀ ਬੁਲਾਰੇ ਅਤੇ ਪੰਜਾਬ ਕਾਂਗਰਸ ਦੇ ਸਹਿ-ਇੰਚਾਰਜ ਅਲੋਕ ਸ਼ਰਮਾ ਨੇ ਭਾਜਪਾ ਨੇਤਾਵਾਂ ਦੇ ਦਾਅਵਿਆਂ ਨੂੰ ਵੀ ਚੁਣੌਤੀ ਦਿੱਤੀ ਕਿ ਅੰਮ੍ਰਿਤਸਰ ਅਜਿਹੀਆਂ ਉਡਾਣਾਂ ਲਈ ਸਭ ਤੋਂ ਨੇੜੇ ਦਾ ਸਟੇਸ਼ਨ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਜਹਾਜ਼ ਅੰਮ੍ਰਿਤਸਰ ਪਹੁੰਚਣ ਲਈ ਪੂਰੇ ਦੇਸ਼ ਦੇ ਉੱਪਰ ਉੱਡ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੁੱਪ ਬੈਠੇ ਹਨ, ਜਦੋਂ ਕਿ ਭਾਰਤੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਨਾਲ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਸਾਡੇ ਲਈ, ਸਾਰੇ ਡਿਪੋਰਟ ਕੀਤੇ ਗਏ ਭਾਰਤੀ ਹਨ, ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਗੁਜਰਾਤ ਤੋਂ ਹਨ। ਪਰ ਉਨ੍ਹਾਂ ਨੇ ਅੰਮ੍ਰਿਤਸਰ ਨੂੰ ਕਿਉਂ ਚੁਣਿਆ ਹੈ, ਖਾਸ ਕਰਕੇ ਜਦੋਂ ਇਹ ਸਾਹਮਣੇ ਆ ਰਿਹਾ ਹੈ ਕਿ ਜਹਾਜ਼ਾਂ ਦਾ ਹਵਾਈ ਰਸਤਾ ਪੂਰਬੀ ਪਾਸੇ ਤੋਂ ਹੈ ਅਤੇ ਉਹ ਅੰਮ੍ਰਿਤਸਰ ਪਹੁੰਚਣ ਲਈ ਪੂਰੇ ਦੇਸ਼ ਦਾ ਚੱਕਰ ਕਿਉਂ ਲਗਾ ਰਹੇ ਹਨ? ਭਾਜਪਾ ਨੇਤਾ ਮੋਦੀ ਕੋਲ ਪੰਜਾਬ ਨੂੰ ਬਦਨਾਮ ਕਰਨ ਦਾ ਏਜੰਡਾ ਹੈ ਕਿਉਂਕਿ ਉਹ ਤੇ ਭਾਜਪਾ ਲੀਡਰਸ਼ਿਪ ਪੰਜਾਬ ਵਿਰੁੱਧ ਬਿਆਨਬਾਜ਼ੀ ਕਰ ਰਹੇ ਹਨ? ਜਦੋਂ ਅਮਰੀਕਾ ਲੋਕਾਂ ਨੂੰ ਹੱਥਕੜੀਆਂ ਅਤੇ ਬੇੜੀਆਂ ਨਾਲ ਭੇਜ ਰਿਹਾ ਹੈ, ਤਾਂ ਸਾਡੀ ਸਰਕਾਰ ਨੂੰ ਅਮਰੀਕੀ ਰਾਜਦੂਤ ਨੂੰ ਬੁਲਾ ਕੇ ਆਪਣਾ ਵਿਰੋਧ ਦਰਜ ਕਰਵਾਉਣਾ ਚਾਹੀਦਾ ਸੀ। ਭਾਰਤ ਸਰਕਾਰ ਭਾਰਤੀਆਂ ਨੂੰ ਵਾਪਸ ਲਿਆਉਣ ਲਈ ਆਪਣੇ ਜਹਾਜ਼ ਭੇਜ ਸਕਦੀ ਸੀ।

ਪਰਗਟ ਸਿੰਘ ਨੇ ਸਵਾਲ ਕੀਤਾ ਕਿ ''ਭਾਜਪਾ ਆਗੂ ਗੁਜਰਾਤ 'ਤੇ ਚੁੱਪ ਕਿਉਂ ਹਨ ਜਦੋਂ ਕਿ ਜ਼ਿਆਦਾਤਰ ਡਿਪੋਰਟ ਕੀਤੇ ਗਏ ਉੱਥੋਂ ਦੇ ਸਨ। ਉਹ ਗੁਜਰਾਤ ਮਾਡਲ ਨੂੰ ਪੇਸ਼ ਕਰ ਰਹੇ ਹਨ। ਕੇਂਦਰੀ ਮੰਤਰੀ ਰਵਨੀਤ ਬਿੱਟੂ ਗੁਜਰਾਤ ਬਾਰੇ ਇੱਕ ਸ਼ਬਦ ਕਿਉਂ ਨਹੀਂ ਬੋਲ ਸਕਦੇ ਸਨ?''

## ਪੁਲਿਸ ਨੇ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ

ਬੀਤੇ ਸ਼ਨੀਵਾਰ ਰਾਤ ਨੂੰ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਅਮਰੀਕਾ ਤੋਂ ਡਿਪੋਰਟ ਕੀਤੇ ਗਏ 116 ਭਾਰਤੀਆਂ ਵਿੱਚੋਂ, ਚਾਰ ਲੋੜੀਂਦੇ ਲੋਕਾਂ ਨੂੰ ਪੁਲਿਸ ਨੇ ਹਵਾਈ ਅੱਡੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ। ਸਜ਼ਾ ਤੋਂ ਬਚਣ ਲਈ ਇਹ ਲੋਕ ਦੇਸ਼ ਤੋਂ ਬਾਹਰ ਭੱਜ ਗਏ ਸਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚ 'ਆਪ' ਨੇਤਾ ਦੇ ਕਤਲ ਕੇਸ ਵਿੱਚ ਰਾਜਪੁਰਾ ਦੇ ਦੋ ਚਚੇਰੇ ਭਰਾ, ਲੁਧਿਆਣਾ ਦਾ ਇੱਕ ਭਗੌੜਾ ਅਪਰਾਧੀ ਜਿਸ ਵਿਰੁੱਧ ਐਲਓਸੀ ਜਾਰੀ ਕੀਤਾ ਗਿਆ ਸੀ, ਅਤੇ 10ਵੀਂ ਜਮਾਤ ਦੀ ਵਿਦਿਆਰਥਣ ਨਾਲ ਛੇੜਛਾੜ ਕਰਨ ਅਤੇ ਉਸਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦਾ ਦੋਸ਼ੀ ਸ਼ਾਮਲ ਹੈ

## ਅਮਰੀਕਾ ਵਿਚ 20 ਹਜ਼ਾਰ ਤੋਂ ਜ਼ਿਆਦਾ 'ਨਾਜਾਇਜ਼ ਪਰਵਾਸੀਆਂ' ਨੂੰ ਦੇਸ ਨਿਕਾਲਾ

ਜਾਨਸ ਹਾਪਕਿਨਸ ਯੂਨੀਵਰਸਿਟੀ ਦੇ ਦੋ ਖੋਜੀਆਂ ਵਲੋਂ ਵਿਸ਼ਲੇਸ਼ਣ ਵਿਚ ਸਾਹਮਣੇ ਆਇਆ ਹੈ ਕਿ ਇੱਥੇ ਨਾਜਾਇਜ਼ ਪਰਵਾਸੀਆਂ ਵਿਚ ਪਿਛਲੇ ਸਾਲਾਂ ਦੌਰਾਨ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ ਵਧੀ ਹੈ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ 2021 ਤੋਂ 2022 ਤੱਕ ਭਾਰਤੀ ਨਾਗਰਿਕਾਂ ਵਲੋਂ ਦਾਇਰ ਕੀਤੀਆਂ ਗਈਆਂ ਸਾਰੀਆਂ ਸ਼ਰਨ ਪਟੀਸ਼ਨਾਂ ਵਿਚੋਂ ਲਗਪਗ 66 ਫ਼ੀਸਦੀ ਪੰਜਾਬੀਆਂ ਵੱਲੋਂ ਦਾਖ਼ਲ ਕੀਤੀਆਂ ਗਈਆਂ ਗਈਆਂ ਸਨ। ਇਕ ਸਮੇਂ ਭਾਰਤੀ ਨਾਜਾਇਜ਼ ਪਰਵਾਸੀਆਂ ਵਿਚ ਹਿੰਦੀ ਭਾਸ਼ੀ ਲੋਕਾਂ ਦੀ ਹਿੱਸੇਦਾਰੀ 14 ਫ਼ੀਸਦੀ ਸੀ। ਹਾਲਾਂਕਿ 2017 ਤੋਂ 2022 ਦੌਰਾਨ ਇਹ ਦੁੱਗਣੀ ਹੋ ਕੇ 30 ਫ਼ੀਸਦੀ ਹੋ ਗਈ।

ਇਹ ਅਧਿਐਨ 10 ਫਰਵਰੀ ਨੂੰ ਜਾਰੀ ਕੀਤਾ ਗਿਆ ਸੀ। ਪਿਊ ਰਿਸਰਚ ਦੀ ਰਿਪੋਰਟ ਦੇ ਮੁਤਾਬਕ ਅਮਰੀਕਾ ਵਿਚ ਕਰੀਬ ਛੇ ਲੱਖ 75 ਹਜ਼ਾਰ ਨਾਜਾਇਜ਼ ਭਾਰਤੀ ਪਰਵਾਸੀ ਹਨ। ਅਮਰੀਕਾ ਵਿਚ ਕੁੱਲ ਭਾਰਤੀਆਂ ਦੀ ਗਿਣਤੀ 5.1 ਮਿਲੀਅਨ ਹੈ। ਇਹ ਭਾਰਤੀ ਪਰਵਾਸੀਆਂ 'ਚ ਵਧਦੀ ਵਿਭਿੰਨਤਾ ਨੂੰ ਦਰਸਾਉਂਦੀ ਹੈ, ਕਿਉਂਕਿ ਹੁਣ ਹਿੰਦੀ ਭਾਸ਼ੀ ਇਲਾਕਿਆਂ ਤੋਂ ਜ਼ਿਆਦਾ ਲੋਕ ਅਮਰੀਕਾ ਵਿਚ ਸ਼ਰਨ ਮੰਗ ਰਹੇ ਹਨ। ਹੋਰ ਭਾਸ਼ਾ ਗਰੁੱਪ ਵੀ ਪਿੱਛੇ ਨਹੀਂ ਹਨ।

ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ ਦੇ ਮੁਤਾਬਕ, ਪਿਛਲੇ ਪੰਜ ਸਾਲਾਂ 'ਚ ਅਮਰੀਕਾ ਵਿਚ ਸ਼ਰਨ ਚਾਹੁਣ ਵਾਲੇ ਭਾਰਤੀਆਂ ਦੀ ਗਿਣਤੀ ਵਿਚ 470 ਫ਼ੀਸਦੀ ਦਾ ਵਾਧਾ ਹੋਇਆ ਹੈ। 2020 ਵਿਚ ਭਾਰਤੀਆਂ ਦੇ ਸ਼ਰਨ ਦੇ ਦਾਅਵੇ ਜਿੱਥੇ 6,000 ਸਨ, ਉਹ 2023 ਵਿਚ ਵਧ ਕੇ 51 ਹਜ਼ਾਰ ਤੋਂ ਜ਼ਿਆਦਾ ਹੋ ਗਏ। ਪਰਵਾਸੀਆਂ ਦੀ ਇਹ ਗਿਣਤੀ 'ਚ ਅੱਠ ਗੁਣਾ ਵਾਧਾ ਹੈ। ਅਮਰੀਕੀ ਇਮੀਗਰੇਸ਼ਨ ਜੱਜਾਂ ਨੇ ਪੰਜਾਬੀ ਭਾਸ਼ੀਆਂ ਨਾਲ ਸਬੰਧਤ 63 ਫ਼ੀਸਦੀ ਮਾਮਲਿਆਂ ਤੇ ਹਿੰਦੀ ਭਾਸ਼ੀਆਂ ਨਾਲ ਸਬੰਧਤ 58 ਫ਼ੀਸਦੀ ਮਾਮਲਿਆਂ ਨੂੰ ਮਨਜ਼ੂਰੀ ਦਿੱਤੀ, ਪਰ ਗੁਜਰਾਤੀ ਭਾਸ਼ੀਆਂ ਵਲੋਂ ਦਾਇਰ ਸਿਰਫ਼ 25 ਫ਼ੀਸਦੀ ਮਾਮਲਿਆਂ ਨੂੰ ਹੀ ਮਨਜ਼ੂਰੀ ਦਿੱਤੀ ਗਈ


ਇਮੀਗ੍ਰੇਸ਼ਨ ਤੋਂ ਭਰੋਸੇਯੋਗ ਸੂਤਰਾਂ ਮੁਤਾਬਿਕ ਅਮਰੀਕਾ ਵਿਚ ਸਵਾ ਸੱਤ ਲੱਖ ਗ਼ੈਰ-ਕਾਨੂੰਨੀ ਭਾਰਤੀ ਰਹਿ ਰਹੇ ਹਨ, ਜਿਨ੍ਹਾਂ ਵਿਚੋਂ ਤਕਰੀਬਨ 20 ਹਜ਼ਾਰ ਲੋਕਾਂ ਉਤੇ 'ਡਿਪੋਰਟੇਸ਼ਨ' (ਜਬਰੀ ਵਾਪਸ ਭੇਜਣ ਦਾ ਹੁਕਮ) ਲੱਗੀ ਹੋਈ ਹੈ। ਸੂਤਰਾਂ ਮੁਤਾਬਿਕ 17,940 ਲੋਕਾਂ ਦੇ ਪੈਰਾਂ ਵਿਚ 'ਆਈਸ' ਨੇ ਟਰੈਕਰ ਨੈਵੀਗੇਸ਼ਨ ਲਗਾਏ ਹੋਏ ਹਨ। ਉਹ ਜਦੋਂ ਮਰਜ਼ੀ ਇਨ੍ਹਾਂ ਨੂੰ ਬੁਲਾ ਕੇ ਜਹਾਜ਼ੇ ਚੜ੍ਹਾ ਸਕਦੇ ਹਨ। 1996 ਦੇ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਰਿਫੋਰਮ ਤੇ ਇਮੀਗ੍ਰੇਸ਼ਨ ਐਕਟ 'ਚ ਟਰੰਪ ਪ੍ਰਸ਼ਾਸਨ ਨੇ 'ਐਕਸੀਡੈਂਟਲ ਰਿਮੂਵਲ' ਦਾ ਨਾਂਅ ਦੇ ਕੇ ਸੋਧ ਕੀਤੀ ਹੈ, ਜਿਸ ਨਾਲ ਜਿਨ੍ਹਾਂ ਲੋਕਾਂ ਦੇ ਸ਼ਰਨਾਰਥੀ ਕੇਸ ਚੱਲ ਰਹੇ ਹਨ ਹੁਣ 'ਆਈਸ' ਅਧਿਕਾਰੀ ਉਨ੍ਹਾਂ ਨੂੰ ਬੁਲਾ ਕੇ ਉਨ੍ਹਾਂ ਦਾ ਕੇਸ ਸੁਣਨਗੇ ਅਤੇ ਉਸ ਅਧਿਕਾਰੀ ਕੋਲ ਸ਼ਕਤੀ ਹੋਵੇਗੀ ਕਿ ਉਹ ਕੇਸ ਨੂੰ ਪਾਸ ਜਾਂ ਫੇਲ੍ਹ ਕਰ ਸਕਦਾ ਹੈ, ਜਿਸ ਨੂੰ ਹੁਣ ਜੱਜ ਕੋਲ ਜਾਣ ਦੀ ਲੋੜ ਨਹੀਂ ਪਵੇਗੀ। ਭਰੋਸੇਯੋਗ ਸੂਤਰਾਂ ਮੁਤਾਬਿਕ ਆਉਣ ਵਾਲੇ ਦਿਨਾਂ ਵਿਚ ਗ਼ੈਰ-ਕਾਨੂੰਨੀ ਭਾਰਤੀ ਜੋ ਤਕਰੀਬਨ 20 ਹਜ਼ਾਰ ਤੋਂ ਵੱਧ ਹਨ, ਉਨ੍ਹਾਂ ਨੂੰ ਭਾਰਤ ਭੇਜਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਜਾਵੇਗੀ, ਜਿਨ੍ਹਾਂ ਲੋਕਾਂ ਨੂੰ 2 ਸਾਲ ਤੋਂ ਘੱਟ ਸਮਾਂ ਅਮਰੀਕਾ ਵਿਚ ਹੋਇਆ ਹੈ ਤੇ ਉਨ੍ਹਾਂ ਨੇ ਕੇਸ ਵੀ ਲਗਾ ਰੱਖੇ ਹਨ ਅਤੇ ਉਨ੍ਹਾਂ ਕੋਲ ਵਰਕ ਪਰਮਿਟ ਵੀ ਹਨ, ਉਹ ਵੀ ਸਾਰੇ ਵਾਪਸ ਭਾਰਤ ਆਉਣਗੇ।

## ਵਾਪਸ ਪਰਤੇ ਬਣਨਗੇ ਸਮੱਸਿਆ, ਸਰਕਾਰ ਕੀ ਕਰੇ?

ਨਿਰਪਖ ਸੂਤਰਾਂ ਦੀ ਰਾਇ ਇਹ ਹੈ ਕਿ ਦੇਸ਼ ਦੀ ਕੇਂਦਰੀ ਸਰਕਾਰ, ਵਿਰੋਧੀ ਪਾਰਟੀਆਂ ਅਤੇ ਵੱਖ-ਵੱਖ ਰਾਜਾਂ ਦੀਆਂ ਸੂਬਾਈ ਸਰਕਾਰਾਂ ਨੂੰ ਇਸ ਸਾਰੇ ਘਟਨਾਕ੍ਰਮ ਬਾਰੇ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ, ਜਿਨ੍ਹਾਂ ਕਾਰਨ ਬੇਰੁਜ਼ਗਾਰ ਨੌਜਵਾਨ ਵੱਡੇ ਕਰਜ਼ੇ ਚੁੱਕ ਕੇ ਅਤੇ ਆਪਣੀਆਂ ਜਾਨਾਂ ਖ਼ਤਰੇ ਵਿਚ ਪਾ ਕੇ ਗ਼ੈਰ-ਕਾਨੂੰਨੀ ਪ੍ਰਵਾਸ ਕਰਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਭਾਰਤ ਵਿਚ ਨੌਜਵਾਨਾਂ ਵਿਚ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਪਾਈ ਜਾ ਰਹੀ ਹੈ। ਕੇਂਦਰੀ ਸਰਕਾਰ ਤੋਂ ਲੈ ਕੇ ਬਹੁਤੀਆਂ ਰਾਜ ਸਰਕਾਰਾਂ ਨੇ ਇਸ ਮੁੱਦੇ ਨੂੰ ਪੂਰੀ ਗੰਭੀਰਤਾ ਨਾਲ ਨਹੀਂ ਲਿਆ। ਜੇਕਰ ਗਹਿਰਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਘੱਟ ਪੜ੍ਹੇ ਲਿਖੇ ਨੌਜਵਾਨ ਹੀ ਗ਼ੈਰ-ਕਾਨੂੰਨੀ ਰਾਹ ਅਪਨਾਉਂਦੇ ਏਜੰਟਾਂ ਦੇ ਚੱਕਰ ਵਿਚ ਫਸਦੇ ਹਨ ਅਤੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਦਾ ਯਤਨ ਕਰਦੇ ਹਨ। ਇਸ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਤੇ ਸੂਬਾਈ ਸਰਕਾਰਾਂ ਆਪਣੀ ਨੌਜਵਾਨ ਪੀੜ੍ਹੀ ਨੂੰ ਦੇਸ਼ ਵਿਚ ਸਸਤੀ ਤੇ ਮਿਆਰੀ ਸਿੱਖਿਆ ਦੇਣ ਦਾ ਵੱਡੀ ਪੱਧਰ 'ਤੇ ਪ੍ਰਬੰਧ ਕਰਨ ਅਤੇ ਦੇਸ਼ ਵਿਚ ਅਜਿਹੀਆਂ ਆਰਥਿਕ ਨੀਤੀਆਂ ਲਾਗੂ ਕੀਤੀਆਂ ਜਾਣ, ਜਿਨ੍ਹਾਂ ਨਾਲ ਖੇਤੀਬਾੜੀ, ਵਪਾਰ, ਸਨਅਤਾਂ ਆਦਿ ਗ਼ੈਰ-ਸਰਕਾਰੀ ਖੇਤਰਾਂ ਵਿਚ ਅਤੇ ਇਸ ਦੇ ਨਾਲ-ਨਾਲ ਸਰਕਾਰੀ ਵਿਭਾਗਾਂ ਵਿਚ ਵੀ ਨੌਜਵਾਨਾਂ ਨੂੰ ਰੁਜ਼ਗਾਰ ਦੇ ਢੁਕਵੇਂ ਮੌਕੇ ਮਿਲ ਸਕਣ। ਨੌਜਵਾਨਾਂ ਵਿਚ ਲਗਾਤਾਰ ਵਧ ਰਹੀ ਬੇਰੁਜ਼ਗਾਰੀ ਅਮਨ ਕਾਨੂੰਨ ਲਈ ਵੀ ਵੱਡੀ ਚੁਣੌਤੀ ਬਣ ਸਕਦੀ ਹੈ। ਪੰਜਾਬ 'ਚ ਲਗਭਗ ਅਜਿਹਾ ਹੁੰਦਾ ਨਜ਼ਰ ਵੀ ਆ ਰਿਹਾ ਹੈ।

ਅਮਰੀਕਾ ਤੋਂ ਡਿਪੋਰਟ ਹੋਏ ਭਾਰਤੀਆਂ ਨੂੰ ਲੈ ਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਸਮੱਸਿਆ ਆਉਣ ਵਾਲੇ ਸਮੇਂ ਵਿਚ ਹੋਰ ਵੀ ਗੰਭੀਰ ਬਣਨ ਦੇ ਖਦਸ਼ੇ ਹਨ, ਕਿਉਂਕਿ ਜਿਸ ਤਰੀਕੇ ਦੇ ਵਿਦੇਸ਼ਾਂ ਅਮਰੀਕਾ ਅਤੇ ਕੈਨੇਡਾ ਵਿਚ ਬੇਰਜ਼ੁਗਾਰੀ ਦੇ ਹਾਲਾਤ ਹਨ, ਉਨ੍ਹਾਂ ਵਿਚੋਂ ਕਈ ਬੱਚੇ ਆਪਣੀ ਸਵੈ ਇੱਛਾ ਅਨੁਸਾਰ ਭਾਰਤ ਆਉਣ ਨੂੰ ਤਿਆਰ ਬੈਠੇ ਹਨ। ਉਨ੍ਹਾਂ ਕਿਹਾ ਕਿ ਕੁਝ ਨੌਜਵਾਨ ਤਾਂ ਆਪਣਾ ਜ਼ਮੀਨ 'ਤੇ ਖੇਤੀਬਾੜੀ ਕਰ ਲੈਣਗੇ ਪਰ ਵੱਡੀ ਗਿਣਤੀ ਵਿਚ ਨੌਜਵਾਨ ਕਰਜ਼ੇ ਚੁੱਕ ਕੇ ਗਿਆ ਹੋਇਆ ਹੈ ਜੇ ਇਹ ਨੌਜਵਾਨ ਵਾਪਸ ਆਉਂਦੇ ਹਨ ਤਾਂ ਹਾਲਾਤ ਗੰਭੀਰ ਬਣਨ ਦੇ ਆਸਾਰ ਹਨ। ਉਨ੍ਹਾਂ ਕਿਹਾ ਇਨ੍ਹਾਂ ਨੌਜਵਾਨਾਂ ਲਈ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਮੁੜ ਵਸੇਵੇ ਦਾ ਇੰਤਜ਼ਾਮ ਕਰੇ।ਇਸ ਦੌਰਾਨ ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਨੂੰ ਡਿਪੋਰਟ ਹਵਾਈ ਅੱਡਾ ਨਾ ਬਣਾਇਆ ਜਾਵੇ। ਜੇਕਰ ਸੱਚਮੁਚ ਅੰਮ੍ਰਿਤਸਰ ਨੇੜੇ ਪੈਂਦਾ ਹੈ ਤਾਂ ਮੁੱਖ ਮੰਤਰੀ ਦੀ ਮੰਗ ਮੁਤਾਬਿਕ ਇਥੋਂ ਅਮਰੀਕਾ, ਕੈਨੇਡਾ ਨੂੰ ਸਿੱਧੀਆਂ ਕੌਮਾਂਤਰੀ ਉਡਾਨਾਂ ਦੀ ਪ੍ਰਵਾਨਗੀ ਦਿੱਤੀ ਜਾਣੀ ਚਾਹੀਦੀ।

# ਸੀ. ਬੀ. ਆਈ. ਨੇ ਦਿੱਲੀ ਤੇ ਹਰਿਆਣਾ ਵਿਚ ਸਾਈਬਰ ਠੱਗਾਂ ਦੇ 11 ਟਿਕਾਣਿਆਂ 'ਤੇ ਮਾਰੇ ਛਾਪੇ




ਨਵੀਂ ਦਿੱਲੀ- ਸੀ.ਬੀ.ਆਈ. ਨੇ ਸਾਈਬਰ ਅਪਰਾਧੀਆਂ 'ਤੇ ਇਕ ਕਾਰਵਾਈ ਦੌਰਾਨ ਦਿੱਲੀ ਤੇ ਹਰਿਆਣਾ 'ਚ ਉਨ੍ਹਾਂ ਦੇ 11 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਤੇ 1.08 ਕਰੋੜ ਰੁਪਏ ਦੀ ਨਕਦੀ, 1,000 ਅਮਰੀਕੀ ਡਾਲਰ ਦੀ ਵਿਦੇਸ਼ੀ ਮੁਦਰਾ ਅਤੇ 252 ਗ੍ਰਾਮ ਸੋਨਾ ਜ਼ਬਤ ਕੀਤਾ। ਇਕ ਅਧਿਕਾਰੀ ਨੇ ਦੱਸਿਆ ਕਿ ਇਹ ਅਪਰਾਧੀ ਸਰਕਾਰੀ ਅਧਿਕਾਰੀਆਂ ਦਾ ਭੇਸ ਧਾਰ ਲੋਕਾਂ ਨਾਲ ਧੋਖਾ ਤੇ ਕ੍ਰਿਪਟੋ ਧੋਖਾਧੜੀ ਕਰਦੇ ਸਨ। ਉਨ੍ਹਾਂ ਕਿਹਾ ਕਿ 2 ਸਾਲ ਪੁਰਾਣੇ ਇਕ ਮਾਮਲੇ ਦੇ ਸੰਬੰਧ 'ਚ ਬੀਤੇ ਦਿਨ ਕੁੱਲ 11 ਥਾਵਾਂ 'ਤੇ ਛਾਪਮਾਰੀ ਕੀਤੀ ਗਈ। ਦੋਸ਼ੀ ਭਾਰਤ ਤੇ ਵਿਦੇਸ਼ਾਂ ਵਿਚ ਲੋਕਾਂ ਨੂੰ ਜਾਅਲੀ ਤਕਨੀਕੀ ਸਹਾਇਤਾ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰਕੇ ਤੇ ਬੇਈਮਾਨੀ ਨਾਲ ਕ੍ਰਿਪਟੋਕਰੰਸੀ ਦੇ ਰੂਪ 'ਚ ਪੈਸੇ ਟਰਾਂਸਫਰ ਕਰਨ ਲਈ ਪ੍ਰੇਰਿਤ ਕਰਕੇ ਧੋਖਾਧੜੀ ਕਰਦੇ ਪਾਏ ਗਏ।

ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਕਈ ਕ੍ਰਿਪਟੋ ਵਾਲਿਟਾਂ ਦੀ ਵਰਤੋਂ ਕੀਤੀ ਗਈ ਤੇ ਪੈਸਾ ਨਕਦੀ 'ਚ ਬਦਲਿਆ ਗਿਆ। ਜ਼ਿਕਰਯੋਗ ਹੈ ਕਿ ਇਸ ਮਾਮਲੇ ਦੀ ਜਾਂਚ ਦੌਰਾਨ ਏਜੰਸੀ ਨੇ ਪਹਿਲਾਂ ਹੀ 3 ਮੁਲਜ਼ਮਾਂ ਵਿਰੁੱਧ ਮਾਮਲੇ 'ਚ ਚਾਰਜਸ਼ੀਟ ਦਾਇਰ ਕੀਤੀ ਹੋਈ ਸੀ।

# ਵਿਦੇਸ਼ੀ ਸਿੱਖਾਂ ਨੇ ਵੀ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਦੋਸ਼ੀ ਠਹਿਰਾਏ ਜਾਣ ਦੇ ਫੈਸਲੇ ਦਾ ਕੀਤਾ ਸੁਵਾਗਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸਰਸਵਤੀ ਵਿਹਾਰ ਵਿਚ ਦੋ ਸਿੱਖਾਂ ਦੇ ਕਤਲ ਦੇ ਦੋਸ਼ ਚ ਦਿੱਲੀ ਦੀ ਰਾਊਜ ਐਵੇਨੀਊ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਦਾ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਸਪੋਕਸਪਰਸਨ ਰਾਜਮਨਵਿੰਦਰ ਸਿੰਘ ਰਾਜਾ ਕੰਗ ਅਤੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਮੌਜੂਦਾ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ ਨੇ ਸੁਵਾਗਤ ਕਰਦਿਆਂ ਕਿਹਾ ਕਿ ਦੋਸ਼ੀ ਪਾਏ ਗਏ ਸੱਜਣ ਕੁਮਾਰ ਨੂੰ ਹੁਣ ਸਖ਼ਤ ਸਜ਼ਾ ਮਿਲਣ ਦੀ ਆਸ ਬੱਝੀ ਹੈ।

ਉਕਤ ਆਗੂਆਂ ਨੇ ਕਿਹਾ ਕਿ ਤਕਰੀਬਨ 4 ਦਹਾਕਿਆਂ ਤੋਂ ਇਨਸਾਫ ਦੀ ਉਡੀਕ ਕਰ ਰਹੇ 19 84 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਲਈ ਹੁਣ ਤੱਕ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਜਦ ਇਕ ਮਾਮਲੇ ਚ ਦੋਸ਼ੀ ਪਾਏ ਗਏ ਸੱਜਣ ਕੁਮਾਰ ਨੂੰ ਦੋਸ਼ੀ ਠਹਿਰਾਇਆ ਗਿਆ ਹੈ, ਤਾ ਹੁਣ ਉਸ ਨੂੰ ਸਜ਼ਾ ਵੀ ਮਿਸਾਲੀ ਮਿਲਣੀ ਚਾਹੀਦੀ ਹੈ। ਉਕਤ ਆਗੂਆਂ ਨੇ ਕਿਹਾ ਕਿ ਇਸੇ ਤਰ੍ਹਾਂ 84 ਸਿੱਖ ਕਤਲੇਆਮ ਵਿਚ ਸ਼ਾਮਿਲ


ਪ੍ਰਧਾਨ ਗੁਰਨਾਮ ਸਿੰਘ


ਰਾਜ ਮਨਵਿੰਦਰ ਸਿੰਘ ਰਾਜਾ ਕੰਗ

ਜਗਦੀਸ਼ ਟਾਈਟਲਰ ਸਮੇਤ ਹੋਰ ਦੋਸ਼ੀ ਕਾਂਗਰਸੀ ਆਗੂਆਂ ਨੂੰ ਵੀ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਉਕਤ ਆਗੂਆਂ ਨੇ ਕਿਹਾ ਕਿ ਅਦਾਲਤ ਦੇ ਇਸ ਫੈਸਲੇ ਨਾਲ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਇਨਸਾਫ ਦੀ ਕੁੱਝ ਆਸ ਬੱਝੀ ਹੈ। ਉਕਤ ਆਗੂਆਂ ਨੇ ਵੱਖ ਵੱਖ ਥਾਵਾਂ ਤੇ ਚੱਲ ਰਹੇ 84 ਸਿੱਖ ਕਤਲੇਆਮ ਨਾਲ ਸੰਬੰਧਿਤ ਮਾਮਲਿਆਂ ਸਬੰਧੀ ਭਾਰਤ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਸਰਕਾਰ ਨੂੰ ਫਾਸਟ ਟ੍ਰੈਕ ਅਦਾਲਤਾਂ ਰਾਹੀਂ ਇਨ੍ਹਾਂ ਕੇਸਾਂ ਦਾ ਜਲਦੀ ਨਿਪਟਾਰਾ ਕਰਨਾ ਚਾਹੀਦਾ ਹੈ ਤਾਂ ਜ਼ੋ 84 ਸਿੱਖ ਕਤਲੇਆਮ ਦੇ ਪੀੜਤਾਂ ਨੂੰ ਜਲਦੀ ਇਨਸਾਫ ਮਿਲ ਸਕੇ।

# ਲੋੜਵੰਦਾਂ ਦੀ ਮਦਦ ਕਰਨ ਵਾਲੇ ਬ੍ਰਿਟਿਸ਼ ਏਸ਼ੀਅਨ ਟਰੱਸਟ ਦੇ ਸਾਲਾਨਾ ਸਮਾਗਮ ਵਿੱਚ ਪ੍ਰਮੁੱਖ ਸਖਸ਼ੀਅਤਾਂ ਨੇ ਕੀਤੀ ਸ਼ਿਰਕਤ-ਅਭਿਸ਼ੇਕ ਬਚਨ, ਕੁਮਾਰ ਸੰਗਾਕਾਰਾ, ਐਮੀ ਜੈਕਸਨ ਆਦਿ ਪਹੁੰਚੇ


ਬ੍ਰਿਟਿਸ਼ ਏਸ਼ੀਅਨ ਟਰੱਸਟ ਸਮਾਗਮ ਵਿੱਚ ਬਾਲੀਵੁੱਡ ਅਦਾਕਾਰ ਅਭਿਸ਼ੇਕ ਬੱਚਨ, ਅਦਾਕਾਰਾ ਐਮੀ ਜੈਕਸਨ, ਮੇਅਰ ਸਦੀਕ ਖਾਨ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੋੜਵੰਦਾਂ ਦੀ ਮਦਦ ਕਰਨ ਵਾਲੇ ਬ੍ਰਿਟਿਸ਼ ਏਸ਼ੀਅਨ ਟਰੱਸਟ ਵੱਲੋਂ ਸਾਲਾਨਾ ਸਮਾਗਮ ਬੀਤੇ ਦਿਨੀ ਲੰਡਨ ਵਿਖੇ ਕਰਵਾਇਆ ਗਿਆ। ਜਿਸ ਵਿੱਚ ਵੱਖ ਦੇਸ਼ਾਂ ਦੇ 300 ਤੋਂ ਵੱਧ ਮਹਿਮਾਨਾਂ ਨੇ ਹਿੱਸਾ ਲਿਆ। ਇਸ ਮੌਕੇ ਬਾਲ ਸੁਰੱਖਿਆ, ਸਿੱਖਿਆ, ਰੋਜ਼ੀ-ਰੋਟੀ, ਮਾਨਸਿਕ ਸਿਹਤ ਅਤੇ ਸੰਭਾਲ ਵਿੱਚ ਸਾਡੇ ਜੀਵਨ ਬਦਲਣ ਵਾਲੇ ਕੰਮਾਂ ਦਾ ਲਈ 750,000 ਪੌਂਡ ਇਕੱਤਰ ਕੀਤੇ ਗਏ।ਦ ਪੈਨਿਨਸੁਲਾ ਲੰਡਨ ਵਿਖੇ ਹੋਏ ਇਸ ਸਮਾਗਮ ਵਿੱਚ ਰਾਇਲ ਫਾਊਂਡਿੰਗ ਪੈਟਰਨ, ਮਹਾਰਾਜਾ ਚਾਰਲਸ ਦਾ ਵੀਡੀਓ ਸੰਦੇਸ਼ ਪੇਸ਼ ਕੀਤਾ ਗਿਆ, ਜਿਨ੍ਹਾਂ ਨੇ ਟਰੱਸਟ ਨੂੰ "ਅਣਗਿਣਤ ਭਾਈਚਾਰਿਆਂ ਲਈ ਉਮੀਦ ਦੀ ਕਿਰਨ" ਦੱਸਿਆ। ਇਸਦੀ ਮੇਜ਼ਬਾਨੀ ਬ੍ਰਿਟਿਸ਼ ਏਸ਼ੀਅਨ ਟਰੱਸਟ ਦੇ ਰਾਜਦੂਤ ਨਿਹਾਲ ਅਰਥਨਾਯਕੇ ਨੇ ਕੀਤੀ ਜਦ ਕਿ ਮੈਜਿਕ ਸਿੰਘ ਨੇ ਜਾਦੂਗਿਰੀ ਅਤੇ ਪ੍ਰਸਿੱਧ ਭਾਰਤੀ ਗਾਇਕਾ ਕਨਿਕਾ ਕਪੂਰ ਨੇ ਸ਼ਾਨਦਾਰ ਪੇਸ਼ਕਾਰੀਆਂ ਕੀਤੀਆਂ। ਲੰਡਨ ਦੇ ਮੇਅਰ ਸਰ ਸਾਦੀਕ ਖਾਨ, ਐਮ ਪੀ ਵੇਸ ਸਟ੍ਰੀਟਿੰਗ ਨੇ ਸੰਬੋਧਨ ਕਰਦਿਆਂ ਟਰੱਸਟ ਵੱਲੋਂ ਕੀਤੇ ਜਾਂਦੇ ਕੰਮਾਂ ਦੀ ਸ਼ਲਾਘਾ ਕੀਤੀ। ਸਮਾਗਮ ਵਿੱਚ ਵਿਰੋਧੀ ਧਿਰ ਦੀ ਨੇਤਾ ਕੇਮੀ ਬੈਡੇਨੋਚ, ਭਾਰਤੀ ਹਾਈਕਮਿਸ਼ਨਰ ਵਿਕਰਮ ਦੁਰਾਇਸਵਾਮੀ, ਬਾਲੀਵੁੱਡ ਅਦਾਕਾਰ ਅਭਿਸ਼ੇਕ ਬੱਚਨ, ਅਦਾਕਾਰਾ ਐਮੀ ਜੈਕਸਨ ਅਤੇ ਐਡ ਵੈਸਟਵਿਕ, ਗੁਰਿੰਦਰ ਚੱਡਾ ਤੋਂ ਇਲਾਵਾ ਸਾਬਕਾ ਕ੍ਰਿਕਟ ਖਿਡਾਰੀ ਕੁਮਾਰ ਸੰਗਾਕਾਰਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।


GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved


# ਯੂ ਕੇ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਪ੍ਰਵਾਸੀਆਂ ਨੂੰ ਨਾਗਰਿਕਤਾ ਮਿਲਣੀ ਹੁਣ ਸੌਖੀ ਨਹੀਂ ਹੋਵੇਗੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਸਰਕਾਰ ਨੇ ਬ੍ਰਿਟਿਸ਼ ਨਾਗਰਿਕਤਾ ਅਰਜ਼ੀਆਂ ਦੇ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ ਤਾਂ ਜੋ ਇੰਗਲਿਸ਼ ਚੈਨਲ ਪਾਰ ਕਰਨ ਵਾਲੀਆਂ ਛੋਟੀਆਂ ਕਿਸ਼ਤੀਆਂ 'ਤੇ ਗੈਰ-ਕਾਨੂੰਨੀ ਤੌਰ 'ਤੇ ਪਹੁੰਚਣ ਵਾਲੇ ਪ੍ਰਵਾਸੀਆਂ ਨੂੰ ਜਾਂ ਸੜਕ ਜਾਂ ਹੋਰ ਗੈਰ-ਕਾਨੂੰਨੀ ਤਰੀਕਿਆਂ ਨਾਲ ਸਰਹੱਦ ਪਾਰ ਕਰਨ ਤੋਂ ਰੋਕਿਆ ਜਾ ਸਕੇ। ਯੂ ਕੇ ਹੋਮ ਆਫਿਸ ਇਮੀਗ੍ਰੇਸ਼ਨ ਸਟਾਫ ਲਈ ਪ੍ਰਕਾਸ਼ਿਤ ਦਸਤਾਵੇਜ਼ ਵਿੱਚ ਦੱਸਿਆ ਗਿਆ ਹੈ ਕਿ 'ਰਾਸ਼ਟਰੀਅਤਾ: ਚੰਗੇ ਚਰਿੱਤਰ ਦੀ ਲੋੜ' ਨਿਯਮ ਲਾਗੂ ਕੀਤਾ ਗਿਆ ਹੈ।

ਜਿਸ ਅਨੁਸਾਰ ਇੱਕ ਵਿਅਕਤੀ ਜੋ ਨਾਗਰਿਕਤਾ ਲਈ ਅਰਜ਼ੀ ਦਿੰਦਾ ਹੈ ਜੋ ਪਹਿਲਾਂ ਲੋੜੀਂਦੀ ਪ੍ਰਵੇਸ਼ ਪ੍ਰਵਾਨਗੀ ਤੋਂ ਬਿਨਾਂ, ਜਾਣੀ ਗੈਰਕਾਨੂੰਨੀ ਢੰਗ ਨਾਲ "ਇੱਕ ਖਤਰਨਾਕ ਯਾਤਰਾ ਕਰਕੇ ਪਹੁੰਚਿਆ ਹੈ, ਉਸ ਨੂੰ ਨਾਗਰਿਕਤਾ ਤੋਂ ਇਨਕਾਰ ਕਰ ਦਿੱਤਾ ਜਾਵੇਗਾ"।

ਨਿਯਮ ਅਨੁਸਾਰ ਇੱਕ ਖਤਰਨਾਕ ਯਾਤਰਾ ਵਿੱਚ ਛੋਟੀ ਕਿਸ਼ਤੀ ਦੁਆਰਾ ਯਾਤਰਾ ਕਰਨਾ ਜਾਂ ਵਾਹਨ ਵਿੱਚ ਛੁਪ ਕੇ ਆਉਣਾ ਸ਼ਾਮਲ ਹੈ ਹੀ ਨਹੀਂ ਬਲਕਿ ਹੋਰ ਤਰੀਕੇ ਵੀ ਸ਼ਾਮਿਲ ਹਨ। ਪਰ ਇਸ ਵਿੱਚ, ਉਦਾਹਰਣ ਵਜੋਂ, ਇੱਕ ਵਪਾਰਕ ਏਅਰਲਾਈਨ ਦੇ ਯਾਤਰੀ ਵਜੋਂ ਪਹੁੰਚਣਾ ਸ਼ਾਮਲ ਨਹੀਂ ਹੈ।

ਗ੍ਰਹਿ ਦਫਤਰ ਦੇ ਬੁਲਾਰੇ ਨੇ ਕਿਹਾ ਕਿ ਭਾਵੇਂ, "ਪਹਿਲਾਂ ਹੀ ਨਿਯਮ ਹਨ ਜੋ ਗੈਰ-ਕਾਨੂੰਨੀ ਤੌਰ 'ਤੇ ਪਹੁੰਚਣ ਵਾਲਿਆਂ ਨੂੰ ਨਾਗਰਿਕਤਾ ਪ੍ਰਾਪਤ ਕਰਨ ਤੋਂ ਰੋਕ ਸਕਦੇ ਹਨ।"

ਪਰ ਹੁਣ ਇਹ ਹੋਰ ਵੀ ਸਪੱਸ਼ਟ ਹੋ ਗਿਆ ਹੈ ਕਿ ਜੋ ਵੀ ਗੈਰ-ਕਾਨੂੰਨੀ ਤੌਰ 'ਤੇ ਯੂ ਕੇ ਵਿੱਚ ਦਾਖਲ ਹੁੰਦਾ ਹੈ, ਤਾਂ ਉਸ ਦੀ ਬ੍ਰਿਟਿਸ਼ ਨਾਗਰਿਕਤਾ ਦੀ ਅਰਜ਼ੀ ਨੂੰ ਰੱਦ ਕੀਤਾ ਜਾ ਸਕਦਾ ਹੈ।

ਪਿਛਲੇ ਨਿਯਮਾਂ ਦੇ ਤਹਿਤ, ਅਜਿਹੇ ਅਨਿਯਮਿਤ ਰਸਤਿਆਂ ਰਾਹੀਂ ਪਹੁੰਚਣ ਵਾਲੇ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਨੂੰ ਬ੍ਰਿਟਿਸ਼ ਨਾਗਰਿਕਤਾ ਲਈ ਵਿਚਾਰ ਕੀਤੇ ਜਾਣ ਤੋਂ ਪਹਿਲਾਂ 10 ਸਾਲ ਉਡੀਕ ਕਰਨੀ ਪੈਂਦੀ ਸੀ। ਨਵੀਂ ਸੇਧ ਦਰਸਾਉਂਦੀ ਹੈ ਕਿ ਅਜਿਹੀਆਂ ਅਰਜ਼ੀਆਂ ਨੂੰ ਮਨਜ਼ੂਰੀ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੋਵੇਗੀ।

ਗ੍ਰਹਿ ਵਿਭਾਗ ਦੇ ਸੂਤਰਾਂ ਨੇ ਕਿਹਾ ਕਿ ਨਾਗਰਿਕਤਾ ਅਰਜ਼ੀਆਂ 'ਤੇ ਕੇਸ-ਦਰ-ਕੇਸ ਆਧਾਰ 'ਤੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਨੇ ਸੰਕੇਤ ਦਿੱਤਾ ਕਿ ਮਾਰਗਦਰਸ਼ਨ ਤਬਦੀਲੀ ਬ੍ਰਿਟਿਸ਼ ਨਾਗਰਿਕ ਵਜੋਂ ਨੈਚੁਰਲਾਈਜ਼ੇਸ਼ਨ ਲਈ ਯੋਗ ਹੋਣ ਲਈ ਕਾਨੂੰਨੀ ਜ਼ਰੂਰਤਾਂ 'ਤੇ ਅਧਾਰਤ ਹੈ।

# ਡਿਪੋਰਟ ਹੋ ਕੇ ਆਇਆ ਪੁਲਿਸੀਏ ਦਾ ਬੇਟਾ ਲੁੱਟ ਦੇ ਮਾਮਲੇ ਵਿਚ ਫੜਿਆ

## ✪ 45 ਲੱਖ ਰੁਪਏ ਖਰਚ ਕੇ ਗਿਆ ਸੀ ਅਮਰੀਕਾ

ਲੁਧਿਆਣਾ-ਅਮਰੀਕਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਡਿਪੋਰਟ ਕਰਨ ਦੇ ਦੂਜੇ ਪੜਾਅ ਵਿੱਚ ਭਾਰਤ ਪੁੱਜੇ ਗੁਰਵਿੰਦਰ ਸਿੰਘ ਨਾਮ ਦੇ ਨੌਜਵਾਨ ਨੂੰ ਬੀਤੀ ਦੇਰ ਰਾਤ ਮਹਾਨਗਰ ਦੇ ਥਾਣਾ ਜਮਾਲਪੁਰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫਤਾਰ ਕੀਤਾ ਗਿਆ ਗੁਰਵਿੰਦਰ ਸਿੰਘ ਸਥਾਨਕ ਮਿਹਰਬਾਨ ਇਲਾਕੇ ਦਾ ਰਹਿਣ ਵਾਲਾ ਹੈ। ਪੁਲਿਸ ਨੇ ਗੁਰਵਿੰਦਰ ਨੂੰ ਲੁੱਟ ਦੇ ਇੱਕ ਮਾਮਲੇ ਵਿੱਚ ਲੋੜੀਦਾ ਹੋਣ ਕਾਰਨ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਗੁਰਵਿੰਦਰ ਦੇ ਪਰਿਵਾਰਕ ਸੂਤਰਾਂ ਮੁਤਾਬਕ ਉਸਨੂੰ ਅਮਰੀਕਾ ਭੇਜਣ ਲਈ ਪਰਿਵਾਰ ਵਾਲਿਆਂ ਨੇ ਟਰੈਵਲ ਏਜੰਟ ਨੂੰ 45 ਲੱਖ ਰੁਪਏ ਤੋਂ ਵੀ ਵੱਧ ਦਾ ਭੁਗਤਾਨ ਕੀਤਾ ਸੀ। ਗੁਰਵਿੰਦਰ ਦਾ ਭਰਾ ਪਹਿਲਾਂ ਹੀ ਕੈਨੇਡਾ ਗਿਆ ਹੋਇਆ ਸੀ ਅਤੇ ਆਪਣੇ ਭਰਾ ਦੀ ਤਰ੍ਹਾਂ ਉਹ ਵੀ ਅਮਰੀਕਾ ਜਾ ਕੇ ਵਸਣ ਦੀ ਆਸ ਨਾਲ ਗਿਆ ਸੀ।

ਦੱਸਣਯੋਗ ਹੈ ਕਿ ਪੰਜਾਬ ਪੁਲਿਸ ਵਿੱਚ ਬਤੌਰ ਕਾਂਸਟੇਬਲ ਤੈਨਾਤ ਗੁਰਵਿੰਦਰ ਦੇ ਪਿਤਾ ਦਾਰੀ ਸਿੰਘ ਨੂੰ ਸ਼ਨੀਵਾਰ ਦੇਰ ਰਾਤ ਪਤਾ ਲੱਗਾ ਕਿ ਗੁਰਵਿੰਦਰ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਕਾਰਨ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਉਸ ਨੂੰ ਵਾਪਸ ਭਾਰਤ ਭੇਜਿਆ ਜਾਣਾ ਹੈ। ਜਾਣਕਾਰੀ ਮੁਤਾਬਕ ਗੁਰਵਿੰਦਰ ਨੇ ਅਮਰੀਕਾ ਜਾਣ ਲਈ



ਦਿੱਲੀ ਅਤੇ ਦੁਬਈ ਦੇ ਏਜੰਟ ਅਤੇ ਇੱਕ ਵਿਚੋਲੇ ਨੂੰ ਵੱਖ ਵੱਖ ਢੰਗਾਂ ਨਾਲ 45 ਲੱਖ ਰੁਪਏ ਤੋਂ ਵੀ ਵੱਧ ਦਿੱਤਾ ਸੀ, ਪਰ ਅਮਰੀਕਾ ਪੁੱਜਣ ਦੇ ਕੁਝ ਦਿਨ ਬਾਅਦ ਹੀ ਉਹ ਉਥੋਂ ਦੀ ਪੁਲਿਸ ਦਿਨ ਨਜ਼ਰ ਵਿੱਚ ਆ ਗਿਆ।

### ਜਨਵਰੀ ਮਹੀਨੇ ਵਿੱਚ ਅਮਰੀਕੀ ਅਧਿਕਾਰੀਆਂ ਨੇ ਕੀਤਾ ਗ੍ਰਿਫ਼ਤਾਰ

ਜਾਣਕਾਰੀ ਮੁਤਾਬਕ ਗੁਰਵਿੰਦਰ ਦੇ ਅਮਰੀਕਾ ਜਾਣ ਦਾ ਸਫਰ ਕਰੀਬ ਢਾਈ ਤਿੰਨ ਮਹੀਨੇ ਪਹਿਲਾਂ ਸ਼ੁਰੂ ਹੋਇਆ ਅਤੇ ਜਨਵਰੀ ਦੇ ਆਖਰੀ ਹਫਤੇ ਉਹ ਮੈਕਸਿਕੋ ਅਤੇ ਅਮਰੀਕਾ ਦਾ ਬਾਰਡਰ ਪਾਰ ਕਰਨ ਮੌਕੇ ਅਮਰੀਕੀ ਅਧਿਕਾਰੀਆਂ ਦੇ ਹੱਥ ਚੜ੍ਹ ਗਿਆ।

ਪਰਿਵਾਰਕ ਸੂਤਰਾਂ ਮੁਤਾਬਕ ਗੁਰਵਿੰਦਰ ਆਪਣੇ ਪਿਤਾ ਨਾਲ ਕਾਫੀ ਸਮੇਂ ਤੋਂ ਆਪਣੀ ਪਰਿਵਾਰਕ ਜਾਇਦਾਦ ਵਿੱਚੋਂ ਹਿੱਸਾ ਲੈ ਕੇ ਕੰਮ ਕਰਨ ਲਈ ਜ਼ਿੱਦ ਕਰ ਰਿਹਾ ਸੀ। ਪੰਜਾਬ ਪੁਲਿਸ ਵਿੱਚ ਨੌਕਰੀ ਕਰ ਰਹੇ ਉਸਦੇ ਪਿਤਾ ਨੇ ਇਧਰੋਂ ਉਧਰੋਂ ਕਰਜਾ ਚੁੱਕ ਕੇ 45 ਲੱਖ ਰੁਪਏ ਏਜੰਟਾਂ ਨੂੰ ਦੇ ਕੇ ਗੁਰਵਿੰਦਰ ਨੂੰ ਅਮਰੀਕਾ ਭੇਜਣ ਦਾ ਬੰਦੋਬਸਤ ਕੀਤਾ ਸੀ। ਪਰਿਵਾਰ ਦੀ ਜਾਣਕਾਰੀ ਮੁਤਾਬਕ ਗੁਰਵਿੰਦਰ ਦਾ ਲੁਧਿਆਣਾ ਵਿੱਚ ਨਜ਼ਦੀਕੀਆਂ ਨਾਲ ਕਲੇਸ਼ ਚੱਲ ਰਿਹਾ ਸੀ ਅਤੇ ਉਸਦੇ ਪਰਿਵਾਰ ਤੋਂ ਦੂਰ ਅਮਰੀਕਾ ਜਾ ਕੇ ਕੈਰੀਅਰ ਬਣਾਉਣ ਦੀ ਜ਼ਿੱਦ ਕੀਤੀ, ਪਰ ਪਰਿਵਾਰ ਨੂੰ ਨਹੀਂ ਪਤਾ ਸੀ ਕਿ ਉਸ ਨੂੰ ਏਜੰਟਾਂ ਵੱਲੋਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਕਰਵਾਇਆ ਜਾ ਰਿਹਾ ਹੈ।

### ਸੰਗੀਨ ਮਾਮਲੇ ਵਿੱਚ ਲੋੜੀਂਦਾ ਹੈ ਗੁਰਵਿੰਦਰ

ਜਾਣਕਾਰੀ ਮੁਤਾਬਕ ਅਮਰੀਕਾ ਤੋਂ ਗੈਰ ਕਾਨੂੰਨੀ ਢੰਗ ਨਾਲ ਪ੍ਰਵੇਸ਼ ਕਰਨ ਦੇ ਜੁਰਮ ਵਿੱਚ ਡਿਪੋਰਟ ਕੀਤਾ ਗਿਆ ਗੁਰਵਿੰਦਰ ਸਿੰਘ ਲੁਧਿਆਣਾ ਪੁਲਿਸ ਨੂੰ ਸੰਗੀਨ ਮਾਮਲੇ ਵਿੱਚ ਲੋੜੀਂਦਾ ਸੀ ਅਤੇ ਲੁਧਿਆਣਾ ਪੁੱਜਦੇ ਹੀ ਪੁਲਿਸ ਨੇ ਉਕਤ ਮਾਮਲੇ ਵਿੱਚ ਨਾਮਜਦ ਗੁਰਵਿੰਦਰ ਨੂੰ ਹਿਰਾਸਤ ਵਿੱਚ ਲੈ ਕੇ ਅਗਲੇਰੀ ਪੜਤਾਲ ਸ਼ੁਰੂ ਕਰ ਦਿੱਤੀ ਹੈ।

### ਪਰਿਵਾਰ ਵਾਲਿਆਂ ਨੇ ਵੱਟੀ ਚੁੱਪ

ਅਮਰੀਕਾ ਤੋਂ ਡਿਪੋਰਟ ਗੁਰਵਿੰਦਰ ਸਿੰਘ ਦੇ ਚਾਚੇ ਦੇ ਲੜਕੇ ਦਾ ਵਿਆਹ ਹੋਣ ਕਾਰਨ ਪਰਿਵਾਰ ਵਾਲਿਆਂ ਨੇ ਇਸ ਮਾਮਲੇ ਵਿੱਚ ਚੁੱਪ ਵੱਟੀ ਹੋਈ ਹੈ। ਘਰ ਵਿੱਚ ਵਿਆਹ ਵਾਲਾ ਮਾਹੌਲ ਹੋਣ ਕਾਰਨ ਗੁਰਵਿੰਦਰ ਦਾ ਪਰਿਵਾਰ ਮੀਡੀਆ ਨਾਲ ਗੱਲਬਾਤ ਕਰਨ ਤੋਂ ਵੀ ਕਤਰਾਉਂਦਾ ਰਿਹਾ ਅਤੇ ਵਧੇਰੇ ਮੈਂਬਰਾਂ ਨੇ ਚੁੱਪ ਵੱਟੀ ਰੱਖੀ। ਪਰਿਵਾਰ ਵਿੱਚ ਟਰੈਵਲ ਏਜੰਟ ਨੂੰ ਭਰੇ ਲੱਖਾਂ ਰੁਪਏ ਖਰਾਬ ਹੋਣ ਦਾ ਦੁੱਖ ਅਤੇ ਗੁੱਸਾ ਜਰੂਰ ਹੈ ਅਤੇ ਉਨ੍ਹਾਂ ਵਿਆਹ ਮਗਰੋਂ ਏਜੰਟਾਂ ਖਿਲਾਫ ਸ਼ਿਕਾਇਤ ਦੇਣ ਦਾ ਵੀ ਦਾਅਵਾ ਕੀਤਾ।

# ਪੁਲਿਸ ਮੁਲਾਜ਼ਮ ਦੇ ਘਰ ਨੇੜੇ ਹੋਇਆ ਬੰਬ ਧਮਾਕਾ, ਕਾਰ, ਕੋਠੀ ਨੁਕਸਾਨੀ

## ✪ ਗੈਂਗਸਟਰ ਹੈਪੀ ਪਸ਼ੀਆਂ ਨੇ ਲਈ ਜ਼ਿੰਮੇਵਾਰੀ

ਬਟਾਲਾ-ਪੰਜਾਬ ਦੇ ਵੱਖ-ਵੱਖ ਥਾਣਿਆਂ ਅੰਦਰ ਹੋਏ ਧਮਾਕਿਆਂ ਤੋਂ ਬਾਅਦ ਬਟਾਲਾ ਦੇ ਨੇੜਲੇ ਪਿੰਡ ਰਾਏਮਲ ਵਿਚ ਇੱਕ ਪੁਲਿਸ ਮੁਲਾਜ਼ਮ ਦੇ ਘਰ ਨਜ਼ਦੀਕ ਬੰਬ ਧਮਾਕਾ ਹੋਇਆ ਹੈ। ਜਿਸ ਘਰ ਧਮਾਕਾ ਹੋਇਆ ਹੈ, ਉਹ ਪੁਲਿਸ ਮੁਲਾਜ਼ਮ ਦੇ ਚਾਚੇ ਦਾ ਘਰ ਹੈ। ਐਸਐਸਪੀ ਬਟਾਲਾ ਸੁਹੇਲ ਕਾਸਮ ਮੀਰ ਨੇ ਪਿੰਡ ਰਾਏ ਮੱਲ ਵਿਚ ਹੋਏ ਧਮਾਕੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਘੱਟ ਤੀਬਰਤਾ ਵਾਲਾ ਧਮਾਕਾ ਹੈ। ਉਹਨਾਂ ਦੱਸਿਆ ਕਿ ਇਸ ਧਮਾਕੇ 'ਚ ਕਿਸੇ ਦੇ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਜਾਣਕਾਰੀ ਮੁਤਾਬਕ ਪੰਜਾਬ ਪੁਲਿਸਵਿਚ ਮੁਲਾਜ਼ਮ ਜਤਿੰਦਰ ਸਿੰਘ ਦੇ ਚਾਚਾ ਸੁਖਦੇਵ ਸਿੰਘ ਪੁੱਤਰ ਪੂਰਨ ਸਿੰਘ ਦੇ ਘਰ ਅੰਦਰ ਮੋਟਰਸਾਈਕਲ ਤੇ ਆਏ ਦੋ ਸਵਾਰ ਬੰਬਨੁਮਾ ਵਸਤੂ ਸੁੱਟ ਕੇ ਫਰਾਰ ਹੋ ਗਏ ਕੁਝ ਘੰਟਿਆਂ 'ਚ ਹੀ ਘਰ ਅੰਦਰ ਧਮਾਕਾ ਹੋਇਆ ਜਿਸ ਨਾਲ ਘਰ ਦੇ ਫਰਸ਼ ਵਿਚ ਟੋਇਆ ਪੈ ਗਿਆ ਅਤੇ ਘਰ ਦੇ ਖਿੜਕੀਆਂ ਦਰਵਾਜ਼ਿਆਂ ਦੇ ਸ਼ੀਸ਼ੇ ਟੁੱਟ ਗਏ ਹਨ। ਇਸ ਤੋਂ ਇਲਾਵਾ ਘਰਵਿਚ ਖੜੋਤੀ ਕਾਰ ਦੇ ਵੀ ਸ਼ੀਸ਼ੇ ਚਕਨਾਚੂਰ ਹੋ ਗਏ ਹਨ। ਧਮਾਕੇ ਦੀ ਖਬਰ ਮਿਲਦਿਆਂ ਹੀ ਪੁਲਿਸ ਜ਼ਿਲ੍ਹਾ ਬਟਾਲਾ ਦੇ ਉੱਚ ਅਧਿਕਾਰੀ ਅਤੇ ਥਾਣਾ ਕੋਟਲੀ ਸੂਰਤ ਮੱਲੀ ਦੇ ਐਸਐਚਓ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪੁੱਜ ਗਏ ਹਨ



ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਜਿਸ ਪੁਲ ਵਿੱਚ ਕਰਮਚਾਰੀ ਦੇ ਘਰ ਨਜ਼ਦੀਕ ਹਮਲਾ ਹੋਇਆ ਹੈ ਉਸ ਤੇ ਦੋ ਮਹੀਨੇ ਪਹਿਲਾਂ ਵੀ ਅਣਪਛਾਤਿਆਂ ਨੇ ਗੋਲ਼ੀ ਚਲਾਉਣ ਦੀ ਕੋਸ਼ਿਸ਼ ਕੀਤੀ ਸੀ ਜਿਸ ਤੋਂ ਬਾਅਦ ਉਸ ਦੇ ਘਰ ਚ ਪੁਲਿਸ ਦੀ ਸੁਰੱਖਿਆ ਬੈਠ ਗਈ ਸੀ ਪਰ ਕੁਝ ਸਮਾਂ ਪਹਿਲਾਂ ਹੀ ਪੁਲਿਸ ਕਰਮਚਾਰੀ ਵਾਪਸ ਬੁਲਾ ਲਏ ਗਏ ਸਨ। ਹੋਰ ਜਾਣਕਾਰੀ ਅਨੁਸਾਰ ਪੁਲਿਸ ਮੁਲਾਜ਼ਮ ਜਤਿੰਦਰ ਸਿੰਘ ਗੈਂਗਸਟਰ ਹੈਪੀ ਪਸ਼ੀਆ ਦੇ ਕੇਸਾਂ ਦੀ ਜਾਂਚ ਨਾਲ ਜੁੜਿਆ ਹੋਣ ਕਰਕੇ ਉਸ ਉੱਤੇ ਹਮਲਾ ਕੀਤੇ ਜਾਣ ਦੀ ਸ਼ੰਕਾ ਜਤਾਈ ਜਾ ਰਹੀ ਹੈ। ਉੱਧਰ, ਪੁਲਿਸ ਮੁਲਾਜ਼ਮ ਦੇ ਘਰ ਹੋਏ ਧਮਾਕੇ ਦੀ ਗੈਂਗਸਟਰ ਹੈਪੀ ਪਸ਼ੀਆਂ ਨੇ ਜ਼ਿੰਮੇਵਾਰੀ ਲਈ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿੰਡ ਰਾਏ ਮਲ ਦੇ ਨਜ਼ਦੀਕ ਹੀ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਦਾ ਪਿੰਡ ਧਾਰੋਵਾਲੀ ਵੀ ਹੈ। ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਨੇ ਹੋਏ ਧਮਾਕੇ ਨੂੰ ਲੈ ਕੇ ਪੰਜਾਬ ਸਰਕਾਰ 'ਤੇ ਤਿੱਖੇ ਹਮਲੇ ਕੀਤੇ ਹਨ। ਸਾਂਸਦ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਇਹ ਮੇਰਾ ਅਤਿ ਨਜ਼ਦੀਕੀ ਪਰਿਵਾਰ ਹੈ। ਹੁਣ ਮੈਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੁੱਛਣਾ ਚਾਹੁੰਦਾ ਕਿ ਚੋਕੀਆਂ ਤੇ ਥਾਣਿਆਂ ਵਿੱਚ ਹੋ ਰਹੇ ਗਰਨੇਡ ਹਮਲਿਆਂ ਨੂੰ ਤਾਂ ਤੁਸੀਂ ਕਦੇ ਟਾਇਰ ਫਟਣਾ ਵਰਗੇ ਝੂਠ ਬੋਲਕੇ ਪੁਲਿਸ ਦੀ ਨਿਕਾਮੀ ਨੂੰ ਲੁਕਾਉਂਦੇ ਆ ਰਹੇ ਹੋ ਪਰ ਸਵੇਰੇ ਮੈਂ ਮੌਕੇ 'ਤੇ ਜਾ ਕੇ ਅਸਲੀਅਤ ਲੋਕਾਂ ਦੇ ਸਾਹਮਣੇ ਲਿਆਵਾਂਗਾ ਕਿ ਪੁਲਿਸ ਇੱਕ ਵਾਰ ਫਿਰ ਇਸ ਕਾਰੇ ਨੂੰ ਲੁਕਾਉਣ ਲਈ ਘਰ ਵਾਲਿਆਂ ਦਾ ਕੈਮਰਿਆਂ ਵਾਲਾ ਡੀਵੀਆਰ ਵੀ ਨਾਲ ਹੀ ਲੈ ਗਈ।

# ਗਾਇਕ ਸਿੱਪੀ ਗਿੱਲ ਦੇ ਪਿਤਾ ਨਾਲ ਹੋਈ ਕਰੋੜ ਰੁਪਏ ਦੀ ਠੱਗੀ

## ✪ ਪੁਲੀਸ ਨੇ ਚਾਰ ਜਣਿਆਂ ਖ਼ਿਲਾਫ਼ ਕੇਸ ਦਰਜ ਕਰ ਕੇ ਦੋ ਨੂੰ ਕੀਤਾ ਕਾਬੂ

ਧਰਮਕੋਟ-ਪੰਜਾਬੀ ਗਾਇਕ ਸਿੱਪੀ ਗਿੱਲ ਦੇ ਪਿਤਾ ਤੋਂ ਕੁਝ ਵਿਅਕਤੀਆਂ ਨੇ ਮੁਨਾਫ਼ੇ ਦਾ ਝਾਂਸਾ ਦੇ ਕੇ ਲਗਪਗ ਇਕ ਕਰੋੜ ਰੁਪਏ ਠੱਗ ਲਏ। ਖੇਤੀਬਾੜੀ ਸੰਦਾਂ ਦੀ ਸਸਤੇ ਭਾਅ ਖਰੀਦ ਕਰਨ ਅਤੇ ਮਹਿੰਗੇ ਭਾਅ ਵੇਚਣ ਦਾ ਦੱਸ ਕੇ ਇਹ ਠੱਗੀ ਮਾਰੀ ਗਈ ਹੈ। ਠੱਗੀ ਦੀ ਰਕਮ 1.3 ਕਰੋੜ ਰੁਪਏ ਹੈ। ਇਸ ਸਬੰਧੀ ਪੁਲੀਸ ਨੇ ਚਾਰ ਜਣਿਆਂ ਖ਼ਿਲਾਫ਼ ਕੇਸ ਦਰਜ ਕਰ ਕੇ ਦੋ ਨੂੰ ਕਾਬੂ ਕਰ ਲਿਆ।

ਧਰਮਕੋਟ ਦੇ ਡੀਐੱਸਪੀ ਰਮਨਦੀਪ ਸਿੰਘ ਨੇ ਦੱਸਿਆ ਕਿ ਗਾਇਕ ਸਿੱਪੀ ਗਿੱਲ ਦੇ ਪਿਤਾ ਜੋਗਿੰਦਰ ਸਿੰਘ ਨੂੰ ਪਰਾਲੀ ਦੀਆਂ ਗੱਠਾ ਬਣਾਉਣ ਵਾਲੇ ਬੇਲਰ, ਟਰੱਕ, ਟਰੈਕਟਰ, ਕਾਰਾਂ ਅਤੇ ਖੇਤੀ ਲਈ ਕੰਮ ਆਉਣ ਵਾਲੇ ਸੰਦਾਂ ਨੂੰ ਸਸਤੇ ਮੁੱਲ ਲੈ ਕੇ ਦੇਣ ਦਾ ਝਾਂਸਾ ਦਿੱਤਾ ਗਿਆ ਸੀ। ਇਹ ਝਾਂਸਾ ਜਸਜੀਤ ਸਿੰਘ ਉਰਫ਼ ਪ੍ਰੈਟੀ ਵਲੋਂ ਦਿੱਤਾ ਗਿਆ। ਇਸ ਵਿਚ ਸਰਬਜੀਤ ਸਿੰਘ, ਜਗਜੀਤ ਕੌਰ ਅਤੇ ਸੰਦੀਪ ਕੌਰ ਵੀ ਸ਼ਾਮਲ ਹਨ। ਮੁਲਜ਼ਮਾਂ ਨੇ ਹੌਲੀ-ਹੌਲੀ ਜੋਗਿੰਦਰ ਸਿੰਘ ਪਾਸੋਂ ਕਰੋੜ ਰੁਪਏ ਤੋਂ ਵੱਧ ਰਕਮ ਹਾਸਲ ਕਰ ਲਈ। ਜਦੋਂ ਮੁਦਈ ਨੂੰ ਠੱਗੀ ਦਾ ਪਤਾ ਲੱਗਿਆ ਤਾਂ ਉਸ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ। ਸੀਆਈਏ ਸਟਾਫ਼ ਦੇ ਮੁਖੀ ਦਲਜੀਤ ਸਿੰਘ ਬਰਾੜ ਵੱਲੋਂ ਇਸ ਦੀ ਜਾਂਚ ਮਗਰੋਂ ਥਾਣਾ ਮਹਿਣਾ ਵਿੱਚ ਕੇਸ ਦਰਜ ਕੀਤਾ ਗਿਆ। ਜਸਜੀਤ ਸਿੰਘ ਪ੍ਰੈਟੀ ਅਤੇ ਜਗਜੀਤ ਕੌਰ ਨੂੰ ਕਾਬੂ ਕਰ ਲਿਆ ਹੈ। ਬਾਕੀ ਦੋਵਾਂ ਦੀ ਗ੍ਰਿਫ਼ਤਾਰੀ ਲਈ ਕੋਸ਼ਿਸ਼ ਜਾਰੀ ਹੈ।

ਮਾਮਲਾ ਮੁੰਬਈ ਜਿਹਾਦੀ ਹਮਲੇ ਦਾ

# ਟਰੰਪ ਦਾ ਐਲਾਨ ਸਾਜ਼ਿਸ਼ਕਾਰ ਤਹੱਵੁਰ ਰਾਣਾ ਜਲਦ ਭਾਰਤ ਹਵਾਲੇ ਹੋਵੇਗਾ

## ✪ ਲਾਸ ਏਂਜਲਸ ਦੀ ਜੇਲ੍ਹ ਵਿੱਚ ਬੰਦ ਰਾਣਾ ਮੁੰਬਈ ਹਮਲਿਆਂ ਦੇ ਮੁੱਖ ਸਾਜ਼ਿਸ਼ਕਾਰ ਹੈਡਲੀ ਦਾ ਸਹਾਇਕ ਸੀ

### ਖਾਸ ਖਬਰ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੇ ਦੋ ਦਿਨਾਂ ਦੌਰੇ ਦੌਰਾਨ, 14 ਫਰਵਰੀ 2025 ਨੂੰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੁੰਬਈ ਹਮਲਿਆਂ ਦੇ ਦੋਸ਼ੀ ਤਹੱਵੁਰ ਰਾਣਾ ਦੀ ਹਵਾਲਗੀ ਨੂੰ ਲੈ ਕੇ ਇੱਕ ਮਹੱਤਵਪੂਰਨ ਐਲਾਨ ਕੀਤਾ ਸੀ ਙਰਾਸ਼ਟਰਪਤੀ ਟਰੰਪ ਨੇ ਕਿਹਾ ਸੀ ਕਿ ਮੇਰੇ ਪ੍ਰਸ਼ਾਸਨ ਨੇ 2008 ਦੇ ਮੁੰਬਈ ਅੱਤਵਾਦੀ ਹਮਲਿਆਂ ਦੇ ਦੋਸ਼ੀਆਂ ਵਿੱਚੋਂ ਇੱਕ ਤਹੱਵੁਰ ਰਾਣਾ ਦੀ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ 25 ਜਨਵਰੀ 2024 ਨੂੰ ਅਮਰੀਕੀ ਸੁਪਰੀਮ ਕੋਰਟ ਨੇ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਨੂੰ ਮਨਜ਼ੂਰੀ ਦਿੱਤੀ ਸੀ। ਅਦਾਲਤ ਨੇ ਉਸ ਦੀ ਸਜ਼ਾ ਵਿਰੁੱਧ ਦਾਇਰ ਸਮੀਖਿਆ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ, ਇਸ ਤਰ੍ਹਾਂ ਉਸ ਦੀ ਵਾਪਸੀ ਦਾ ਰਾਹ ਪੱਧਰਾ ਹੋ ਗਿਆ ਸੀ।

ਭਾਰਤ ਸਰਕਾਰ ਵੱਲੋਂ ਇਲਜ਼ਾਮ ਲਗਾਏ ਗਏ ਸਨ ਕਿ ਰਾਣਾ ਨੇ ਆਪਣੇ ਬਚਪਨ ਦੇ ਦੋਸਤ ਡੇਵਿਡ ਕੋਲੇਮਨ ਹੇਡਲੀ ਨਾਲ ਮਿਲ ਕੇ ਪਾਕਿਸਤਾਨ ਦੇ ਜਿਹਾਦੀ ਗਰੁੱਪ ਲਸ਼ਕਰ-ਏ-ਤਾਇਬਾ ਦੀ ਮੁੰਬਈ ਹਮਲਿਆਂ ਵਿੱਚ ਮਦਦ ਕੀਤੀ ਸੀ।

### ਕੌਣ ਹੈ ਰਾਣਾ

ਤਹੱਵੁਰ ਰਾਣਾ ਦਾ ਬਚਪਨ ਪਾਕਿਸਤਾਨ ਵਿੱਚ ਬੀਤਿਆ ਹੈ ਅਤੇ ਉਸ ਨੇ ਪਾਕਿਸਤਾਨ ਦੇ ਹੀ ਇੱਕ ਸਕੂਲ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ। ਇਸ ਮਗਰੋਂ, ਆਪਣੀ ਮੈਡੀਕਲ ਡਿਗਰੀ ਹਾਸਿਲ ਕਰਨ ਤੋਂ ਬਾਅਦ ਰਾਣਾ ਪਾਕਿਸਤਾਨ ਫੌਜ ਦੀ ਮੈਡੀਕਲ ਕੋਰ ਵਿਚ ਸ਼ਾਮਲ ਹੋ ਗਿਆ। ਰਾਣਾ ਨੇ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਹਸਨ ਅਬਦਾਲ ਵਿਖੇ ਇੱਕ ਫੌਜੀ ਸਕੂਲ ਤੋਂ ਪੜ੍ਹਾਈ ਕੀਤੀ ਹੈ। ਇਸੇ ਸਕੂਲ ਵਿੱਚ, ਮੁੰਬਈ ਹਮਲਿਆਂ ਦੇ ਮੁਲਜ਼ਮ ਡੇਵਿਡ ਹੇਡਲੀ ਨੇ ਵੀ 5 ਸਾਲਾਂ ਤੱਕ ਪੜ੍ਹਾਈ ਕੀਤੀ ਸੀ।

ਰਾਣਾ ਦੀ ਪਤਨੀ ਵੀ ਇੱਕ ਡਾਕਟਰ ਹੈ ਅਤੇ ਉਨ੍ਹਾਂ ਨੇ ਸਾਲ 2001 ਵਿੱਚ ਕੈਨੇਡਾ ਦੀ ਨਾਗਰਿਕਤਾ ਲੈ ਲਈ ਸੀ। ਸਾਲ 2008 ਦੇ ਮੁੰਬਈ ਧਮਾਕਿਆਂ ਮਗਰੋਂ ਸਾਲ 2009 ਵਿੱਚ ਫੜ੍ਹੇ ਜਾਣ ਤੋਂ ਪਹਿਲਾਂ ਤੱਕ ਉਹ ਅਮਰੀਕਾ ਦੇ ਸ਼ਿਕਾਗੋ ਵਿੱਚ ਰਹਿ ਰਿਹਾ ਸੀ ਙਜਾਣਕਾਰੀ ਮੁਤਾਬਕ, ਰਾਣਾ ਨੇ ਇੱਥੇ ਕਈ ਤਰ੍ਹਾਂ ਦੇ ਬਿਜ਼ਨਸ ਕਰਨ ਦੇ ਨਾਲ-ਨਾਲ ਇੱਕ ਇਮੀਗ੍ਰੇਸ਼ਨ ਫ਼ਰਮ ਅਤੇ ਟਰੈਵਲ ਏਜੰਸੀ ਵੀ ਖੋਲ੍ਹੀ ਹੋਈ ਸੀ।

ਮੁੰਬਈ ਹਮਲਿਆਂ ਵਿੱਚ ਮੁਲਜ਼ਮ, ਡੇਵਿਡ ਹੇਡਲੀ ਅਤੇ ਤਹੱਵੁਰ ਰਾਣਾ ਪਾਕਿਸਤਾਨ ਤੋਂ ਹੀ ਸਕੂਲ ਵੇਲੇ ਦੇ ਦੋਸਤ ਸਨ ਅਤੇ ਮੁੰਬਈ ਹਮਲਿਆਂ ਤੋਂ ਪਹਿਲਾਂ ਰਾਣਾ ਨੇ ਹੀ ਹੇਡਲੀ ਨੂੰ ਮੁੰਬਈ ਵਿੱਚ ਇਮੀਗ੍ਰੇਸ਼ਨ ਆਫਿਸ ਦੀ ਇੱਕ ਸ਼ਾਖਾ ਖੋਲ੍ਹਣ ਵਿਚ ਮਦਦ ਕੀਤੀ ਸੀ। ਰਾਣਾ ਅਤੇ ਹੇਡਲੀ 'ਤੇ ਇਲਜ਼ਾਮ ਲਗਾਉਣ ਵਾਲੇ ਪੱਖ ਦੇ ਵਕੀਲਾਂ ਦੀ ਦਲੀਲ ਹੈ ਕਿ ਉਨ੍ਹਾਂ ਦੋਵਾਂ ਨੇ ਇਹ ਦਫ਼ਤਰ ਇਸੇ ਲਈ ਖੋਲ੍ਹਿਆ ਸੀ ਤਾਂ ਜੋ ਮੁੰਬਈ ਵਿੱਚ ਹਮਲਿਆਂ ਲਈ ਥਾਵਾਂ ਤੈਅ ਕੀਤੀਆਂ ਜਾ ਸਕਣ।



**ਪੰਜਾਬ ਟਾਈਮਜ ਅਨੁਸਾਰ ਤਹੱਵੁਰ ਰਾਣਾ ਇਸ ਸਮੇਂ ਲਾਸ ਏਂਜਲਸ ਦੀ ਇੱਕ ਜੇਲ੍ਹ ਵਿੱਚ ਬੰਦ ਹੈ, ਜਿੱਥੇ ਉਸਨੂੰ ਹਵਾਲਗੀ ਲਈ ਨਿਆਂਇਕ ਪ੍ਰਕਿਰਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਉਸ ਦੀ ਵਾਪਸੀ ਤੋਂ ਬਾਅਦ ਉਸ ਨੂੰ ਭਾਰਤ ਵਿਚ ਮੁੰਬਈ ਹਮਲੇ ਦੇ ਮਾਮਲੇ ਵਿਚ ਨਿਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਘੋਸ਼ਣਾ ਨਾਲ ਅਮਰੀਕਾ ਤੇ ਇੰਡੀਆ ਦਰਮਿਆਨ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ।**

ਹੇਡਲੀ, ਜਿਸ ਨੇ ਮੁੰਬਈ ਹਮਲਿਆਂ ਲਈ ਟਿਕਾਣਿਆਂ ਦੀ ਪਛਾਣ ਕਰਨ ਦਾ ਦੋਸ਼ ਸਵੀਕਾਰ ਕੀਤਾ- ਉਹ ਇਲਜ਼ਾਮ ਵਾਲੇ ਪੱਖ ਦਾ ਮੁੱਖ ਗਵਾਹ ਸੀ। ਉਸ ਨੇ ਮੰਨਿਆ ਕਿ ਉਸ ਦੇ, ਹਮਲਿਆਂ ਲਈ ਜ਼ਿੰਮੇਵਾਰ ਮੰਨੇ ਜਾਂਦੇ ਜਿਹਾਦੀ ਸੰਗਠਨ ਲਸ਼ਕਰ-ਏ-ਤਾਇਬਾ ਨਾਲ ਸਬੰਧ ਸਨ। ਉਸ ਨੇ ਪਾਕਿਸਤਾਨੀ ਖੁਫ਼ੀਆ ਏਜੰਸੀ ਆਈ ਐਸ ਆਈ ਨਾਲ ਵੀ ਆਪਣੇ ਸਬੰਧ ਕਬੂਲੇ ਹਨ। ਅਦਾਲਤ ਦੇ ਦਸਤਾਵੇਜ਼ਾਂ ਮੁਤਾਬਕ, ਹੇਡਲੀ ਨੇ ਹਮਲੇ ਤੋਂ ਪਹਿਲਾਂ ਕਈ ਵਾਰ ਮੁੰਬਈ ਦੌਰਾ ਕੀਤਾ ਤਾਂ ਜੋ ਹਮਲੇ ਲਈ ਥਾਵਾਂ ਨਿਸ਼ਚਿਤ ਕੀਤੀਆਂ ਜਾ ਸਕਣ। ਅਦਾਲਤ ਵਿੱਚ ਸੁਣਵਾਈ ਦੌਰਾਨ, ਅਮਰੀਕੀ ਸਰਕਾਰ ਦੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ 'ਰਾਣਾ ਨੂੰ ਪਤਾ ਸੀ ਕਿ ਉਸ ਦਾ ਬਚਪਨ ਦਾ ਦੋਸਤ ਪਾਕਿਸਤਾਨੀ-ਅਮਰੀਕੀ ਡੇਵਿਡ ਕੋਲਮੈਨ ਹੇਡਲੀ ਲਸ਼ਕਰ-ਏ-ਤਾਇਬਾ ਵਿਚ ਸ਼ਾਮਲ ਸੀ ਅਤੇ ਇਸ ਤਰ੍ਹਾਂ ਹੇਡਲੀ ਦੀ ਮਦਦ ਕਰਕੇ ਅਤੇ ਉਸ ਦੀਆਂ ਗਤੀਵਿਧੀਆਂ ਲਈ ਉਸ ਨੂੰ ਬਚਾ ਕੇ ਰਾਣਾ ਨੇ ਜਿਹਾਦੀ ਸੰਗਠਨ ਅਤੇ ਉਸ ਨਾਲ ਜੁੜੇ ਲੋਕਾਂ ਦੀ ਮਦਦ ਕੀਤੀ।'

ਰਾਣਾ ਅਤੇ ਹੇਡਲੀ ਨੂੰ ਅਕਤੂਬਰ 2009 ਵਿਚ ਜੈਲੈਂਡਸ-ਪੋਸਟਨ ਅਖ਼ਬਾਰ ਦੇ ਦਫਤਰਾਂ 'ਤੇ ਹਮਲੇ ਦੀ ਸਾਜ਼ਿਸ਼ ਰਚਣ ਅਤੇ ਮੁੰਬਈ ਹਮਲਿਆਂ ਵਿੱਚ ਜਿਹਾਦੀਆਂ ਦੀ ਮਦਦ ਕਾਰਨ ਦੇ ਇਲਜ਼ਾਮਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਇਸ ਅਖ਼ਬਾਰ ਨੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ (ਸਲੱਲਲਾਹੂ ਅਲਾਹੇ ਵਸੱਲਮ) ਦੇ ਕਾਰਟੂਨ ਪ੍ਰਕਾਸ਼ਿਤ ਕੀਤੇ ਸਨ।

ਯਾਦ ਰਹੇ ਕਿ 2008 ਵਿੱਚ 10 ਜਿਹਾਦੀਆਂ ਦੇ ਇੱਕ ਗਰੁੱਪ ਨੇ ਸਟੇਸ਼ਨ, ਹੋਟਲਾਂ, ਕੈਫੇ ਤੇ ਯਹੂਦੀਆਂ ਦੇ ਸੈਂਟਰ ਉੱਤੇ ਗੋਲੀਬਾਰੀ ਕੀਤੀ ਸੀ ਤੇ ਬੰਬ ਸੁੱਟੇ ਸਨ। ਮੁੰਬਈ ਹਮਲਿਆਂ ਵਿਚ 166 ਲੋਕ ਮਾਰੇ ਗਏ ਸਨ ਅਤੇ ਸੈਂਕੜੇ ਜ਼ਖਮੀ ਹੋਏ ਸਨ। ਇਸ ਹਮਲੇ ਦੀ ਜ਼ਿੰਮੇਵਾਰੀ ਪਾਕਿਸਤਾਨ ਸਥਿਤ ਜਿਹਾਦੀ ਸਮੂਹ ਲਸ਼ਕਰ-ਏ-ਤੋਇਬਾ ਨੇ ਲਈ ਸੀ। ਇਨ੍ਹਾਂ ਮਾਮਲਿਆਂ ਵਿੱਚ ਤਹੱਵੁਰ ਹੁਸੈਨ ਰਾਣਾ ਨੂੰ ਅਮਰੀਕੀ ਅਦਾਲਤ ਨੇ 14 ਸਾਲ ਦੀ ਸਜ਼ਾ ਸੁਣਾਈ ਸੀ। ਮੁੰਬਈ ਜਿਹਾਦੀ ਹਮਲੇ ਦੀ ਚਾਰਜਸ਼ੀਟ ਵਿਚ ਕਿਹਾ ਗਿਆ ਸੀ ਕਿ ਰਾਣਾ ਹੈਡਲੀ ਦੀ ਮਦਦ ਕਰ ਰਿਹਾ ਸੀ ਅਤੇ ਆਈ. ਐਸ. ਆਈ. ਅਤੇ ਲਸ਼ਕਰ-ਏ-ਤੋਇਬਾ ਦੇ ਮੈਂਬਰ ਵਜੋਂ ਕੰਮ ਕਰ ਰਿਹਾ ਸੀ। ਉਹ ਪਾਕਿਸਤਾਨ ਸਥਿਤ ਜਿਹਾਦੀ ਸਮੂਹਾਂ ਲਈ ਕੰਮ ਕਰਦਾ ਸੀ ਅਤੇ ਇਨ੍ਹਾਂ ਸੰਗਠਨਾਂ ਨਾਲ ਉਸ ਦਾ ਡੂੰਘਾ ਸਬੰਧ ਸੀ। ਸ਼ਿਕਾਗੋ ਦੀ ਸੰਘੀ ਅਦਾਲਤ ਨੇ ਰਾਣਾ ਅਤੇ ਹੇਡਲੀ ਸਣੇ ਇਸ ਮਾਮਲੇ ਵਿਚ ਚਾਰ ਹੋਰ ਵਿਅਕਤੀਆਂ 'ਤੇ ਇਲਜ਼ਾਮ ਲਗਾਏ ਸਨ। ਰਾਣਾ ਨੂੰ 12 ਮਾਮਲਿਆਂ ਦਾ ਦੋਸ਼ੀ ਪਾਇਆ ਗਿਆ ਹੈ, ਜਿਸ ਵਿਚ ਅਮਰੀਕੀ ਨਾਗਰਿਕਾਂ ਨੂੰ ਮਾਰਨ ਵਿੱਚ ਮਦਦ ਦਾ ਦੋਸ਼ ਵੀ ਸ਼ਾਮਲ ਹੈ ਙਉਸ 'ਤੇ ਹੇਡਲੀ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਅਤੇ ਹੇਡਲੀ ਅਤੇ "ਮੇਜਰ ਇਕਬਾਲ" ਵਜੋਂ ਜਾਣੇ ਜਾਂਦੇ ਵਿਅਕਤੀ ਵਿਚਕਾਰ ਸੰਦੇਸ਼ ਭੇਜਣ ਦੀ ਵਿਵਸਥਾ ਕਰਵਾਉਣ ਦਾ ਇਲਜ਼ਾਮ ਵੀ ਲਾਇਆ ਗਿਆ ਸੀ। ਕੁਝ ਲੋਕਾਂ ਦਾ ਮੰਨਣਾ ਹੈ ਕਿ ਮੇਜਰ ਇਕਬਾਲ ਪਾਕਿਸਤਾਨ ਦੀ ਇੰਟਰ-ਸਰਵਿਸ ਇੰਟੈਲੀਜੈਂਸ ਏਜੰਸੀ ਦਾ ਹਿੱਸਾ ਸੀ। ਰਾਣਾ ਨੂੰ ਲਸ਼ਕਰ-ਏ-ਤਾਇਬਾ ਨੂੰ ਸਮੱਗਰੀ ਸਬੰਧੀ ਸਹਾਇਤਾ ਮੁਹੱਈਆ ਕਰਵਾਉਣ ਅਤੇ ਡੈਨਿਸ਼ ਅਖਬਾਰ ਦੇ ਖ਼ਿਲਾਫ਼ ਇੱਕ ਅਧੂਰੀ ਸਾਜ਼ਿਸ਼ ਵਿੱਚ ਉਸ ਦੀ ਭੂਮਿਕਾ ਲਈ ਦੋਸ਼ੀ ਠਹਿਰਾਇਆ ਗਿਆ ਸੀ।

# ਤਿੰਨ ਨਕਾਬਪੋਸ਼ਾਂ ਨੇ ਮਹਿਲਾ ਸਰਪੰਚ ਦੇ ਪਤੀ ਨੂੰ ਮਾਰੀਆਂ ਗੋਲੀਆਂ

ਅੰਮ੍ਰਿਤਸਰ-ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਅਧੀਨ ਆਉਂਦੇ ਪਿੰਡ ਤਿਮੋਵਾਲ ਵਿਖੇ ਤਿੰਨ ਨਕਾਬਪੋਸ਼ ਅਣਪਛਾਤੇ ਵਿਅਕਤੀਆਂ ਵੱਲੋਂ ਸ਼ਰੇਆਮ ਮਹਿਲਾ ਸਰਪੰਚ ਦੇ ਪਤੀ ਸੁਖਦੇਵ ਸਿੰਘ 'ਤੇ ਗੋਲੀਆਂ ਚਲਾਈਆਂ ਗਈਆਂ ਤੇ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਜਿਨ੍ਹਾਂ ਨੂੰ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਉੱਥੇ ਹੀ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਆਏ ਦਿਨ ਜੰਡਿਆਲਾ ਗੁਰੂ 'ਚ ਗੋਲੀਆਂ ਚੱਲਣ ਦੇ ਮਾਮਲੇ ਸਾਹਮਣੇ ਆ ਰਹੇ ਹਨ, ਜਿਸ ਕਾਰਨ ਲੋਕ ਵੀ ਦਹਿਸ਼ਤ ਵਿਚ ਹਨ ਕੀ ਲਗਾਤਾਰ ਇਥੇ ਗੁੰਡਾਗਰਦੀ ਦੇ ਨੰਗੇ ਨਾਚ ਹੁੰਦੇ ਹਨ ਤੇ ਗੋਲੀਆਂ ਚਲਾਈਆਂ ਜਾਂਦੀਆਂ ਹਨ। ਪੁਲਸ ਪ੍ਰਸ਼ਾਸਨ ਦਾ ਇਨ੍ਹਾਂ ਮਾੜੇ ਅਨਸਰਾਂ 'ਤੇ ਕੋਈ ਵੀ ਖੌਫ ਨਜ਼ਰ ਨਹੀਂ ਆਉਂਦਾ। ਇਸ ਸਬੰਧੀ ਡੀ. ਐੱਸ. ਪੀ. ਅਰੁਣ ਸ਼ਰਮਾ ਨੇ ਦੱਸਿਆ ਕਿ ਸੁਖਦੇਵ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ ਅਤੇ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ

# ਪਤਨੀ ਨੇ ਪਤੀ ਨੂੰ ਖ਼ੁਦਕੁਸ਼ੀ ਦੀ ਧਮਕੀ ਦੇ ਕੇ ਵਸੂਲੇ 50 ਲੱਖ; ਫਿਰ ਕੀਤੀ 5 ਕਰੋੜ ਦੀ ਮੰਗ

ਜਲੰਧਰ-ਬਾਰਾਦਰੀ ਥਾਣੇ ਅਧੀਨ ਆਉਂਦੀ ਡਿਫੈਂਸ ਕਲੋਨੀ ਵਿੱਚ, ਇੱਕ ਔਰਤ ਨੇ ਆਪਣੇ ਪਤੀ ਤੋਂ ਖੁਦਕੁਸ਼ੀ ਦੀ ਧਮਕੀ ਦੇ ਕੇ 50 ਲੱਖ ਰੁਪਏ ਦੀ ਮੰਗੀ ਕੀਤੀ। ਇਸ ਤੋਂ ਬਾਅਦ ਉਸਨੇ ਫਿਰ ਆਪਣੇ ਪਤੀ ਤੋਂ 5 ਕਰੋੜ ਰੁਪਏ ਦੀ ਮੰਗੇ। ਪਰੇਸ਼ਾਨੀ ਕਾਰਨ ਪਤੀ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਅਤੇ ਜਾਂਚ ਦੌਰਾਨ ਪੁਲਿਸ ਨੇ ਸ਼ਾਂਤੀ ਕੁੰਜ ਪਟਿਆਲਾ ਦੀ ਰਹਿਣ ਵਾਲੀ ਪਰੇਕਸ਼ਾ ਗੁਪਤਾ ਅਤੇ ਉਸਦੇ ਪਿਤਾ ਰਿਸ਼ੀਪਾਲ ਵਿਰੁੱਧ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ।



## 2017 ਵਿੱਚ ਹੋਇਆ ਸੀ ਵਿਆਹ

ਡਿਫੈਂਸ ਕਲੋਨੀ ਦੇ ਵਸਨੀਕ 33 ਸਾਲਾ ਬਾਸੂ ਅਗਰਵਾਲ ਨੇ ਪੁਲਿਸ ਨੂੰ ਦੱਸਿਆ ਕਿ ਉਹ ਠੇਕੇਦਾਰ (ਸੜਕਾਂ ਬਣਾਉਣ) ਦਾ ਕੰਮ ਕਰਦਾ ਹੈ। ਉਸਨੇ 2017 ਵਿੱਚ ਸ਼ਾਂਤੀ ਕੁੰਜ ਪਟਿਆਲਾ ਦੀ ਰਹਿਣ ਵਾਲੀ ਪਰੇਕਸ਼ਾ ਗੁਪਤਾ ਨਾਲ ਹਿੰਦੂ ਰੀਤੀ-ਰਿਵਾਜਾਂ ਨਾਲ ਵਿਆਹ ਕੀਤਾ। ਵਿਆਹ ਦੇ ਕੁਝ ਮਹੀਨਿਆਂ ਦੇ ਅੰਦਰ ਹੀ ਪਤਨੀ ਨੇ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਸਦੇ ਮਾਪਿਆਂ ਨਾਲ ਬੁਰਾ ਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ। ਉਸਦੀ ਧੀ ਦਾ ਜਨਮ 2018 ਵਿੱਚ ਹੋਇਆ ਸੀ। ਧੀ ਦੇ ਜਨਮ ਤੋਂ ਬਾਅਦ ਪਤਨੀ ਦਾ ਗੁੱਸਾ ਵੱਧ ਗਿਆ ਅਤੇ ਉਹ ਹਰ ਛੋਟੀ-ਛੋਟੀ ਗੱਲ 'ਤੇ ਲੜਨ ਲੱਗ ਪੈਂਦੀ ਸੀ। ਇਸ ਕਰਕੇ ਉਹ ਆਪਣੀ ਮਾਂ ਦੇ ਘਰ ਚਲੀ ਗਈ। ਪੀੜਤਾ ਨੇ ਦੋਸ਼ ਲਗਾਇਆ ਕਿ ਉਸਨੇ ਖੁਦਕੁਸ਼ੀ ਕਰਨ, ਝੂਠੇ ਮਾਮਲੇ ਵਿੱਚ ਫਸਾਉਣ ਅਤੇ ਉਸਦੇ ਮਾਪਿਆਂ ਦੀ ਸਾਖ ਨੂੰ ਬਦਨਾਮ ਕਰਨ ਦੀ ਧਮਕੀ ਦੇ ਕੇ ਉਸ ਤੋਂ 50 ਲੱਖ ਰੁਪਏ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਉਸਨੇ ਕੁੜੀ ਦੇ ਭਵਿੱਖ ਬਾਰੇ ਗੱਲ ਕੀਤੀ ਪਰ ਉਹ ਨਹੀਂ ਮੰਨੀ, ਜਿਸ ਕਾਰਨ ਉਹ ਡਰ ਗਿਆ। ਜਿਵੇਂ ਹੀ ਉਸਨੂੰ 50 ਲੱਖ ਮਿਲੇ ਉਸਨੇ 5 ਕਰੋੜ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ।

ਉਸਨੇ ਮਾਰਚ 2021 ਵਿੱਚ ਆਪਣੀ ਪਤਨੀ ਦੇ ਖਾਤੇ ਵਿੱਚ 20 ਲੱਖ ਰੁਪਏ ਜਮ੍ਹਾਂ ਕਰਵਾਏ ਪਰ ਉਸ ਨੇ ਉਸ ਨੂੰ ਦੁਬਾਰਾ ਤੰਗ ਕਰਨਾ ਸ਼ੁਰੂ ਕਰ ਦਿੱਤਾ, ਇਸ ਲਈ ਉਸਨੇ ਅਪ੍ਰੈਲ 2021 ਵਿੱਚ ਦੁਬਾਰਾ 30 ਲੱਖ ਰੁਪਏ ਉਸਦੇ ਖਾਤੇ ਵਿੱਚ ਆਰਟੀਜੀਐਸ ਕਰ ਦਿੱਤੇ। ਜਦੋਂ ਉਸਨੇ ਆਪਣੇ ਸਹੁਰੇ ਨਾਲ ਗੱਲ ਕੀਤੀ ਤਾਂ ਉਹ ਵੀ ਉਸ ਨੂੰ ਧਮਕੀਆਂ ਦੇਣ ਲੱਗ ਪਿਆ। ਪੈਸੇ ਲੈਣ ਤੋਂ ਬਾਅਦ, ਪਤਨੀ ਨੇ ਹੋਰ ਪੰਜ ਕਰੋੜ ਰੁਪਏ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ।

ਜਦੋਂ ਉਸਨੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਆਪਣੀ ਸਮੱਸਿਆ ਬਾਰੇ ਗੱਲ ਕੀਤੀ ਤਾਂ ਉਸਨੇ ਸਾਰਿਆਂ ਨਾਲ ਬੈਠ ਕੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸਦੀ ਪਤਨੀ ਸਹਿਮਤ ਨਹੀਂ ਹੋਈ। ਉਸਨੇ ਆਖਰੀ ਵਾਰ ਘਰੋਂ ਨਿਕਲਦੇ ਸਮੇਂ ਆਪਣੇ ਮਾਪਿਆਂ ਦੇ ਨਿੱਜੀ ਲਾਕਰ ਵਿੱਚੋਂ ਸੋਨੇ ਦੇ ਗਹਿਣੇ ਅਤੇ 2 ਲੱਖ ਰੁਪਏ ਦੀ ਨਕਦੀ ਕੱਢ ਲਈ ਅਤੇ ਫਿਰ ਪੈਸੇ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ, ਜਿਸ ਬਾਰੇ ਉਸਨੇ ਉੱਚ ਪੁਲਿਸ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ।

ਪੁਲਿਸ ਨੇ ਪਿਤਾ ਅਤੇ ਧੀ ਨੂੰ ਜਾਂਚ ਲਈ ਬੁਲਾਇਆ ਪਰ ਉਹ ਨਹੀਂ ਆਏ। ਬਾਰਾਂਦਰੀ ਥਾਣੇ ਦੇ ਜਾਂਚ ਅਧਿਕਾਰੀ ਏਐਸਆਈ ਕਰਨੈਲ ਸਿੰਘ ਨੇ ਕਿਹਾ ਕਿ ਉਹ ਆਪਣੀ ਟੀਮ ਨਾਲ ਮੁਲਜ਼ਮਾਂ ਦੀ ਭਾਲ ਕਰ ਰਹੇ ਹਨ।

### ਮਾਮਲਾ ਕਈ ਘਰਾਂ ਉੱਪਰ ਕਥਿਤ ਤੌਰ 'ਤੇ ਗੋਲੀਆਂ ਚਲਾਉਣ ਦਾ

# ਇੱਕੋ ਪਿੰਡ ਦੇ 40 ਲੋਕਾਂ ਖ਼ਿਲਾਫ਼ ਮਾਮਲਾ ਦਰਜ


ਤਰਨਤਾਰਨ-ਪਿੰਡ ਪਲਾਸੌਰ ਦੇ ਕਈ ਘਰਾਂ ਉੱਪਰ ਕਥਿਤ ਤੌਰ 'ਤੇ ਗੋਲੀਆਂ ਚਲਾਉਣ ਅਤੇ ਪਿੰਡ ਵਿਚ ਦਹਿਸ਼ਤ ਦਾ ਮਾਹੌਲ ਬਣਾਉਣ ਦੇ ਦੋਸ਼ ਹੇਠ ਥਾਣਾ ਸਿਟੀ ਤਰਨਤਾਰਨ ਦੀ ਪੁਲਿਸ ਨੇ 40 ਤੋਂ ਵੱਧ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਲਾਕੇ ਨਾਲ ਸਬੰਧਤ ਚੌਕੀ ਟਾਊਨ ਦੇ ਇੰਚਾਰਜ ਏਐੱਸਆਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਪੁਲਿਸ ਪਾਰਟੀ ਸਮੇਤ ਗਸ਼ਤ 'ਤੇ ਸਨ। ਇਸੇ ਦੌਰਾਨ ਸੂਚਨਾ ਮਿਲੀ ਕਿ ਪਿੰਡ ਪਲਾਸੌਰ ਦੇ 40 ਤੋਂ ਵੱਧ ਲੋਕ ਪਿੰਡ ਵਾਸੀਆਂ ਵਿਚ ਆਪਣੀ ਦਹਿਸ਼ਤ ਪਾਉਣ ਲਈ ਅਕਸਰ ਗੋਲੀਆਂ ਚਲਾ ਦਿੰਦੇ ਹਨ। ਉਕਤ ਲੋਕਾਂ ਨੇ ਪਿੰਡ ਦੇ ਹੀ ਹੀਰਾ ਸਿੰਘ ਅਤੇ ਗੁਰਮੀਤ ਸਿੰਘ ਤੋਂ ਇਲਾਵਾ ਹੋਰ ਘਰਾਂ ਉੱਪਰ ਸਿਧੀਆਂ ਗੋਲੀਆਂ ਚਲਾਈਆਂ, ਜਿਸ ਨਾਲ ਘਰਾਂ ਦਾ ਕਾਫੀ ਨੁਕਸਾਨ ਹੋ ਗਿਆ ਜਦੋਂਕਿ ਇੱਟਾਂ-ਰੋੜੇ ਚਲਾ ਕੇ ਪਿੰਡ ਵਿਚ ਪੂਰੀ ਦਹਿਸ਼ਤ ਬਣਾ ਦਿੱਤੀ ਅਤੇ ਪਿੰਡ ਦੇ ਲੋਕ ਸਹਿਮ ਵਿਚ ਹਨ। ਉਨ੍ਹਾਂ ਦੱਸਿਆ ਕਿ ਉਕਤ ਸੂਚਨਾ ਦੇ ਆਧਾਰ 'ਤੇ ਜਗਰੂਪ ਸਿੰਘ, ਸਮੀਰ ਸਿੰਘ, ਰਣਜੀਤ ਸਿੰਘ ਅਤੇ ਗੁਰਿੰਦਰ ਸਿੰਘ ਵਾਸੀ ਪਲਾਸੌਰ ਸਮੇਤ 40 ਦੇ ਕਰੀਬ ਅਣਪਛਾਤੇ ਲੋਕਾਂ ਨੂੰ ਨਾਮਜ਼ਦ ਕਰ ਲਿਆ ਗਿਆ ਹੈ ਜਦੋਂਕਿ ਮਾਮਲੇ ਦੀ ਅਗਲੀ ਜਾਂਚ ਜਾਰੀ ਹੈ।

# ਖਾੜਕੂ ਭਾਈ ਚੌੜਾ ਖ਼ਿਲਾਫ਼ ਚਲਾਨ ਪੇਸ਼

## ✪ ਦਰਬਾਰ ਸਾਹਿਬ ਤੋਂ ਬਾਹਰ ਸੁਖਬੀਰ 'ਤੇ ਚਲਾਈ ਸੀ ਗੋਲ਼ੀ

ਅੰਮ੍ਰਿਤਸਰ-ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਵਿਚ ਗੋਲੀ ਚਲਾਉਣ ਦੇ ਮਾਮਲੇ ਵਿਚ ਖਾੜਕੂ ਨਰਾਇਣ ਸਿੰਘ ਚੌੜਾ ਖ਼ਿਲਾਫ਼ ਅਦਾਲਤ 'ਚ ਚਲਾਨ ਪੇਸ਼ ਕਰ ਦਿੱਤਾ ਗਿਆ ਹੈ। ਕੋਤਵਾਲੀ ਥਾਣੇ ਦੀ ਪੁਲਿਸ ਵੱਲੋਂ ਚਲਾਨ 'ਚ ਦੱਸਿਆ ਗਿਆ ਹੈ ਕਿ 4 ਦਸੰਬਰ, 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਸਜ਼ਾ ਸੁਣਾਏ ਜਾਣ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਚ ਵ੍ਹੀਲ ਚੇਅਰ 'ਤੇ ਬੈਠੇ ਸਨ। ਇਸੇ ਦੌਰਾਨ ਨਰਾਇਣ ਸਿੰਘ ਚੌੜਾ ਮੌਕਾ ਦੇਖ ਕੇ ਉਨ੍ਹਾਂ ਕੋਲ ਪੁੱਜ ਗਿਆ ਅਤੇ ਆਪਣੀ ਡੱਬ 'ਚੋਂ ਚੀਨ ਦਾ ਬਣਿਆ ਪਿਸਤੌਲ ਕੱਢ ਕੇ ਗੋਲੀ ਚਲਾ ਦਿੱਤੀ।

ਮੌਕੇ 'ਤੇ ਮੌਜੂਦ ਸੁਰੱਖਿਆ ਮੁਲਾਜ਼ਮਾਂ ਨੇ ਭਾਈ ਨਾਰਾਇਣ ਸਿੰਘ ਨੂੰ ਫੜ ਲਿਆ ਅਤੇ ਇਸ ਦੌਰਾਨ ਉਸ ਦਾ ਨਿਸ਼ਾਨਾ ਖੁੰਝ ਗਿਆ। ਸਾਬਕਾ ਉਪ ਮੁੱਖ ਮੰਤਰੀ ਕਿਸੇ ਤਰ੍ਹਾਂ ਬਚ ਗਏ। ਪੁਲਿਸ ਨੇ ਭਾਈ ਨਰਾਇਣ ਸਿੰਘ ਕੋਲੋਂ ਪਿਸਤੌਲ, ਛੇ ਕਾਰਤੂਸ ਅਤੇ ਘਟਨਾ ਸਥਾਨ 'ਤੇ ਡਿੱਗੇ ਇਕ ਖੋਲ ਨੂੰ ਬਰਾਮਦ ਕਰ ਲਿਆ ਸੀ।



ਪੁੱਛਗਿੱਛ 'ਚ ਮੁਲਜ਼ਮ ਨਰਾਇਣ ਸਿੰਘ ਚੌੜਾ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਹ ਬੀਤੇ ਸਮੇਂ 'ਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਸੁਖਬੀਰ ਸਿੰਘ ਬਾਦਲ ਨੂੰ ਦੋਸ਼ੀ ਮੰਨਦਾ ਹੈ। ਇਸ ਲਈ ਉਹ ਉਸ ਤੋਂ ਬਦਲਾ ਲੈਣ ਲਈ ਮੌਕੇ ਦੀ ਭਾਲ ਵਿਚ ਸੀ। ਪੁਲਿਸ ਜਾਂਚ 'ਚ ਸਾਹਮਣੇ ਆਇਆ ਸੀ ਕਿ ਧਾਰਮਿਕ ਸਜ਼ਾ ਸੁਣਾਏ ਜਾਣ ਦੌਰਾਨ ਨਰਾਇਣ ਸਿੰਘ ਚੌੜਾ ਆਪਣੇ ਨਾਲ ਸਾਥੀ ਧਰਮ ਸਿੰਘ ਨਾਲ ਘੁੰਮਦਾ ਰਿਹਾ। ਵਾਰਦਾਤ ਨੂੰ ਅੰਜਾਮ ਦੇਣ ਲਈ ਧਰਮ ਸਿੰਘ ਨੇ ਵੀ ਭੂਮਿਕਾ ਅਦਾ ਕੀਤੀ ਸੀ। ਪੁਲਿਸ ਨੇ ਦੋਵਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਮੁਲਜ਼ਮ ਧਰਮ ਸਿੰਘ ਹਾਲੇ ਤੱਕ ਫ਼ਰਾਰ ਹੈ।

# ਲੁਧਿਆਣਾ ਵਿਚ ਨਾਬਾਲਗ ਕੁੜੀ ਨੂੰ ਪ੍ਰੇਮ ਜਾਲ ਵਿਚ ਫਸਾਕੇ ਸਰੀਰਕ ਸਬੰਧ ਬਣਾਏ

## ✪ ਗਰਭਵਤੀ ਹੋਈ ਤਾਂ ਹੋਇਆ ਫਰਾਰ

ਲੁਧਿਆਣਾ-ਲੁਧਿਆਣਾ ਸਾਹਨੇਵਾਲ ਥਾਣੇ ਅਧੀਨ ਆਉਂਦੇ ਇਕ ਇਲਾਕੇ ਵਿੱਚ ਇੱਕ ਨਾਬਾਲਗ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਬਦਮਾਸ਼ ਨੇ ਪਹਿਲਾਂ ਉਸਨੂੰ ਆਪਣੀ ਦੋਸਤੀ ਦੇ ਜਾਲ ਵਿੱਚ ਫਸਾਇਆ। ਉਸਨੇ ਉਸਨੂੰ ਆਪਣੇ ਕਮਰੇ ਵਿੱਚ ਬੁਲਾਇਆ ਅਤੇ ਕਈ ਵਾਰ ਉਸ ਨਾਲ ਸਰੀਰਕ ਸੰਬੰਧ ਬਣਾਏ। ਕਿਸ਼ੋਰ ਦੇ ਗਰਭਵਤੀ ਹੋਣ ਤੋਂ ਬਾਅਦ, ਦੋਸ਼ੀ ਉਸਨੂੰ ਗਰਭਪਾਤ ਦੀਆਂ ਗੋਲੀਆਂ ਦਿੰਦਾ ਰਿਹਾ ਪਰ ਜਦੋਂ ਕਿਸ਼ੋਰ ਗਰਭ ਅਵਸਥਾ ਦੇ 5ਵੇਂ ਮਹੀਨੇ ਵਿੱਚ ਪਹੁੰਚੀ ਅਤੇ ਉਸਦਾ ਪੇਟ ਫੁੱਲਣ ਲੱਗਾ, ਤਾਂ ਦੋਸ਼ੀ ਭੱਜ ਗਿਆ।

ਪੀੜਤ ਲੜਕੀ ਦੇ ਪਿਤਾ ਨੇ ਪੁਲਿਸ ਨੂੰ ਦੱਸਿਆ ਕਿ ਉਸਦੀ ਧੀ ਨੇ ਉਸਨੂੰ ਦੱਸਿਆ ਕਿ ਦੋਸ਼ੀ ਅੰਸ਼ੂ ਨੇ ਉਸਨੂੰ ਗੱਲਬਾਤ ਵਿੱਚ ਉਲਝਾ ਕੇ ਦੋਸਤੀ ਕੀਤੀ। ਉਸਨੇ ਉਸਨੂੰ ਕਈ ਵਾਰ ਆਪਣੇ ਕਮਰੇ ਵਿੱਚ ਬੁਲਾਇਆ ਸੀ। ਉਸਨੇ ਕਮਰੇ ਵਿੱਚ ਉਸ ਨਾਲ ਕਈ ਵਾਰ ਸਰੀਰਕ ਸਬੰਧ ਬਣਾਏ। ਜਿਸ ਕਾਰਨ ਕਿਸ਼ੋਰ ਗਰਭਵਤੀ ਹੋ ਗਈ। ਇਸ ਵੇਲੇ, ਕਿਸ਼ੋਰ 5 ਮਹੀਨਿਆਂ ਦੀ ਗਰਭਵਤੀ ਹੈ। ਅੰਸ਼ੂ ਨੇ ਲਗਭਗ 3 ਮਹੀਨੇ ਪਹਿਲਾਂ ਆਪਣੀ ਧੀ ਨੂੰ ਗਰਭਪਾਤ ਦੀ ਦਵਾਈ ਵੀ ਦਿੱਤੀ ਸੀ। ਹੁਣ ਦੋਸ਼ੀ ਆਪਣੀ ਧੀ ਨਾਲ ਬਲਾਤਕਾਰ ਕਰਨ ਅਤੇ ਗਰਭਵਤੀ ਕਰਨ ਅਤੇ ਕਮਰਾ ਖਾਲੀ ਕਰਨ ਤੋਂ ਬਾਅਦ ਫਰਾਰ ਹੋ ਗਿਆ ਹੈ। ਇਸ ਮਾਮਲੇ ਵਿੱਚ, ਸਾਹਨੇਵਾਲ ਥਾਣੇ ਦੀ ਪੁਲਿਸ ਨੇ ਦੋਸ਼ੀ ਅੰਸ਼ੂ ਵਿਰੁੱਧ ਪੋਕਸੋ ਐਕਟ ਦੀ ਧਾਰਾ ਤਹਿਤ ਮਾਮਲਾ ਦਰਜ ਕੀਤਾ ਹੈ।

# ਤਰਨ ਤਰਨ ਵਿਖੇ ਪੁਲਿਸ ਅਤੇ ਗੈਂਗਸਟਰਾਂ ਵਿਚਕਾਰ ਹੋਇਆ ਮੁਕਾਬਲਾ

## ✪ ਇਕ ਗੈਂਗਸਟਰ ਜ਼ਖ਼ਮੀ, ਤਿੰਨ ਗੈਂਗਸਟਰ ਕਾਬੂ



ਤਰਨਤਾਰਨ-ਪੰਜਾਬ ਦੇ ਤਰਨਤਾਰਨ ਵਿੱਚ ਇੱਕ ਪੁਲਿਸ ਮੁਕਾਬਲਾ ਹੋਇਆ। ਤਰਨ ਤਰਨ ਦੇ ਪਿੰਡ ਭੁੱਲਰ ਵਿਖੇ ਪੁਲਿਸ ਅਤੇ ਗੈਂਗਸਟਰਾਂ ਵਿਚਕਾਰ ਹੋਏ ਮੁਕਾਬਲੇ ਵਿਚ ਚੱਲੀ ਗੋਲੀ ਦੌਰਾਨ ਇਕ ਗੈਂਗਸਟਰ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਿਸ ਵਲੋਂ ਮੌਕੇ 'ਤੋਂ ਤਿੰਨ ਗੈਂਗਸਟਰਾਂ ਨੂੰ ਕਾਬੂ ਕਰ ਲਿਆ ਗਿਆ। ਜ਼ਖ਼ਮੀ ਗੈਂਗਸਟਰ ਨੂੰ ਤਰਨ ਤਾਰਨ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ।

# 'ਆਪ' ਸਮੇਤ ਸਭ ਸਤਾਧਾਰੀਆਂ ਨੇ ਮੁਫਤ ਦੀਆਂ ਸਕੀਮਾਂ ਤਹਿਤ ਪੰਜਾਬ ਉਜਾੜਿਆ

## ✪ ਭਾਰਤ ਦੀ ਸਰਬਉੱਚ ਅਦਾਲਤ ਮੁਫਤ ਦੀਆਂ ਸਕੀਮਾਂ ਦੇ ਵਿਰੋਧ ਵਿਚ
## ✪ 2024-25 ਵਿਚ 3 ਲੱਖ 53 ਹਜ਼ਾਰ ਕਰੋੜ ਤੋਂ ਪਾਰ ਹੋ ਚੁੱਕਾ ਏ ਪੰਜਾਬ ਉਪਰ ਕਰਜ਼ਾ




ਭਾਰਤ ਦੀ ਸਰਬਉੱਚ ਅਦਾਲਤ ਨੇ ਮੁਫ਼ਤ ਵੰਡੀਆਂ ਜਾ ਰਹੀਆਂ ਸਹੂਲਤਾਂ ਜੋ ਅਸਿੱਧੇ ਰੂਪ ਵਿਚ ਵੋਟਾਂ ਲੈਣ ਲਈ ਜਾਂ ਲਾਭ-ਪਾਤਰੀਆਂ ਦਾ ਵੋਟ ਬੈਂਕ ਖੜ੍ਹਾ ਕਰਨ ਦੀ ਨੀਅਤ ਨਾਲ ਦਿੱਤੀਆਂ ਜਾ ਰਹੀਆਂ ਹਨ, ਬਾਰੇ ਤਿੱਖਾ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ, ਕੀ ਅਸੀਂ 'ਰਿਓੜੀਆਂ' ਦੇ ਕੇ ਲੋਕਾਂ ਨੂੰ ਮੁੱਖਧਾਰਾ ਵਿਚ ਲਿਆਉਣ ਦੀ ਥਾਂ 'ਪਰ-ਜੀਵੀ' ਤਾਂ ਨਹੀਂ ਬਣਾ ਰਹੇ? ਚੰਗੀ ਗਲ ਇਹ ਹੋਵੇਗੀ ਕਿ ਕਿ ਚੋਣਾਂ ਤੋਂ ਪਹਿਲਾਂ ਇਨ੍ਹਾਂ 'ਰਿਓੜੀਆਂ' ਨੂੰ ਰਿਸ਼ਵਤ ਮੰਨ ਕੇ ਸਰਬਉੱਚ ਅਦਾਲਤ ਵਲੋਂ ਇਨ੍ਹਾਂ 'ਤੇ ਰੋਕ ਲਾਉਣ ਦਾ ਫ਼ੈਸਲਾ ਹੋਵੇ।

ਉਂਜ ਸੱਚ ਇਹੀ ਹੈ ਕਿ ਇਸ ਮੁਫ਼ਤਖੋਰੀ ਨੇ ਦੇਸ਼ ਦੇ ਬਹੁਤ ਸਾਰੇ ਲੋਕਾਂ ਨੂੰ ਕੰਮ ਕਰਨ ਜੋਗਾ ਨਹੀਂ ਛੱਡਿਆ ਜਾਂ ਉਨ੍ਹਾਂ ਨੂੰ ਕੰਮ ਕਰਨ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਹੁੰਦੀ। ਅਜਿਹਾ ਜਾਪਦਾ ਹੈ ਕਿ ਰੋਟੀ-ਰੋਜ਼ੀ ਦੀ ਬੇਫ਼ਿਕਰੀ ਨੌਜਵਾਨਾਂ ਨੂੰ ਨਸ਼ੇ ਅਤੇ ਜੁਰਮ ਵੱਲ ਵੀ ਧੱਕ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਵੋਟਾਂ ਲਈ 'ਮੁਫ਼ਤ ਰਿਓੜੀਆਂ' ਦੀ ਪ੍ਰਥਾ ਭਾਰਤ ਵਿਚ 70 ਸਾਲ ਤੋਂ ਸ਼ੁਰੂ ਹੈ। ਇਸ ਦੀ ਸ਼ੁਰੂਆਤ ਕੇ. ਕਾਮਰਾਜ ਨੇ ਮਦਰਾਸ ਦੇ ਮੁੱਖ ਮੰਤਰੀ ਵਜੋਂ 1954-1963 ਵਿਚਕਾਰ ਕੀਤੀ ਸੀ। ਉਨ੍ਹਾਂ ਨੇ ਵਿਦਿਆਰਥੀਆਂ ਲਈ ਮੁਫ਼ਤ ਸਿੱਖਿਆ ਤੇ ਮੁਫ਼ਤ ਭੋਜਨ ਦੀ ਯੋਜਨਾ ਸ਼ੁਰੂ ਕੀਤੀ ਸੀ। ਖ਼ੈਰ ਇਹ ਕਿਸੇ ਹੱਦ ਤੱਕ ਮੁਫ਼ਤਖੋਰੀ ਨਾਲੋਂ ਚੰਗੇ ਭਵਿੱਖ ਦੀ ਯੋਜਨਾ ਸਮਝੀ ਜਾਣੀ ਚਾਹੀਦੀ ਹੈ ਪਰ ਅਸਲੀ ਮੁਫ਼ਤਖੋਰੀ 1967 ਵਿਚ ਡੀ.ਐਮ.ਕੇ. ਦੇ ਸੰਸਥਾਪਕ ਸੀ.ਐਨ. ਅੰਨਾਦੁਰਾਈ ਨੇ ਸ਼ੁਰੂ ਕੀਤੀ, ਜਦੋਂ ਉਨ੍ਹਾਂ ਨੇ ਚੋਣਾਂ ਵਿਚ 1 ਰੁਪਏ ਵਿਚ ਸਾਢੇ 4 ਕਿਲੋ ਚਾਵਲ ਦੇਣ ਵਰਗੇ ਵਾਅਦੇ ਕੀਤੇ। 1980 ਵਿਚ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ.ਟੀ. ਰਾਮਾਰਾਓ ਨੇ 2 ਰੁਪਏ ਵਿਚ ਚਾਵਲ ਦੇਣ ਦੀ ਯੋਜਨਾ ਲਾਗੂ ਕੀਤੀ ਸੀ। 1990 ਵਿਚ ਤਾਂ ਹੱਦ ਹੀ ਹੋ ਗਈ, ਜਦੋਂ ਇਕ ਪਾਸੇ ਏ.ਆਈ.ਏ.ਡੀ.ਐਮ.ਕੇ. ਦੀ ਨੇਤਾ ਜੈਲਲਿਤਾ ਨੇ ਚੋਣਾਂ ਵਿਚ ਮੁਫ਼ਤ ਸਾੜ੍ਹੀ, ਪ੍ਰੈਸ਼ਰ ਕੁੱਕਰ, ਟੈਲੀਵਿਜ਼ਨ ਤੇ ਵਾਸ਼ਿੰਗ ਮਸ਼ੀਨਾਂ ਦੇਣ ਵਰਗੇ ਵਾਅਦੇ ਕੀਤੇ ਤੇ ਦੂਸਰੇ ਪਾਸੇ ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਨੇ 1997 ਵਿਚ ਦੇਸ਼ ਵਿਚ ਸਭ ਤੋਂ ਪਹਿਲਾਂ ਮੁਫ਼ਤ ਬਿਜਲੀ ਦੇਣੀ ਸ਼ੁਰੂ ਕੀਤੀ। 2006 ਵਿਚ ਡੀ.ਐਮ.ਕੇ. ਨੇ ਵੋਟਰਾਂ ਨੂੰ ਰੰਗਦਾਰ ਟੀ.ਵੀ. ਮੁਫ਼ਤ ਦੇਣ ਦਾ ਵਾਅਦਾ ਕੀਤਾ। 2015 ਵਿਚ ਆਮ ਆਦਮੀ ਪਾਰਟੀ ਨੇ ਮੁਫ਼ਤ ਬਿਜਲੀ ਪਾਣੀ ਦੇ ਵਾਅਦੇ ਨਾਲ ਦਿੱਲੀ ਦੀ ਸੱਤਾ 'ਤੇ ਕਬਜ਼ਾ ਕਰ ਲਿਆ। ਪੰਜਾਬ ਵਿਚ 2017 ਵਿਚ ਮੁਫ਼ਤ ਮੋਬਾਈਲ ਫ਼ੋਨ ਤੇ ਹੋਰ ਵਾਅਦਿਆਂ ਨਾਲ ਕਾਂਗਰਸ ਕਾਬਜ਼ ਹੋ ਗਈ।

2022 ਵਿਚ 'ਆਪ' ਪੰਜਾਬ ਵਿਚ ਤੇ ਕਾਂਗਰਸ ਹਿਮਾਚਲ ਪ੍ਰਦੇਸ਼ ਵਿਚ ਮੁਫ਼ਤ ਬਿਜਲੀ ਤੇ ਹੋਰ ਸਹੂਲਤਾਂ ਦੇਣ ਦੇ ਵਾਅਦਿਆਂ ਨਾਲ ਸੱਤਾ ਵਿਚ ਆਈ। ਹਾਲਾਂਕਿ ਪੰਜਾਬ ਵਿਚ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਦੇਣ ਦਾ ਵਾਅਦਾ ਅਜੇ ਪੂਰਾ ਨਹੀਂ ਹੋਇਆ। ਇੱਥੋਂ ਤੱਕ ਕਿ ਦਿੱਲੀ ਵਿਚ ਇਕ ਬੋਤਲ ਸ਼ਰਾਬ ਨਾਲ ਇਕ ਬੋਤਲ ਸ਼ਰਾਬ ਮੁਫ਼ਤ ਦੀਆਂ ਸਕੀਮਾਂ ਵੀ ਚਰਚਾ ਵਿਚ ਰਹੀਆਂ।

**ਪੰਜਾਬ ਟਾਈਮਜ ਅਨੁਸਾਰ ਪੰਜਾਬ ਕੋਲ ਕੋਈ ਜ਼ਿਆਦਾ ਭੂਗੋਲਿਕ ਸਾਧਨ ਜਾਂ ਖਣਿਜ ਪਦਾਰਥ ਵੀ ਨਹੀਂ ਹਨ, ਜਿਨ੍ਹਾਂ ਸਹਾਰੇ ਅਸੀਂ ਚੰਗੀ ਅਰਥ ਵਿਵਸਥਾ ਦੀ ਆਸ ਰੱਖ ਸਕਦੇ ਹਾਂ। ਇਸ ਲਈ ਲੋੜ ਹੈ ਕਿ ਜਨਤਾ ਅਜਿਹੀ ਸਹੀ ਸੋਚ ਵਾਲੀ ਸਰਕਾਰ ਨੂੰ ਚੁਣੇ ਜਿਹੜੀ ਲੋਕਾਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕ ਤੇ ਸਹੂਲਤਾਂ ਮਜ਼ਬੂਤੀ ਨਾਲ ਦੇਵੇ, ਪਰ ਉਨ੍ਹਾਂ ਨੂੰ ਮੁਫ਼ਤਖ਼ੋਰੀ ਦੀ ਅਫ਼ੀਮ ਦਾ ਨਸ਼ਾ ਨਾ ਲਾਵੇ। ਲੋਕਾਂ ਨੂੰ ਵੀ ਸਮਝਣਾ ਪਵੇਗਾ ਕਿ ਮਜ਼ਬੂਤ ਅਰਥਵਿਵਸਥਾ, ਸੰਪੂਰਨ ਰੁਜ਼ਗਾਰ, ਮਜ਼ਬੂਤ ਸਿੱਖਿਆ ਅਤੇ ਸਿਹਤ ਸਹੂਲਤਾਂ ਹੀ ਖ਼ੁਸ਼ਹਾਲ ਜੀਵਨ ਦਾ ਆਧਾਰ ਹਨ ਇਸ ਲਈ ਜੇਕਰ ਪੰਜਾਬ ਦੀ ਆਰਥਿਕਤਾ ਨੂੰ ਜੇ ਬਚਾਉਣਾ ਹੈ ਤਾਂ ਪੈਸਾ ਮੁਫ਼ਤ ਦੀਆਂ ਸਕੀਮਾਂ ਵਿਚ ਨਹੀਂ, ਉਤਪਾਦਕ ਕੰਮਾਂ 'ਤੇ ਲਗਾਉਣ ਦੇ ਉਸਾਰੂ ਕਦਮਾਂ ਦੀ ਜ਼ਰੂਰਤ ਹੈ। ਸਬਸਿਡੀਆਂ ਨੂੰ ਤਰਕਸੰਗਤ ਬਣਾਉਣਾ ਜ਼ਰੂਰੀ ਹੈ। ਨਹੀਂ ਤਾਂ ਪੰਜਾਬ ਹੋਰ ਉਜੜੇਗਾ।**

ਦੁਖਾਂਤਕ ਗੱਲ ਇਹ ਹੈ ਕਿ ਪੰਜਾਬ ਵਿਚ ਮੁਫ਼ਤਖੋਰੀ ਕਰਵਾਉਣ ਵਾਲੀ ਕਿਸੇ ਵੀ ਸਰਕਾਰ ਨੇ ਪੰਜਾਬ ਦੀ ਆਰਥਿਕਤਾ ਦੀ ਗਹਿਰਾਈ ਨਹੀਂ ਮਾਪੀ ਕਿ ਉਹ ਕਿੰਨਾ ਕੁ ਭਾਰ ਸਹਿ ਸਕਦੀ ਹੈ। ਨਤੀਜੇ ਵਜੋਂ ਪੰਜਾਬ ਵਿਚ 2027 ਤੱਕ ਕਰਜ਼ਾ 5 ਲੱਖ 50 ਹਜ਼ਾਰ ਕਰੋੜ ਰੁਪਏ ਹੋਣ ਦੇ ਅੰਦਾਜ਼ੇ ਲਾਏ ਜਾ ਰਹੇ ਹਨ। ਅਸਲ ਵਿਚ ਪੰਜਾਬ ਸਿਰ ਕਰਜ਼ਾ 1984 ਦੇ ਪੰਜਾਬ ਸੰਤਾਪ ਦੌਰ ਦਰਮਿਆਨ ਪੰਜਾਬ ਵਿਚ ਭੇਜੇ ਕੇਂਦਰੀ ਸੁਰੱਖਿਆ ਬਲਾਂ ਦੇ ਖਰਚੇ ਕਾਰਨ ਚੜ੍ਹਨਾ ਸ਼ੁਰੂ ਹੋਇਆ ਸੀ। ਸੰਨ 2000 ਵਿਚ ਪੰਜਾਬ ਸਿਰ ਸਿਰਫ਼ 8500 ਕਰੋੜ ਰੁਪਏ ਦਾ ਕਰਜ਼ਾ ਸੀ, ਜਿਸ ਨੂੰ ਮੁਆਫ਼ ਕਰਨ ਦਾ ਐਲਾਨ ਉਸ ਵੇਲੇ ਦੇ ਪੰਜਾਬੀ ਪ੍ਰਧਾਨ ਮੰਤਰੀ ਆਈ.ਕੇ. ਗੁਜਰਾਲ ਨੇ ਕੀਤਾ ਸੀ ਤੇ ਕੁਝ ਕਿਸ਼ਤਾਂ ਮੁਆਫ਼ ਵੀ ਹੋਈਆਂ ਸਨ ਪਰ ਮੁਫ਼ਤਖੋਰੀ ਦੀਆਂ ਸਕੀਮਾਂ ਸ਼ੁਰੂ ਹੋਣ ਕਾਰਨ ਸੰਨ 2006-07 ਵਿਚ ਪੰਜਾਬ ਸਿਰ ਕਰਜ਼ਾ 40 ਹਜ਼ਾਰ ਕਰੋੜ ਰੁਪਏ ਹੋ ਗਿਆ।

2009-10 ਵਿਚ ਇਹ ਕਰਜ਼ਾ 53 ਹਜ਼ਾਰ ਕਰੋੜ ਰੁਪਏ ਪਾਰ ਕਰ ਗਿਆ। 2014-15 ਵਿਚ ਇਹ ਕਰਜ਼ਾ 88818 ਕਰੋੜ ਰੁਪਏ ਤੇ 2019-20 ਵਿਚ 2 ਲੱਖ 29 ਹਜ਼ਾਰ 354 ਕਰੋੜ ਰੁਪਏ ਹੋ ਗਿਆ। 2021-22 ਵਿਚ 2 ਲੱਖ 61 ਹਜ਼ਾਰ ਕਰੋੜ ਰੁਪਏ ਅਤੇ ਹੁਣ 2024-25 ਵਿਚ 3 ਲੱਖ 53 ਹਜ਼ਾਰ ਕਰੋੜ ਤੋਂ ਪਾਰ ਹੋ ਚੁੱਕਾ ਹੈ। ਅਜੇ ਔਰਤਾਂ ਨੂੰ ਹਰ ਮਹੀਨੇ 1100 ਮੁਫ਼ਤ ਦੇਣ ਦੀ ਸ਼ੁਰੂਆਤ ਹੋਣੀ ਹੈ।

ਜੇ ਅਸਲ ਪੰਜਾਬ ਦੀ ਹਕੀਕਤ ਦੇ ਬਾਰੇ ਜ਼ਮੀਨੀ ਪੱਧਰ 'ਤੇ ਗੱਲ ਕਰੀਏ ਤਾਂ ਜ਼ਿਆਦਾਤਰ ਪੇਂਡੂ ਤੇ ਗ਼ਰੀਬ ਵਸੋਂ ਸਰਕਾਰ ਦੀਆਂ ਮੁਫ਼ਤ ਸਕੀਮਾਂ ਨੂੰ ਹੀ ਪੰਜਾਬ ਦੀ ਤਰੱਕੀ ਸਮਝ ਰਹੀ ਹੈ। ਲੋਕਾਂ ਦੀ ਅਸਲ ਸੋਚ ਨੂੰ ਖੁੰਢੀ ਤੇ ਦਿਸ਼ਾਹੀਣ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਕੰਮ ਕਰਨ ਦੀ ਆਦਤ ਛੁਡ ਕੇ ਮੁਫ਼ਤਖ਼ੋਰ ਬਣਾਇਆ ਜਾ ਰਿਹਾ ਹੈ। ਲੋਕਾਂ ਨੂੰ ਆਪਣੇ ਬੁਨਿਆਦੀ ਹੱਕਾਂ ਤੋਂ ਕੋਹਾਂ ਦੂਰ ਕੀਤਾ ਜਾ ਰਿਹਾ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਜੇ ਆਉਂਦੇ ਸਮੇਂ ਦੌਰਾਨ ਵੀ ਅਜਿਹੀਆਂ ਸਕੀਮਾਂ ਅਤੇ ਵਾਅਦੇ ਜਾਰੀ ਰਹੇ ਤਾਂ ਪੰਜਾਬ ਦੀ ਅਰਥ ਵਿਵਸਥਾ ਦਾ ਕੀ ਬਣੇਗਾ? ਇਹ ਕਿੰਝ ਲੀਹਾਂ ਉੱਪਰ ਆਵੇਗੀ?

# ਨਾਨਕਸਰ ਠਾਠ ਮੁਖੀ ਦੀ ਤੇਜ਼ ਰਫ਼ਤਾਰ ਗੱਡੀ ਨੇ ਸਕੂਟਰ ਨੂੰ ਕੁਚਲਿਆ, ਮਹਿਲਾ ਹਲਾਕ



ਮੋਗਾ-ਇਥੇ ਮੋਗਾ-ਫ਼ਿਰੋਜ਼ਪੁਰ ਕੌਮੀ ਮਾਰਗ ਉੱਤੇ ਦੁਪਹਿਰ ਬਾਅਦ ਥਾਣਾ ਸਦਰ ਨੇੜੇ ਸਕੂਟਰ ਅਤੇ ਨਾਨਕਸਰ ਠਾਠ ਮੁਖੀ ਦੀ ਤੇਜ਼ ਰਫ਼ਤਾਰ ਗੱਡੀ ਦੀ ਭਿਆਨਕ ਟੱਕਰ ਵਿਚ ਸਕੂਟਰ ਸਵਾਰ ਮਹਿਲਾ ਦੀ ਮੌਤ ਹੋ ਗਈ ਅਤੇ ਉਸ ਦਾ ਪਤੀ ਜ਼ਖ਼ਮੀ ਹੋ ਗਿਆ। ਪਤੀ ਨੂੰ ਗੰਭੀਰ ਹਾਲਤ ਕਾਰਨ ਡਾਕਟਰਾਂ ਨੇ ਲੁਧਿਆਣਾ ਡੀਐੱਮਸੀ ਹਸਪਤਾਲ ਰੈਫ਼ਰ ਕਰ ਦਿੱਤਾ ਹੈ।

ਥਾਣਾ ਸਦਰ ਮੁਖੀ ਗੁਰਸੇਵਕ ਸਿੰਘ ਨੇ ਨਾਨਕਸਰ ਠਾਠ ਮੁਖੀ ਬਾਬਾ ਲੱਖਾ ਸਿੰਘ ਦੀ ਗੱਡੀ ਨਾਲ ਇਹ ਹਾਦਸਾ ਵਾਪਰਨ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਗੱਡੀ ਨੂੰ ਉਨ੍ਹਾਂ ਦਾ ਡਰਾਈਵਰ ਚਲਾ ਰਿਹਾ ਸੀ। ਪੁਲੀਸ ਨੇ ਗੱਡੀ ਕਬਜ਼ੇ ਵਿਚ ਲੈ ਲਈ ਹੈ।

ਜਾਣਕਾਰੀ ਮੁਤਾਬਕ ਬਲਕਾਰ ਸਿੰਘ (39) ਪਿੰਡ ਨਿਧਾਂਵਾਲਾ ਆਪਣੀ ਪਤਨੀ ਲਵਜੀਤ ਕੌਰ ਨਾਲ ਮੋਗਾ ਸ਼ਹਿਰ ਤੋਂ ਖ਼ਰੀਦਦਾਰੀ ਕਰ ਕੇ ਵਾਪਸ ਪਿੰਡ ਜਾ ਰਿਹਾ ਸੀ। ਮੋਗਾ-ਫ਼ਿਰੋਜ਼ਪੁਰ ਕੌਮੀ ਮਾਰਗ ਉੱਤੇ ਥਾਣਾ ਸਦਰ ਨੇੜੇ ਉਨ੍ਹਾਂ ਦੇ ਸਕੂਟਰ ਨੂੰ ਨਾਨਕਸਰ ਠਾਠ ਦੀ ਤੇਜ਼ ਰਫ਼ਤਾਰ ਗੱਡੀ ਨੇ ਭਿਆਨਕ ਟੱਕਰ ਮਾਰੀ ਤਾਂ ਸਕੂਟਰ ਸਵਾਰ ਜੋੜਾ ਸੜਕ ਉੱਤੇ ਡਿੱਗ ਪਿਆ ਅਤੇ ਉਨ੍ਹਾਂ ਦੇ ਸਿਰ ਉੱਤੇ ਸੱਟਾਂ ਲੱਗੀਆਂ। ਹਾਦਸੇ ਵਿਚ ਲਵਜੀਤ ਕੌਰ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਬਲਕਾਰ ਸਿੰਘ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਸਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਲੁਧਿਆਣਾ ਰੈਫ਼ਰ ਕਰ ਦਿੱਤਾ।

ਸਦਰ ਪੁਲੀਸ ਨੇ ਨਾਨਕਸਰ ਠਾਠ ਦੀ ਗੱਡੀ ਕਬਜ਼ੇ ਵਿਚ ਲੈ ਲਈ ਹੈ। ਪੁਲੀਸ ਮੁਤਾਬਕ ਬਾਬਾ ਲੱਖਾ ਸਿੰਘ ਗੱਡੀ ਵਿਚ ਸਵਾਰ ਸਨ ਅਤੇ ਗੱਡੀ ਨੂੰ ਉਨ੍ਹਾਂ ਦਾ ਡਰਾਈਵਰ ਚਲਾ ਰਿਹਾ ਸੀ। ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਕੀ ਪੰਜਾਬ ਵਿਚ ਅਜੇ ਸਿਆਸੀ ਰੱਦੋਬਦਲ ਹੋਵੇਗੀ

**ਖਾਸ ਖਬਰ**

## ✪ ਆਪ ਦੀ ਸਰਕਾਰ ਡਿੱਗ ਜਾਵੇਗੀ ? ✪ ਕਾਂਗਰਸ ਅਤੇ ਭਾਜਪਾ ਵਲੋਂ ਕੋਸ਼ਿਸ਼ਾਂ ਜਾਰੀ

ਦਿੱਲੀ ਵਿਚ ਸੱਤਾ ਤੋਂ ਬੇਦਖ਼ਲ ਹੋਈ ਆਮ ਆਦਮੀ ਪਾਰਟੀ ਲਈ ਹੁਣ ਪੰਜਾਬ 'ਚ ਵੀ ਮੁਸ਼ਕਿਲਾਂ ਖੜ੍ਹੀਆਂ ਕਰਨ ਲਈ ਕਾਂਗਰਸ ਅਤੇ ਭਾਜਪਾ ਵਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਡਿੱਗ ਜਾਵੇਗੀ। ਕਾਂਗਰਸ ਦੇ ਸੀਨੀਅਰ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ 30 ਵਿਧਾਇਕ ਕਾਂਗਰਸ ਦੇ ਸੰਪਰਕ ਵਿਚ ਹਨ।

ਕਾਂਗਰਸ ਦੇ ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸੋਮਵਾਰ ਨੂੰ ਦਾਅਵਾ ਕੀਤਾ ਕਿ ਪੰਜਾਬ ਵਿੱਚ ਮੱਧਕਾਲੀ ਚੋਣਾਂ ਹੋ ਸਕਦੀਆਂ ਹਨ ਕਿਉਂਕਿ ਦਿੱਲੀ ਵਿੱਚ ਚੋਣ ਹਾਰ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਵਿਧਾਇਕ ਵੱਡੀ ਗਿਣਤੀ ਵਿੱਚ ਪਾਰਟੀ ਛੱਡ ਦੇਣਗੇ। ਉਨ੍ਹਾਂ ਕਿਹਾ, 'ਕਈ 'ਆਪ' ਵਿਧਾਇਕ ਵੱਖ-ਵੱਖ ਪਾਰਟੀਆਂ ਦੇ ਸੰਪਰਕ ਵਿੱਚ ਹਨ।' ਹਾਲਾਂਕਿ, ਸੁਖਜਿੰਦਰ ਨੇ ਇਹ ਵੀ ਕਿਹਾ ਕਿ ਮੈਂ ਕਾਂਗਰਸ ਹਾਈਕਮਾਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਉਨ੍ਹਾਂ ਦੇ ਵਿਧਾਇਕਾਂ ਤੇ ਮੰਤਰੀਆਂ ਨੂੰ ਆਪਣੇ ਨਾਲ ਲਿਜਾਣ ਤੋਂ ਬਚਣਾ ਚਾਹੀਦਾ ਹੈ।



ਜਦੋਂ ਕਾਂਗਰਸ ਦੇ ਸੰਸਦ ਮੈਂਬਰ ਪ੍ਰਮੋਦ ਤਿਵਾੜੀ ਤੋਂ ਪੁੱਛਿਆ ਗਿਆ ਕਿ, ਕੀ ਆਪ ਦੇ ਵਿਧਾਇਕ ਕਾਂਗਰਸ ਵਿੱਚ ਸ਼ਾਮਲ ਹੋ ਸਕਦੇ ਹਨ। ਇਸ 'ਤੇ ਉਨ੍ਹਾਂ ਕਿਹਾ ਕਿ ਕਾਂਗਰਸ ਕਿਸੇ ਵੀ ਪਾਰਟੀ ਨੂੰ ਤੋੜਨ ਵਿੱਚ ਵਿਸ਼ਵਾਸ ਨਹੀਂ ਰੱਖਦੀ। ਇਹ ਭਾਜਪਾ ਦਾ ਕੰਮ ਹੈ।

ਭਾਜਪਾ ਨੇਤਾ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ 'ਆਪ' ਸਰਕਾਰ ਕਿਸੇ ਵੀ ਸਮੇਂ ਡਿੱਗ ਸਕਦੀ ਹੈ। ਭਾਜਪਾ ਸੰਸਦ ਮੈਂਬਰ ਸੰਜੇ ਜੈਸਵਾਲ ਨੇ ਕਿਹਾ, 'ਅਰਵਿੰਦ ਕੇਜਰੀਵਾਲ ਨੂੰ ਡਰ ਹੈ ਕਿ ਦਿੱਲੀ ਵਾਂਗ ਪੰਜਾਬ ਸਰਕਾਰ ਵੀ ਡਿੱਗ ਸਕਦੀ ਹੈ।'


ਦੂਜੇ ਪਾਸੇ ਭਾਜਪਾ ਨੇ ਪ੍ਰਚਾਰ ਸ਼ੁਰੂ ਕੀਤਾ ਹੈ ਕਿ ਦਿੱਲੀ 'ਚ ਚੋਣਾਂ ਹਾਰਨ ਤੋਂ ਬਾਅਦ ਕੇਜਰੀਵਾਲ ਹੁਣ ਪੰਜਾਬ ਦੇ ਮੁੱਖ ਮੰਤਰੀ ਬਣਨਾ ਚਾਹੁੰਦੇ ਹਨ। ਕਿਹਾ ਜਾ ਰਿਹਾ ਹੈ ਕਿ ਹੁਣ ਉਹ ਪੰਜਾਬ ਮਾਡਲ ਦੀ ਗੱਲ ਕਰਨਗੇ। ਦਿੱਲੀ ਵਿਚ ਉਨ੍ਹਾਂ ਦੇ ਹੱਥ 'ਚ ਪੁਲਿਸ ਅਤੇ ਜ਼ਮੀਨ ਨਹੀਂ ਸੀ। ਹਰ ਮਾਮਲੇ 'ਚ ਉਪ ਰਾਜਪਾਲ ਕੋਲੋਂ ਮਨਜ਼ੂਰੀ ਲੈਣੀ ਪੈਂਦੀ ਸੀ, ਪਰ ਪੰਜਾਬ 'ਚ ਅਜਿਹਾ ਨਹੀਂ ਹੈ। ਉਹ ਉੱਥੇ ਆਪਣਾ ਮਾਡਲ ਬਣਾ ਸਕਦੇ ਹਨ, ਪਰ ਅਸਲ ਵਿਚ ਅਜਿਹਾ ਕੁਝ ਨਹੀਂ ਹੋਣ ਜਾ ਰਿਹਾ ਹੈ।

ਕੇਜਰੀਵਾਲ ਪੰਜਾਬ ਦੇ ਮੁੱਖ ਮੰਤਰੀ ਬਣਨ ਦੀ ਕੋਸ਼ਿਸ਼ ਕਰਨ ਦੀ ਗ਼ਲਤੀ ਨਹੀਂ ਕਰਨਗੇ। ਉਨ੍ਹਾਂ ਨੂੰ ਪਤਾ ਹੈ ਕਿ ਜਿਸ ਤਰ੍ਹਾਂ ਦੀਆਂ ਖਾਲਿਸਤਾਨੀ ਸਰਗਰਮੀਆਂ ਪੰਜਾਬ ਵਿਚ ਉੱਭਰ ਰਹੀਆਂ ਹਨ, ਉਸ ਵਿਚ ਸਿੱਖਾਂ ਤੋਂ ਇਲਾਵਾ ਕੋਈ ਦੂਜਾ ਮੁੱਖ ਮੰਤਰੀ ਕਬੂਲ ਨਹੀਂ ਹੋਵੇਗਾ।

ਜੇਕਰ ਕੇਜਰੀਵਾਲ ਅਜਿਹੀ ਕੋਸ਼ਿਸ਼ ਕਰਨਗੇ ਤਾਂ ਉਨ੍ਹਾਂ ਦੀ ਪਾਰਟੀ ਵਿਚ ਸੰਕਟ ਪੈਦਾ ਹੋ ਜਾਵੇਗਾ। ਇਹ ਗੱਲ ਉਹ ਜਾਣਦੇ ਹਨ। ਜਿੱਥੋਂ ਤੱਕ 30 ਵਿਧਾਇਕਾਂ ਦੇ ਕਾਂਗਰਸ ਦੇ ਸੰਪਰਕ ਵਿਚ ਹੋਣ ਦੀ ਗੱਲ ਹੈ, ਤਾਂ ਇਹ ਇਕ ਮਨੋਵਿਗਿਆਨਕ ਦਾਅ ਹੈ। ਪੰਜਾਬ 'ਚ ਆਮ ਆਦਮੀ ਪਾਰਟੀ ਦੇ ਸਾਰੇ 92 ਵਿਧਾਇਕ ਪੂਰੀ ਤਰ੍ਹਾਂ ਇਕਜੁੱਟ ਹਨ। ਜੇਕਰ 30 ਵਿਧਾਇਕ ਵੱਖਰੇ ਵੀ ਹੁੰਦੇ ਹਨ ਤਾਂ ਸਰਕਾਰ ਨਹੀਂ ਡਿਗੇਗੀ, ਉਲਟਾਂ ਵੱਖ ਹੋਣ ਵਾਲੇ ਵਿਧਾਇਕਾਂ ਦੀ ਮੈਂਬਰਸ਼ਿਪ ਖ਼ਤਰੇ ਵਿਚ ਆ ਜਾਵੇਗੀ।

-ਮਾਮਲਾ ਕਿਤਾਬ ਵਿੱਚ ਮੂਸੇਵਾਲਾ ਦੇ ਪਰਿਵਾਰ ਵਿਰੁੱਧ ਮਾਣਹਾਨੀ ਦਾ-

## ਲੇਖਕ ਨੂੰ ਮਿਲੀ ਅਗਾਊਂ ਜ਼ਮਾਨਤ



ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਿੱਧੂ ਮੂਸੇਵਾਲਾ ਦੇ ਜੀਵਨ 'ਤੇ ਆਧਾਰਿਤ ਕਿਤਾਬ ਦੇ ਲੇਖਕ ਨੂੰ ਮਾਣਹਾਨੀ ਦੇ ਇੱਕ ਮਾਮਲੇ ਵਿੱਚ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਮੂਸੇਵਾਲਾ ਦੇ ਪਿਤਾ ਵੱਲੋਂ ਲੇਖਕ ਮਨਜਿੰਦਰ ਸਿੰਘ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਗਈ ਸੀ, ਜਿਸਨੇ 'ਦਿ ਰੀਅਲ ਰੀਜ਼ਨ ਵ੍ਹਾਈ ਦ ਲੈਜੇਂਡ ਡਾਈਡ' ਨਾਮਕ ਕਿਤਾਬ ਲਿਖੀ ਸੀ। ਉਸਦੇ ਪਿਤਾ ਬਲਕੌਰ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ, ਮਨਜਿੰਦਰ ਸਿੰਘ 'ਤੇ ਮਾਮਲਾ ਦਰਜ ਕੀਤਾ ਗਿਆ ਸੀ। ਇਹ ਦੋਸ਼ ਹੈ ਕਿ ਕਿਤਾਬ ਵਿੱਚ ਮੂਸੇਵਾਲਾ ਦੇ ਪਰਿਵਾਰ ਵਿਰੁੱਧ ਮਾਣਹਾਨੀ ਵਾਲੀ ਸਮੱਗਰੀ ਹੈ। ਜਸਟਿਸ ਸੰਦੀਪ ਮੌਦਗਿਲ ਨੇ ਕਿਹਾ ਕਿ ਲੇਖਕ ਨੂੰ ਅਗਾਊਂ ਜ਼ਮਾਨਤ ਨਾ ਦੇਣ ਦਾ ਕੋਈ ਠੋਸ ਕਾਰਨ ਨਹੀਂ ਹੈ ਕਿਉਂਕਿ ਇਹ ਕਿਤਾਬ ਸਿੱਧੂ ਮੂਸੇਵਾਲਾ ਨੂੰ ਸ਼ਰਧਾਂਜਲੀ ਦੇਣ ਲਈ ਲਿਖੀ ਗਈ ਹੈ। ਇਸ ਵਿੱਚ ਨਾ ਤਾਂ ਕਿਸੇ ਦੀ ਬੌਧਿਕ ਸੰਪਤੀ ਚੋਰੀ ਹੋਈ ਹੈ ਅਤੇ ਨਾ ਹੀ ਕੋਈ ਗੰਭੀਰ ਅਪਰਾਧ ਹੋਇਆ ਹੈ।

## ਮਹਿਲਾ ਏਐੱਸਆਈ ਤੇ ਦਲਾਲ 40,000 ਰੁਪਏ ਰਿਸ਼ਵਤ ਲੈਂਦੇ ਵਿਜੀਲੈਂਸ ਨੇ ਫੜਿਆ



ਅੰਮ੍ਰਿਤਸਰ-ਪੰਜਾਬ ਵਿਜੀਲੈਂਸ ਬਿਊਰੋ ਨੇ ਚਲਾਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੌਰਾਨ ਈਵੀਐਸ ਸਾਊਥ ਅੰਮ੍ਰਿਤਸਰ ਵਿਖੇ ਤਾਇਨਾਤ ਇੱਕ ਸਹਾਇਕ ਸਬ ਇੰਸਪੈਕਟਰ (ਏਐਸਆਈ) ਗੁਰਮੀਤ ਕੌਰ ਅਤੇ ਉਸਦੇ ਸਾਥੀ ਹਰਪ੍ਰੀਤ ਸਿੰਘ, ਜੋ ਕਿ ਇੱਕ ਵਿਅਕਤੀ ਹੈ, ਨੂੰ 40,000 ਰੁਪਏ ਦੀ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਉਪਰੋਕਤ ਮੁਲਜ਼ਮਾਂ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਬਾਬਾ ਬਕਾਲਾ ਦੇ ਪਿੰਡ ਵਜ਼ੀਰ ਭੁੱਲਰ ਦੇ ਵਸਨੀਕ ਸਿਕੰਦਰ ਸਿੰਘ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

## ਐਸਐਚਓ ਨੇ ਕਬਾੜ ਡੀਲਰ ਤੋਂ ਮੰਗੇ ਜਬਰੀ 5 ਲੱਖ

### ✪ ਪਤਨੀ ਤੇ ਬੱਚਿਆਂ ਨੂੰ ਗੈਰ-ਕਾਨੂੰਨੀ ਹਿਰਾਸਤ ਵਿਚ ਰਖਿਆ

ਫਰੀਦਕੋਟ-ਇੱਕ ਮਾਮਲਾ ਸਾਹਮਣੇ ਆਇਆ ਹੈ ਜਿਸ ਵਿੱਚ ਜ਼ਿਲ੍ਹੇ ਦੇ ਥਾਣਾ ਸਾਦਿਕ ਦੇ ਐਸਐਚਓ ਅਤੇ ਉਸਦੇ ਦੋ ਬੰਦੂਕਧਾਰੀਆਂ ਨੇ ਲੁਧਿਆਣਾ ਨਿਵਾਸੀ ਕਬਾੜ ਡੀਲਰ ਅਤੇ ਉਸਦੇ ਪਰਿਵਾਰ ਨੂੰ ਮਾਮਲਾ ਦਰਜ ਕਰਨ ਦੀ ਧਮਕੀ ਦਿੱਤੀ ਅਤੇ ਉਨ੍ਹਾਂ ਤੋਂ 2 ਲੱਖ ਰੁਪਏ ਦੀ ਰਿਸ਼ਵਤ ਲਈ।



ਇਸ ਸਬੰਧੀ ਐਸਐਸਪੀ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਸਕ੍ਰੈਪ ਡੀਲਰ ਅਨਮੋਲ ਸਿੰਘ, ਵਾਸੀ ਜਮਾਲਪੁਰ, ਲੁਧਿਆਣਾ ਦੀ ਪਤਨੀ ਪੱਲਵੀ ਨੇ ਜ਼ਿਲ੍ਹਾ ਪੁਲਿਸ ਨਾਲ ਸੰਪਰਕ ਕਰ ਕੇ ਸ਼ਿਕਾਇਤ ਦਰਜ ਕਰਵਾਈ ਸੀ। ਜਿਸ ਅਨੁਸਾਰ 12 ਫਰਵਰੀ ਨੂੰ ਉਪਰੋਕਤ ਅਨਮੋਲ ਸਿੰਘ ਦਾ ਨਾਮ ਇੱਕ ਚੋਰੀ ਦੇ ਮਾਮਲੇ ਵਿੱਚ ਸਾਹਮਣੇ ਆਇਆ ਸੀ ਅਤੇ ਸਾਦਿਕ ਪੁਲਿਸ ਸਟੇਸ਼ਨ ਨੇ ਉਸ ਤੋਂ ਕੁਝ ਚੋਰੀ ਦਾ ਸਾਮਾਨ ਵੀ ਬਰਾਮਦ ਕੀਤਾ ਸੀ।

ਇਸ ਤੋਂ ਬਾਅਦ, ਥਾਣਾ ਸਾਦਿਕ ਦੀ ਇੰਚਾਰਜ ਸਬ-ਇੰਸਪੈਕਟਰ ਜੋਗਿੰਦਰ ਕੌਰ ਅਤੇ ਉਨ੍ਹਾਂ ਦੇ ਗੰਨਮੈਨ ਕਾਂਸਟੇਬਲ ਸ਼ੇਰ ਸਿੰਘ ਅਤੇ ਲਖਵੀਰ ਸਿੰਘ ਨੇ ਇਸ ਸਬੰਧ ਵਿੱਚ ਉਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਉਸਨੇ ਉਕਤ ਸਕ੍ਰੈਪ ਡੀਲਰ ਨੂੰ ਉਸ ਦੇ ਖ਼ਿਲਾਫ਼ ਕੇਸ ਦਰਜ ਕਰਨ ਦੀ ਧਮਕੀ ਦਿੱਤੀ ਅਤੇ 5 ਲੱਖ ਰੁਪਏ ਦੀ ਰਿਸ਼ਵਤ ਮੰਗੀ। ਇੰਨਾ ਹੀ ਨਹੀਂ, ਕਬਾੜ ਡੀਲਰ ਦੀ ਪਤਨੀ ਅਤੇ ਬੱਚੇ ਨੂੰ ਵੀ ਉਨ੍ਹਾਂ ਨੇ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਅਤੇ ਉਸ ਤੋਂ 2 ਲੱਖ ਰੁਪਏ ਦੀ ਰਿਸ਼ਵਤ ਲੈ ਕੇ, ਕਬਾੜ ਡੀਲਰ ਦੀ ਪਤਨੀ ਅਤੇ ਬੱਚੇ ਨੂੰ ਛੱਡ ਦਿੱਤਾ। ਜਦੋਂ ਕਿ ਸਕ੍ਰੈਪ ਡੀਲਰ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਸੀ।

ਐਸਐਸਪੀ ਨੇ ਕਿਹਾ ਕਿ ਉਕਤ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਮੌਜੂਦਾ ਅਕਾਲੀ ਤੇ ਪੰਥਕ ਸੰਕਟ ਦਾ ਹੱਲ ਕੀ ਹੋਵੇ ?

## ✪ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਬਰਖ਼ਾਸਤਗੀ ਬਾਅਦ ਪੰਥਕ ਹਲਕਿਆਂ ਵਿਚ ਤਿਖੀ ਬਹਿਸ ਛਿੜੀ



ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕਰਨ ਮਗਰੋਂ ਇੱਕ ਵਾਰ ਮੁੜ ਸਿੱਖ ਜਗਤ ਵੀਚ ਮੰਗ ਉੱਠੀ ਹੈ ਕਿ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ, ਕਾਰਜ ਖੇਤਰ ਤੇ ਸੇਵਾਵਾਂ ਆਦਿ ਬਾਰੇ ਨਿਯਮ ਬਣਾਏ ਜਾਣ। ਜਥੇਦਾਰਾਂ ਸਬੰਧੀ ਇਹ ਵਿਧੀ ਵਿਧਾਨ ਬਣਾਉਣ ਦੀ ਮੰਗ ਅੱਜ ਨਹੀਂ ਲਗਪਗ ਦੋ ਦਹਾਕੇ ਪਹਿਲਾਂ ਉਸ ਵੇਲੇ ਉੱਭਰੀ ਸੀ, ਜਦੋਂ ਸਭ ਤੋਂ ਪਹਿਲਾਂ ਜਥੇਦਾਰ ਗਿਆਨੀ ਰਣਜੀਤ ਸਿੰਘ ਨੂੰ ਜਬਰੀ ਸੇਵਾਮੁਕਤ ਕੀਤਾ ਗਿਆ ਅਤੇ ਉਨ੍ਹਾਂ ਤੋਂ ਬਾਅਦ ਗਿਆਨੀ ਪੂਰਨ ਸਿੰਘ ਨੂੰ ਇਸੇ ਢੰਗ ਤਰੀਕੇ ਨਾਲ ਸੇਵਾਵਾਂ ਖ਼ਤਮ ਕੀਤੀਆਂ ਗਈਆਂ। ਉਸ ਵੇਲੇ ਨਵੇਂ ਨਿਯੁਕਤ ਹੋਏ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਹੁਕਮ ਕੀਤਾ ਸੀ ਕਿ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ, ਕਾਰਜ ਖੇਤਰ ਤੇ ਹੋਰ ਮਾਮਲਿਆਂ ਸਬੰਧੀ ਵਿਧੀ ਵਿਧਾਨ ਤਿਆਰ ਕੀਤਾ ਜਾਵੇ। ਉਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਵਿਦਵਾਨਾਂ ਦੀ ਇੱਕ ਕਮੇਟੀ ਕਾਇਮ ਕੀਤੀ ਗਈ ਸੀ ਪਰ ਇਹ ਕਮੇਟੀ ਇੱਕ ਮੀਟਿੰਗ ਕਰਨ ਤੋਂ ਇਲਾਵਾ ਹੋਰ ਕੁਝ ਵੀ ਕਰਨ ਵਿਚ ਸ.ਫਲ ਨਹੀਂ ਹੋ ਸਕੀ। ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਰਹੇ ਦਿਲਮੇਘ ਸਿੰਘ ਨੇ ਦੱਸਿਆ ਕਿ ਇਸ ਕਮੇਟੀ ਵਿੱਚ ਉਨ੍ਹਾਂ ਤੋਂ ਇਲਾਵਾ ਹੋਰ ਕਈ ਸਿੱਖ ਸ਼ਖਸੀਅਤਾਂ ਸ਼ਾਮਲ ਸਨ। ਉਨ੍ਹਾਂ ਨੇ ਸਿੱਖ ਸੰਸਥਾਵਾਂ ਅਤੇ ਸ਼ਖਸੀਅਤਾਂ ਕੋਲੋਂ ਇਸ ਸਬੰਧੀ ਸੁਝਾਅ ਲੈਣ ਲਈ ਇੱਕ ਈਮੇਲ ਵੀ ਤਿਆਰ ਕੀਤੀ ਸੀ। ਇਸ ਕਮੇਟੀ ਦੀ ਇੱਕ ਮੀਟਿੰਗ ਆਨੰਦਪੁਰ ਸਾਹਿਬ 'ਚ ਹੋਈ ਸੀ ਪਰ ਇਸ ਤੋਂ ਬਾਅਦ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋਈ ਅਤੇ ਕੰਮ ਵਿਚਾਲੇ ਰਹਿ ਗਿਆ।

ਪਿਛਲੇ ਸਮੇਂ ਵਿਚ ਸ਼੍ਰੋਮਣੀ ਕਮੇਟੀ ਦੀ ਘਟੀ ਤਾਕਤ ਨੇ ਸਿੱਖਾਂ ਨੂੰ ਹਰ ਖੇਤਰ ਵਿਚ ਕਮਜ਼ੋਰ ਕੀਤਾ ਹੈ। ਇਸ ਕਾਰਣ ਕੇਂਦਰ ਤੇ ਪੰਜਾਬ ਸਰਕਾਰ ਸਿੱਖ ਮਸਲਿਆਂ ਬਾਰੇ ਸੁਣਵਾਈ ਨਹੀਂ ਕਰਦੀ। ਸਿੱਖਾਂ ਦੇ ਬਹੁਤ ਸਾਰੇ ਮਸਲੇ ਸਿਰਫ ਇਸ ਗੱਲ ਨਾਲ ਹੀ ਹੱਲ ਹੋ ਸਕਦੇ ਹਨ, ਜੇਕਰ ਸ਼੍ਰੋਮਣੀ ਕਮੇਟੀ ਇਕ ਤਾਕਤਵਰ ਤੇ ਬਾ-ਵੱਕਾਰ ਸੰਸਥਾ ਹੋਵੇ। ਇਸ ਦਾ ਇਕੋ-ਇਕ ਹੱਲ ਇਹੀ ਦਿਖਾਈ ਦਿੰਦਾ ਹੈ ਕਿ ਸਿੱਖ ਆਲ ਇੰਡੀਆ ਗੁਰਦੁਆਰਾ ਐਕਟ ਬਨਾਉਣ ਵੱਲ ਉਦਮ ਕਰਨੇ। ਬੇਸ਼ੱਕ ਅੱਜ ਦੀਆਂ ਰਾਜਨੀਤਕ ਹਾਲਤਾਂ ਤੇ ਹੁਕਮਰਾਨ ਪਾਰਟੀ ਦੀ ਸੋਚ ਦੇ ਚਲਦਿਆਂ ਇਹ ਕੋਈ ਸੌਖਾ ਕੰਮ ਨਹੀਂ ਹੈ, ਪਰ ਜੇ ਸਿੱਖ ਇਹ ਨਿਸ਼ਚਾ ਕਰ ਲੈਣ ਤਾਂ ਸਰਕਾਰ ਸਿੱਖਾਂ ਦੀ ਇਹ ਮੰਗ ਮੰਨਣ ਲਈ ਮਜਬੂਰ ਹੋਵੇਗੀ।

ਹੁਣ ਤੱਕ ਆਲ ਇੰਡੀਆ ਗੁਰਦੁਆਰਾ ਐਕਟ ਦੇ ਕਈ ਖਰੜੇ ਬਣ ਚੁੱਕੇ ਹਨ ਤੇ ਇਸ ਨੂੰ ਬਣਨ ਤੋਂ ਰੋਕਣ ਲਈ ਅਕਾਲੀ ਦਲ ਦੇ ਆਗੂਆਂ ਦੀ ਦਿਲਚਸਪੀ ਨਾ ਹੋਣਾ ਤੇ ਉਨ੍ਹਾਂ ਦੇ ਆਪਣੇ ਹਿਤ ਵੀ ਜ਼ਿਆਦਾ ਜ਼ਿੰਮੇਵਾਰ ਹਨ। ਸਭ ਤੋਂ ਆਖਰੀ ਖਰੜਾ ਸ਼ਾਇਦ ਜਸਟਿਸ ਕੇ.ਐੱਸ. ਟਿਵਾਣਾ ਦੀ ਅਗਵਾਈ ਵਾਲੇ 7 ਮੈਂਬਰੀ ਪੈਨਲ ਨੇ ਬਣਾਇਆ ਸੀ। ਇਸ ਉਪਰ ਵਿਚਾਰ ਕਰਕੇ ਅਗਲੀ ਰਣਨੀਤੀ ਖਾਲਸਾ ਪੰਥ ਨੂੰ ਸਾਂਝੇ ਤੌਰ ਉਪਰ ਉਲੀਕਣ ਦੀ ਜ਼ਰੂਰਤ ਹੈ।

ਹਰ ਰਾਜ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਣੀ ਚਾਹੀਦੀ ਹੈ ਤੇ ਉਨ੍ਹਾਂ ਰਾਜਾਂ ਵਿਚਲੇ ਸਿੱਖਾਂ ਦੀ ਗਿਣਤੀ ਅਨੁਸਾਰ ਉਨ੍ਹਾਂ ਰਾਜ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਚੁਣੇ ਪ੍ਰਤੀਨਿਧਾਂ ਦੀ ਇਕ ਸਾਂਝੀ ਸ਼੍ਰੋਮਣੀ ਕਮੇਟੀ ਬਣੇ। ਹੋ ਸਕੇ ਤਾਂ ਬਾਕੀ ਦੇਸ਼ਾਂ ਜਿੱਥੇ ਸਿੱਖਾਂ ਦੀ ਵੱਡੀ ਗਿਣਤੀ ਵਸਦੀ ਹੈ, ਨੂੰ ਵੀ ਕਿਸੇ ਵਿਧਾਨਕ ਤਰੀਕੇ ਨਾਲ ਇਸ ਵਿਚ ਦਰਸ਼ਕਾਂ ਵਜੋਂ ਪ੍ਰਤੀਨਿਧਤਾ ਦਿੱਤੀ ਜਾਵੇ ਤੇ ਇਸ ਦਾ ਖ਼ਾਕਾ ਪੂਰੀ ਤਰ੍ਹਾਂ ਫੈਡਰਲ (ਸੰਘਾਤਮਿਕ) ਬਣਾਇਆ ਜਾਵੇ। ਇਸ ਬਾਰੇ ਸਾਰੀਆਂ ਸਿੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ, ਸਿੱਖ ਚਿੰਤਕਾਂ, ਪ੍ਰਮੁੱਖ ਸਿੱਖ ਵਕੀਲਾਂ ਤੇ ਸੇਵਾਮੁਕਤ ਜੱਜਾਂ ਅਤੇ ਸਿੱਖ ਵਿਦਵਾਨਾਂ ਦੀ ਸਲਾਹ ਲਈ ਜਾ ਸਕਦੀ ਹੈ ਤੇ ਸਮੇਂ ਦੇ ਹਾਣ ਦਾ ਨਵਾਂ ਖਰੜਾ ਪੇਸ਼ ਕੀਤਾ ਜਾ ਸਕਦਾ ਹੈ। ਅਜਿਹੀ ਨਵੀਂ ਵਿਵਸਥਾ ਵਿਚ ਹੀ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਦੀਆਂ ਸ਼ਰਤਾਂ, ਤਰੀਕੇ, ਯੋਗਤਾ ਤੋਂ ਇਲਾਵਾ ਉਨ੍ਹਾਂ ਦਾ ਕਾਰਜ ਖੇਤਰ, ਅਧਿਕਾਰ, ਫ਼ਰਜ਼, ਤਾਕਤਾਂ ਅਤੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦਾ ਵਿਧੀ ਵਿਧਾਨ ਸ਼ਾਮਿਲ ਕੀਤਾ ਜਾ ਸਕਦਾ ਹੈ। ਅਕਾਲ ਤਖਤ ਸਾਹਿਬ ਤੇ ਬਾਕੀ ਤਖਤਾਂ ਦੀ ਚੋਣ ਦੇ ਸਿਸਟਮ ਅਤੇ ਯੋਗਤਾਵਾਂ ਬਾਰੇ ਨੀਤੀ ਬਣਾਉਣ ਦੀ ਲੋੜ ਹੈ।

ਗਰਮ ਖਿਆਲੀ ਸਿੱਖ ਜਥੇਬੰਦੀ ਦਲ ਖਾਲਸਾ ਨੇ ਇਸ ਮਾਮਲੇ ਵਿੱਚ ਆਪਣੇ ਤੌਰ 'ਤੇ ਉਪਰਾਲਾ ਕੀਤਾ ਸੀ। ਉਨ੍ਹਾਂ ਵੱਖ-ਵੱਖ ਥਾਵਾਂ 'ਤੇ ਸੈਮੀਨਾਰ ਕੀਤੇ ਅਤੇ ਸਿੱਖ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗਾਂ ਕਰ ਕੇ ਸੁਝਾਅ ਲਏ ਅਤੇ ਉਸ ਤੋਂ ਬਾਅਦ ਇੱਕ ਖਰੜਾ ਵੀ ਤਿਆਰ ਕੀਤਾ। ਜਿਸ ਨੂੰ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੌਂਪਿਆ ਗਿਆ ਸੀ। ਇਸ ਮਾਮਲੇ ਨੂੰ ਵੀ ਠੰਢੇ ਬਸਤੇ ਪਾ ਦਿੱਤਾ ਗਿਆ। ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਜਲਦੀ ਹੀ ਹਮਖਿਆਲ ਜਥੇਬੰਦੀਆਂ ਤੇ ਸਿੱਖ ਚਿੰਤਕਾਂ ਨਾਲ ਸਲਾਹ ਮਸ਼ਵਰਾ ਕਰਕੇ ਇੱਕ ਸਿੱਖ ਸੰਮੇਲਨ ਸੱਦਿਆ ਜਾਵੇਗਾ ਤਾਂ ਜੋ ਇਸ ਬਾਰੇ ਇੱਕ ਕੌਮੀ ਸਾਂਝੀ ਰਾਏ ਬਣਾਈ ਜਾ ਸਕੇ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਨੇ ਆਖਿਆ ਕਿ ਜਦੋਂ ਤੱਕ ਇਸ ਸਬੰਧੀ ਨਿਯਮ ਨਹੀਂ ਬਣਾਏ ਜਾਣਗੇ, ਜਥੇਦਾਰਾਂ ਨਾਲ ਇਹੀ ਵਰਤਾਰਾ ਹੁੰਦਾ ਰਹੇਗਾ। ਉਨ੍ਹਾਂ ਆਖਿਆ ਕਿ ਇਹ ਨਿਯਮ ਅਤੇ ਵਿਧੀ ਵਿਧਾਨ ਘੜਨ ਦੀ ਵਧੇਰੇ ਲੋੜ ਹੈ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਵੀ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ, ਕਾਰਜ ਖੇਤਰ ਬਾਰੇ ਨੇਮ ਅਤੇ ਵਿਧੀ ਵਿਧਾਨ ਬਣਾਉਣ ਸਬੰਧੀ ਹਾਮੀ ਭਰ ਚੁੱਕੇ ਹਨ। ਇਸੇ ਤਰ੍ਹਾਂ ਹੋਰ ਵੀ ਸਿੱਖ ਜਥੇਬੰਦੀਆਂ ਇਸ ਹੱਕ ਵਿੱਚ ਹਨ ਕਿ ਜਥੇਦਾਰਾਂ ਦੇ ਸਬੰਧ ਵਿੱਚ ਵਿਧੀ ਵਿਧਾਨ ਹੋਣਾ ਚਾਹੀਦਾ ਹੈ।

# ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਹਮਲਾ ਕਰਨ ਦੀ ਤਿਆਰੀ ਵਿਚ ਇਜ਼ਰਾਈਲ, ਸਮਾਂ ਵੀ ਹੋ ਗਿਆ ਤੈਅ !

## ✪ ਅਮਰੀਕੀ ਖੁਫੀਆ ਰਿਪੋਰਟ ਨੇ ਹੰਗਾਮਾ ਮਚਾਇਆ

ਇਜ਼ਰਾਈਲੀ ਫੌਜ ਈਰਾਨ ਦੇ ਪ੍ਰਮਾਣੂ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ ਅਤੇ ਉਹ ਇਸ ਯੋਜਨਾ 'ਤੇ ਮੌਜੂਦਾ ਸਾਲ ਵਿੱਚ ਹੀ ਅੱਗੇ ਵਧ ਸਕਦੀ ਹੈ। ਅਮਰੀਕੀ ਖੁਫੀਆ ਏਜੰਸੀਆਂ ਦਾ ਮੰਨਣਾ ਹੈ ਕਿ ਇਜ਼ਰਾਈਲ ਈਰਾਨ ਦੇ ਪ੍ਰਮਾਣੂ ਸਥਾਨਾਂ 'ਤੇ ਵੱਡੇ ਹਮਲੇ ਦੀ ਤਿਆਰੀ ਕਰ ਰਿਹਾ ਹੈ। ਇਹ ਦਾਅਵਾ ਅਮਰੀਕੀ ਅਖ਼ਬਾਰ 'ਵਾਲ ਸਟਰੀਟ ਜਰਨਲ' ਨੇ ਅਮਰੀਕੀ ਖੁਫੀਆ ਅਧਿਕਾਰੀਆਂ ਦੇ ਹਵਾਲੇ ਨਾਲ ਕਈ ਰਿਪੋਰਟਾਂ ਵਿੱਚ ਕੀਤਾ ਹੈ। ਇਜ਼ਰਾਈਲ ਨੂੰ ਲੱਗਦਾ ਹੈ ਕਿ ਇੱਕ ਪਾਸੇ ਈਰਾਨ ਕਮਜ਼ੋਰ ਸਥਿਤੀ ਵਿੱਚ ਹੈ ਅਤੇ ਦੂਜੇ ਪਾਸੇ ਡੋਨਾਲਡ ਟਰੰਪ ਤੋਂ ਹੋਰ ਸਮਰਥਨ ਦੀ ਉਮੀਦ ਕੀਤੀ ਜਾ ਸਕਦੀ ਹੈ। ਆਉਣ ਵਾਲੇ ਸਮੇਂ ਵਿੱਚ ਇਸ ਰਿਪੋਰਟ 'ਤੇ ਈਰਾਨ ਦੀ ਪ੍ਰਤੀਕਿਰਿਆ ਵੀ ਦੇਖੀ ਜਾ ਸਕਦੀ ਹੈ।



ਰਿਪੋਰਟ ਦੇ ਅਨੁਸਾਰ ਸਭ ਤੋਂ ਪਹਿਲਾਂ ਇਹ ਵਿਸ਼ਲੇਸ਼ਣ ਅਮਰੀਕੀ ਖੁਫੀਆ ਏਜੰਸੀਆਂ ਦੁਆਰਾ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਦੇ ਕਾਰਜਕਾਲ ਦੇ ਆਖਰੀ ਮਹੀਨੇ ਵਿੱਚ ਤਿਆਰ ਕੀਤਾ ਗਿਆ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲ ਇਸ ਵੇਲੇ ਈਰਾਨ ਦੀਆਂ ਹਾਲੀਆ ਕਮਜ਼ੋਰੀਆਂ ਦਾ ਫਾਇਦਾ ਉਠਾਉਣਾ ਚਾਹੁੰਦਾ ਹੈ। ਇਸ ਤੋਂ ਬਾਅਦ, ਟਰੰਪ ਪ੍ਰਸ਼ਾਸਨ ਦੇ ਸ਼ੁਰੂਆਤੀ ਦਿਨਾਂ ਵਿੱਚ ਵੀ ਅਜਿਹਾ ਹੀ ਵਿਸ਼ਲੇਸ਼ਣ ਕੀਤਾ ਸੀ। ਉਸ ਸਮੇਂ ਵੀ ਇਹੀ ਸਿੱਟਾ ਕੱਢਿਆ ਗਿਆ ਸੀ ਕਿ 2025 ਵਿੱਚ ਇਜ਼ਰਾਈਲ ਵੱਲੋਂ ਈਰਾਨ ਉੱਤੇ ਹਮਲਾ ਹੋ ਸਕਦਾ ਹੈ। ਦਰਅਸਲ, ਅਮਰੀਕਾ ਅਤੇ ਇਜ਼ਰਾਈਲ ਲੰਬੇ ਸਮੇਂ ਤੋਂ ਕਹਿ ਰਹੇ ਹਨ ਕਿ ਈਰਾਨ ਪ੍ਰਮਾਣੂ ਬੰਬ ਬਣਾਉਣ ਵੱਲ ਵਧ ਰਿਹਾ ਹੈ ਅਤੇ ਇਸਨੂੰ ਰੋਕਣਾ ਜ਼ਰੂਰੀ ਹੈ।

ਇਜ਼ਰਾਈਲ ਦਾ ਮੰਨਣਾ ਹੈ ਕਿ ਡੋਨਾਲਡ ਟਰੰਪ ਸਾਬਕਾ ਰਾਸ਼ਟਰਪਤੀ ਬਿਡੇਨ ਨਾਲੋਂ ਅਜਿਹੇ ਹਮਲਿਆਂ ਵਿੱਚ ਸ਼ਾਮਲ ਹੋਣ ਲਈ ਵਧੇਰੇ ਤਿਆਰ ਹੋਣਗੇ। ਇਜ਼ਰਾਈਲ ਲਈ ਅਮਰੀਕੀ ਸਮਰਥਨ ਮਹੱਤਵਪੂਰਨ ਹੈ ਕਿਉਂਕਿ ਉਸਨੂੰ ਅਜਿਹੇ ਹਮਲਿਆਂ ਲਈ ਅਮਰੀਕੀ ਹਥਿਆਰਾਂ ਦੀ ਜ਼ਰੂਰਤ ਹੋਏਗੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲ ਨੂੰ ਡਰ ਹੈ ਕਿ ਈਰਾਨ ਨੂੰ ਪਰਮਾਣੂ ਬੰਬ ਬਣਾਉਣ ਤੋਂ ਰੋਕਣ ਲਈ ਸਮਾਂ ਖਤਮ ਹੁੰਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਹਮਲਾ ਇਸ ਸਾਲ ਹੀ ਕੀਤਾ ਜਾਣਾ ਚਾਹੀਦਾ ਹੈ।

ਦੋ ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਵਿਸ਼ਲੇਸ਼ਣ ਤੋਂ ਇਹ ਸਿੱਟਾ ਨਿਕਲਿਆ ਹੈ ਕਿ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਅਮਰੀਕਾ-ਇਜ਼ਰਾਈਲ ਸਬੰਧਾਂ ਵਿੱਚ "ਬਹੁਤ ਜ਼ਿਆਦਾ ਚਿੰਤਾਵਾਂ" ਸਨ। ਇਹ ਇਹ ਵੀ ਦਰਸਾਉਂਦਾ ਹੈ ਕਿ ਇਜ਼ਰਾਈਲੀ ਫੌਜ ਅਤੇ ਸਰਕਾਰ ਈਰਾਨ ਵਿਰੁੱਧ ਕਾਰਵਾਈ ਕਰਨ ਲਈ ਬੇਤਾਬ ਹਨ। ਇਜਰਾਈਲ ਕਿਸੇ ਵੀ ਕੀਮਤ 'ਤੇ ਈਰਾਨ ਦੀ ਸ਼ਕਤੀ ਨੂੰ ਵਧਣ ਤੋਂ ਰੋਕਣਾ ਚਾਹੁੰਦਾ ਹੈ।

**ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਈਰਾਨ ਤੇ ਇਜ਼ਰਾਈਲ ਵਿਚਕਾਰ ਤਣਾਅ ਦੇ ਕਾਰਨ, ਪਿਛਲੇ ਸਾਲ ਪੱਛਮੀ ਏਸ਼ੀਆ ਦੇ ਇੱਕ ਹਿੱਸੇ ਵਿੱਚ ਲਗਾਤਾਰ ਤਣਾਅ ਬਣਿਆ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਇਜ਼ਰਾਈਲ ਵੱਲੋਂ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਕੋਈ ਵੀ ਹਮਲਾ ਪੱਛਮੀ ਏਸ਼ੀਆ ਵਿੱਚ ਤਣਾਅ ਨੂੰ ਹੋਰ ਵਧਾਏਗਾ। ਇਜ਼ਰਾਈਲ ਦਾ ਈਰਾਨ 'ਤੇ ਹਮਲਾ ਇੱਕ ਲੰਬੀ ਜੰਗ ਵਲ ਲਿਜਾ ਸਕਦਾ ਹੈ।**

# ਸੰਗਰੂਰ ਵਿੱਚ ਅੰਬੇਡਕਰ ਦੇ ਬੁੱਤ ਨੂੰ ਲੈ ਕੇ ਹੋਈ ਹਿੰਸਾ, ਚੱਲੇ ਇੱਟਾਂ-ਰੋੜੇ

## ✪ ਕਈ ਲੋਕ ਜ਼ਖ਼ਮੀ ਹੋਏ, ਜਿਨ੍ਹਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਪਿਆ





ਸੰਗਰੂਰ-ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪਿੰਡ ਬਘਰੌਲ ਦੇ ਅੰਦਰ ਭੀਮ ਰਾਓ ਅੰਬੇਡਕਰ ਦਾ ਬੁੱਤ ਲਗਾਉਣ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਮਾਹੌਲ ਭਖ ਗਿਆ ਅਤੇ ਇੱਟਾਂ-ਰੋੜੇ ਚੱਲੇ। ਇਸ ਕਾਰਨ ਪਿੰਡ ਪੁਲਿਸ ਛਾਉਣੀ ਵਿੱਚ ਤਬਦੀਲ ਹੋ ਗਿਆ ਗਿਆ ਤੇ ਮਾਹੌਲ ਨੂੰ ਕਾਬੂ ਕੀਤਾ ਅਤੇ ਦੋਵੇਂ ਧਿਰਾਂ ਨੂੰ ਸਮਝਾਇਆ। ਪਿੰਡ ਦੀ ਇੱਕ ਧਿਰ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਬੁੱਤ ਲਗਾਉਣ ਦੀ ਮੰਗ ਸਾਲਾਂ ਪੁਰਾਣੀ ਹੈ ਅਤੇ ਇਸ ਵਾਰ ਬਕਾਇਦਾ ਪੰਚਾਇਤ ਨੇ ਮਤਾ ਪਾਸ ਕਰਕੇ ਬੁੱਤ ਲਗਾਇਆ ਹੈ।

ਉੱਧਰ ਇਤਰਾਜ਼ ਜਤਾਉਣ ਵਾਲੀ ਧਿਰ ਦਾ ਕਹਿਣਾ ਹੈ ਕਿ ਇਹ ਬੁੱਤ ਧੱਕੇ ਨਾਲ ਲਗਾਇਆ ਗਿਆ ਹੈ। ਇਤਰਾਜ਼ ਜਾਹਰ ਕਰਦਿਆਂ ਪਿੰਡ ਦੇ ਨੌਜਵਾਨ ਹਰਪ੍ਰੀਤ ਸਿੰਘ ਨੇ ਕਿਹਾ ਕਿ ਬੁੱਤ ਲਗਾਉਣ ਵਾਲੀ ਥਾਂ ਉੱਤੇ ਸਟੇਅ ਹੋਈ ਸੀ ਅਤੇ ਪੰਚਾਇਤ ਨੇ ਧੱਕੇ ਨਾਲ ਅੱਜ ਬੁੱਤ ਲਗਾ ਦਿੱਤਾ।

ਉਨ੍ਹਾਂ ਨੇ ਦੱਸਿਆ, "ਇਹ 13 ਤਰੀਕ ਦੀ ਸਟੇਅ ਹੋਈ ਹੈ ਅਤੇ ਅਸੀਂ ਇਹ ਨਹੀਂ ਚਾਹੁੰਦੇ ਕਿ ਇੱਥੇ ਬੁੱਤ ਲੱਗੇ। ਅਸੀਂ ਵੀ ਬੁੱਤ ਲਗਾਉਣ ਦੇ ਹੱਕ ਵਿੱਚ ਹਾਂ ਪਰ ਅਸੀਂ ਸਿਰਫ਼ ਇਹ ਕਹਿ ਰਹੇ ਸੀ ਥਾਂ ਬਦਲੀ ਜਾਵੇ। ਇਨ੍ਹਾਂ ਨੇ ਧੱਕੇ ਨਾਲ ਆ ਕੇ ਸਾਡੀਆਂ ਔਰਤਾਂ ਨਾਲ ਕੁੱਟਮਾਰ ਕੀਤੀ ਹੈ। ਬੰਦੇ ਸਾਡੇ ਸੰਗਰੂਰ ਦਾਖ਼ਲ ਹਨ। ਪੁਲਿਸ ਵੀ ਇੱਥੇ ਘੰਟੇ ਬਾਅਦ ਪਹੁੰਚੀ ਹੈ। ਪ੍ਰਸ਼ਾਸਨ ਦੀ ਗ਼ੈਰ-ਮੌਜੂਦਗੀ ਵਿੱਚ ਬੁੱਤ ਲਗਾਇਆ ਗਿਆ ਹੈ। ਪੰਚਾਇਤ ਇੱਥੇ ਮੌਜੂਦ ਸੀ। ਇੱਟਾਂ-ਰੋੜੇ ਬਹੁਤ ਚਲਾਏ ਗਏ ਹਨ। ਸਾਡੇ ਤਾਂ ਬੰਦੇ ਹੀ 3-4 ਸਨ ਅਤੇ ਉਨ੍ਹਾਂ ਵੱਲੋਂ 100-150 ਬੰਦੇ ਸਨ।"

ਇਸੇ ਨੂੰ ਲੈ ਕੇ ਹੀ ਵਿਵਾਦ ਇੰਨਾ ਵਧ ਗਿਆ। ਪਿੰਡ ਵਿੱਚ ਇੱਟਾਂ-ਰੋੜੇ ਤੱਕ ਚੱਲ ਗਏ ਅਤੇ ਕਈ ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਪਿਆ।

### 'ਮਤਾ ਪਾਸ ਕਰਕੇ ਲਗਾਇਆ ਗਿਆ ਬੁੱਤ'

ਉੱਧਰ ਦਲਿਤ ਪਰਿਵਾਰ ਨਾਲ ਸਬੰਧਤ ਇੱਕ ਨੌਜਵਾਨ ਰਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ 25-30 ਸਾਲਾਂ ਤੋਂ ਇਹ ਮੰਗ ਸੀ ਕਿ ਉਹ ਪਿੰਡ ਵਿੱਚ ਡਾ. ਭੀਮ ਰਾਓ ਅੰਬੇਡਕਰ ਦਾ ਬੁੱਤ ਲਗਾਉਣਾ ਚਾਹੁੰਦੇ ਸੀ। ਉਨ੍ਹਾਂ ਨੇ ਕਿਹਾ, "ਇਸ ਵਾਰ ਸਾਡੀ ਪੰਚਾਇਤੀ ਸਾਡੇ ਨਾਲ ਖੜ੍ਹੀ ਹੋਈ ਹੈ ਅਤੇ ਮਤਾ ਪਾ ਕੇ ਸ਼ਾਮਲਾਟ ਦੀ ਜਗ੍ਹਾ 'ਤੇ ਬਾਬਾ ਸਾਹਬ ਦਾ ਬੁੱਤ ਲਗਾਇਆ। ਪਰ ਜਿਹੜੇ 4-5 ਘਰ ਬੁੱਤ ਵਾਲੀ ਜਗ੍ਹਾ ਦੇ ਨੇੜੇ ਪੈਂਦੇ ਹਨ ਉਹ ਇਤਰਾਜ਼ ਕਰ ਰਹੇ ਹਨ ਕਿ ਇੱਥੇ ਬੁੱਤ ਨਹੀਂ ਲੱਗਣਾ ਚਾਹੀਦਾ।"

ਇਸ ਵਿੱਚ ਹੋਰ ਕੋਈ ਵਿਵਾਦ ਵਾਲੀ ਗੱਲ ਨਹੀਂ ਹੈ। ਇਹ ਸਾਰਾ ਕੁਝ ਪ੍ਰਕਿਰਿਆ ਤਹਿਤ ਹੋ ਰਿਹਾ ਹੈ। ਬਕਾਇਦਾ ਪੰਚਾਇਤ ਵਿੱਚ ਮਤਾ ਪਾ ਕੇ ਲਗਾਇਆ ਗਿਆ ਹੈ।

ਅਦਾਲਤ ਵਿੱਚ ਬੁੱਤ ਲਗਾਉਣ ਨੂੰ ਲੈ ਕੇ ਸਟੇਅ ਬਾਰੇ ਬੋਲਦਿਆਂ ਰਜਿੰਦਰ ਸਿੰਘ ਨੇ ਦੱਸਿਆ, "4-5 ਘਰਾਂ ਨੇ ਕਿਸੇ ਹੋਰ ਗੱਲ 'ਤੇ ਸਟੇਅ ਲਈ ਸੀ ਉਸ ਵਿੱਚ ਬੁੱਤ ਬਾਰੇ ਕੁਝ ਨਹੀਂ ਸੀ ਪਰ ਉਹ ਸਟੇਅ ਵੀ ਖਾਰਜ ਹੋ ਗਈ ਸੀ। ਅਸੀਂ ਉਸ ਤੋਂ ਬਾਅਦ ਹੀ ਬੁੱਤ ਲਗਾਇਆ ਗਿਆ ਹੈ।"

ਹਾਲਾਂਕਿ, ਪਿੰਡ ਦੀ ਸਰਪੰਚ ਗੁਰਜਿੰਦਰ ਕੌਰ ਦਾ ਕਹਿਣਾ ਹੈ ਕਿ ਇਸ ਬੁੱਤ ਨੂੰ ਲਗਾਉਣ ਸਬੰਧੀ 25 ਤਰੀਕ ਨੂੰ ਮਤਾ ਪਾਇਆ ਸੀ। ਪਰ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਹ ਬੁੱਤ ਇੱਥੇ ਨਹੀਂ ਲੱਗੇਗਾ।

ਗੁਰਜਿੰਦਰ ਕੌਰ ਦੱਸਦੇ ਹਨ, "ਅਸੀਂ ਕਿਹਾ ਬੁੱਤ ਤਾਂ ਇੱਥੇ ਹੀ ਲੱਗੇਗਾ ਕਿਉਂਕਿ ਹੋਰ ਕੋਈ ਪੰਚਾਇਤੀ ਜ਼ਮੀਨ ਨਹੀਂ ਹੈ। ਦੂਜੀ ਹਾਰੀ ਹੋਈ ਪਾਰਟੀ ਹੈ, ਵਿਰੋਧੀ ਪਾਰਟੀ ਹੈ ਕੀ ਕਹਿ ਸਕਦੇ ਹਾਂ। ਮੇਰੇ ਪਤੀ ਦੇ ਸਿਰ ਵਿੱਚ ਸੱਟ ਲੱਗੀ ਹੈ। ਹੋਰ ਵੀ ਕਈਆਂ ਦੇ ਸੱਟਾਂ ਲੱਗੀਆਂ ਹਨ। ਬੁੱਤ ਲਗਾਉਣ ਦਾ ਸਾਡਾ ਫਰਜ਼ ਸੀ, ਅਸੀਂ ਲਗਾ ਦਿੱਤਾ। ਇਹ ਤਾਂ ਉਨ੍ਹਾਂ ਦੀ ਸਾਲਾਂ ਤੋਂ ਮੰਗ ਸੀ। ਅਸੀਂ ਇਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਬੁੱਤ ਲਗਾਵਾਂਗੇ ਅਤੇ ਅਸੀਂ ਆਪਣਾ ਵਾਅਦਾ ਪੂਰਾ ਕੀਤਾ।"

### ਪੁਲਿਸ ਦਾ ਕੀ ਕਹਿਣਾ ਹੈ

ਦਿੜ੍ਹਬਾ ਦੇ ਡੀਐੱਸਪੀ ਪ੍ਰਿਥਵੀ ਸਿੰਘ ਚਾਹਲ ਨੇ ਦੱਸਿਆ ਕਿ ਬੁੱਤ ਲਗਾਉਣ ਨੂੰ ਲੈ ਕੇ ਦੋ ਧਿਰਾਂ ਵਿੱਚ ਵਿਵਾਦ ਹੋਇਆ ਅਤੇ ਉਸੇ ਦੇ ਸਬੰਧ ਵਿੱਚ ਪੁਲਿਸ ਮੌਕੇ 'ਤੇ ਪਹੁੰਚੀ ਹੈ। ਉਨ੍ਹਾਂ ਨੇ ਅੱਗੇ ਕਿਹਾ, "ਮਾਹੌਲ ਹੁਣ ਸ਼ਾਂਤ ਹੈ ਅਤੇ ਦੋਵਾਂ ਧਿਰਾਂ ਨੂੰ ਸਮਝਾਇਆ ਗਿਆ ਹੈ ਕਿ ਜੇਕਰ ਉਹ ਲੜਾਈ-ਝਗੜਾ ਕਰਦੇ ਹਨ ਤਾਂ ਉਨ੍ਹਾਂ ਦੇ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਜਿਨ੍ਹਾਂ ਨੂੰ ਸੱਟਾਂ ਲੱਗੀਆਂ ਹਨ। ਉਹ ਹਸਪਤਾਲ ਵਿੱਚ ਦਾਖ਼ਲ ਹਨ ਅਤੇ ਉਨ੍ਹਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇ।"

# ਇਟਲੀ ਵਿੱਚ ਪਿਛਲੇ 30 ਸਾਲਾਂ ਦੌਰਾਨ ਜਲਵਾਯੂ ਘਟਨਾਵਾਂ ਨੇ 60 ਬਿਲੀਅਨ ਅਮਰੀਕੀ ਡਾਲਰ ਦਾ ਨੁਕਸਾਨ ਕਰਨ ਦੇ ਨਾਲ ਲਈ 38000 ਲੋਕਾਂ ਦੀ ਜਾਨ

ਰੋਮ– ਇਸ ਗੱਲ ਵਿੱਚ ਕੋਈ 2 ਰਾਵਾਂ ਨਹੀਂ ਕਿ ਦੁਨੀਆਂ ਭਰ ਵਿੱਚ ਬਦਲ ਰਿਹਾ ਜਲਵਾਯੂ ਮਨੁੱਖੀ ਜਿੰਦਗੀ ਲਈ ਦਿਨੋ–ਦਿਨ ਵੱਡਾ ਖਤਰਾ ਬਣਦਾ ਜਾ ਰਿਹਾ ਹੈ ਜਿਸ ਤੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਦੁਨੀਆਂ ਭਰ ਵਿੱਚ ਅਨੇਕਾਂ ਸੰਸਥਾਵਾਂ ਜੰਗੀ ਪੱਧਰ ਤੇ ਕੰਮ ਵੀ ਕਰ ਰਹੀਆਂ ਹਨ । ਇਟਲੀ ਵਿੱਚ ਵੀ ਅਨੇਕਾਂ ਮੁਜ਼ਾਹਰੇ ਤੇ ਹੋਰ ਲੋਕ ਜਾਗੂਰਕਤਾ ਵਾਲੇ ਪ੍ਰੋਗਰਾਮ ਵੀ ਲਗਾਤਾਰ ਹੋ ਰਹੇ ਹਨ ਪਰ ਇਹਨਾਂ ਸਭ ਦੇ ਬਾਵਜੂਦ ਦੁਨੀਆਂ ਭਰ ਦੇ ਜਲਵਾਯੂ ਵਿੱਚ ਹੋ ਰਿਹਾ ਬਦਲਾਵ ਨਿਰੰਤਰ ਜਾ ਰਹੀ ਜਿਸ ਦਾ ਕਾਰਨ ਜਿੱਥੇ ਮਨੁੱਖ ਦਾ ਸੁਆਰਥੀ ਹੋਣਾ ਮੰਨਿਆ ਜਾ ਰਿਹਾ ਹੈ ਉੱਥੇ ਕੁਦਰਤ ਦੀ ਬੇਰੁੱਖੀ ਤੋਂ ਵੀ ਪਾਸਾ ਨਹੀਂ ਵੱਟਿਆ ਜਾ ਸਕਦਾ। ਦੁਨੀਆਂ ਭਰ ਵਿੱਚ ਜਲਵਾਯੂ ਦੇ ਬਦਲਾਵ ਹੇਠ ਹੋਈਆਂ ਅਤਿਅੰਤ ਘਟਨਾਵਾਂ ਕਾਰਨ ਪਿਛਲੇ 30 ਸਾਲਾਂ ਦੌਰਾਨ 7 ਲੱਖ 65 ਹਜ਼ਾਰ ਤੋਂ ਵੱਧ ਮੌਤਾਂ ਹੋਣ ਦਾ ਖੁਲਾਸਾ ਕੀਤਾ ਹੈ ਜਰਮਨੀ ਸੰਸਥਾ ਜਰਮਨਵਾਚ ਨੇ ਜਿਹੜੀ ਕਿ ਇੱਕ ਗੈਰ ਸਰਕਾਰੀ,ਗੈਰ ਮਨਾਫ਼ਾ ਸੰਸਥਾ ਹੈ ਜਿਹੜੀ ਕਿ 63 ਦੇਸ਼ਾਂ ਦੇ ਨਾਲ ਯੂਰਪੀ ਸੰਘ ਦੇ ਜਲਵਾਯੂ ਸੁੱਰਖਿਆ ਪ੍ਰਦਰਸ਼ਨ ਦਾ ਮੁਲਾਂਕਣ ਕਰਦੀ ਹੈ। ਜਿਸ ਅਨੁਸਾਰ 90 % ਤੋਂ ਵੱਧ ਵਿਸ਼ਵਵਿਆਪੀ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਕਾਰਨ ਹੈ। ਕੋਲਾ,ਤੇਲ ਅਤੇ ਕੁਦਰਤੀ ਗੈਸ ਵਰਗੇ ਜੈਵਿਕ ਇੰਧਨ ਨੂੰ ਸਾੜਨ ਤੋਂ ਕਾਰਬਨ ਡਾਈਆਕਸਾਈਡ(ਸੀ ਓ 2)ਅਜਿਹੀ ਗੈਸ ਹੈ ਜਿਹੜੀ ਜਲਵਾਯੂ ਦੇ ਪਰਿਵਰਤਨ ਦਾ ਮੁੱਖ ਕਾਰਨ ਹੈ। ਜਰਮਨਵਾਚ ਨੇ ਆਪਣੀ ਜਲਵਾਯੂ ਜੋਖ਼ਮ ਸੂਚਕਾਂਕ2025 ਰਿਪੋਰਟ ਵਿੱਚ ਕਿਹਾ ਹੈ ਜਲਵਾਯੂ ਸੰਕਟ ਨਾਲ ਜੁੜੀਆਂ ਅਤਿਅੰਤ ਮੌਸਮੀ ਘਟਨਾਵਾਂ ਨੇ ਸੰਨ 1993 ਤੋਂ ਸੰਨ 2022 ਦੇ ਵਿਚਕਾਰ ਦੁਨੀਆਂ ਭਰ ਵਿੱਚ 765,000 ਤੋਂ ਵੱਧ ਲੋਕਾਂ ਦੀ ਜਾਨ ਲਈ ਹੈ ਜਿਹਨਾਂ ਵਿੱਚ ਇਟਲੀ ਦੇ 38000 ਬਾਸਿੰਦੇ ਨੂੰ ਵੀ ਮੌਤ ਮਿਲੀ ਹੈ। ਵਿਕਾਸ,ਵਾਤਾਵਰਣ ਅਤੇ ਮਨੁੱਖੀ ਅਧਿਕਾਰ ਸੰਗਠਨ ਨੇ ਇਸ ਸਬੰਧੀ ਕਿਹਾ ਕਿ ਇਸ ਸਮੇਂ ਦੌਰਾਨ ਦੁਨੀਆਂ ਭਰ ਵਿੱਚ ਦਰਜ 9,400 ਤੋਂ ਵੱਧ ਅਤਿਅੰਤ ਮੌਸਮੀ ਘਟਨਾਵਾਂ ਨੇ ਲਗਭਗ 4,2 ਟ੍ਰਿਲੀਅਨ ਅਮਰੀਕੀ ਡਾਲਰ ਦਾ ਸਿੱਧਾ ਨੁਕਸਾਨ ਕੀਤਾ ਹੈ। ਉਹਨਾਂ ਕਿਹਾ ਕਿ ਇਟਲੀ ਦੋਮਿਨਿਕਾ,ਚੀਨ,ਹੋਂਡੂਰਸ ਤੇ ਮਿਆਂਮਾਰ ਤੋਂ ਬਾਅਦ 5 ਅਜਿਹਾ ਦੇਸ਼ ਹੈ ਜਿਹੜਾਂ ਜਲਵਾਯੂ ਬਦਲਾਵ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਇਟਲੀ ਨੇ ਕਈ ਅਤਿਅੰਤ ਘਟਨਾਵਾਂ ਦਾ ਸਾਹਮਣ੍ਹਾ ਪਿਛਲੇ 20 ਸਾਲਾਂ ਦੌਰਾਨ ਕੀਤਾ ਹੈ ਜਿਸ ਕਾਰਨ ਦੇਸ਼ ਨੂੰ ਜਾਨੀ ਤੇ ਮਾਲੀ ਨੁਕਸਾਨ ਝੱਲਣਾ ਪਿਆ। ਇਟਲੀ ਨੂੰ ਸੰਨ 2003 ਅਤੇ ਸਾਲ 2022 ਦੌਰਾਨ ਬਹੁਤ ਜ਼ਿਆਦਾ ਜਾਨੀ ਨੁਕਸਾਨ ਝੱਲਣਾ ਪਿਆ। ਇਹ ਘਟਨਾਵਾਂ ਜਿਵੇਂ ਸੋਕਾ,ਜੰਗਲੀ ਅੱਗ,ਖੇਤੀਬਾੜੀ ਉਤਪਾਦਕਤਾ ਵਿੱਚ ਕਮੀ,ਬੁਨਿਆਦੀ ਢਾਂਚੇ ਦੇ ਨੁਕਸਾਨ ਅਤੇ ਸਿਹਤ ਸੇਵਾਵਾਂ ਆਦਿ ਸ਼ਾਮਿਲ ਹਨ। ਭਾਰੀ ਹੜ੍ਹਾਂ ਨੇ ਦੇਸ਼ ਦਾ ਵਿਆਪਕ ਨੁਕਸਾਨ ਕੀਤਾ। ਕੁਲ ਮਿਲਾ ਕੇ ਇਟਲੀ ਨੂੰ ਇਹਨਾਂ ਘਟਨਾਵਾਂ ਕਾਰਨ 60 ਬਿਲੀਅਨ ਅਮਰੀਕੀ ਡਾਲ ਦਾ ਆਰਥਿਕ ਨੁਕਸਾਨ ਨਾਲ 38000 ਹਜ਼ਾਰ ਲੋਕਾਂ ਦੀ ਮੌਤ ਦਾ ਦਰਦ ਸਹੇੜਨਾ ਪਿਆ। ਵਿਗਿਆਨੀਆਂ ਦਾ ਕਹਿਣਾ ਹੈ ਕਿ ਮਨੁੱਖੀ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਕਾਰਨ ਪੈਦਾ ਹੋਇਆ ਜਲਵਾਯੂ ਸੰਕਟ ਗਰਮੀ ਦੀਆਂ ਲਹਿਰਾਂ, ਸੋਕੇ, ਸੁਪਰਚਾਰਜਡ ਤੂਫਾਨ ਅਤੇ ਹੜ੍ਹ ਵਰਗੀਆਂ ਅਤਿਅੰਤ ਮੌਸਮੀ ਘਟਨਾਵਾਂ ਨੂੰ ਵਧੇਰੇ ਵਾਰ–ਵਾਰ ਅਤੇ ਵਧੇਰੇ ਤੀਬਰ ਬਣਾ ਰਿਹਾ ਹੈ। ਹਾਲਾਂਕਿ ਗ੍ਰੀਨ ਹਾਊਸ ਗੈਸਾਂ ਦੇ ਬਹੁਤ ਸਾਰੇ ਜਰੀਏ ਹਨ ਜੋ ਗਲੋਬਲ ਹੀਟਿੰਗ ਦਾ ਕਾਰਨ ਬਣ ਰਹੇ ਹਨ ਮੁੱਖ ਚਾਲਕ ਤੇਲ,ਗੈਸ,ਕੋਲੇ ਵਰਗੇ ਜੈਵਿਕ ਇੰਧਨ ਨੂੰ ਸਾੜਨਾ ਹੈ ਜਿਹਨਾਂ ਦੀ ਵਿਕਰੀ ਦੁਨੀਆਂ ਦੇ ਊਰਜਾਂ ਧਨਾਢਾਂ ਲਈ ਭਾਰੀ ਮੁਨਾਫ਼ਾ ਪੈਦਾ ਕਰਦੀ ਹੈ।

## ਟਰਾਂਸਪੇਰੈਂਸੀ ਇੰਟਰਨੈਸ਼ਨਲ ਵੱਲੋਂ 2024 ਲਈ ਜਾਰੀ ਕੀਤਾ ਸੂਚਕ ਅੰਕ

# ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਦੁਨੀਆ ਦੇ 180 ਦੇਸ਼ਾਂ ਵਿੱਚੋਂ ਭਾਰਤ 96ਵੇਂ ਸਥਾਨ 'ਤੇ

ਖਾਸ ਖਬਰ

## ✪ ਮੋਦੀ ਦਾ ਨਾਅਰਾ ਸੀ ਨਾ ਖਾਊਂਗਾ, ਨਾ ਖਾਨੇ ਦੂੰਗਾ ਨਾਅਰਾ ਜੁਮਲਾ ਹੋਇਆ ਸਾਬਤ

ਟਰਾਂਸਪੇਰੈਂਸੀ ਇੰਟਰਨੈਸ਼ਨਲ ਵੱਲੋਂ 2024 ਲਈ ਜਾਰੀ ਭਿਸ਼ਟਾਚਾਰ ਧਾਰਨਾ ਸੂਚਕ ਅੰਕ ਦੱਸਦਾ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਿਹੜਾ ਦੇਸ਼ ਕਿੱਥੇ ਖੜ੍ਹਾ ਹੈ। ਇਸ ਮੁਤਾਬਕ ਦੁਨੀਆ ਦੇ 180 ਦੇਸ਼ਾਂ ਵਿੱਚ ਭਾਰਤ 96ਵੇਂ ਸਥਾਨ 'ਤੇ ਹੈ। ਰਿਪੋਰਟ ਮੁਤਾਬਕ 2012 ਦੇ ਬਾਅਦ 32 ਦੇਸ਼ ਆਪਣੇ ਭ੍ਰਿਸ਼ਟਾਚਾਰ ਦੇ ਪੱਧਰ ਵਿੱਚ ਵਰਨਣਯੋਗ ਕਮੀ ਲਿਆਏ ਹਨ, ਪਰ 148 ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਸਥਿਰ ਚੱਲ ਰਿਹਾ ਹੈ ਜਾਂ ਉਸ ਦੀ ਸਥਿਤੀ ਹੋਰ ਖਰਾਬ ਹੁੰਦੀ ਜਾ ਰਹੀ ਹੈ। ਸਭ ਤੋਂ ਘੱਟ ਭ੍ਰਿਸ਼ਟ ਦੇਸ਼ਾਂ ਵਿੱਚ ਡੈਨਮਾਰਕ ਟਾਪ 'ਤੇ ਹੈ ਅਤੇ ਉਸ ਦੇ ਬਾਅਦ ਫਿਨਲੈਂਡ ਤੇ ਸਿੰਗਾਪੁਰ ਆਉਂਦੇ ਹਨ। ਭਾਰਤ ਦੇ ਗੁਆਂਢੀਆਂ ਵਿਚ ਪਾਕਿਸਤਾਨ (135) ਤੇ ਸ੍ਰੀਲੰਕਾ (121) ਆਪਣੀ-ਆਪਣੀ ਘਟੀਆ ਰੈਂਕਿੰਗ ਨਾਲ ਜੂਝ ਰਹੇ ਹਨ, ਜਦਕਿ ਬੰਗਲਾਦੇਸ਼ ਦੀ ਰੈਂਕਿੰਗ ਹੋਰ ਵੀ ਥੱਲੇ 149 'ਤੇ ਹੈ। ਚੀਨ 76ਵੇਂ ਸਥਾਨ 'ਤੇ ਹੈ। ਦੁਨੀਆ-ਭਰ ਵਿੱਚ ਭ੍ਰਿਸ਼ਟਾਚਾਰ ਦਾ ਔਸਤ ਪੱਧਰ 43 ਸਾਲ ਤੋਂ ਸਥਿਰ ਹੈ। ਇਨ੍ਹਾਂ ਵਿੱਚੋਂ ਦੋ-ਤਿਹਾਈ ਤੋਂ ਵੱਧ ਦੇਸ਼ਾਂ ਦਾ ਸਕੋਰ 50 ਤੋਂ ਹੇਠਾਂ ਹੈ। ਅਰਬਾਂ ਲੋਕ ਅਜਿਹੇ ਦੇਸ਼ਾਂ ਵਿੱਚ ਰਹਿੰਦੇ ਹਨ, ਜਿੱਥੇ ਭ੍ਰਿਸ਼ਟਾਚਾਰ ਜੀਵਨ ਨੂੰ ਨਸ਼ਟ ਕਰ ਰਿਹਾ ਹੈ ਅਤੇ ਮਨੁੱਖੀ ਹੱਕਾਂ ਨੂੰ ਕਮਜ਼ੋਰ ਕਰ ਰਿਹਾ ਹੈ। ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਭਾਰਤ ਦੀ 2015 ਤੋਂ ਚੱਲੀ ਆ ਰਹੀ ਗਿਰਾਵਟ ਹੈਰਾਨ ਕਰਨ ਵਾਲੀ ਹੈ।



2014 ਵਿੱਚ ਮੋਦੀ ਦੀ ਅਗਵਾਈ 'ਚ ਭਾਜਪਾ ਯੂ ਪੀ ਏ-2 ਸਰਕਾਰ ਨੂੰ ਭ੍ਰਿਸ਼ਟਾਚਾਰ ਲਈ ਬਦਨਾਮ ਕਰਕੇ ਸੱਤਾ ਵਿੱਚ ਆਈ ਸੀ। ਮੋਦੀ ਦਾ ਨਾਅਰਾ ਸੀ ਨਾ ਖਾਊਂਗਾ, ਨਾ ਖਾਨੇ ਦੂੰਗਾ। ਇਹ ਨਾਅਰਾ ਜੁਮਲਾ ਹੀ ਸਾਬਤ ਹੋਇਆ ਹੈ। 2015 ਵਿੱਚ ਭਾਰਤ ਭ੍ਰਿਸ਼ਟਾਚਾਰ ਦੇ ਮਾਮਲੇ 'ਚ 76ਵੇਂ, 2016 ਵਿੱਚ 79ਵੇਂ, 2017 ਵਿੱਚ 81ਵੇਂ, 2018 ਵਿੱਚ 78ਵੇਂ, 2019 ਵਿੱਚ 80ਵੇਂ, 2020 ਵਿੱਚ 86ਵੇਂ, 2021 ਵਿੱਚ 85ਵੇਂ ਤੇ 2023 ਵਿੱਚ 93ਵੇਂ ਸਥਾਨ 'ਤੇ ਆ ਗਿਆ ਸੀ। ਸਾਫ ਹੈ ਕਿ ਮੋਦੀ ਸਰਕਾਰ 'ਚ ਭ੍ਰਿਸ਼ਟਾਚਾਰ ਹਰ ਸਾਲ 'ਤਰੱਕੀ' ਕਰ ਰਿਹਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਦੁਨੀਆ ਭਰ ਵਿੱਚ ਵੱਡੀ ਗਿਣਤੀ 'ਚ ਲੋਕ ਤਾਪਮਾਨ ਵਧਣ ਦੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰ ਰਹੇ ਹਨ, ਕਿਉਂਕਿ ਤਮਾਮ ਦੇਸ਼ਾਂ ਵਿੱਚ ਗ੍ਰੀਨ ਹਾਊਸ ਗੈਸ ਪੈਦਾ ਕਰਨ ਵਿੱਚ ਕਟੌਤੀ ਲਈ ਜਿਹੜਾ ਫੰਡ ਦਿੱਤਾ ਜਾਂਦਾ ਹੈ, ਉਹ ਭ੍ਰਿਸ਼ਟਾਚਾਰ ਦੀ ਗੰਗਾ ਵਿੱਚ ਵਹਿ ਜਾਂਦਾ ਹੈ। ਅਜਿਹੇ ਫੰਡ ਦੀ ਜੰਮ ਕੇ ਦੁਰਵਰਤੋਂ ਹੁੰਦੀ ਹੈ। ਇਸ ਭ੍ਰਿਸ਼ਟਾਚਾਰ ਕਾਰਨ ਜਲਵਾਯੂ ਪਰਿਵਰਤਨ ਸੰਕਟ ਨਾਲ ਨਿੱਬੜਨ ਦੇ ਮਕਸਦ ਨਾਲ ਬਣਾਈਆਂ ਗਈਆਂ ਨੀਤੀਆਂ ਨੂੰ ਲਾਗੂ ਕਰਨ ਵਿੱਚ ਅੜਿੱਕਾ ਪੈਂਦਾ ਹੈ ਤੇ ਪਰਿਆਵਰਣ ਨੂੰ ਨੁਕਸਾਨ ਪੁੱਜਦਾ ਹੈ। ਭ੍ਰਿਸ਼ਟਾਚਾਰ ਉੱਭਰਦਾ ਹੋਇਆ ਸੰਸਾਰ ਖਤਰਾ ਹੈ, ਜਿਹੜਾ ਵਿਕਾਸ ਨੂੰ ਕਮਜ਼ੋਰ ਕਰਨ ਨਾਲੋਂ ਕਿਤੇ ਵੱਧ ਲੋਕਤੰਤਰ ਨੂੰ ਕਮਜ਼ੋਰ ਕਰਦਾ ਹੈ ਤੇ ਅਸਥਿਰਤਾ ਲਿਆਉਂਦਾ ਹੈ ਅਤੇ ਮਨੁੱਖੀ ਹੱਕਾਂ ਦੀ ਉਲੰਘਣਾ ਵੀ ਇਸ ਨਾਲ ਹੁੰਦੀ ਹੈ। ਰਿਪੋਰਟ ਵਿੱਚ ਸਲਾਹ ਦਿੱਤੀ ਗਈ ਹੈ ਕਿ ਕੌਮਾਂਤਰੀ ਭਾਈਚਾਰੇ ਤੇ ਹਰ ਦੇਸ਼ ਨੂੰ ਭ੍ਰਿਸ਼ਟਾਚਾਰ ਨਾਲ ਨਿੱਬੜਨ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਹੈਰਾਨੀ ਦੀ ਗੱਲ ਹੈ ਕਿ ਮੋਦੀ ਸਰਕਾਰ ਵਿੱਚ ਭ੍ਰਿਸ਼ਟਾਚਾਰ ਨਿਰੰਤਰ ਤਰੱਕੀ ਕਰ ਰਿਹਾ ਹੈ, ਪਰ ਲੋਕ ਫਿਰ ਰਾਜਾਂ ਤੇ ਕੇਂਦਰ ਵਿੱਚ ਭਾਜਪਾ ਦੀਆਂ ਸਰਕਾਰਾਂ ਬਣਾ ਰਹੇ ਹਨ। ਲੋਕਾਂ ਵੱਲੋਂ ਭ੍ਰਿਸ਼ਟਾਚਾਰ ਨੂੰ ਜ਼ਿੰਦਗੀ ਦਾ ਹਿੱਸਾ ਮੰਨ ਲੈਣ ਦੀ ਪ੍ਰਵਿਰਤੀ ਬਹੁਤ ਖਤਰਨਾਕ ਹੈ। ਭਾਰਤ ਦੇ ਲੋਕਾਂ ਦੀਆਂ ਜ਼ਿੰਦਗੀਆਂ ਵੀ ਤਾਂ ਹੀ ਬਿਹਤਰ ਹੋਣਗੀਆਂ, ਜਦੋਂ ਉਹ ਇਮਾਨਦਾਰ ਲੋਕਾਂ ਨੂੰ ਚੁਣਨਗੇ। ਇਮਾਨਦਾਰ ਨੁਮਾਇੰਦੇ ਹੀ ਭਾਰਤ ਨੂੰ ਵਿਕਸਤ ਬਣਾਉਣਗੇ, ਵਰਨਾ ਭ੍ਰਿਸ਼ਟਾਚਾਰ ਹੀ ਵਿਕਾਸ ਕਰੇਗਾ।

# ਪੰਜਾਬ ਪੁਲਿਸ ਨੇ 2025 ਦੀ ਸਭ ਤੋਂ ਵੱਡੀ ਹੈਰੋਇਨ ਖੇਪ ਫੜੀ

## ✪ ਅੰਮ੍ਰਿਤਸਰ ਤੋਂ 30 ਕਿਲੋਗ੍ਰਾਮ ਹੈਰੋਇਨ ਸਮੇਤ ਇੱਕ ਗ੍ਰਿਫਤਾਰ

ਚੰਡੀਗੜ੍ਹ/ਅੰਮ੍ਰਿਤਸਰ-ਇਸ ਸਾਲ ਦੀ ਸਭ ਤੋਂ ਵੱਡੀ ਹੈਰੋਇਨ ਦੀ ਬਰਾਮਦੀ ਕਰਦਿਆਂ, ਅੰਮ੍ਰਿਤਸਰ ਦਿਹਾਤੀ ਪੁਲਿਸ ਨੇ 30 ਕਿਲੋਗ੍ਰਾਮ ਹੈਰੋਇਨ ਸਮੇਤ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਤਸਕਰੀ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।



ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਗੁਰਸਿਮਰਨਜੀਤ ਸਿੰਘ ਉਰਫ਼ ਸਿਮਰਨ ਵਾਸੀ ਬਾਸਰਕੇ ਗਿੱਲਾਂ, ਘਰਿੰਡਾ, ਅੰਮ੍ਰਿਤਸਰ ਵਜੋਂ ਹੋਈ ਹੈ। ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਸਦੀ ਫੋਰਡ ਫੀਏਸਟਾ ਕਾਰ, ਜਿਸ ਵਿੱਚ ਉਹ ਖੇਪ ਡਲੀਵਰ ਕਰਨ ਜਾ ਰਿਹਾ ਸੀ, ਨੂੰ ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਗੁਰਸਿਮਰਨਜੀਤ ਸਿੰਘ ਵੱਡੇ ਪੱਧਰ 'ਤੇ ਹੈਰੋਇਨ ਤਸਕਰੀ ਵਿੱਚ ਸ਼ਾਮਲ ਸੀ, ਅਤੇ ਇਹ ਰਿਪੋਰਟ ਮਿਲੀ ਸੀ ਕਿ ਉਸਨੇ ਹਾਲ ਹੀ ਵਿੱਚ ਸਰਹੱਦ ਪਾਰੋਂ ਤਸਕਰੀ ਕੀਤੀ ਗਈ ਹੈਰੋਇਨ ਦੀ ਇੱਕ ਵੱਡੀ ਖੇਪ ਪ੍ਰਾਪਤ ਕੀਤੀ ਸੀ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਪਾਕਿਸਤਾਨ ਅਧਾਰਤ ਤਸਕਰਾਂ ਨੇ ਨਸ਼ੀਲੇ ਪਦਾਰਥਾਂ ਦੀ ਇਹ ਖੇਪ ਡਰੋਨ ਰਾਹੀਂ ਭੇਜੀ ਸੀ। ਡੀਜੀਪੀ ਨੇ ਕਿਹਾ ਕਿ ਇਸ ਰੈਕਟ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕਰਨ ਅਤੇ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਜਾਂਚ ਜਾਰੀ ਹੈ।

ਇਸ ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਅੰਮ੍ਰਿਤਸਰ ਦਿਹਾਤੀ ਚਰਨਜੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਗੁਰਸਿਮਰਨਜੀਤ ਸਿੰਘ ਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਬਾਰੇ ਮਿਲੀ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਐਸਐਚਓ ਘਰਿੰਡਾ ਦੀ ਅਗਵਾਈ ਵਿੱਚ ਅੰਮ੍ਰਿਤਸਰ ਦਿਹਾਤੀ ਪੁਲਿਸ ਦੀਆਂ ਟੀਮਾਂ ਨੇ ਚੈਕਿੰਗ ਲਈ ਸ਼ੱਕੀ ਫੋਰਡ ਫਿਏਸਟਾ ਕਾਰ ਨੂੰ ਰੋਕਿਆ। ਉਨ੍ਹਾਂ ਦੱਸਿਆ ਕਿ ਕਾਰ ਦੀ ਤਲਾਸ਼ੀ ਦੌਰਾਨ ਕਾਰ ਵਿੱਚ ਛੁਪਾ ਕੇ ਰੱਖਿਆ ਇਕ ਕਾਲਾ ਬੈਗ ਮਿਲਿਆ ਜਿਸ ਵਿੱਚੋਂ ਹੈਰੋਇਨ ਦੇ ਚਾਰ ਪੈਕੇਟ - ਹਰੇਕ ਦਾ ਭਾਰ 7.5 ਕਿਲੋਗ੍ਰਾਮ ਸੀ - ਬਰਾਮਦ ਹੋਏ।

ਐਸਐਸਪੀ ਨੇ ਦੱਸਿਆ ਕਿ ਇਸ ਤਸਕਰੀ ਨੈਟਵਰਕ ਦੇ ਮੂਲ ਸਰੋਤ ਅਤੇ ਨਸ਼ਿਆਂ ਦੀ ਵੰਡ ਦੇ ਨੈੱਟਵਰਕ ਬਾਰੇ ਜਾਣਕਾਰੀ ਲੈਣ ਲਈ ਦੋਸ਼ੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਕੇਸ ਦਰਜ ਕੀਤਾ ਗਿਆ ਹੈ।

# ਪਿਤਾ ਨੇ ਜਾਇਦਾਦ ਵਿਚੋਂ ਹਿੱਸਾ ਨਾ ਦਿੱਤਾ ਤਾਂ ਪੁੱਤਰ ਨੇ ਚਲਾ ਦਿਤੀਆਂ ਗੋਲੀਆਂ

ਅੰਮ੍ਰਿਤਸਰ-ਥਾਣਾ ਛੇਹਰਟਾ ਦੀ ਪੁਲਸ ਨੇ ਪੁੱਤਰ ਵੱਲੋਂ ਪਿਓ ਘਰ ਆ ਕੇ ਗੋਲੀਆਂ ਚਲਾਉਣ ਦੇ ਦੋਸ਼ ਵਿਚ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਚਰਨਜੀਤ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਕ੍ਰਿਸ਼ਨ ਇਨਕਲੇਵ ਨੇੜੇ ਜੰਡ ਪੀਰ ਕਾਲੋਨੀ, ਖੰਡਵਾਲਾ ਛੇਹਰਟਾ ਨੇ ਦੱਸਿਆ ਕਿ ਉਹ ਪੰਜਾਬ ਰੋਡਵੇਜ਼ ਵਿਚ ਨੌਕਰੀ ਕਰਦਾ ਹੈ, ਉਸ ਦੇ ਤਿੰਨ ਮੁੰਡੇ ਹਨ ਜੋ ਕਿ ਸ਼ਾਦੀਸ਼ੁਦਾ ਹਨ ਅਤੇ ਸਾਰਿਆਂ ਨੂੰ ਜਾਇਦਾਦ ਦੇ ਹਿੱਸੇ ਵੰਡ ਦਿੱਤੇ।

ਉਸ ਨੇ ਦੱਸਿਆ ਕਿ ਉਸ ਦਾ ਤੀਸਰਾ ਮੁੰਡਾ ਮਨਜਿੰਦਰ ਸਿੰਘ ਉਸ ਤੋਂ ਵੱਖਰਾ ਰਹਿੰਦਾ ਹੈ ਅਤੇ ਉਸ ਕੋਲੋਂ ਹੋਰ ਜਾਇਦਾਦ ਮੰਗਦਾ ਹੈ ਅਤੇ ਅਕਸਰ ਲੜਾਈ ਝਗੜਾ ਕਰਦਾ ਰਹਿੰਦਾ ਹੈ। 8 ਫਰਵਰੀ ਨੂੰ ਉਸ ਦਾ ਮੁੰਡਾ ਮੇਰੇ ਘਰ ਆਇਆ ਅਤੇ ਹੋਰ ਜਾਇਦਾਦ ਦੀ ਮੰਗ ਕਰਨ ਲੱਗਾ, ਜਦੋਂ ਉਸਨੇ ਮਨਾ ਕੀਤਾ ਤਾਂ ਮਨਜਿੰਦਰ ਸਿੰਘ ਤਹਿਸ਼ ਵਿਚ ਆ ਗਿਆ ਅਤੇ ਆਪਣਾ ਲਾਇਸੈਂਸੀ ਪਿਸਤੌਲ ਕੱਢ ਕੇ ਗੋਲੀਆਂ ਚਲਾਈਆਂ, ਜਿਸ ਨਾਲ ਮੈਨੂੰ ਤੇ ਮੇਰੇ ਪਰਿਵਾਰ ਨੂੰ ਖਤਰਾ ਹੈ। ਪੁਲਸ ਨੇ ਮਨਜਿੰਦਰ ਸਿੰਘ ਖਿਲਾਫ ਕੇਸ ਦਰਜ ਕਰ ਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ।

# ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਇੰਗਲੈਂਡ 'ਚ "ਖਾਲਸਾ ਪੰਥ ਅਕੈਡਮੀ" ਦਾ ਉਦਘਾਟਨ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਪਿਛਲੇ ਕੁਝ ਦਿਨਾਂ ਤੋਂ ਇੰਗਲੈਂਡ ਦੀ ਨਿੱਜੀ ਪਰਿਵਾਰਿਕ ਫੇਰੀ ਤੇ ਆਏ ਸ੍ਰੀ ਆਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਵੱਲੋਂ 'ਖਾਲਸਾ ਪੰਥ ਅਕੈਡਮੀ' ਡਾਰਲਸਟਨ ਇੰਗਲੈਂਡ ਦਾ ਉਦਘਾਟਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਅਕੈਡਮੀ ਪ੍ਰਸਿੱਧ ਰਾਗੀ ਪਦਮ ਸ਼੍ਰੀ ਨਿਰਮਲ ਸਿੰਘ ਜੀ ਖਾਲਸਾ ਦੀ ਦ੍ਰਿਸ਼ਟੀ ਸੀ। ਜਿਸਨੂੰ ਉਨਾ ਦੇ ਹੋਨਹਾਰ ਭਤੀਜੇ ਮਸ਼ਹੂਰ ਰਾਗੀ ਭਾਈ ਕਰਨਜੀਤ ਸਿੰਘ 'ਖਾਲਸਾ' ਨੇ ਬਹੁਤ ਹੀ ਮਿਹਨਤ ਅਤੇ ਲਗਨ ਦੇ ਨਾਲ ਸੰਪੂਰਨ ਕੀਤਾ ਹੈ।

ਇਸ ਅਕੈਡਮੀ ਚ ਸਿੱਖ ਧਰਮ ਨਾਲ ਸਬੰਧਤ ਸਿੱਖਿਆਵਾ, ਗੁਰਮਤਿ ਸੰਗੀਤ ਸਿਖਲਾਈ, ਗੱਤਕਾ ਅਤੇ ਹੋਰ ਸਸਤਰਬਾਜੀ ਤੋਂ ਨੌਜਵਾਨ ਸਿੱਖ ਵਿਦਿਆਰਥੀਆ ਤੇ ਬੱਚੇ ਬਚੀਆ ਨੂੰ ਜਾਣੂ ਕਰਵਾਇਆ ਜਾਵੇਗਾ। ਇਸ ਵਿਸ਼ੇਸ਼ ਸਮਾਗਮ ਲਈ ਮਾਨਚੈਸਟਰ ਸਮਾਗਮ ਦੇ ਪ੍ਰਧਾਨ ਪ੍ਰਭਜੋਤ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਗਿਆ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗਲੋਬਲ ਸਿੱਖ ਵਿਜਨ ਦੇ ਕੋਹਲੀ ਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਮੌਕੇ ਤੇ ਜਥੇਦਾਰ ਸਾਹਿਬ ਨੇ ਮੁਗਲ ਕਾਲ ਦਾ ਅਤਿ ਦੁਰਲਭ ਚਾਂਦੀ ਦਾ ਸਿੱਕਾ, ਜਿਸਨੂੰ "ਟਕਾ" ਵੀ ਕਿਹਾ ਜਾਂਦਾ ਸੀ, ਸਿੱਖ ਸੰਗਤਾ ਦੇ ਲਈ ਰਸਮੀ ਤੌਰ ਤੇ ਗਲੋਬਲ ਸਿੱਖ ਵਿਜ਼ਨ ਲੰਡਨ ਲਈ ਜਾਰੀ ਕੀਤਾ।

ਇਹ ਉਹ ਅਸਲੀ ਇਤਿਹਾਸਕ ਸਿੱਕਾ ਹੈ, ਜਦੋਂ ਮੀਰ ਮੰਨੂ ਨੇ ਸਿਖਾ ਦੇ ਸਿਰਾ ਦੇ ਮੁੱਲ ਪਾਏ ਸਨ। ਜ਼ਿਕਰਯੋਗ ਹੈ ਕਿ ਗਲੋਬਲ ਸਿੱਖ ਵਿਜ਼ਨ ਲੰਡਨ ਇੱਕ ਨਾਨ ਪ੍ਰੋਫਿਟ ਗੁਰਸਿੱਖ ਚੈਰਿਟੀ ਹੈ, ਜੋ ਕਿ ਅਲੋਪ ਹੋ ਰਹੇ ਸਿੱਖ ਵਿਰਸੇ ਅਤੇ ਇਤਿਹਾਸ ਨੂੰ ਦੇਸ਼ਾ-ਵਿਦੇਸ਼ਾ ਵਿਖੇ ਇਸਦੀਆਂ ਗੋਲਡ ਅਵਾਰਡ ਜੇਤੂ ਫ੍ਰੀ ਪ੍ਰਦਰਸ਼ਨੀਆਂ ਰਾਹੀਂ ਪ੍ਰਸਾਰਿਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਜਥੇਦਾਰ ਸਾਹਿਬ ਨੇ ਨੇ ਉਹਨਾਂ ਦੀ ਵਿਲੱਖਣ ਨੁਮਾਇਸ਼ਾ ਦੀ ਵੀ ਭਰਪੂਰ ਸ਼ਲਾਘਾ ਕੀਤੀ।




*"ਖਾਲਸਾ ਪੰਥ ਅਕੈਡਮੀ" ਦਾ ਉਦਘਾਟਨ ਕਰਨ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ, ਨਾਲ਼ ਹਨ ਗਲੋਬਲ ਸਿੱਖ ਵਿਜਨ ਦੇ ਕੋਹਲੀ ਰਵਿੰਦਰਪਾਲ ਸਿੰਘ ਅਤੇ ਹੋਰ।*

# ਅਮਰੀਕਾ ਵਿਚ ਵੱਡੀ ਪੱਧਰ 'ਤੇ ਹੋਵੇਗੀ ਸੰਘੀ ਵਰਕਰਾਂ ਦੀ ਛਾਂਟੀ

## ✪ ਟਰੰਪ ਨੇ ਮਸਕ ਦੀ ਹਾਜਰੀ ਵਿਚ ਆਦੇਸ਼ ਉਪਰ ਕੀਤੇ ਦਸਤਖਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਵਿਚ ਵੱਡੀ ਪੱਧਰ 'ਤੇ ਸੰਘੀ ਵਰਕਰਾਂ ਦੀ ਛਾਂਟੀ ਲਈ ਰਾਹ ਪੱਧਰਾ ਹੋ ਗਿਆ ਹੈ। ਵਾਈਟ ਹਾਊਸ ਨੇ ਜਾਰੀ ਇਕ ਆਦੇਸ਼ ਵਿਚ ਕਿਹਾ ਹੈ ਕਿ ਏਜੰਸੀ ਦੇ ਮੁੱਖੀਆਂ ਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਉਹ ਸੰਘੀ ਵਰਕ ਫੋਰਸ ਦੇ ਆਕਾਰ ਨੂੰ ਸੀਮਿਤ ਕਰਨ ਤੇ ਜਰੂਰੀ ਅਹੁੱਦਿਆਂ ਉਪਰ ਨਿਯੁਕਤੀਆਂ ਨੂੰ ਘਟਾਉਣ ਲਈ ਸਰਕਾਰ ਦੇ ਕੁਸ਼ਲਤਾ ਵਿਭਾਗ "ਡੌਜ" ਨਾਲ ਤਾਲਮੇਲ ਤੇ ਸਲਾਹ ਕਰਨ।

ਵਾਈਟ ਹਾਊਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਘੀ ਵਰਕ ਫੋਰਸ ਘਟਾਉਣ ਸਬੰਧੀ ਆਦੇਸ਼ ਉਪਰ ਦਸਤਖਤ ਪੱਤਰਕਾਰਾਂ ਦੇ ਓਵਾਲ ਦਫਤਰ ਵਿਚੋਂ ਬਾਹਰ ਚਲੇ ਜਾਣ ਉਪਰੰਤ ਕੀਤੇ ਹਨ। ਇਸ ਮੌਕੇ ਓਵਾਲ ਦਫਤਰ ਵਿਚ ਅਰਬਪਤੀ ਸਪੇਸ - ਐਕਸ ਸੀ ਈ ਓ ਐਲਨ ਮਸਕ ਵੀ ਹਾਜਰ ਸਨ। ਆਦੇਸ਼ ਵਿਚ ਕਿਹਾ ਗਿਆ ਹੈ ਕਿ ਏਜੰਸੀ ਮੁੱਖੀ ਫੌਰੀ ਵੱਡੀ ਪੱਧਰ 'ਤੇ ਸੰਘੀ ਮੁਲਾਜ਼ਮਾਂ ਦੀ ਗਿਣਤੀ ਘਟਾਉਣ ਦੀਆਂ ਤਿਆਰੀਆਂ ਸ਼ੁਰੂ ਕਰਨਗੇ ਤੇ ਇਸ ਸਬੰਧੀ ਅਨੁਕੂਲ ਕਾਨੂੰਨ ਦੀ ਵਰਤੋਂ ਕਰਨਗੇ। ਇਸ ਮੌਕੇ ਟਰੰਪ ਨੇ ਕਿਹਾ ਕਿ ਅਸੀਂ ਪਹਿਲਾਂ ਹੀ ਅਯੋਗ ਤੇ ਭ੍ਰਿਸ਼ਟਾਚਾਰ ਦੀ ਅਲਾਮਤ ਉਪਰ ਅਰਬਾਂ ਡਾਲਰ ਖਰਚ ਕਰ ਚੁੱਕੇ ਹਾਂ। ਉਨਾਂ ਕਿਹਾ ਡੌਜ ਦੀ ਕੋਸ਼ਿਸ਼ ਪੈਸੇ ਦੀ ਦੁਰਵਰਤੋਂ ਨੂੰ ਰੋਕਣਾ ਹੈ। ਪੱਤਰਕਾਰਾਂ ਨਾਲ ਆਪਣੀ 30 ਮਿੰਟਾਂ ਦੀ ਗੱਲਬਾਤ ਦੌਰਾਨ ਟਰੰਪ ਤੇ ਮਸਕ ਨੇ ਇਸ ਦੁਰਵਰਤੋਂ ਨੂੰ ਵਾਰ ਵਾਰ "ਫਰਾਡ" ਕਿਹਾ।

ਟਰੰਪ ਦੇ ਦੂਸਰੇ ਕਾਰਜਕਾਲ ਦੌਰਾਨ ਅਹੁੱਦਾ ਸੰਭਾਲਣ ਉਪਰੰਤ ਐਲਨ ਮਸਕ ਪਹਿਲੀ ਵਾਰ ਓਵਾਲ ਦਫਤਰ ਵਿਚ ਰਾਸ਼ਟਰਪਤੀ ਨਾਲ ਨਜਰ ਆਏ। ਉਨਾਂ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਡੌਜ ਦੀ ਜਵਾਬਦੇਹੀ ਦਾ ਬਚਾਅ ਕੀਤਾ ਤੇ ਕਿਹਾ ਕਿ ਉਹ ਅਜਿਹਾ ਕੰਮ ਨਹੀਂ ਕਰਨਗੇ ਜਿਸ ਨਾਲ ਹਿੱਤਾਂ ਦਾ ਟਕਰਾਅ ਪੈਦਾ ਹੁੰਦਾ ਹੋਵੇ। ਉਨਾਂ ਕਿਹਾ ਕਿ ਸਮੁੱਚੀ ਕਾਰਵਾਈ ਜਨਤਿਕ ਹੈ।



ਐਲਨ ਮਸਕ ਆਪਣੇ ਪੁੱਤਰ ਨਾਲ ਰਾਸ਼ਟਰਪਤੀ ਟਰੰਪ ਦੇ ਵਾਈਟ ਹਾਊਸ ਵਿਚਲੇ ਦਫਤਰ ਵਿਚ ਨਜਰ ਆ ਰਹੇ ਹਨ।

# ਸਿੱਖ ਆਗੂ ਬਲਵੀਰ ਸਿੰਘ ਨੇ ਨਿਊ ਜਰਸੀ ਜਨਰਲ ਅਸੰਬਲੀ ਦੇ ਵਿਧਾਇਕ ਵਜੋਂ ਸਹੁੰ ਚੁੱਕੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-20 ਸਾਲ ਤੋਂ ਵਧ ਸਮਾਂ ਅਧਿਆਪਕ ਰਹੇ ਤੇ ਬਰਲਿੰਗਟਨ ਕਾਊਂਟੀ ਦੇ ਸਾਬਕਾ ਕਮਿਸ਼ਨਰ ਬਲਵੀਰ ਸਿੰਘ ਨੇ ਨਿਊ ਜਰਸੀ ਜਨਰਲ ਅਸੰਬਲੀ ਦੇ ਮੈਂਬਰ ਵਜੋਂ ਸਹੁੰ ਚੁੱਕੀ। ਨਿਊਜਰਸੀ ਦੇ ਇਤਿਹਾਸ ਵਿਚ ਪਹਿਲਾ ਸਿੱਖ ਵਿਧਾਇਕ ਬਣ ਕੇ ਉਨਾਂ ਨੇ ਇਤਿਹਾਸ ਰਚ ਦਿੱਤਾ ਹੈ। ਬਲਵੀਰ ਸਿੰਘ ਨੇ ਆਪਣੇ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਵਿਚ ਸਹੁੰ ਚੁੱਕੀ। ਉਨਾਂ ਨੂੰ ਅਹੁੱਦੇ ਦੀ ਸਹੁੰ ਸਪੀਕਰ ਕਰੈਗ ਜੇ ਕੌਗਲਿਨ ਨੇ ਚੁੱਕਾਈ। ਉਹ ਬਰਲਿੰਗਟਨ ਕਾਊਂਟੀ ਵਿਚ 7ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਨਗੇ।

ਡੈਮੋਕਰੈਟਿਕ ਆਗੂ ਬਲਵੀਰ ਸਿੰਘ ਨੇ ਇਸ ਮੌਕੇ ਕਿਹਾ ਕਿ "ਉਹ ਸਿੱਖਿਆ, ਆਰਥਿਕ ਅਵਸਰਾਂ ਤੇ ਹਰ ਇਕ ਲਈ ਉਚਿੱਤ ਸੇਵਾਵਾਂ 'ਤੇ ਆਪਣਾ ਧਿਆਨ ਕੇਂਦ੍ਰਿਤ ਕਰਨਗੇ। ਮੈ ਬਰਲਿੰਗਟਨ ਕਾਊਂਟੀ ਤੇ ਸਮੁੱਚੇ ਨਿਊ ਜਰਸੀ ਰਾਜ ਦੇ ਲੋਕਾਂ ਦੀ ਆਵਾਜ਼ ਨੂੰ ਟਰੈਨਟਨ ਵਿਧਾਨ ਸਭਾ ਵਿਚ ਪਹੁੰਚਾਏ ਜਾਣ ਨੂੰ ਯਕੀਨੀ ਬਣਾਵਾਂਗਾ। ਮੈ ਲੋਕਾਂ ਨੂੰ ਸਮਰਪਿਤ ਹਾਂ।"

ਬਲਵੀਰ ਸਿੰਘ 1999 ਵਿਚ 14 ਸਾਲ ਦੀ ਉਮਰ ਵਿਚ ਪੰਜਾਬ ਤੋਂ ਅਮਰੀਕਾ ਗਏ ਸਨ। ਉਨਾਂ ਨੇ ਬਰਲਿੰਗਟਨ ਸਿਟੀ ਹਾਈ ਸਕੂਲ ਤੋਂ ਸਿੱਖਿਆ ਪ੍ਰਾਪਤ ਕੀਤੀ ਤੇ ਕਾਲਜ ਆਫ ਨਿਊ ਜਰਸੀ ਤੇ ਰੁਟਗਰਸ ਯੂਨੀਵਰਸਿਟੀ ਤੋਂ ਡਿਗਰੀਆਂ ਕੀਤੀਆਂ।



ਬਲਵੀਰ ਸਿੰਘ ਆਪਣੇ ਪਰਿਵਾਰਕ ਮੈਂਬਰਾਂ ਦੀ ਹਾਜਰੀ ਵਿਚ ਸਹੁੰ ਚੁੱਕਦੇ ਹੋਏ।

# ਪੰਜਾਬੀ ਭਾਸ਼ਾ ਚੇਤਨਾ ਬੋਰਡ

## Panjabi Language Awareness Board

Company Registration Number 13056716 in England & Wales
www.panjabi2021.co.uk Tel: 01214509523 Mob: 07810504295 Email: info@panjabi2021.co.uk
25 Birmingham Road, Albion office no. 6, West Bromwich, West Midlands, B70 6RR

# ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਮੁਖੀ ਦਿਵਸ ਵਜੋਂ ਮਨਾਉਣ ਦਾ ਸੱਦਾ

## ਪੰਜਾਬੀ ਭਾਸ਼ਾ ਚੇਤਾਨਾ ਬੋਰਡ ਦੇ ਡਾਇਰੈਕਟਰ ਸ: ਹਰਮੀਤ ਸਿੰਘ ਭਕਨਾ ਵੱਲੋਂ ਪੰਜਾਬ ਟਾਈਮਜ਼ ਦਾ ਮਾਂ ਬੋਲੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਤੇ ਵਧਾਈ

## ਪੰਜਾਬੀ ਭਾਸ਼ਾ ਚੇਤਨਾ ਬੋਰਡ ਦੀ ਸਥਾਪਨਾ ਦੇ 10 ਸਾਲ ਹੋਣ ਤੇ ਸਮੂਹ ਪੰਜਾਬੀਆਂ ਨੂੰ ਲੱਖ ਲੱਖ ਵਧਾਈ

ਪੰਜਾਬੀ ਭਾਸ਼ਾ ਚੇਤਨਾ ਬੋਰਡ ਵੱਲੋਂ ਅਸੀਂ ਅਦਾਰਾ ਪੰਜਾਬ ਟਾਈਮਜ਼ ਦੁਆਰਾ 'ਮਾਂ ਬੋਲੀ ਵਿਸ਼ੇਸ਼ ਅੰਕ' ਪ੍ਰਕਾਸ਼ਿਤ ਕਰਨ ਤੇ ਵਧਾਈ ਦਿੰਦੇ ਹਾਂ। ਗੁਰਮੁਖੀ ਬੋਲੀ ਦੇ ਪ੍ਰਚਾਰ ਤੇ ਵਿਸਥਾਰ ਲਈ ਸਾਨੂੰ ਸਭ ਨੂੰ ਰਲ ਮਿਲ ਕੇ ਯਤਨ ਕਰਨੇ ਚਾਹੀਦੇ ਹਨ। ਵਿਦੇਸ਼ਾਂ ਵਿੱਚ ਤਾਂ ਬੱਚਿਆਂ ਨੂੰ ਗੁਰਮੁਖੀ (ਪੰਜਾਬੀ) ਮਾਂ ਬੋਲੀ ਸਿਖਾਉਣ ਲਈ ਗੁਰਦੁਆਰਿਆਂ ਵੱਲੋਂ ਉਚੇਚੇ ਯਤਨ ਕੀਤੇ ਜਾਂਦੇ ਹਨ, ਪਰ ਇਸ ਸਮੇਂ ਪੂਰਬੀ ਪੰਜਾਬ ਦੇ ਸਰਕਾਰੀ ਤੇ ਪ੍ਰਾਇਵੇਟ ਸਕੂਲਾਂ ਵਿੱਚੋਂ ਪੰਜਾਬੀ/ਗੁਰਮੁਖੀ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਜਿਹੜੀ ਪੰਜਾਬੀ ਸਿਖਾਈ ਵੀ ਜਾਂਦੀ ਹੈ, ਉਸ ਉਤੇ ਹਿੰਦੀ ਅਤੇ ਅੰਗਰੇਜ਼ੀ ਦਾ ਪ੍ਰਭਾਵ ਸਾਫ ਦਿਖਾਈ ਦਿੰਦਾ ਹੈ। ਪੰਜਾਬੀਆਂ ਨੂੰ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ/ਗੁਰਮੁਖੀ ਨਾਲ ਜੋੜੀ ਰੱਖਣ ਲਈ ਸਰਕਾਰਾਂ ਅਤੇ ਵਿੱਦਿਆ ਅਦਾਰਿਆਂ ਉਤੇ ਦਬਾਅ ਪਾ ਕੇ ਰੱਖਣ ਦੀ ਲੋੜ ਹੈ।



ਗੁਰਮੁਖੀ ਅੱਖਰਾਂ ਦੇ ਰਚੇਤਾ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ **ਗੁਰਮੁਖੀ ਦਿਵਸ** ਵਜੋਂ ਮਨਾਉਣ ਲਈ ਪੰਜਾਬੀ ਭਾਸ਼ਾ ਚੇਤਨਾ ਬੋਰਡ ਵੱਲੋਂ ਅਪੀਲ ਕਰਦੇ ਹਾਂ। ਅਸੀਂ ਗੁਰਮੁੱਖੀ ਲਿੱਪੀ ਨੂੰ ਲੈ ਕੇ ਦੇਸ਼ ਵਿਦੇਸ਼ ਵਿੱਚ ਅਵੇਸਲੇ ਹੋ ਰਹੇ ਹਾਂ, ਜਦ ਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਗੁਰਮੁੱਖੀ ਲਿੱਪੀ ਨਾਲ ਜੋੜੀ ਰੱਖਣਾ ਅਤਿ ਜ਼ਰੂਰੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਮੁਹਿੰਮ ਲਈ ਆਦੇਸ਼ ਜਾਰੀ ਕਰਨ ਤਾਂ ਜੋ ਦੇਸ਼-ਵਿਦੇਸ਼ ਦੇ ਗੁਰੂ ਘਰਾਂ ਵਿੱਚ ਗੁਰਮੁੱਖੀ ਲਿੱਪੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨ ਤੇਜ਼ ਕੀਤੇ ਜਾਣ। ਜਿਸ ਸਦਕਾ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਅਤੇ ਸਾਡੇ ਵਿਰਸੇ ਦੇ ਪੁਰਾਤਨ ਵਿਧੀ ਵਿਧਾਨਾਂ ਨਾਲ ਅਜੋਕੀ ਅਤੇ ਅਗਲੀ ਪੀੜ੍ਹੀ ਨੂੰ ਜੋੜ ਕੇ ਰੱਖ ਸਕਦੇ ਹਾਂ।

ਪੰਜਾਬੀ ਭਾਸ਼ਾ ਚੇਤਨਾ ਬੋਰਡ ਦੀ ਸਥਾਪਨਾ 15 ਅਪ੍ਰੈਲ 2015 ਨੂੰ ਕੀਤੀ ਗਈ ਸੀ। ਜਿਸ ਨੂੰ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਿਆਂ ਅੱਜ 10 ਸਾਲ ਹੋ ਗਏ ਹਨ। ਹੁਣ ਤੱਕ ਜਿਹੜੇ ਵੀ ਸੱਜਣਾਂ ਅਤੇ ਪੰਜਾਬੀ ਪਿਆਰਿਆਂ ਨੇ ਸਾਡੀ ਪੰਜਾਬੀ ਦੀ ਪ੍ਰਚਾਰ ਮੁਹਿੰਮ ਵਿੱਚ ਸਾਥ ਦਿੱਤਾ ਹੈ, ਅਸੀਂ ਉਹਨਾਂ ਸਾਰਿਆਂ ਦਾ ਹਾਰਦਿਕ ਧੰਨਵਾਦ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਅੱਗੇ ਤੋਂ ਵੀ ਇੰਝ ਹੀ ਸਾਥ ਦਿੰਦੇ ਰਹੋਗੇ।

ਯੂ ਕੇ ਸਰਕਾਰ ਵੱਲੋਂ 17 ਜੁਲਾਈ 2024 ਨੂੰ ਜੋ 'ਸਕਿਲ ਇੰਗਲੈਂਡ' ਪ੍ਰੋਗਰਾਮ ਜਾਰੀ ਕੀਤਾ ਗਿਆ ਸੀ, ਉਸ ਦੇ ਤਹਿਤ ਅਸੀਂ ਭਾਰਤੀ ਭਾਸ਼ਾਵਾਂ ਨੂੰ ਜੀ.ਸੀ.ਐਸ.ਈ. ਅਤੇ ਏ-ਲੈਵਲ ਤੱਕ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਕੰਮ ਕਰ ਰਹੇ ਹਾਂ।

***ਇਸ ਸੰਬੰਧੀ ਵਧੇਰੇ ਜਾਣਕਾਰੀ ਲੈਣ ਲਈ ਹੇਠਾਂ ਦਿੱਤੀ ਵੈਬਸਾਈਟ 'ਤੇ ਲੌਗ ਕਰੋ ਜਾਂ ਈਮੇਲ ਰਾਹੀਂ ਸੰਪਰਕ ਕਰੋ:***

We are campaigning to increase numbers of Indian languages GCSE and A level students in the UK according to the SKILLS ENGLAND initiative introduced by the UK government on 17th July 2024.

*More information about SKILLS ENGLAND programme please visit:*

*www.gov.uk/government/collections/skills-england - Email:skills.england@education.gov.uk*



ਹਰਮੀਤ ਸਿੰਘ ਭਕਨਾ

**ਜਾਰੀ ਕਰਤਾ : ਸ: ਹਰਮੀਤ ਸਿੰਘ ਭਕਨਾ, ਡਾਇਰੈਕਟਰ ਪੰਜਾਬੀ ਭਾਸ਼ਾ ਚੇਤਨਾ ਬੋਰਡ ਯੂ ਕੇ**

S. Harmeet Singh Bhakna, Director,
**Panjabi Language Awareness Board UK**
Registration Number 09819756 in England & Wales
25 Birmingham Road, Albion Office no.6, West Bromwich, B70 6RR
Mobile & WhatsApp: 07810504295
Email:info@panjabi2021.co.uk / www.panjabi2021.co.uk

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਅਗਰ ਉਹ ਸਦਾ ਪ੍ਰਭੂ ਨੂੰ ਹਿਰਦੇ 'ਚ ਰੱਖੇ, ਪ੍ਰਭੂ ਨਾਲ਼ ਪਿਆਰ ਕਰੇ ਤਾਂ ਸਤਿਗੁਰੂ ਰਾਹੀਂ ਉਸਨੂੰ ਪ੍ਰਭੂ-ਪਤੀ ਦਿਖ ਜਾਂਦਾ ਹੈ। "ਸਤਿਗੁਰਿ ਮੇਲੀ ਤਾਂ ਸਹਜਿ ਮਿਲੀ ਪਿਰੁ ਰਾਖਿਆ ਉਰਧਾਰੇ ॥ ਸਦਾ ਉਰਧਾਰੇ ਨੇਹੁ ਨਾਲਿ ਪਿਆਰੇ ਸਤਿਗੁਰ ਤੇ ਪਿਰੁ ਦਿਸੈ ॥ ਅੰਗ 584"। ਗੁਰੂ ਤੋਂ (ਪ੍ਰਭੂ ਮਿਲਾਪ ਦੀ) ਵਿਧੀ ਜਾਣ ਕੇ ਕ੍ਰੋੜਾਂ ਫਲ ਪ੍ਰਾਪਤ ਹੋ ਜਾਂਦੇ ਹਨ। "ਕੋਟਿ ਫਲਾ ਗੁਰ ਤੇ ਬਿਧਿ ਜਾਣੀ॥3॥ ਅੰਗ 238"।

ਗੁਰੂ ਅਨੁਸਾਰੀ ਜੀਵਨ ਦਾ ਸਹੀ ਰਸਤਾ ਬੁੱਝ ਲੈਂਦਾ (ਭਾਵ ਸਮਝਦਾ) ਹੈ, ਇਕ ਪਰਮਾਤਮਾ ਨਾਲ਼ ਅਟੁੱਟ ਪਿਆਰ ਪਾਉਂਦਾ ਹੈ। ਆਪਣੇ ਅੰਤਰ ਆਤਮੇ ਟਿਕਿਆ ਰਹਿੰਦਾ ਹੈ ਤੇ ਸਦਾ-ਥਿਰ ਪ੍ਰਭੂ ਵਿਚ ਲੀਨ ਰਹਿੰਦਾ ਹੈ। ਉਹ ਆਪਣਾ ਜਨਮ ਮਰਨ ਦਾ ਗੇੜ ਮੁਕਾ ਲੈਂਦਾ ਹੈ। ਇਹ ਮਤਿ ਉਹ ਪੂਰੇ ਗੁਰੂ ਤੋਂ ਹੀ ਪ੍ਰਾਪਤ ਕਰਦਾ ਹੈ। "ਗੁਰਮੁਖਿ ਬੂਝੈ ਏਕ ਲਿਵ ਲਾਏ ॥ ਨਿਜ ਘਰਿ ਵਾਸੈ ਸਾਚਿ ਸਮਾਏ ॥ ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥7॥ ਅੰਗ 222"। ਗੁਰੂ ਤੋਂ ਪ੍ਰਭੂ ਨੂੰ ਬੁੱਝ ਲੈਣ ਨਾਲ਼ ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ ਅਤੇ ਪ੍ਰਭੂ ਦੇ ਦਰ ਦੀ ਸੋਝੀ ਹੋ ਜਾਂਦੀ ਹੈ। "ਗੁਰ ਤੇ ਬੂਝੈ ਤ੍ਰਿਭਵਣੁ ਸੂਝੈ॥ ਅੰਗ 1021"। ਅਤੇ "ਗੁਰ ਤੇ ਬੂਝੈ ਤਾ ਦਰੁ ਸੂਝੈ ॥ ਅੰਗ 1044"। ਪ੍ਰਭੂ ਦਾ ਗਿਆਨ ਤੇ ਪ੍ਰਭੂ ਵਿਚ ਸੁਰਤੀ ਦਾ ਟਿਕਾਓ ਸਭ ਗੁਰੂ ਤੋਂ ਮਿਲਦਾ ਹੈ। "ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਅੰਗ 831"। ਗੁਰੂ ਰਾਹੀਂ ਮਾਇਆ ਤੋਂ ਨਿਰਲੇਪ ਪ੍ਰਕਾਸ਼ ਮਈ ਪ੍ਰਭੂ ਦੀ ਸੋਝੀ ਹੋ ਜਾਂਦੀ ਹੈ। "ਗੁਰ ਤੇ ਸੁਝੈ ਨਿਰੰਜਨ ਦੇਵ ॥1॥ ਰਹਾਉ॥ ਅੰਗ 862"। ਅਤੇ "ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਅੰਗ 864"। ਦੁਖ ਦੂਰ ਕਰਨ ਵਾਲ਼ਾ ਪ੍ਰਭੂ ਗੁਰੂ ਤੋਂ ਜਾਣਿਆ ਜਾਂਦਾ ਹੈ। "ਦੂਖ ਨਿਵਾਰਣੁ ਗੁਰ ਤੇ ਜਾਤਾ ॥ ਅੰਗ 1044"। ਪੂਰੇ ਗੁਰੂ ਰਾਹੀਂ ਬੰਦਾ ਸਦਾ ਥਿਰ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ ਤੇ ਨਾ ਫਿਰ ਮਰਦਾ ਹੈ ਤੇ ਨਾ ਹੀ (ਇਸ ਜਗਤ ਤੇ) ਆਉਂਦਾ ਹੈ ਨਾ ਜਾਂਦਾ ਹੈ। "ਨਾ ਫਿਰਿ ਮਰੈ ਨ ਆਵੈ ਜਾਇ ॥ ਪੂਰੇ ਗੁਰ ਤੇ ਸਾਚਿ ਸਮਾਇ॥1॥ ਅੰਗ 364"।

ਪ੍ਰਭੂ ਦਾ ਸਦਾ-ਥਿਰ ਰਹਿਣ ਵਾਲ਼ਾ ਨਾਮ ਸੁਖ-ਦਾਤਾ ਹੈ। ਹੇ ਨਾਨਕ! ਇਹ ਅਟੱਲ ਵਿਸ਼ਵਾਸ ਸਤਿਗੁਰੂ ਤੋਂ ਮਿਲਦਾ ਹੈ। "ਸਤਿਨਾਮੁ ਪ੍ਰਭ ਕਾ ਸੁਖਦਾਈ ॥ ਬਿਸ੍ਵਾ-ਸੁ ਸਤਿ ਨਾਨਕ ਗੁਰ ਤੇ ਪਾਈ ॥3॥ ਅੰਗ 284"।

ਗੁਰੂ ਦੀ ਰਾਹੀਂ ਅਟੱਲ ਵਡਿਆਈ ਪ੍ਰਾਪਤ ਹੁੰਦੀ ਹੈ; ਸਦਾ-ਥਿਰ ਪ੍ਰਭੂ ਜੀਵਨ ਨੂੰ ਸਵਾਰਨ ਵਾਲ਼ਾ ਹੈ। "ਸਚੀ ਵਡਿਆਈ ਗੁਰ ਤੇ ਪਾਈ ਸਚੁ ਸਵਾਰਣਹਾਰਾ ॥ ਅੰਗ 569"। ਗੁਰੂ ਤੋਂ ਸਦਾ ਥਿਰ ਪ੍ਰਭੂ ਦੇ ਦਰ ਤੇ ਸ਼ੋਭਾ ਮਿਲਦੀ ਹੈ। "ਦਰਿ ਸਾਚੈ ਗੁਰ ਤੇ ਸੋਭਾ ਪਾਈ ॥1॥ ਅੰਗ 798"।

ਜਿੰਦ (ਜਾਨ) ਤੇ ਸਰੀਰ ਗੁਰੂ (ਪਰਮੇਸ਼ਰ) ਤੋਂ ਉਪਜਦੇ ਹਨ; ਗੁਰੂ ਅਨੁਸਾਰੀ ਮਨੁੱਖਾ ਸਰੀਰ ਪ੍ਰਾਪਤ ਕਰਕੇ ਮਨੁੱਖਾ ਜਨਮ ਸਵਾਰ (ਸਫਲ ਕਰ) ਲੈਂਦਾ ਹੈ। "ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ॥ ਅੰਗ 753"। ਸਤਿਗੁਰੂ ਰਾਹੀਂ ਪ੍ਰਭੂ ਦਾ ਡਰ (ਅਦਬ) ਮਨ 'ਚ ਉਪਜਦਾ ਹੈ ਤੇ ਮੁਕਤੀ ਦੇ ਦਰਵਾਜ਼ੇ ਦੀ ਪ੍ਰਾਪਤੀ ਹੁੰਦੀ ਹੈ। "ਸਤਿਗੁਰ ਤੇ ਭਉ ਉਪਜੈ ਪਾਈਐ ਮੋਖ ਦੁਆਰ ॥ ਅੰਗ 1288"।

ਨਾ ਕੋਈ ਮੇਰਾ ਦੁਸ਼ਮਨ ਰਹਿਆ ਤੇ ਨਾ ਮੈਂ ਕਿਸੇ ਦਾ ਵੈਰੀ ਹਾਂ। ਮੈਨੂੰ ਸਤਿਗੁਰੂ ਪਾਸੋਂ ਇਹ ਸਮਝ ਪ੍ਰਾਪਤ ਹੋ ਗਈ ਹੈ ਕਿ ਸ੍ਰਿਸ਼ਟੀ ਦੇ ਸਾਰੇ ਪਸਾਰੇ 'ਚ ਪਰਮਾਤਮਾ ਨੇ ਆਪਣੇ ਆਪ ਨੂੰ ਖਿਲਾਰਿਆ ਹੋਇਆ ਹੈ। "ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥ ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥2॥ ਅੰਗ 671"।

ਸਤਿਗੁਰੂ ਜੀ ਬਚਨ ਕਰਦੇ ਹਨ ਕਿ ਵੇਖੋ, ਪਰਮਾਤਮਾ ਦੀ ਅਚਰਜ ਮਰਜ਼ੀ! ਗੁਰੂ ਨੂੰ ਮਿਲ ਕੇ ਬੰਦਾ ਗੁਰੂ ਬਣ ਜਾਂਦਾ ਹੈ (ਮਿਸਾਲ ਵੱਜੋਂ ਸਤਿਗੁਰੂ ਨਾਨਕ ਦੇਵ ਜੀ ਤੋਂ ਬਾਦ 9 ਪਾਤਿਸ਼ਾਹੀਆਂ)। ਪਰਮਾਤਮਾ ਆਪ ਹੀ ਇਹ ਸਬੱਬ ਬਣਾਂਦਾ ਹੈ, (ਗੁਰੂ ਦੇ ਮਿਲਾਪ ਨਾਲ਼ ਬੰਦੇ ਦੀ) ਜੋਤਿ (ਆਤਮਾ) ਜੋਤੀ (ਪਰਮਾਤਮਾ) ਵਿਚ ਲੀਨ ਹੋ ਜਾਂਦੀ ਹੈ। "ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥4॥3॥5॥ ਅੰਗ 490"।

**592. ਜਿਹੜੇ ਗੁਰੂ ਤੋਂ ਮੂੰਹ ਫੇਰਦੇ ਹਨ, ਗੁਰੂ ਤੋਂ ਬੇਮੁੱਖ ਹੁੰਦੇ ਹਨ, ਉਹਨਾਂ ਦਾ ਕੀ ਹੁੰਦਾ ਹੈ?**

ਜੇਹੜੇ ਮਨੁੱਖ ਗੁਰੂ ਵਲੋਂ ਮੂੰਹ ਭਵਾਂਦੇ ਹਨ ਉਹਨਾਂ ਦੇ ਮੱਥੇ ਭ੍ਰਿਸ਼ਟੇ ਰਹਿੰਦੇ ਹਨ। ਉਹ ਸਦਾ ਉਹੀ ਕਰਤੂਤਾਂ ਕਰਦੇ ਹਨ ਜਿਨ੍ਹਾਂ ਦਾ ਫਲ ਦੁੱਖ ਹੁੰਦਾ ਹੈ, ਉਹ ਸਦਾ ਜਮ ਦੇ ਜਾਲ ਵਿਚ ਜਮ ਦੀ ਤੱਕ ਵਿਚ ਰਹਿੰਦੇ ਹਨ। ਕਦੇ ਸੁਪਨੇ ਵਿਚ ਭੀ ਉਹ ਸੁਖ ਨਹੀਂ ਪਾਉਂਦੇ, ਬਹੁਤ ਚਿੰਤਾ ਉਹਨਾਂ ਨੂੰ ਸਾੜਦੀ ਰਹਿੰਦੀ ਹੈ। "ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥ ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥ ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥3॥ ਅੰਗ 30"। ਜਿਹੜੇ ਮਨੁੱਖ ਸਤਿਗੁਰੂ ਵਲੋਂ ਮੂੰਹ ਫੇਰਦੇ ਹਨ, ਗੁਰੂ ਵਲੋਂ ਬੇਮੁਖ ਹੋਏ ਉਹ ਦੇਖਣ ਨੂੰ ਹੀ ਭੈੜੇ ਲੱਗਦੇ ਹਨ। ਰਾਤ ਦਿਨ ਬੰਨ੍ਹੇ ਹੋਏ ਉਹ ਜਮਾਂ ਦੀਆਂ ਚੋਟਾਂ ਖਾਂਦੇ ਹਨ, ਫਿਰ ਉਹਨਾਂ ਨੂੰ (ਮਨੁੱਖਾ ਜਨਮ ਦਾ) ਸਮਾਂ ਹੱਥ ਨਹੀਂ ਆਉਂਦਾ। ਅਤੇ ਉਹਨਾਂ ਨੂੰ ਜੂਨੀਆਂ 'ਚ ਭਟਕਦਿਆਂ ਨੂੰ ਟਿਕਾ ਨਹੀਂ ਮਿਲਦਾ, ਕੋਈ ਥਾਂ ਟਿਕਾਣਾ ਨਹੀਂ ਮਿਲਦਾ। "ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥ ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ ॥1॥ ਅੰਗ 233"।, "ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥ ਅੰਗ 233"। ਅਤੇ "ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥ ਅੰਗ 645"। ਜਿਨ੍ਹਾਂ ਬੰਦਿਆਂ ਨੇ ਆਪਣਾ ਮੂੰਹ ਗੁਰੂ ਵਲੋਂ ਮੋੜਿਆ ਹੋਇਆ ਹੈ ਉਹਨਾਂ ਨੂੰ ਜੂਨੀਆਂ ਵਿਚ ਭਵਾਇਆ ਜਾਂਦਾ ਹੈ। ਮਾਇਆ ਮੋਹ ਦੇ ਬੰਧਨ ਵਿਚ ਬੱਝਾ ਹੋਇਆ ਮਨੁੱਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। "ਗੁਰ ਤੇ ਮੁਹੁ ਫੇਰੇ ਤਿਨ੍ਹ ਜੋਨਿ ਭਵਾਈਐ॥ ਬੰਧਨਿ ਬਾਧਿਆ ਆਈਐ ਜਾਈਐ ॥5॥ ਅੰਗ 832"। ਅਤੇ "ਗੁਰ ਤੇ ਭੂਲੇ ਆਵਹੁ ਜਾਵਹੁ ॥ ਅੰਗ 1030"। ਜਿਹੜੇ ਸਤਿਗੁਰੂ ਤੋਂ ਵਿਛੁੜੇ ਰਹਿੰਦੇ ਹਨ ਉਹ (ਜੰਮਣ ਮਰਨ ਦਾ) ਘੋਰ ਦੁਖ ਪਾਉਂਦੇ ਹਨ। "ਸਤਿਗੁਰ ਤੇ ਵਿਛੁੜੇ ਤਿਨੀ ਦੁਖੁ ਪਾਇਆ॥ ਅੰਗ 1063"। ਜੇ ਕੋਈ ਮਨੁੱਖ ਗੁਰੂ ਵਲੋਂ ਬੇਮੁਖ ਹੋ ਜਾਏ, ਸਤਿਗੁਰੂ ਤੋਂ ਬਿਨਾ ਮਾਇਆ ਦੇ ਬੰਧਨਾਂ ਤੋਂ ਮੁਕਤੀ ਨਹੀਂ ਮਿਲਦੀ। "ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥ ਅੰਗ 920"। ਜਿਹੜੇ ਮਨੁੱਖ ਪਰਮਾਤਮਾ ਨੂੰ ਭੁਲਾ ਕੇ ਗੁਰੂ ਵਲੋਂ ਮੂੰਹ ਮੋੜੀ ਰੱਖਦੇ ਹਨ ਉਹ ਭਿਆਨਕ ਨਰਕ ਵਿਚ ਪੈਂਦੇ ਹਨ। "ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ ॥3॥ ਅੰਗ 613"। ਜੇ ਕੋਈ ਮਨੁੱਖ ਗੁਰੂ ਵਲੋਂ ਮੂੰਹ ਪਰਤਾਈ ਰੱਖਦਾ ਹੈ, ਗੁਰੂ ਦਾ ਬਚਨ ਆਪਣੇ ਚਿਤ ਵਿਚ ਨਹੀਂ ਰੱਖਦਾ, ਭਾਵੇਂ ਕਰਮ ਕਾਂਡ ਕਰ ਕੇ ਬਹੁਤ ਧਨ ਇਕੱਠਾ ਕਰ ਲੈਂਦਾ ਹੈ, ਉਹ ਜੋ ਕੁਝ ਵੀ ਕਰਦਾ ਹੈ ਅੰਤ ਨੂੰ ਨਰਕ ਵਿਚ ਪੈਂਦਾ ਹੈ। "ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥4॥ ਅੰਗ 1334"।

ਬਾਕੀ ਅਗਲੇ ਹਫ਼ਤੇ


## ਗੁਰੂ ਤੇਗ ਬਹਾਦਰ ਗੁਰਦੁਆਰਾ ਡਡਲੀ ਵਿਖੇ ਇਕ ਮੁੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

### *1 VACANCY FOR MINISTER OF RELIGION (TIER-2)*

***Job Title : MINISTER OF RELIGION - Full Time***

**Duration:-** Two Year – with the prospect to become a permanent position

**Duties & Responsibilities:-** Officiating marriages, birth and funerals

- Duties include reading of the Sri Guru Granth Shib Ji, conducting Daily/weekly Diwans, preach Sikh Religion to congregation.
- The Sikh Holy Parkash Guru Granth Sahib ie Morning Prayer and Evening Prayer,
- To be responsible to ensure the daily religious activities are in line with the Sikh religion. - Require leading daily worship
- Must pay the highest respect to the Guru Maharaj ji as well as public (Guru Ki Sadh Sangat) is essential.
- Undertake any other reasonable duties/activities in pursuing the Organization's religious programs.
- On occasions the candidate maybe required to carry out prayers for family functions at the homes of the devotees
- Benefits include full board and lodges

**Salary: National Minimum Wage for 30 hours a week.**

**Personnel Specification:** The post holder will need to display the following:

I. Previous experience holding a similar role is essential.
2. Knowledge and understanding of the Sikh Religion and Guru Granth Sahib.
4. Strong motivation and empathy towards the aims and objectives of the organisation.
5. Strong organisational skills.
6. Good command of the English and Punjabi language is desirable
7. Good communication and interpersonal skills.
8. Ability to work off own initiative as well as within a team.
9. Willingness to work unsocial hours.

**Other details:**

Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.

**Closing date: 28/02/2025**

**Apply/ Contact: via Phone 01384 238936 or email:sdevsingh56@googlemail.com**

**GURDWARA GURU TEG BAHADHUR SAHIB JI**
**7 Vicar Street, Dudley, West Midlands, DY2 8RQ**



## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

**ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।**

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**


**ਜਾਣਕਾਰੀ ਲਈ ਸੰਪਰਕ:**

**01332 372 851 M: 07966 388 388**

## ਮਾਂ ਬੋਲੀ ਦਿਵਸ ਤੇ ਵਿਸ਼ੇਸ਼

# ਜਿਊਂਦੇ ਰਹਿਣ ਲਈ ਆਪਣੀ ਮਾਂ ਬੋਲੀ ਪੰਜਾਬੀ ਓਨੀ ਹੀ ਜ਼ਰੂਰੀ ਹੈ, ਜਿੰਨਾ ਜਿਊਂਦੇ ਰਹਿਣ ਲਈ ਸਾਹ ਲੈਣਾ ਜ਼ਰੂਰੀ ਹੈ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਲਹਿੰਦੇ, ਚੜ੍ਹਦੇ (ਪੂਰਬੀ ਤੇ ਪੱਛਮੀ) ਪੰਜਾਬ ਦੀਆਂ ਉਹ ਸਮੂਹ ਸੰਸਥਾਵਾਂ, ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲੇ, ਸਮੂਹ ਲੇਖਕ, ਸਮੂਹ ਪਾਠਕ ਸਭ ਵਧਾਈ ਦੇ ਪਾਤਰ ਹਨ, ਜਿਹੜੇ ਪੰਜਾਬੀ ਮਾਂ ਬੋਲੀ ਦੇ ਵਿਕਾਸ ਲਈ ਉੱਦਮ, ਉਪਰਾਲੇ ਕਰ ਰਹੇ ਹਨ, ਉਹਨਾਂ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਥੋੜ੍ਹੀ ਹੈ।

ਲਹਿੰਦੇ ਪੰਜਾਬ ਵਿੱਚ ਪੰਜਾਬੀ ਸਾਹਿਤ ਸ਼ਾਹਮੁਖੀ ਵਿੱਚ ਲਿਖਿਆ ਜਾਂਦਾ ਹੈ ਅਤੇ ਚੜ੍ਹਦੇ ਪੰਜਾਬ ਭਾਵ ਭਾਰਤ ਵਿਚਲੇ ਪੰਜਾਬੀ ਸੂਬੇ ਵਿੱਚ ਪੰਜਾਬੀ ਭਾਸ਼ਾ ਗੁਰਮੁਖੀ ਲਿੱਪੀ ਵਿੱਚ ਪੜ੍ਹੀ ਤੇ ਲਿਖੀ ਜਾਂਦੀ ਹੈ। ਜਿੱਥੋਂ ਤੱਕ ਪੰਜਾਬੀ ਬੋਲੀ ਦਾ ਸੁਆਲ ਹੈ, ਇਸ ਵਿੱਚ ਦੋ ਰਾਵਾਂ ਹੀ ਨਹੀਂ ਹਨ ਕਿ ਹਰ ਪ੍ਰਾਣੀ ਲਈ ਆਪਣੀ ਮਾਂ ਬੋਲੀ ਓਨੀ ਹੀ ਜ਼ਰੂਰੀ ਹੁੰਦੀ ਹੈ, ਜਿੰਨਾ ਜਿਊਂਦੇ ਰਹਿਣ ਲਈ ਸਾਹ ਲੈਣਾ ਜ਼ਰੂਰੀ ਹੁੰਦਾ ਹੈ। ਪਰ ਵਿਚਾਰਨ ਯੋਗ ਤੱਥ ਇਹ ਵੀ ਹੈ ਕਿ ਬੋਲੀ ਤੇ ਲਿੱਪੀ ਵਿੱਚ ਅੰਤਰ ਕੀ ਹੈ? ਜਿਵੇਂ ਅਸੀਂ ਉੱਤੇ ਦੱਸ ਆਏ ਹਾਂ ਕਿ ਲਹਿੰਦੇ ਪੰਜਾਬ ਵਿੱਚ ਪੰਜਾਬੀ ਸਾਹਿਤ ਸ਼ਾਹਮੁਖੀ ਵਿੱਚ ਲਿਖਿਆ ਜਾਂਦਾ ਹੈ ਅਤੇ ਚੜ੍ਹਦੇ ਪੰਜਾਬ ਭਾਵ ਅੱਜ ਵਾਲ਼ੇ ਲੂਲੇ-ਲੰਗੜੇ ਪੰਜਾਬੀ ਸੂਬੇ ਵਿੱਚ ਸਿੱਖ ਸਾਹਿਤ ਤੇ ਪੰਜਾਬੀ ਸਾਹਿਤ ਗੁਰਮੁਖੀ ਲਿੱਪੀ ਵਿੱਚ ਲਿਖਿਆ ਜਾਂਦਾ ਹੈ। ਪੰਜਾਬ ਦੇ ਹਿੰਦੂਆਂ ਨੇ ਪੰਜਾਬ ਦੀ ਹਰ ਜਾਇਜ਼ ਮੰਗ ਦੀ ਵਿਰੋਧਤਾ ਕੀਤੀ ਤੇ ਪੰਜਾਬ ਸੂਬੇ ਬਾਰੇ ਤਾਂ ਸਿੱਖਾਂ ਨੂੰ ਪਾਕਿਸਤਾਨ ਪੱਖੀ ਤੇ ਗ਼ੱਦਾਰ ਦਾ ਖ਼ਿਤਾਬ ਵੀ ਦਿੱਤਾ। ਪੰਜਾਬੀ ਭਾਸ਼ਾ ਦੇ ਵਿਰੋਧ ਵਿੱਚ ਤਾਂ ਫ਼ਿਰਕਾਪ੍ਰਸਤ ਹਿੰਦੂ ਲਾਲਾ ਜਗਤ ਨਾਰ-ਾਇਣ ਨੇ ਇਹ ਵੀ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਸੀ ਕਿ ਪੰਜਾਬ ਵਿੱਚ 70% ਸ਼ੁੱਧ ਹਿੰਦੀ ਭਾਸ਼ਾ ਬੋਲੀ ਜਾਂਦੀ ਹੈ। ਸਿੱਖੀ ਨੂੰ ਬੇ-ਦਾਵਾ ਦੇ ਕੇ ਪੰਜਾਬ, ਪੰਜਾਬੀ, ਪੰਜਾਬੀਅਤ ਦਾ ਨਾਅਰਾ ਲਾਉਣ ਵਾਲ਼ੇ ਪੰਜਾਬੀ ਸਿੱਖਾਂ ਨੂੰ ਇਹ ਗੱਲ ਜ਼ਰੂਰ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਅੱਜ ਵੀ ਪੰਜਾਬ ਦਾ ਹਿੰਦੂ ਪੰਜਾਬੀ ਭਾਸ਼ਾ ਦਾ ਵਿਰੋਧੀ ਹੈ।

ਚੰਡੀਗੜ੍ਹ ਹਾਲੇ ਬਣ ਰਿਹਾ ਸੀ, ਪੰਜਾਬ ਵਿੱਚੋਂ ਤਿੰਨ ਸੌ (300) ਹਿੰਦੂਆਂ ਨੇ ਚੰਡੀਗੜ੍ਹ 11 ਸੈਕਟਰ ਵਿੱਚ ਪਹੁੰਚ ਕੇ ਬਿਲਡਿੰਗ ਦੇ ਬਾਹਰ ਆ ਕੇ ਨਾਅਰੇ ਲਾਏ ਸਨ ਕਿ 'ਊੜਾ ਐੜਾ ਨਹੀਂ ਪੜ੍ਹੇਂਗੇ, ਗੰਦੀ ਭਾਸ਼ਾ ਨਹੀਂ ਪੜ੍ਹੇਂਗੇ'। ਉਹਨਾਂ ਹਿੰਦੂਆਂ ਨੇ ਇਹ ਨਾਹਰਾ ਨਹੀਂ ਸੀ ਲਾਇਆ ਕਿ ਪੰਜਾਬੀ ਨਹੀਂ ਪੜ੍ਹਾਂਗੇ ਸਗੋਂ ਇਹ ਨਾਹਰਾ ਲਾਇਆ ਕਿ 'ਊੜਾ, ਐੜਾ ਨਹੀਂ ਪੜ੍ਹੇਂਗੇ' ਭਾਵ 'ਗੁਰਮੁਖੀ ਨਹੀਂ ਪੜ੍ਹਾਂਗੇ'।

ਪੰਜਾਬੀ ਸੂਬਾ ਬਣਨ ਤੋਂ ਪਹਿਲਾਂ 'ਪੰਜਾਬੀ ਪੜ੍ਹਨ ਲਿਖਣ ਲਈ 'ਗੁਰਮੁਖੀ' ਸ਼ਬਦ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਸਿੱਖ ਰਹਿਤ ਮਰਯਾਦਾ ਦੇ ਪੰਨਾ 16 ਉੱਤੇ ਇਹ ਵੀ ਲਿਖਿਆ ਹੈ ਕਿ 'ਹਰ ਇੱਕ ਸਿੱਖ-ਸਿੱਖਣੀ, ਬੱਚੇ-ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿੱਖਣਾ ਚਾਹੀਦੈ'। ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋ ਹੀ ਤਾਂ ਸਕਦਾ ਹੈ ਜੇ ਗੁਰਮੁਖੀ ਪੜ੍ਹਨੀ ਆਉਂਦੀ ਹੋਵੇ, ਭਾਵ ਕੇਵਲ ਪੰਜਾਬੀ ਬੋਲਣ ਵਾਲ਼ਾ ਪੰਜਾਬੀ (ਗੁਰਮੁਖੀ) ਪੜ੍ਹ ਨਹੀਂ ਸਕਦਾ, ਤੇ ਨਾ ਹੀ ਲਿਖ ਸਕਦਾ ਹੈ।

ਪ੍ਰੋ: ਪਿਆਰਾ ਸਿੰਘ ਪਦਮ ਨੇ ਗੁਰਮੁਖੀ ਲਿੱਪੀ ਦਾ ਇਤਿਹਾਸ ਬੜੇ ਵਿਸਥਾਰ ਨਾਲ ਲਿਖਿਆ ਹੈ। ਉਸ ਦੇ ਅਰੰਭ ਵਿੱਚ ਉਹ ਲਿਖਦੇ ਹਨ ਕਿ 'ਈਮਾਨ, ਗਿਆਨ, ਕਰਣ ਕਾਰਨ ਭਗਵਾਨ ਵਾਂਗ ਅਤਿ ਸੂਖਮ ਹੈ। ਜਦੋਂ ਇਹ ਅੱਖਰੀ ਜਾਮਾ ਪਹਿਨ ਕੇ ਦੇਹਧਾਰੀ ਬਣਦਾ ਹੈ ਤਾਂ ਹੀ ਸੰਸਾਰ ਇਸ ਦੀ ਪਛਾਣ ਕਰਦਾ ਹੈ ਤੇ ਫਿਰ ਇਹ ਸਾਰੇ ਜਹਾਨ ਦੀ ਪਛਾਣ ਕਰਾਉਂਦਾ ਹੈ। ਗੁਰੂ ਨਾਨਕ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹਨ, ਇਸ ਕਰਕੇ ਹੀ ਉਹਨਾਂ ਬਾਣੀ ਉਚਾਰੀ 'ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥' (ਜਪੁਜੀ ਸਾਹਿਬ) ਅਤੇ 'ਅਖਰ ਲਿਖੇ ਸੇਈ ਗਾਵਾਂ ਅਵਰਿ ਨ ਜਾਣਾ ਬਾਣੀ॥'

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਜਿੱਥੇ ਧੁਰ ਕੀ ਬਾਣੀ 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ' ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਹੈ, ਓਥੇ ਗੁਰੂ ਨਾਨਕ ਸਾਹਿਬ ਨੇ ਜਿਹੜੀ ਭਗਤਾਂ ਦੀ ਬਾਣੀ ਵੀ ਇਕੱਤਰ ਕੀਤੀ, ਉਸ ਨੂੰ ਵੀ ਆਪਣੇ ਹੱਥੀਂ ਗੁਰਮੁਖੀ ਲਿੱਪੀ ਵਿੱਚ ਲਿਖਿਆ ਅਤੇ ਸਾਂਭਿਆ, ਕਿਉਂਕਿ ਭਗਤਾਂ ਨੇ ਆਪਣੀ ਬਾਣੀ ਓਸੇ ਇਨਕਲਾਬੀ ਭਾਸ਼ਾ ਵਿੱਚ ਉਚਾਰੀ ਤੇ ਲਿਖੀ, ਜਿਸ ਇਲਾਕੇ ਦੇ ਉਹ ਵਸਨੀਕ ਸਨ। ਗੁਰੂ ਨਾਨਕ ਸਾਹਿਬ ਨੇ ਗੁਰਮੁਖੀ ਲਿੱਪੀ ਵਿੱਚ ਰਾਗ ਆਸਾ ਦੀ ਪਟੀ ਲਿਖੀ, ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਅੰਗ 432 ਉੱਤੇ ਸੁਭਾਇਮਾਨ ਹੈ। ਇਸ ਪਟੀ ਦੇ ਅੱਖਰ ਵੀ ਪੈਂਤੀ ਹੀ ਹਨ, ਪਰ ਸ਼ੁਰੂ ਸਸੈ ਤੋਂ ਹੁੰਦੀ ਹੈ, 'ਸਸੈ ਸੋਇ ਸ੍ਰਿਸਟਿ ਜਿਨਿ ਸਾਜੀ, ਸਭਨਾ ਸਾਹਿਬੁ ਏਕੁ ਭਇਆ॥ ਸੇਵਤ ਰਹੈ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ॥' (ਅੰਗ 432)

ਗੁਰੂ ਨਾਨਕ ਸਾਹਿਬ ਨੇ ਜਿਸ ਪੋਥੀ ਵਿੱਚ ਆਪਣੀ ਤੇ ਭਗਤਾਂ ਦੀ ਬਾਣੀ ਲਿਖ ਕੇ ਸਾਂਭੀ ਸੀ, ਉਹ ਪੋਥੀ ਗੁਰੂ ਅੰਗਦ ਸਾਹਿਬ ਨੂੰ ਸੌਂਪ ਦਿੱਤੀ ਸੀ। ਗੁਰੂ ਅੰਗਦ ਸਾਹਿਬ ਜੀ ਨੇ ਜਦੋਂ ਸਿੱਖਾਂ ਨੂੰ ਗੁਰਮੁਖੀ ਪੜ੍ਹਾਉਣ ਲਈ ਗੁਰਮੁਖੀ ਦੇ ਕਾਇਦੇ ਲਿਖਵਾਉਣੇ ਸ਼ੁਰੂ ਕੀਤੇ ਤਾਂ ਗੁਰਮੁਖੀ ਦੇ ਪੈਂਤੀ ਅੱਖਰਾਂ ਨੂੰ



ਤਰਤੀਬ ਦੇਣ ਲਈ, ਸਸੈ ਦੀ ਥਾਂ ਊੜੇ ਤੋਂ ਸ਼ੁਰੂਆਤ ਕੀਤੀ। ਅੱਖਰ ਓਹੀ ਪੈਂਤੀ ਹਨ ਜਿਨ੍ਹਾਂ ਦੀ ਵਰਤੋਂ ਗੁਰੂ ਨਾਨਕ ਸਾਹਿਬ ਨੇ ਰਾਗ ਆਸਾ ਦੀ ਪੱਟੀ ਵਿੱਚ ਕੀਤੀ ਹੈ।

'ਗੁਰਮਤਿ' ਗੁਰਮੁਖੀ ਦੇ ਸ਼ਬਦਾਰਥ ਵਿੱਚੋਂ ਆਪਣੇ ਅਰਥ ਪ੍ਰਗਟ ਕਰਦੀ ਹੈ। ਸੰਸਕ੍ਰਿਤ, ਹਿੰਦੀ, ਫ਼ਾਰਸੀ, ਅਰਬੀ, ਇੰਗਲਿਸ਼ ਜਾਂ ਪੰਜਾਬੀ ਵਿੱਚੋਂ ਨਹੀਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਨਿਰਵਿਵਾਦ ਰੂਪ ਵਿੱਚ ਗੁਰਮੁਖੀ ਹੈ; ਸੰਸਕ੍ਰਿਤ, ਹਿੰਦੀ, ਫਾਰਸੀ, ਅਰਬੀ, ਇੰਗਲਿਸ਼ ਜਾਂ ਪੰਜਾਬੀ ਨਹੀਂ। ਹਾਂ, ਇਹਨਾਂ ਭਾਸ਼ਾਵਾਂ ਸਮੇਤ ਹੋਰ ਕਈ ਭਾਸ਼ਾਵਾਂ ਦੇ ਸ਼ਬਦ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਉਂਦੇ ਹਨ, ਪਰ ਉਹਨਾਂ ਦੇ ਅਰਥ ਉਹ ਨਹੀਂ ਲਏ ਗਏ ਹਨ, ਜਿਹੜੇ ਉਸ ਸ਼ਬਦ ਦੇ ਮੂਲ ਭਾਸ਼ਾ ਵਿੱਚ ਸਨ, ਸਗੋਂ ਨਵੇਂ ਅਰਥ ਪ੍ਰਦਾਨ ਕਰ ਕੇ ਉਸ ਸ਼ਬਦ ਨੂੰ ਨਵੀਂ ਭਾਸ਼ਾ ਦਾ ਅਨਿੱਖੜਵਾਂ ਅੰਗ ਬਣਾ ਲਿਆ ਗਿਆ ਹੈ ਤੇ ਉਸ ਦਾ ਪਿਛੋਕੜ ਸਿੱਖੀ ਦੇ ਮੂਲ ਨਿਯਮ 'ਪਿਛਲਾ ਸਭ ਨਾਸ਼' ਤੇ 'ਅਗਲਾ ਸਭ ਅਕਾਲ' ਨਾਲ ਜੋੜ ਲਿਆ ਜਾਂਦਾ ਹੈ। ਇਸ ਲਈ ਜਿਸ ਧਰਮ ਦੇ ਸੰਬੰਧ ਵਿੱਚ ਮਾਮਲਾ ਨਜਿੱਠਣਾ ਹੋਵੇ ਉਸ ਧਰਮ ਦੀ ਪਰਿਭਾਸ਼ਕ ਸ਼ਬਦਾਵਲੀ (Terminology) ਵਿੱਚ ਹੀ ਮਾਮਲੇ ਦੀਆਂ ਬਰੀਕੀਆਂ, ਸਿਧਾਂਤ, ਸੰਕਲਪ, ਸੱਭਿਅਤਾ, ਪਰੰਪਰਾਵਾਂ, ਸੰਸਕਾਰ, ਵਿਸ਼ਵਾਸ ਅਤੇ ਨਿਸਚੇ ਨੂੰ ਸਮਝਿਆ ਜਾ ਸਕਦਾ ਹੈ। ਜਿਵੇਂ ਟੈਸਟ ਟਿਊਬ ਵਿੱਚ ਪੈਦਾ ਕੀਤੇ ਬੱਚੇ ਦੀ ਮਾਂ ਦੀ ਕੁੱਖ ਨਾਲ ਕੋਈ ਸਾਂਝ ਨਹੀਂ ਹੁੰਦੀ, ਓਵੇਂ ਹੀ ਗੁਰਮਤਿ ਅਤੇ ਸਿੱਖੀ ਨਾਲ ਕੀਤਾ ਜਾ ਰਿਹਾ ਹੈ।

-(ਹਵਾਲਾ ਪੁਸਤਕ 'ਅਕਾਲ ਤੇ ਸਿੱਖ ਦੋਵੇਂ ਕੇਸਾਧਾਰੀ ਹਨ')

ਗੁਰਮੁਖੀ ਉਰਫ਼ ਪੰਜਾਬੀ ਦਾ ਵਿਸ਼ਲੇਸ਼ਣ ਵੀ ਉਕਤ ਪੈਰੇ ਨੂੰ ਆਧਾਰ ਬਣਾ ਕੇ ਕੀਤਾ ਜਾ ਸਕਦਾ ਹੈ ਕਿਉਂਕਿ ਪੰਜਾਬੀ ਸੱਭਿਆਚਾਰ ਅਤੇ ਸਿੱਖ ਸੱਭਿਆਚਾਰ ਵਿੱਚ ਵੀ ਅੰਤਰ ਹੈ। ਪੰਜਾਬੀ ਸੱਭਿਆਚਾਰ ਦਾ ਅਰਥ ਹੈ, ਪੰਜਾਬੀ ਭਾਸ਼ਾ ਬੋਲਣ ਵਾਲਿਆਂ ਜਾਂ ਪੰਜਾਬ ਸੂਬੇ ਦੇ ਵਾਸੀਆਂ ਦਾ ਰਹਿਣ-ਸਹਿਣ, ਖਾਣ ਪੀਣ, ਕਿਰਤ-ਵਿਰਤ, ਰਸਮ-ਰਿਵਾਜ਼ ਆਦਿ। ਸਿੱਖ ਮੂਲ ਰੂਪ ਵਿੱਚ ਪੰਜਾਬ ਦੇ ਵਾਸੀ ਹੋਣ ਕਾਰਨ ਪੰਜਾਬ ਦਾ ਮੁੱਖ ਅੰਗ ਹਨ। (ਪਰ ਹੁਣ ਤਾਂ ਪੰਜਾਬ ਅਤੇ ਪੰਜਾਬੀ ਵਿੱਚੋਂ ਸਿੱਖ ਸ਼ਬਦ ਹੀ ਮਨਫ਼ੀ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ) ਸਿੱਖਾਂ ਤੋਂ ਇਲਾਵਾ ਪੰਜਾਬ ਵਿੱਚ ਦੂਜੇ ਫ਼ਿਰਕਿਆਂ ਦੇ ਲੋਕ (ਹਿੰਦੂ, ਮੁਸਲਮਾਨ, ਈਸਾਈ ਆਦਿ) ਵੀ ਰਹਿੰਦੇ ਹਨ, ਜਿਹੜੇ ਆਪੋ-ਆਪਣੇ ਧਰਮ ਅਨੁਸਾਰ ਪੂਜਾ-ਪਾਠ ਕਰਦੇ, ਆਪੋ ਆਪਣੀਆਂ ਰੀਤਾਂ-ਰਸਮਾਂ ਨੂੰ ਮੰਨਦੇ ਅਤੇ ਆਪਣੇ ਨਿਰਬਾਹ ਲਈ ਕਿਰਤ-ਵਿਰਤ ਕਰਦੇ ਹਨ। ਸਾਰੇ ਪੰਜਾਬ ਵਾਸੀਆਂ ਵਿੱਚ ਪੰਜਾਬੀ ਬੋਲੀ ਇੱਕ ਸਾਂਝੀ ਕੜੀ ਹੈ। ਸਿੱਖ ਇੱਕ ਵੱਖਰੀ ਕੌਮ ਹੈ। ਸਿੱਖ ਨਿਰਧਾਰਤ ਰਹਿਤ ਮਰਯਾਦਾ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ। ਉਹਨਾਂ ਦਾ ਜਨਮ ਤੇ ਨਾਮ ਸੰਸਕਾਰ, ਅੰਮ੍ਰਿਤ ਸੰਸਕਾਰ, ਅਨੰਦ ਸੰਸਕਾਰ, ਮ੍ਰਿਤਕ ਸੰਸਕਾਰ ਅਤੇ ਹੋਰ ਰਹੁ-ਰੀਤਾਂ ਬਾਕੀ ਫ਼ਿਰਕਿਆਂ ਨਾਲੋਂ ਭਿੰਨ ਹਨ। ਗੁਰਸਿੱਖਾਂ ਦੀ ਸਾਬਤ-ਸੂਰਤ ਤੇ ਪੰਜ ਕਕਾਰਾਂ ਵਾਲੀ ਰਹਿਤ ਉਹਨਾਂ ਦੇ ਵੱਖਰੇ ਸੱਭਿਆਚਾਰ ਨੂੰ ਪ੍ਰਗਟਾਉਂਦੀ ਹੈ। ਇਹ ਸਿੱਖ ਦੀ ਦਿੱਖ ਨੂੰ ਨਿਆਰਾਪਣ ਵੀ ਪ੍ਰਦਾਨ ਕਰਦੀਆਂ ਹਨ।

ਸਿੱਖਾਂ ਦੇ ਗੁਰਦੁਆਰਿਆਂ ਵਿੱਚ ਸੰਗਤ ਤੇ ਪੰਗਤ ਦੀ ਨਿਰਾਲੀ ਸ਼ਾਨ ਹੈ, ਹੁਣ ਜਦੋਂ ਪੰਜਾਬੀ ਭਾਸ਼ਾ ਬਾਰੇ ਹੋ ਰਹੇ ਸਮਾਗਮ ਦੇ ਇਸ਼ਤਿਹਾਰ ਵਿੱਚ ਇਹ ਪੜ੍ਹਦੇ ਹਾਂ ਕਿ ਇਹ ਲੇਖਾ-ਜੋਖਾ ਕੀਤਾ ਜਾਵੇਗਾ ਕਿ ਅੱਜ ਦੇ ਸਮੇਂ ਵਿੱਚ 'ਸਿੱਖ' ਅਥਵਾ 'ਪੰਜਾਬੀ ਕੌਮ' ਕਿਸ ਮੁਕਾਮ 'ਤੇ ਅੱਪੜੀ ਹੈ ਤਾਂ ਗੰਭੀਰ ਚਿੰਤਨ ਦਾ ਵਿਸ਼ਾ ਬਣ ਜਾਂਦਾ ਹੈ, ਕਿਉਂਕਿ ਜੇ ਜਾਣੇ-ਅਣਜਾਣੇ ਵਿੱਚ 'ਸਿੱਖ ਕੌਮ' ਦੀ ਥਾਂ 'ਪੰਜਾਬੀ ਕੌਮ' ਲਿਖਿਆ ਗਿਆ ਹੈ ਤਾਂ ਇਸ ਬਾਰੇ ਪੁਨਰ ਵਿਚਾਰ ਜ਼ਰੂਰ ਹੋਣੀ ਚਾਹੀਦੀ ਹੈ ਕਿਉਂਕਿ ਗੁਰਮੁਖੀ ਲਿੱਪੀ ਵਿੱਚ ਲਿਖੀ ਪੰਜਾਬੀ ਦਾ ਗੁਰੂ ਨਾਨਕ ਦੀ ਸਿੱਖੀ ਨਾਲ ਨਹੁੰ-ਮਾਸ ਦਾ ਰਿਸ਼ਤਾ ਹੈ। ਅੰਤ ਵਿੱਚ ਪ੍ਰੋਫੈਸਰ ਪੂਰਨ ਸਿੰਘ ਦੀ ਪੰਜਾਬ ਬਾਰੇ ਲਿਖੀ ਚਰਚਿਤ ਕਵਿਤਾ ਦੀਆਂ ਇਹਨਾਂ ਸਤਰਾਂ ਨਾਲ ਸਮਾਪਤੀ ਕਰਦਾ ਹਾਂ :

ਇਹ ਬੇਪਰਵਾਹ ਜੁਆਨ ਪੰਜਾਬ ਦੇ
ਮੌਤ ਨੂੰ ਮਖੌਲਾਂ ਕਰਨ,
ਮਰਨ ਥੀ ਨਹੀਂ ਡਰਦੇ
ਪਿਆਰ ਨਾਲ ਇਹ ਕਰਨ ਗ਼ੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ।
ਪਰ ਟੈਂ ਨਾ ਮੰਨਣ ਕਿਸੇ ਦੀ,
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰ ਕੇ।
ਮੰਨਣ ਬੱਸ ਇੱਕ ਆਪਣੀ ਜੁਆਨੀ ਦੇ ਜ਼ੋਰ ਨੂੰ,
ਅਖੜਖਾਂਦ ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ,
ਅਜ਼ਾਦ ਕੀਤੇ ਇਹ ਬੰਦੇ।
ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਜਿਊਂਦਾ ਗੁਰਾਂ ਦੇ ਨਾਂ 'ਤੇ।

ਮਹਿੰਦਰ ਸਿੰਘ ਖਹਿਰਾ

# ਜੈਤੋਂ ਦਾ ਮੋਰਚਾ

**21 ਫਰਵਰੀ 'ਤੇ ਵਿਸ਼ੇਸ਼**

**ਡਾ. ਚਰਨਜੀਤ ਸਿੰਘ ਗੁਮਟਾਲਾ**
0019375739812 (ਅਮਰੀਕਾ),
ਵਟਸਐਪ 919417533060



ਸਿੱਖ ਇਤਿਹਾਸ ਵਿੱਚ ਜੈਤੋ ਦੇ ਮੋਰਚੇ ਦਾ ਵਿਸ਼ੇਸ਼ ਸਥਾਨ ਹੈ। ਸਿੱਖ ਧਰਮ ਵਿਸ਼ਵ ਕੋਸ਼ ਅਨੁਸਾਰ ਜੈਤੋ ਦਾ ਮੋਰਚਾ ਉਸ ਅਕਾਲੀ ਲਹਿਰ ਨੂੰ ਨਾਂ ਦਿੱਤਾ ਗਿਆ ਜਿਸ ਰਾਹੀਂ ਪੰਜਾਬ ਵਿੱਚ ਸਿੱਖ ਰਿਆਸਤ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਉਪਰ ਮੁੜ ਬਹਾਲ ਕਰਨ ਲਈ ਇਹ ਲਹਿਰ ਚਲਾਈ ਗਈ ਸੀ। ਮਹਾਰਾਜਾ ਦੀ ਅਕਾਲੀਆਂ ਪ੍ਰਤੀ ਹਮਦਰਦੀ ਸੀ ਅਤੇ ਉਸ ਨੇ ਖੁੱਲ੍ਹੇ ਤੌਰ 'ਤੇ ਗੁਰੂ ਕਾ ਬਾਗ਼ ਮੋਰਚੇ ਦੀ ਹਿਮਾਇਤ ਕੀਤੀ ਅਤੇ ਨਨਕਾਣਾ ਸਾਹਿਬ ਵਿਖੇ ਸੁਧਾਰਵਾਦੀਆਂ ਦੇ ਕਤਲ ਦੇ ਵਿਰੋਧ ਵਜੋਂ ਕਾਲੀ ਪੱਗ ਬੰਨ ਲਈ ਸੀ। ਉਸ ਦੇ ਭਾਰਤੀ ਕੌਮੀ ਨੇਤਾਵਾਂ ਨਾਲ ਸਬੰਧਾਂ ਕਰਕੇ ਅਤੇ ਆਮ ਮੁਆਮਲਿਆਂ ਵਿੱਚ ਗੁਸਤ ਹੋਣ ਕਰਕੇ ਬ੍ਰਿਟਿਸ਼ ਸਰਕਾਰ ਉਸ ਤੋਂ ਤੰਗ ਆ ਗਈ ਸੀ। 9 ਜੁਲਾਈ 1923 ਨੂੰ ਉਸ ਨੂੰ ਆਪਣੇ ਨਾਬਾਲਗ਼ ਪੁੱਤਰ ਪ੍ਰਤਾਪ ਸਿੰਘ ਲਈ ਗੱਦੀ ਛੱਡਣ ਲਈ ਮਜਬੂਰ ਕੀਤਾ ਗਿਆ। ਭਾਵੇਂ ਬ੍ਰਿਟਿਸ਼ ਅਫ਼ਸਰਾਂ ਨੇ ਉਸਦੇ ਗੱਦੀ ਛੱਡਣ ਨੂੰ ਆਪਣੀ ਮਰਜ਼ੀ ਨਾਲ ਛੱਡਣ ਲਈ ਉਚਾਰਿਆ ਪਰ ਅਕਾਲੀਆਂ ਅਤੇ ਹੋਰ ਕੌਮੀ ਜਥੇਬੰਦੀਆਂ ਨੇ ਇਸਦੀ ਸਰਕਾਰ ਵੱਲੋਂ ਧਾਂਦਲੀ ਦੇ ਕੰਮ ਵਜੋਂ ਨਿੰਦਾ ਕੀਤੀ। ਮਾਸਟਰ ਤਾਰਾ ਸਿੰਘ ਨੇ ਵੀ ਇਸਨੂੰ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਦੀ ਗੱਦੀਓਂ ਲਾਹੁਣ ਨਾਲ ਮੇਲ ਕੇ ਇਸ ਦੀ ਨਿੰਦਾ ਕੀਤੀ।


ਸਿੱਖ ਧਰਮ ਮਹਾਰਾਜਾ ਨਾਭਾ ਨੂੰ ਮੁੜ ਗੱਦੀ ਉੱਤੇ ਬਿਠਾਉਣ ਲਈ ਬਣੀ ਕਮੇਟੀ ਨੇ ਇਹ ਕਿਹਾ ਕਿ ਪੰਜਾਬ ਦੇ ਸਾਰੇ ਪ੍ਰਮੁੱਖ ਨਗਰਾਂ ਵਿੱਚ ਉਸਦੇ ਲਈ ਕੀਤੀ ਅਰਦਾਸ ਵਜੋਂ 29 ਜੁਲਾਈ 1923 ਦਾ ਦਿਨ ਮਨਾਇਆ ਜਾਵੇ। 2 ਅਗਸਤ 1923 ਨੂੰ, ਸ਼੍ਰੋਮਣੀ ਗੁਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਦੇ ਵਾਇਸਰਾਇ ਲਾਰਡ ਰੀਡਿੰਗ ਨੂੰ ਤਾਰ ਭੇਜੀ ਜਿਸ ਵਿੱਚ ਸਰਕਾਰੀ ਬਿਆਨ 'ਤੇ ਇਤਰਾਜ਼ ਕੀਤਾ ਕਿ ਮਹਾਰਾਜਾ ਨੇ ਆਪਣੀ ਗੱਦੀ ਆਪਣੀ ਮਰਜ਼ੀ ਨਾਲ ਤਿਆਗੀ ਹੈ ਅਤੇ ਇਹ ਮੰਗ ਕੀਤੀ ਕਿ ਇਸਦੀ ਨਿਰਪੱਖ ਜਾਂਚ ਕਰਵਾਈ ਜਾਵੇ। ਤਿੰਨ ਦਿਨਾਂ ਬਾਅਦ ਇਹ ਮਤਾ ਪਾਸ ਕਰ ਦਿੱਤਾ ਗਿਆ ਜਿਸ ਵਿੱਚ ਇਸਦੀ ਕਾਰਜਕਾਰਨੀ ਕਮੇਟੀ ਨੂੰ ਮਹਾਰਾਜਾ ਰਿਪੁਦਮਨ ਨੂੰ ਨਾਭਾ ਦੀ ਗੱਦੀ 'ਤੇ ਮੁੜ ਬਿਠਾਉਣ ਲਈ ਸ਼ਾਂਤਮਈ ਅੰਦੋਲਨ ਕਰਨ ਲਈ ਕਿਹਾ ਗਿਆ। ਨਾਭਾ ਸਰਦਾਰ ਦਾ ਇਹ ਆਰਡੀਨੈਂਸ ਜਿਸ ਵਿੱਚ ਜਨਤਕ ਸਭਾਵਾਂ ਦੀ ਮਨਾਹੀ ਸੀ ਸਿੱਖਾਂ ਦੁਆਰਾ ਵਿਰੋਧ ਕੀਤਾ ਗਿਆ। ਸਿੱਖਾਂ ਨੇ ਮਹਾਰਾਜਾ ਨੂੰ ਗੱਦੀ ਤੋਂ ਲਾਹੁਣ ਦੇ ਕੰਮ ਨੂੰ ਨਿੰਦਣ ਲਈ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਸਨ।

25 ਅਗਸਤ ਨੂੰ, ਨਾਭਾ ਦੇ ਖੇਤਰ ਵਿੱਚ ਜੈਤੋ ਵਿਖੇ ਇੱਕ ਦੀਵਾਨ ਲਗਾਇਆ, ਜਿਸ ਵਿੱਚ ਲੋਕਾਂ ਨੇ ਜਲੂਸ ਕੱਢਿਆ ਅਤੇ ਮਤੇ ਮਨਜ਼ੂਰ ਕੀਤੇ ਜਿਸ ਵਿੱਚ ਮਹਾਰਾਜਾ ਨਾਲ ਹਮਦਰਦੀ ਕੀਤੀ ਗਈ ਅਤੇ ਸਰਕਾਰ ਦੇ ਕੰਮ ਦੀ ਨਿੰਦਾ ਕੀਤੀ ਗਈ। 27 ਅਗਸਤ ਨੂੰ, ਨਾਭਾ ਰਿਆਸਤ ਦੀ ਸਰਕਾਰ ਨੇ ਦੀਵਾਨ ਦੇ ਪ੍ਰਬੰਧਕਾਂ ਨੂੰ ਇਹ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਲਿਆ ਕਿ ਉਹਨਾਂ ਨੇ "ਰਾਜਨੀਤਿਕ ਭਾਸ਼ਣ ਦਿੱਤੇ ਹਨ"। ਅਸਲ ਵਿੱਚ ਦੀਵਾਨ 27 ਅਗਸਤ ਨੂੰ ਖ਼ਤਮ ਹੋਣਾ ਸੀ ਪਰੰਤੂ ਪੁਲਿਸ ਦੁਆਰਾ ਕੀਤੀਆਂ ਗ੍ਰਿਫ਼ਤਾਰੀਆਂ ਨੇ ਅਕਾਲੀਆਂ ਨੂੰ ਇਸਨੂੰ ਅਨਿਸ਼ਚਿਤ ਸਮੇਂ ਤੱਕ ਚਲਾਉਣ ਲਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੀ ਲੜੀ ਸ਼ੁਰੂ ਕਰਨ ਲਈ ਭੜਕਾ ਦਿੱਤਾ। ਪੁਲਿਸ ਨੇ ਹੋਰ ਗ੍ਰਿਫ਼ਤਾਰੀਆਂ ਕੀਤੀਆਂ ਅਤੇ 14 ਸਤੰਬਰ 1923 ਨੂੰ ਚੱਲ ਰਹੇ ਅਖੰਡ ਪਾਠ ਤੇ ਆਪਣੇ ਪਾਠੀ, ਆਤਮਾ ਸਿੰਘ ਨੂੰ ਪਵਿੱਤਰ ਗ੍ਰੰਥ ਦਾ ਪਾਠ ਕਰ ਰਹੇ ਗ੍ਰੰਥੀ ਦੀ ਥਾਂ 'ਤੇ ਬਿਠਾ ਦਿੱਤਾ। ਇਸ ਤਰ੍ਹਾਂ ਬੇਅਦਬੀ ਹੋਣ ਨਾਲ ਸਿੱਖਾਂ ਵਿੱਚ ਹਲਚਲ ਮਚ ਗਈ। 29 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰੀ ਕਾਰਵਾਈ ਦੀ ਨਿੰਦਾ ਕੀਤੀ। ਨਾਲ ਦੀ ਨਾਲ ਉਸ ਸਮੇਂ ਸਿੱਖਾਂ ਨੂੰ ਪੂਰਨ ਅਜ਼ਾਦੀ ਦੇ ਤੌਰ 'ਤੇ ਪੂਜਾ-ਪਾਠ ਕਰਨ ਦੇ ਹੱਕ ਦੀ ਘੋਸ਼ਣਾ ਕਰ ਦਿੱਤੀ। ਸਰਕਾਰ ਨੇ ਇਸ ਗੱਲ ਦਾ ਖੰਡਨ ਕੀਤਾ ਕਿ ਅਖੰਡ ਪਾਠ ਦੀ ਲੜੀ ਤੋੜੀ ਗਈ ਸੀ। ਫਿਰ ਵੀ ਜਥੇ ਆਉਂਦੇ ਰਹੇ। ਸੈਕਟਰੀ ਆਫ਼ ਸਟੇਟ ਨੇ ਵਾਇਸਰਾਇ ਨੂੰ ਆਦੇਸ਼ ਦਿੱਤਾ ਕਿ "ਅਕਾਲੀ ਅੰਦੋਲਨ ਨੂੰ ਗ੍ਰਿਫ਼ਤਾਰੀਆਂ ਰਾਹੀਂ ਅਤੇ ਸਾਰੇ ਪ੍ਰਬੰਧਕਾਂ ਤੇ ਅਪਰਾਧੀ-ਸਾਥੀਆਂ ਵਜੋਂ ਮੁਕੱਦਮਾ ਚਲਾ ਕੇ ਕਾਰਗਰ/ਪ੍ਰਭਾਵਸ਼ਾਲੀ ਰੋਕ ਲਾਈ ਜਾਵੇ"। ਪੰਜਾਬ ਸਰਕਾਰ ਨੇ ਇਸ ਹਿਦਾਇਤ 'ਤੇ ਕੰਮ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਸਾਰੇ 60 ਮੈਂਬਰਾਂ ਨੂੰ ਬਾਦਸ਼ਾਹ ਦੇ ਵਿਰੁੱਧ ਵਿਦਰੋਹ ਦੇ ਦੋਸ਼ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅਕਾਲੀਆਂ ਦੇ ਜਥਿਆਂ ਨੂੰ ਨਾਭਾ ਦੇ ਖੇਤਰ ਵਿੱਚ ਵੜਨ ਦੀ ਪਾਬੰਦੀ ਲਗਾ ਦਿੱਤੀ ਗਈ, ਜਥਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੁਲਿਸ ਦੁਆਰਾ ਕੁੱਟਿਆ ਗਿਆ। ਫਿਰ ਇਹਨਾਂ ਨੂੰ ਦੂਰ ਰੇਗਿਸਤਾਨ ਵਿੱਚ ਬਿਨਾਂ ਖਾਣੇ ਅਤੇ ਪਾਣੀ ਦੇ ਛੱਡ ਦਿੱਤਾ ਜਾਂਦਾ ਸੀ। ਅੰਦੋਲਨ ਨੂੰ ਹੋਰ ਤੇਜ਼ ਕਰਨ ਲਈ, ਅਕਾਲੀਆਂ ਨੇ ਜਥਿਆਂ ਦੀ ਗਿਣਤੀ ਵਧਾ ਦਿੱਤੀ। 9 ਫਰਵਰੀ 1924 ਨੂੰ 500 ਅਕਾਲੀਆਂ ਦਾ ਜਥਾ, ਅਕਾਲ ਤਖ਼ਤ ਤੋਂ ਰਵਾਨਾ ਹੋਇਆ ਅਤੇ ਜਿਸ ਸ਼ਹਿਰ ਅਤੇ ਪਿੰਡ ਵਿੱਚੋਂ ਦੀ ਵੀ ਇਹ ਜੱਥਾ ਲੰਘਦਾ ਉੱਥੇ ਹੀ ਉਨ੍ਹਾਂ ਨੂੰ ਬੇਮਿਸਾਲ ਸਤਿਕ-ਾਰ ਪ੍ਰਾਪਤ ਹੁੰਦਾ। ਐਸ. ਜ਼ਿਮੰਦ, ਜੋ 'ਨਿਊਯਾਰਕ ਟਾਈਮਜ਼' ਦਾ ਸੰਵਾਦਦਾਤਾ ਸੀ, ਜਿਸ ਨੇ ਕੂਚ ਕਰਨ ਵੇਲੇ ਜਥੇ ਨੂੰ ਅੱਖੀਂ ਦੇਖਿਆ ਸੀ ਲਿਖਦਾ ਹੈ : "ਜਥਾ ਪੂਰੀ ਤਰ੍ਹਾਂ ਠੀਕ ਅਨੁਸ਼ਾਸਨ ਅਤੇ ਅਹਿੰਸਾ ਪੂਰਵਕ ਚੱਲ ਰਿਹਾ ਸੀ, ਜਿਸ ਦੇ ਸੱਜੇ-ਖੱਬੇ ਦੋਵੇਂ ਪਾਸੀਂ ਲੋਕਾਂ ਦੀ ਭੀੜ ਸੀ, ਪੰਜ ਨਿਸ਼ਾਨ ਸਾਹਿਬ ਅੱਗੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਲੇ ਸੀ"।

20 ਫਰਵਰੀ 1924 ਨੂੰ ਜਥਾ ਬਰਗਾੜੀ ਪਹੁੰਚ ਗਿਆ, ਜੋ ਜੈਤੋ ਤੋਂ ਤਕਰੀਬਨ 10 ਕਿਲੋਮੀਟਰ ਦੂਰ ਨਾਭਾ-ਫ਼ਰੀਦਕੋਟ ਸਰਹੱਦ 'ਤੇ ਇੱਕ ਪਿੰਡ ਹੈ। ਜੈਤੋ ਵਿਖੇ, 'ਟਿੱਬੀ ਸਾਹਿਬ ਗੁਰਦੁਆਰੇ' ਤੋਂ ਤਕਰੀਬਨ 150 ਮੀਟਰ ਦੀ ਦੂਰੀ 'ਤੇ, ਨਾਭਾ ਦਾ ਪ੍ਰਬੰਧਕ ਵਿਲਸਨ ਜਾਨਸਟਨ, ਰਿਆਸਤ ਦੀ ਕਾਫ਼ੀ ਪੁਲਿਸ ਨਾਲ ਖੜ੍ਹਾ ਸੀ। 21 ਫਰਵਰੀ ਨੂੰ, ਜਥੇ ਨੇ ਗੁਰਦੁਆਰੇ ਵੱਲ ਨੂੰ ਕੂਚ ਕੀਤਾ ਅਤੇ ਵਿਲਸਨ ਜਾਨਸਟਨ ਦੀ ਤਲਬ 'ਤੇ ਜਥੇ ਨੇ ਰੁਕਣ ਜਾਂ ਖਿੰਡ ਜਾਣ ਤੋਂ ਮਨਾ ਕਰ ਦਿੱਤਾ। ਪ੍ਰਬੰਧਕ ਨੇ ਫ਼ੌਜ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਦੋ ਵਾਰੀ ਗੋਲੀਆਂ ਦੀ ਬੁਛਾੜ ਜਿਹੜੀ 5 ਮਿੰਟ ਤੱਕ ਚੱਲਦੀ ਰਹੀ, ਉਸ 'ਚ ਕਈ ਮਾਰੇ ਗਏ। ਇਕ ਔਰਤ ਦਾ ਬੱਚਾ ਗੋਲੀ ਲਗਣ ਨਾਲ ਮਰ ਗਿਆ। ਉਸ ਨੇ ਬੱਚੇ ਨੂੰ ਜਮੀਨ 'ਤੇ ਲਿਟਾ ਦਿਤਾ ਤੇ ਆਪ ਜਥੇ ਨਾਲ ਚਲਦੀ ਰਹੀ। ਕੁਝ ਸਮੇਂ ਬਾਦ ਉਸ ਦੀ ਵੀ ਗੋਲੀ ਲਗਣ ਨਾਲ ਮੌਤ ਹੋ ਗਈ ।ਫੱਟੜਾਂ-ਮਰਿਆਂ ਦੀ ਸੂਚੀ ਵਿੱਚ ਸਰਕਾਰੀ ਅਨੁਮਾਨ ਅਨੁਸਾਰ 22 ਮਰੇ , 29 ਜ਼ਖ਼ਮੀ ਹੋਇ ਤੇ 450 ਗਿਰਫਤਾਰ ਕੀਤੇ ਗਏ। ਅਕਾਲੀਆਂ ਦੇ ਮੁਤਾਬਿਕ ਗਿਣਤੀ ਕਿਤੇ ਜ਼ਿਆਦਾ ਸੀ। ਉਨ੍ਹਾਂ ਅਨੁਸਾਰ 100 ਨੇ ਸ਼ਹੀਦੀ ਪ੍ਰਾਪਤ ਕੀਤੀ ਤੇ 200 ਜ਼ਖ਼ਮੀ ਹੋਇ।

ਅਕਾਲੀਆਂ ਦੇ ਸ਼ਾਂਤਮਈ ਜਥੇ ਉੱਤੇ ਗੋਲੀਬਾਰੀ ਦੇਸ਼ ਭਰ ਵਿੱਚ ਨਾਰਾਜ਼ਗੀ ਦਾ ਕਾਰਨ ਬਣ ਗਈ। 28 ਫਰਵਰੀ 1924 ਨੂੰ, ਇੱਕ ਹੋਰ 500 ਦਾ ਬਹਾਦਰ ਜਥਾ ਅੰਮ੍ਰਿਤਸਰ ਤੋਂ ਜੈਤੋ ਲਈ ਚੱਲਿਆ ਜਿਹੜਾ 14 ਮਾਰਚ ਨੂੰ ਪੁਲਿਸ ਦੁਆਰਾ ਹਿਰਾਸਤ ਵਿੱਚ ਲੈ ਲਿਆ ਗਿਆ। 13 ਹੋਰ 500 - 500 ਦੇ ਬਹਾਦਰ ਜਥੇ ਜੈਤੋ ਪਹੁੰਚੇ ਅਤੇ ਆਪਣੀਆਂ ਗ੍ਰਿਫ਼ਤਾਰੀਆਂ ਦਿੱਤੀਆਂ। ਇਸ ਮੋਰਚੇ ਵਿੱਚ ਸ਼ਾਮਲ ਹੋਣ ਲਈ ਕਨੇਡਾ, ਹਾਂਗਕਾਂਗ ਅਤੇ ਸ਼ੰਘਾਈ ਤੋਂ ਵੀ ਸਿੱਖ ਜਥੇ ਆਏ।

ਪੰਜਾਬ ਦੇ ਗਵਰਨਰ ਸਰ ਮੈਲਕਾਮ ਹੈਲੇ ਨੇ ਕੌਮ ਨੂੰ ਸਮਾਨਾਂਤਰ ਸਿੱਖ ਸੁਧਾਰ ਕਮੇਟੀਆਂ ਬਣਾ ਕੇ ਦੁਫਾੜ ਦੀ ਨੀਤੀ ਦੀ ਯੋਜਨਾ ਬਣਾਈ ਜੋ ਨਰਮਪੰਥੀ ਅਤੇ ਸਰਕਾਰ ਪੱਖੀ ਗੁਟਾਂ ਨਾਲ ਸੰਬੰਧਿਤ ਸਨ। 101 ਬਹਾਦਰ ਜਥਿਆਂ ਨੂੰ ਜੈਤੋ ਵਿਖੇ ਅਖੰਡ-ਪਾਠ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਪ੍ਰੰਤੂ ਇਸ ਨਾਲ ਨਾ ਤਾਂ ਆਮ ਸਿੱਖ ਵਿਚਾਰ ਨੂੰ ਰਾਹਤ ਮਿਲੀ ਨਾ ਹੀ ਇਸਨੇ ਅੰਦੋਲਨ ਦੇ ਜੋਸ਼ 'ਤੇ ਕੋਈ ਖ਼ਾਸ ਪ੍ਰਭਾਵ ਪਾਇਆ। ਜੈਤੋ ਵਿਖੇ ਅਕਾਲੀਆਂ ਨੂੰ ਅਖੰਡ ਪਾਠ ਕਰਨ ਦੀ ਪ੍ਰਵਾਨਗੀ ਦੇ ਮੁੱਦੇ 'ਤੇ ਸਰਕਾਰ ਪੰਡਤ ਮਦਨ ਮੋਹਨ ਮਾਲਵੀਆ ਅਤੇ ਭਾਈ ਜੋਧ ਸਿੰਘ ਰਾਹੀਂ ਗੱਲਬਾਤ ਕਰਨ ਲਈ ਤਿਆਰ ਸੀ। ਪਰੰਤੂ ਸਰਕਾਰ ਰਿਆਸਤ ਦੇ ਗੱਦੀਉਂ ਉਤਾਰੇ ਮਹਾਰਾਜੇ ਨੂੰ ਮੁੜ ਬਹਾਲ ਕਰਨ ਦੇ ਮਾਮਲੇ 'ਤੇ ਜ਼ਿੱਦੀ ਸੀ। ਇਸੇ ਸਮੇਂ ਦੌਰਾਨ, ਪੰਜਾਬ ਸਰਕਾਰ ਨੇ ਪੰਜਾਬ ਵਿਧਾਨ ਪਰਿਸ਼ਦ ਵਿੱਚ ਸਿੱਖ ਗੁਰਦੁਆਰਿਆਂ ਦਾ ਬਿੱਲ ਪੇਸ਼ ਕਰ ਦਿੱਤਾ ਜਿਹੜਾ 7 ਜੁਲਾਈ 1925 ਨੂੰ ਸਰਬ-ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਬਿੱਲ ਪਾਸ ਕਰਨ ਮਗਰੋਂ, ਪੰਜਾਬ ਦੇ ਗਵਰਨਰ, ਸਰ ਮੈਲਕਾਮ ਹੈਲੇ ਨੇ ਪੰਜਾਬ ਵਿਧਾਨ ਪਰਿਸ਼ਦ ਵਿੱਚ ਆਪਣੇ ਭਾਸ਼ਣ ਦੇ ਦੌਰਾਨ ਇਹ ਐਲਾਨ ਕਰ ਦਿੱਤਾ ਸੀ ਕਿ ਨਾਭੇ ਦਾ ਪ੍ਰਬੰਧਕ ਜੈਤੋ ਵਿਖੇ 'ਗੁਰਦੁਆਰਾ ਗੰਗਸਰ' ਦੀ ਧਾਰਮਿਕ ਸੇਵਾ ਲਈ ਤੀਰਥ-ਯਾਤਰੀਆਂ ਦੇ ਜਥਿਆਂ ਨੂੰ ਪ੍ਰਵਾਨਗੀ ਦੇਵੇਗਾ। ਇਸ ਐਲਾਨ ਤੋਂ ਮਗਰੋਂ ਅਖੰਡ ਪਾਠ ਕਰਨ ਉੱਤੇ ਲੱਗੀ ਪਾਬੰਦੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਅਕਾਲੀਆਂ ਵਿੱਚੋਂ ਜ਼ਿਆਦਾਤਰ ਅਕਾਲੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਅਕਾਲੀਆਂ



ਦੁਆਰਾ ਅਜਿਹੇ 101 ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਜਿਹੜੀ 6 ਅਗਸਤ 1925 ਨੂੰ ਸਮਾਪਤ ਹੋਈ।

ਮੋਰਚੇ ਵਿਚ ਮਾਰੇ ਗਏ ਮੈਂਬਰਾਂ ਦੀਆਂ 22 ਮ੍ਰਿਤਕ ਦੇਹਾਂ ਹੀ ਦਿੱਤੀਆਂ ਗਈਆਂ ਜਿਨ੍ਹਾਂ ਦਾ ਸਸਕਾਰ ਜੈਤੋ ਦੀ ਮਾਰਕੀਟ ਜੋ ਕਿ ਦਸਵੀਂ ਪਾਤਸ਼ਾਹੀ ਦੇ ਗੁਰਦੁਆਰਾ ਗੰਗਸਰ ਤੋਂ ਅੱਧਾ ਕਿਲੋਮੀਟਰ ਹੈ, ਵਿਖੇ ਸਸਕਾਰ ਕੀਤਾ ਗਿਆ। ਇਸ ਸਥਾਨ 'ਤੇ ਗੁਰਦੁਆਰਾ ਅੰਗੀਠਾ ਸਾਹਿਬ ਸੁਸ਼ੋਭਿਤ ਹੈ। ।ਸਰਕਾਰ ਵਲੋਂ ਕੁਝ ਸ਼ਹੀਦਾਂ ਦੀਆਂ ਮ੍ਰਿਤਕ ਦੇਹਾਂ 21 ਫਰਵਰੀ 1924 ਦੀ ਰਾਤ ਨੂੰ ਇਕ ਵਿਸ਼ੇਸ਼ ਗੱਡੀ ਰਾਹੀਂ ਸਤਲੁਜ ਦਰਿਆ ਵਿਚ ਰੋੜੀਆਂ ਗਈਆਂ। 50 ਸਿੱਖ ਪੁਲੀਸ ਦੇ ਤਸ਼ਦਦ ਨਾਲ ਜੇਲਾਂ ਵਿਚ ਸ਼ਹੀਦ ਹੋਇ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 22 ਸ਼ਹੀਦਾਂ ਵਿਚੋਂ ਕੇਵਲ 17 ਦੀ ਪਛਾਣ ਹੋ ਸਕੀ। ਇਨ੍ਹਾਂ ਵਿਚ ਜਿਲਾ ਅੰਮ੍ਰਿਤਸਰ ਜਿਲੇ ਦੇ ਪਿੰਡ ਚੀਚਾ ਭਕਨਾ ਦਾ ਜੱਸ ਸਿੰਘ। ਜਿਲਾ ਪਟਿਆਲਾ ਦੇ ਪਿੰਡ ਕਰਮਗੜ ਦਾ ਸੁੰਦਰ ਸਿੰਘ, ਫਰੀਦਕੋਟ ਜਿਲੇ ਦੇ ਪਿੰਡ ਲੁਭਵਾਲੀ ਦਾ ਸੁਰੈਣ ਸਿੰਘ। ਫਿਰੋਜਪੁਰ ਜਿਲੇ ਦੇ ਪਿੰਡ ਵੰਦਰ ਦਾ ਭੁੰਮਣ ਸਿੰਘ, ਇਸੇ ਜਿਲੇ ਦੇ ਪਿੰਡ ਚੀਦਾ ਦਾ ਸੁੰਦਰ ਸਿੰਘ,ਹੁਸ਼ਿਆਰਪੁਰ ਜਿਲੇ ਦੇ ਪਿੰਡ ਸੰਗਰਵਾਲ ਦਾ ਦੀਵਾਨ ਸਿੰਘ,ਇਸੇ ਜਿਲੇ ਦੇ ਪਿੰਡ ਨਮੋਲੀ ਦਾ ਹਰੀ ਸਿੰਘ, ਫਿਰੋਜਪੁਰ ਜਿਲੇ ਦੇ ਪਿੰਡ ਕਾਲਕੇ ਦਾ ਹਰਦਿਤ ਸਿੰਘ,ਇਸੇ ਜਿਲੇ ਦੇ ਪਿੰਡ ਬਾਘਾ ਪੁਰਾਣਾ ਦਾ ਵਰਿਆਮ ਸਿੰਘ,ਇਸੇ ਜਿਲੇ ਦੇ ਪਿੰਡ ਸਮਾਲਸਰ ਦਾ ਭੁੰਮਣ ਸਿੰਘ,ਇਸੇ ਜਿਲੇ ਦੇ ਪਿੰਡ ਰੋਡੇ ਦਾ ਮਾਘ ਸਿੰਘ ਤੇ ਇਸੇ ਪਿੰਡ ਦਾ ਕਪੂਰ ਸਿੰਘ,ਇਸੇ ਜਿਲੇ ਦੇ ਪਿੰਡ ਭਲੂਰ ਦਾ ਘੁਲਾ ਸਿੰਘ,ਇਸੇ ਜਿਲੇ ਦੇ ਪਿੰਡ ਮੋਗਾ ਦਾ ਨੱਥਾ ਸਿੰਘ, ਜਲੰਧਰ ਜਿਲੇ ਦੇ ਪਿੰਡ ਮਟਕਰ ਕਲਾਂ ਦਾ ਅੱਛਰ ਸਿੰਘ, ਇਸੇ ਜਿਲੇ ਦੇ ਪਿੰਡ ਮਾਗਟ ਦਾ ਬਿਸ਼ਨ ਸਿੰਘ, ਜੀ ਕਲਸੀਆ ਜਿਲੇ ਦੇ ਪਿੰਡ ਚੜਿਕ ਦਾ ਵਧਾਵਾ ਸਿੰਘ।

**ਜ਼ਰੂਰੀ ਸੂਚਨਾ**

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ।

ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ

# ਪਾਕਿਸਤਾਨੀ ਪੰਜਾਬ ਦੇ ਗਲਿਆਰੇ 'ਚੋਂ ਰਹੀਮ ਯਾਰ ਖਾਨ ਦੀ ਪਹਿਲੀ ਪੰਜਾਬੀ ਅੰਤਰਰਾਸ਼ਟਰੀ ਕਾਨਫਰੰਸ ਦੇ ਪ੍ਰਭਾਵ

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ–3**



ਪਾਕਿਸਤਾਨੀ ਪੰਜਾਬ ਦੀ ਸਿੰਧ ਸਰਹੱਦ ਨਾਲ ਲਗਦੇ ਆਖਰੀ ਜਿਲ੍ਹੇ ਰਹੀਮ ਯਾਰ ਖਾਨ ਵਿਖੇ 22 /23 /24 ਅਤੇ 25 ਜਨਵਰੀ 2025 ਨੂੰ ਆਯੋਜਿਤ ਹੋਈ ਪਹਿਲੀ ਰੋਹੀ ਅੰਤਰ ਰਾਸ਼ਟਰੀ ਪੰਜਾਬੀ ਕਾਨਫਰੰਸ ਵਿਚ ਬਾਕੀ ਹੋ ਰਹੀਆਂ ਬਹੁਤ ਸਾਰੀਆਂ ਕਾਨਫਰੰਸਾਂ ਨਾਲੋਂ ਬਿਲਕੁਲ ਨਵਾਂ ਨਕੋਰ ਰੰਗ ਦੇਖਣ ਨੂੰ ਮਿਲਿਆ। ਇਹ ਕਾਨਫਰੰਸ ਦਰਅਸਲ ਨਿਰਾ ਪੂਰਾ ਪਰਚੇ ਪੜ੍ਹਨ ਤੇ ਉਹਨਾਂ ਉੱਤੇ ਗੋਸ਼ਟੀਆਂ ਕਰਨ ਨਾਲ ਹੀ ਸਬੰਧਿਤ ਨਹੀਂ ਸੀ ਬਲਕਿ ਇਸ ਤੋਂ ਦਸ ਕਦਮ ਅੱਗੇ ਇਕ ਅਜਿਹਾ ਪੈਕੇਜ ਸੀ ਜਿਸ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਵਧੀਆ ਤੜਕਾ ਲਗਾ ਕੇ ਪੇਸ਼ ਕੀਤਾ ਗਿਆ ।

ਇਸ ਕਾਨਫਰੰਸ ਦੇ ਐਲਾਨ ਤੋਂ ਬਾਅਦ ਇਸ ਨੂੰ ਰੋਕਣ ਵਾਸਤੇ ਵਿਰੋਧੀਆਂ ਵਲੋਂ ਸ਼ੋਸ਼ਲ ਮੀਡੀਆ ਵਿਚ ਕਾਫੀ ਹੋ ਹੱਲਾ ਵੀ ਕੀਤਾ ਗਿਆ । ਵਿਰੋਧ ਕਰਨ ਵਾਲਿਆ ਦਾ ਕਹਿਣਾ ਸੀ ਕਿ ਪਾਕਿਸਤਾਨ ਦਾ ਇਹ ਇਲਾਕਾ ਸਰਾਇਕੀ ਬੋਲੀ, ਜੋ ਕਿ ਅਸਲ ਰੂਪ ਵਿਚ ਪੰਜਾਬੀ ਬੋਲੀ ਦੀ ਹੀ ਇਕ ਉਪਭਾਸ਼ਾ ਹੈ, ਦਾ ਗੜ੍ਹ ਹੈ, ਇਸ ਕਰਕੇ ਪੰਜਾਬੀ ਕਾਨਫਰੰਸ ਕਰਨਾ ਇਥੇ ਕਿਸੇ ਤਰਾਂ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ।

ਇਸ ਕਾਨਫਰੰਸ ਵਿਚ ਜਾਣੋ ਰੋਕਣ ਵਾਸਤੇ ਇੱਟਾਂ ਪੱਥਰ ਮਾਰਕੇ ਵਿਰੋਧ ਕਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਤੇ ਸ਼ੋਸ਼ਲ ਮੀਡੀਏ ਉੱਤੇ ਬਲਾਗ ਅਤੇ ਹੋਰ ਪੋਸਟਾਂ ਪਾ ਕੇ ਭੰਡੀ ਪਰਚਾਰ ਵੀ ਕੀਤਾ ਗਿਆ, ਪਰ ਇਸ ਕਾਨਫਰੰਸ ਦੀ ਅਪਾਰ ਸਫਲਤਾ ਨਾਲ ਜਿਥੇ ਤੰਗ ਸੋਚ ਵਾਲੇ ਵਿਰੋਧ ਕਰਨ ਵਾਲੇ ਲੋਕਾਂ ਨੂੰ ਮੂੰਹ ਦੀ ਖਾਣੀ ਪਈ ਉਥੇ ਇਹ ਕਾਨਫਰੰਸ ਯਾਰ ਰਹੀਮ ਖਾਨ ਜਿਲ੍ਹੇ ਦੇ ਸਮੁੱਚੇ ਭਾਈਚਾਰੇ ਨੂੰ ਏਕੇ ਅਤੇ ਭਾਈਚਾਰੇ ਦਾ ਸੁਨੇਹਾ ਦੇਣ ਵਿਚ ਵੀ ਸਫਲ ਰਹੀ ।

ਕਾਨਫਰੰਸ ਨੂੰ ਆਯੋਜਿਤ ਕਰਨ ਵਿਚ ਇਥੋਂ ਦੀਆਂ ਬਹੁਤ ਸਾਰੀਆਂ ਤਨਜੀਮਾਂ ਨੇ ਵੱਧ ਚੜ੍ਹਕੇ ਸਹਿਯੋਗ ਦਿੱਤਾ, ਪੁਲਿਸ ਅਤੇ ਸਿਵਿਲ ਪ੍ਰਸ਼ਾਸ਼ਨ ਨੇ ਬਹੁਤ ਬੜੀ ਭੂਮਿਕਾ ਨਿਭਾਈ। ਸ਼ਹਿਰ ਦੀਆਂ ਨਾਮੀ ਕਲਾਮੀ ਹਸਤੀਆਂ ਤੇ ਜਥੇਬੰਦੀਆ ਪੂਰੇ ਏਕੇ ਨਾਲ ਸਾਹਮਣੇ ਆਈਆਂ, ਕਾਨਫਰੰਸ ਵਿਚ ਸਰਾਇਕੀ ਭਾਈਚਾਰੇ ਤੇ ਉਹਨਾਂ ਦੇ ਨੇਤਾਵਾਂ ਨੇ ਵੀ ਵਧ ਚੜ੍ਹਕੇ ਸ਼ਿਰਕਤ ਕੀਤੀ ।

ਜਿਥੋਂ ਤੱਕ ਕਾਨਫਰੰਸ ਦੇ ਫਾਰਮੈਟ ਦੀ ਗੱਲ ਹੈ । ਉਸ ਸੰਬੰਧੀ ਮੈ ਜੋ ਦੇਖਿਆ, ਉਹ ਇਥੇ ਬੇਝਿਜਕ ਹੋ ਕੇ ਕਹਿ ਸਕਦਾ ਹਾਂ ਕਿ ਇਸ ਚਾਰ ਦਿਨਾਂ ਕਾਨਫਰੰਸ ਵਿਚ ਪੰਜਾਬੀ ਸੱਭਿਆਚਾਰ ਦਾ ਹਰ ਰੰਗ ਸ਼ਾਮਿਲ ਸੀ । ਵੱਖ ਵੱਖ ਵਿਸ਼ਿਆਂ ਉਤੇ ਪਰਚੇ ਪੜ੍ਹੇ ਗਏ ਤੇ ਉਹਨਾਂ ਉਤੇ ਵਿਚਾਰ ਵਟਾਂਦਰਾ ਹੋਇਆ ਜਿਸ ਤੋਂ ਬਾਅਦ ਸਰਵ ਸੰਮਤੀ ਨਾਲ ਪੰਜਾਬੀ ਬੋਲੀ ਦੀ ਬੇਹਤਰੀ ਵਾਸਤੇ ਮਤੇ ਵੀ ਪਾਸ ਕੀਤੇ ਗਏ ।

ਕਵੀ ਦਰਬਾਰ ਹੋਇਆ, ਪਾਕਿਸਤਾਨ ਦੇ ਬਾਬਾ ਨਜਮੀ, ਤਬੱਸਮ, ਅਫਜਲ ਪਹਿਲਵਾਨ ਤੇ ਬਹੁਤ ਸਾਰੇ ਹੋਰ ਸ਼ਾਇਰਾਂ ਨੇ ਆਪੋ ਆਪਣਾ ਤਾਜਾ ਤਰੀਨ ਕਲਾਮ ਪੇਸ਼ ਕੀਤਾ । ਸੱਭਿਆਚਾਰਕ ਗਾਇਕੀ ਵਿਚ ਵੱਖ ਵੱਖ ਗਾਇਕਾਂ ਨੇ ਪਰੰਪਰਾਗਤ ਸਾਜਾਂ ਨਾਲ ਖੂਬ ਪਿੜ ਬੰਨਿਆਂ, ਪੁਸਤਕਾਂ ਬਹੁਤ ਹੀ ਵਿਧੀਵਤ ਢੰਗ ਨਾਲ ਲੋਕ ਅਰਪਿਤ ਕੀਤੀਆਂ ਗਈਆਂ ਤੇ ਉਹਨਾਂ ਦੇ ਲੇਖਕਾਂ ਨੂੰ ਪੁਸਤਕਾਂ ਸਬੰਧੀ ਆਪਣੇ ਵਿਚਾਰ ਪੇਸ਼ ਕਰਨ ਦੀ ਢੁਕਵਾਂ ਮੌਕਾ ਵੀ ਦਿੱਤਾ ਗਿਆ।

ਕਾਨਫਰੰਸ ਦੀ ਵੱਡੀ ਪਰਾਪਤੀ ਇਹ ਰਹੀ ਕਿ ਇਸ ਵਿਚ ਸਕੂਲਾਂ ਦੇ ਬੱਚਿਆਂ ਨੇ ਵੀ ਭਾਰੀ ਮਾਤਰਾ ਵਿਚ ਸ਼ਿਰਕਤ ਕੀਤੀ । ਲਾਹੌਰ ਗਰਾਮਰ ਸਕੂਲ ਦੇ ਬੱਚਿਆਂ ਨੇ ਆਪਣੀ ਪੇਸ਼ਕਾਰੀ ਨਾਲ ਸਭਨਾਂ ਦਾ ਮਨ ਮੋਹ ਲਿਆ । ਇਹਨਾਂ ਬੱਚਿਆਂ ਦੀ ਹੌਂਸਲਾ ਅਫਜਾਈ ਕਰਨ ਵਾਸਤੇ ਮਾਣ ਸਨਮਾਨ ਵਜੋਂ ਗਿਫਟ ਹੈਂਪਰ ਅਤੇ ਟਰਾਫੀਆਂ ਵੀ ਤਕਸੀਮ ਕੀਤੀਆਂ ਗਈਆਂ।

ਕਾਨਫਰੰਸ ਵਿਚ ਹਿੱਸਾ ਲੈਣ ਇੰਗਲੈਂਡ, ਕਨੇਡਾ ਤੇ ਆਸਟਰੇਲੀਆਂ ਤੋਂ ਆਏ ਮਹਿਮਾਨਾਂ ਦਾ ਢੋਲ ਧਮੱਕਿਆਂ ਅਤੇ ਫੁੱਲਾਂ ਦੀ ਵਰਖਾ ਕਰਕੇ ਭਰਪੂਰ ਸਵਾਗਤ ਕੀਤਾ ਗਿਆ । ਰੂਹਦਾਰੀ ਨਾਲ ਕੀਤੀ ਗਈ ਇਸ ਮਹਿਮਾਨ ਨਿਵਾਜੀ ਦਾ ਇਹ ਰੰਗ ਤੇ ਢੰਗ ਧੁਰ ਦਿਲਾਂ ਤੱਕ ਦਸਤਕ ਦੇ ਗਿਆ ।

ਕਾਨਫਰੰਸ ਦੇ ਚਾਰ ਦਿਨ ਹੀ ਲਗਾਤਾਰ ਪਰੰਪਰਾਗਤ ਗਾਇਕੀ ਤੇ ਸੂਫੀ ਗਾਇਕੀ ਦਾ ਸਿਲਸਿਲਾ ਚਲਦਾ ਰਿਹਾ ।ਸਟੇਜ ਪਰਬੰਧ ਬਹੁਤ ਹੀ ਆਹਲਾ ਦਰਜੇ ਦਾ ਰਿਹਾ, ਪਰੋਗਰਾਮਾਂ ਦੇ ਹਿਸਾਬ ਨਾਲ ਸਟੇਜ ਉਤੇ ਡਿਜੀਟਲ ਡਿਸਪਲੇਅ ਚੱਲ ਰਿਹਾ ਸੀ ਤੇ ਇਸ ਦੇ ਨਾਲ ਹੀ ਲਾਈਟ ਐਂਡ ਸਾਊਂਡ ਦਾ ਵਧੀਆ ਪਰਬੰਧ ਵੀ ਕੀਤਾ ਗਿਆ ਸੀ। ਪੰਡਾਲ ਵਿਚ 800 ਲੋਕਾਂ ਦੇ ਬੈਠਣ ਵਾਸਤੇ, ਕੁਰਸੀਆਂ ਦੀ ਬਜਾਏ ਸੋਫਿਆਂ ਦਾ ਬੰਦੋਵਾਸਤ ਸੀ ਤੇ ਖਾਸ ਗੱਲ ਇਹ ਰਹੀ ਕਿ ਕਾਨਫਰੰਸ ਦੇ ਚਾਰੇ ਦਿਨ ਹਾਜ਼ਰ ਲੋਕਾਂ ਦੀ ਸੰਖਿਆ ਅੱਠ ਸੈ ਤੋਂ ਵਧੇਰੇ ਰਹੀ । ਇਸ ਸੰਖਿਆ ਵਿਚ ਬੀਬੀਆਂ ਤੇ ਬੱਚਿਆਂ ਨੇ ਵੀ ਵਧ ਚੜ੍ਹਕੇ ਹਾਜਰੀ ਲਗਾਈ ਤੇ ਪਰੋਗਰਾਮਾਂ ਦਾ ਆਨੰਦ ਮਾਣਿਆ ।

ਕਾਨਫਰੰਸ ਵਿਚ ਸ਼ਹਿਰ ਦੀਆਂ ਨਾਮੀ ਕਲਾਮੀ ਹਸਤੀਆਂ ਨੇ ਵੀ ਵੱਧ ਚੜ੍ਹਕੇ ਸ਼ਿਰਕਤ ਕੀਤੀ ਜਿਹਨਾਂ ਵਿਚ ਪੁਲਿਸ, ਸਿਵਲ ਪ੍ਰਸ਼ਾਸਨ, ਵਪਾਰਕ, ਸਮਾਜਕ ਤੇ ਧਾਰਮਿਕ ਹਸਤੀਆਂ ਵੀ ਸ਼ਾਮਿਲ ਸਨ । ਮੁਕਦੀ ਗੱਲ ਇਹ ਕਿ ਇਸ ਸਮਾਗਮ ਵਿਚ ਪੁਲਿਸ ਅਧਿਕਾਰੀ, ਜੱਜ, ਵਕੀਲ, ਵਪਾਰੀ ਤੇ ਅਧਿਆਪਕ ਹਰ ਤਰਾਂ ਦੇ ਬੁੱਧੀਜੀਵੀਆਂ ਨੇ ਸ਼ਿਰਕਤ ਕੀਤੀ ਤੇ ਕਾਨਫਰੰਸ ਨੂੰ ਸਫਲ ਬਣਾਉਣ ਵਿਚ ਆਪਣਾ ਬਣਦਾ ਯੋਗਦਾਨ ਪਾਇਆ ।

ਮੁੱਕਦੀ ਗੱਲ ਇਹ ਕਿ ਸਾਹਿਤ, ਸੰਗੀਤ ਤੇ ਸਲੀਕਾ ਰੂਹ ਦੀ ਖ਼ੁਰਾਕ ਹੁੰਦੇ ਹਨ। ਇਸ ਰੂਹ ਦੀ ਖ਼ੁਰਾਕ ਦਾ ਮਾਧਿਅਮ ਬੋਲੀ ਹੁੰਦੀ ਹੈ। ਕਿਸੇ ਦੇਸ਼ ਦਾ ਸਭਿਆਚਾਰ ਉਸ ਦੇਸ ਦੀ ਖ਼ੁਸ਼ਹਾਲੀ ਤੇ ਸੁੰਦਰਤਾ ਦਾ ਪ੍ਰਤੀਕ ਹੁੰਦਾ ਹੈ। ਸਭਿਆਚਾਰ ਵਿੱਚ ਭਾਵੇਂ ਖਾਣ ਪੀਣ, ਰਹਿਣ ਸਹਿਣ, ਪਹਿਰਾਵਾ ਅਤੇ ਹੋਰ ਬਹੁਤ ਕੁਝ ਸ਼ਾਮਲ ਹੁੰਦਾ ਹੈ, ਪ੍ਰੰਤੂ ਸਾਹਿਤ ਤੇ ਸੰਗੀਤ ਇਸਦੇ ਬਹੁਤ ਹੀ ਮਹੱਤਵਪੂਰਨ ਅੰਗ ਹੁੰਦੇ ਹਨ, ਜਿਹੜੇ ਮਨੁੱਖ ਦੀ ਮਾਨਸਿਕ ਤ੍ਰਿਪਤੀ ਕਰਦੇ ਹਨ ਤੇ ਮਾਨਸਿਕ ਤੌਰ 'ਤੇ ਤ੍ਰਿਪਤ ਮਨੁੱਖ ਆਪਣਾ ਅਤੇ ਆਪਣੇ ਮੁਆਸ਼ਰੇ ਦਾ ਬਹੁਤ ਕੁੱਝ ਸਵਾਰ ਸਕਦਾ ਹੈ ।

ਰਹੀਮ ਯਾਰ ਖਾਨ ਦੀ ਪਹਿਲੀ ਕਾਨਫਰੰਸ ਯਾਦਗਾਰੀ ਰਹੀ, ਮਾਂ ਬੋਲੀ ਪੰਜਾਬੀ ਦੇ ਪਰਚਾਰ ਅਤੇ ਪਰਸਾਰ ਦਾ ਇਸ ਇਲਾਕੇ ਵਿਚ ਜੋਰਦ–ਾਰ ਹੋਕਾ ਦੇ ਗਈ। ਇਸ ਦੇ ਨਾਲ ਹੀ ਲੋਕਾਂ ਨੇ ਵੀ ਇਸ ਹੋਕੇ ਨੂੰ ਵੱਡਾ ਹੁੰਗਾਰਾ ਦਿੱਤਾ ਤੇ ਮਾਂ ਬੋਲੀ ਨੂੰ ਆਪਣੇ ਸਿਰ ਦਾ ਤਾਜ ਬਣਾਉਣ ਦਾ ਅਹਿਦ ਲਿਆ। ਇਸ ਕਾਨਫਰੰਸ ਦੀ ਸਫਲਤਾ ਦਾ ਸਿਹਰਾ ਜੁਫਕਾਰ ਅਲੀ ਗਿੱਲ, ਮੀਆਂ ਆਸਿਫ ਅਲੀ, ਆਸਿਫ ਚੀਮਾ, ਚੌਧਰੀ ਗੁਲਜ਼ਾਰ ਅਹਿਮਦ ਢਿੱਲੋਂ , ਅਲੀ ਉਸਮਾਨ ਬਾਜਵਾ, ਚੌਧਰੀ ਇਰਫਾਨ ਭਿੰਡਰ, ਸਥਾਨਕ ਸਿਵਿਲ ਅਤੇ ਪੁਲਿ ਪ੍ਰਸ਼ਾਸ਼ਨ ਦੇ ਸਿਰ ਬੱਝਦਾ ਹੈ ।

ਇਸ ਤਰਾਂ ਦੀਆਂ ਕਾਨਫਰੰਸਾਂ ਦਾ ਸਿਲਸਿਲਾ ਮੁਸੱਲਸਲ ਚਲਦਾ ਰਹਿਣਾ ਚਾਹੀਦਾ ਹੈ ਤਾਂ ਕਿ ਇਸ ਇਲਾਕੇ ਵਿਚ ਬੋਲੀ ਅਤੇ ਸੱਭਿਆਚਾਰ ਦੀ ਬੇਹਤਰੀ ਦਾ ਸਿਲਸਿਲਾ ਵੀ ਚਲਦਾ ਰਹੇ ਤੇ ਲੋਕਾਂ ਦਾ ਮਨੋਰੰਜਨ ਵੀ ਹੁੰਦਾ ਰਹੇ।

* * * * * * *


## ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਦੋ ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ

ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 2 ਕੀਰਤਨੀ ਸਿੰਘਾਂ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ–ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦੇ ਹੋਣ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿੱਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਣ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ। ਸੇਵਾਦਾਰ ਦੀ ਜ਼ਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

**ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ 10 ਮਾਰਚ 2025 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

## 2 VACANCIES for Temporary Religious Workers (Tier 5)

THE DUTIES OF THE RELIGIOUS WORKERS SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI(MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 10th March 2025**

*Please send your application to the president or vice president by post or via email*

## NANAKSAR GURDWARA PLECK


**4 Wellington Street, Pleck, Walsall WS2 9QR**

President: Mrs Manjit Kaur - 01922 641040
Vice President: Ranjit Singh - 07861 432505
Email:gurdwara.pleck@gmail.com

# ਅੰਤਰਰਾਸ਼ਟਰੀ ਮਾਤ- ਭਾਸ਼ਾ ਦਿਵਸ (21 ਫਰਵਰੀ 2025)

**ਨਿਰਪਾਲ ਸਿੰਘ ਸ਼ੂਈ**

ਸਥਾਈ ਵਿਕਾਸ ਅਤੇ ਵਿਦਿਆ ਦੇ ਪਸਾਰ ਵਾਸਤੇ ਭਾਸ਼ਾਵਾਂ ਦਾ ਯੋਗਦਾਨ ਬਹੁਤ ਜ਼ਰੂਰੀ ਹੈ, ਜੋ ਕਿ ਮੁਢਲਾ ਸਾਧਨ ਪ੍ਰਦਾਨ ਕਰ ਕੇ ਗਿਆਨ ਨੂੰ ਅੱਗੇ ਤੱਕ ਲਿਜਾਂਦੀਆਂ ਹਨ ਤੇ ਕੌਮਾਂ ਦਾ ਸੱਭਿਆਚਾਰ ਸੰਭਾਲਦੀਆਂ ਹਨ। ਅੱਜ ਸੰਸਾਰ ਵਿਚ ਲਗ ਭਗ 8324 ਭਾਸ਼ਾਵਾਂ ਹਨ ਜਿਹਨਾਂ ਵਿਚੋਂ ਬਹੁਤੀਆਂ ਸੰਸਾਰੀਕਰਣ ਅਤੇ ਸਮਾਜਕ ਤਬਦੀਲੀਆਂ ਹੋਣ ਕਰ ਕੇ ਖਤਮ ਹੋਣ ਦੇ ਕਿਨਾਰੇ ਹਨ। ਇਕ ਅੰਦਾਜ਼ੇ ਅਨੁਸਾਰ ਹਰੇਕ ਦੋ ਹਫ਼ਤਿਆਂ ਬਾਅਦ ਇਕ ਭਾਸ਼ਾ ਖਤਮ ਹੋ ਰਹੀ ਹੈ। ਸੰਸਾਰ ਵਿਚ 7000 ਭਾਸ਼ਾਵਾਂ ਅਜੇ ਵੀ ਵਰਤੋਂ ਵਿਚ ਹਨ ਪਰ ਕੁਝ ਸੈਂਕੜੇ ਭਾਸ਼ਾਵਾਂ ਹੀ ਹਨ ਜਿਹਨਾਂ ਨੂੰ ਵਿਦਿਅਕ ਮਾਧਿਅਮ ਤੇ ਤੌਰ 'ਤੇ ਵਰਤਿਆ ਜਾਂਦਾ ਹੈ। ਸੌ ਤੋਂ ਘੱਟ ਹੀ ਅਜਿਹੀਆਂ ਭਾਸ਼ਾਵਾਂ ਹਨ ਜਿਹਨਾਂ ਦੀ ਵਰਤੋਂ ਡਿਜੀਟਲ ਟੈਕਨਾਲੋਜੀ 'ਚ ਕੀਤੀ ਜਾਂਦੀ ਹੈ।



ਬਹੁ-ਭਾਸ਼ਾਈ ਵਿਭਿੰਨਤਾ ਲਗਾਤਾਰ ਖਤਰੇ ਵਿਚ ਹੈ ਕਿਉਂਕਿ ਬਹੁਤ ਭਾਸ਼ਾਵਾਂ ਖਤਮ ਹੋ ਰਹੀਆਂ ਹਨ। ਸੰਸਾਰ ਪੱਧਰ 'ਤੇ 40% ਲੋਕ ਐਸੇ ਹਨ ਜਿਹਨਾਂ ਨੂੰ ਆਪਣੀ ਮਾਤ-ਭਾਸ਼ਾ ਵਿਚ ਵਿਦਿਆ ਨਹੀਂ ਮਿਲਦੀ, ਪਰ ਫਿਰ ਵੀ ਬਹੁ-ਭਾਸ਼ਾਈ ਵਿਦਿਆ ਦੇ ਕੁਝ ਵਾਧੇ ਨਾਲ਼ ਅਤੇ ਇਸ ਦੀ ਮਹੱਤਤਾ ਨੂੰ ਸਮਝਦਿਆਂ ਕੁਝ ਸੁਧਾਰ ਜ਼ਰੂਰ ਹੋਇਆ ਹੈ, ਵਿਸ਼ੇਸ਼ ਕਰ ਕੇ ਸਕੂਲ ਦੀ ਮੁਢਲੀ ਪੜ੍ਹਾਈ ਵਿਚ ਅਤੇ ਜਨਤਕ ਜੀਵਨ ਵਿਚ ਇਸ ਦਾ ਪਸਾਰ ਕਰਨ ਦੀ ਜ਼ਿੰਮੇਵਾਰੀ ਲੈਣ ਨਾਲ ਹੀ ਸੰਭਵ ਹੋਇਆ ਹੈ।

ਬਹੁ-ਭਾਸ਼ਾਈ ਵਿਦਿਆ ਸਿਰਫ਼ ਇਕ ਸਾਂਝਾ ਸਮਾਜ ਹੀ ਨਹੀਂ ਸਿਰਜਦੀ, ਸਗੋਂ ਘੱਟ ਗਿਣਤੀ ਕੌਮੀਅਤਾਂ ਅਤੇ ਸਥਾਨਕ ਭਾਸ਼ਾਵਾਂ ਨੂੰ ਸੰਭਾਲਣ ਦਾ ਕੰਮ ਵੀ ਕਰਦੀ ਹੈ।

ਵਿਗਿਆਨਕ ਖੋਜਾਂ ਨੇ ਸਪਸ਼ਟ ਤੌਰ 'ਤੇ ਇਹ ਸਿੱਧ ਕੀਤਾ ਹੈ ਕਿ ਬੱਚੇ ਦੀ ਮਾਤ-ਭਾਸ਼ਾ ਵਿਚ ਵਿਦਿਆ ਦੇਣ ਨਾਲ਼ ਉਹ ਸਕੂਲ ਵਿਚ ਵਧੇਰੇ ਕਾਮਯਾਬ ਹੁੰਦਾ ਹੈ, ਮਾਤ-ਭਾਸ਼ਾ ਉਸ ਵਿਚ ਆਤਮ-ਵਿਸ਼ਵਾਸ ਪੈਦਾ ਕਰਦੀ ਹੈ। ਇਸ ਨਾਲ ਬਚਪਨ ਵਿਚ ਹੀ ਬੱਚੇ ਵਿਚ ਹੋਰ ਜਾਨਣ ਦੀ ਜਗਿਆਸਾ ਪੈਦਾ ਹੁੰਦੀ ਹੈ ਅਤੇ ਦਿਮਾਗ਼ ਦਾ ਸਹੀ ਵਿਕਾਸ ਹੋਣ 'ਚ ਮਦਦ ਮਿਲਦੀ ਹੈ। ਸਕੂਲਾਂ ਵਿਚ ਬਹੁ-ਭਾਸ਼ਾਈ ਸਭਿਆਚਾਰ ਦੀ ਵਕਾਲਤ ਕਰਨ ਦਾ ਭਾਵ ਹੈ ਹੋਰ ਵਧੇਰੇ ਭਾਸ਼ਾਵਾਂ ਨੂੰ ਸੰਭਾਲ ਕੇ ਰੱਖਣਾ ਤੇ ਉਹਨਾਂ ਦੀ ਤਰੱਕੀ ਕਰਨੀ, ਵਿਸ਼ੇਸ਼ ਕਰ ਕੇ ਉਹ ਭਾਸ਼ਾਵਾਂ, ਜਿਹਨਾਂ ਦੀ ਵਰਤੋਂ ਕਰਨ ਵਾਲੇ ਬਹੁਤ ਥੋੜ੍ਹੇ ਰਹਿ ਗਏ ਹਨ। ਬਹੁ-ਭਾਸ਼ਾਈ ਵਿਦਿਆ ਵੱਖੋ ਵਖਰੀਆਂ ਕੌਮੀਅਤਾਂ ਵਿਚਕਾਰ ਸਿਖਲਾਈ ਵਾਸਤੇ ਇਕ ਥੰਮ੍ਹ ਦਾ ਕੰਮ ਕਰਦੀ ਹੈ। ਅੱਜ ਦੇ ਸਮੇਂ 250 ਮਿਲੀਅਨ ਬੱਚੇ ਅਤੇ ਨੌਜਵਾਨ ਸਕੂਲੀ ਵਿਦਿਆ ਤੋਂ ਵਾਂਝੇ ਹਨ ਅਤੇ 763 ਮਿਲੀਅਨ ਬਾਲਗ਼ਾਂ ਕੋਲ ਲਿਖਣ ਪੜ੍ਹਨ ਦੀ ਮੁਹਾਰਤ ਨਹੀਂ। ਮਾਤ-ਭਾਸ਼ਾ ਦੀ ਸਿਖਲਾਈ ਨਾਲ, ਲਿਖਣ ਪੜ੍ਹਨ ਅਤੇ ਦੂਜੀਆਂ ਭਾਸ਼ਾਵਾਂ ਸਿੱਖਣ 'ਚ ਵੀ ਮਦਦ ਮਿਲਦੀ ਹੈ।

**ਸੰਨ 2025 'ਚ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਦੀ ਸਿਲਵਰ ਜੁਬਲੀ ਮਨਾਈ ਜਾ ਰਹੀ ਹੈ।**

ਨਵੰਬਰ 1999 ਵਿਚ ਯੂਨੈਸਕੋ ਨੇ ਇਸ ਨੂੰ " ਇੰਟਰਨੈਸ਼ਨਲ ਮਦਰ ਲੈਂਗੂਏਜ਼ ਡੇਅ" ਦੇ ਤੌਰ 'ਤੇ ਐਲਾਨਿਆਂ ਅਤੇ 'ਯੂਨਾਈਡ ਨੇਸ਼ਨਜ਼' ਦੀ ਜਨਰਲ ਅਸੈਂਬਲੀ ਨੇ ਵੀ 2002 ਵਿਚ ਇਸ ਨੂੰ ਪਰਵਾਨ ਕਰ ਲਿਆ। ਮੁਢਲੇ ਤੌਰ 'ਤੇ ਇਸ ਦਾ ਸੁਝਾਉ ਬੰਗਲਾ ਦੇਸ਼ ਨੇ ਰੱਖਿਆ ਸੀ ਕਿਉਂਕਿ ਬੰਗਲਾ ਦੇਸ਼ ਬਣਨ ਤੋਂ ਪਹਿਲਾਂ ਉਦੋਂ ਦੇ ਪੂਰਬੀ ਪਾਕਿਸਤਾਨ ਵਿਚ ਬੰਗਲਾ ਭਾਸ਼ਾ ਨਾਲ ਵਿਤਕਰਾ ਹੋਇਆ ਤਾਂ ਢਾਕਾ ਯੂਨੀਵਰਸਿਟੀ ਵਿਚ ਹਿੰਸਾ ਭੜਕ ਉੱਠੀ। ਇਸ ਹਿੰਸਾ ਵਿਚ ਕੁਝ ਵਿਦਿਆਰਥੀਆਂ ਦੀ ਜਾਨ ਵੀ ਗਈ। ਭਾਵੇਂ ਕਿ ਹੁਣ ਬੰਗਲਾ ਦੇਸ਼ ਇਕ ਆਜ਼ਾਦ ਦੇਸ਼ ਸੀ ਪਰ ਫਿਰ ਵੀ ਇਸੇ ਮਸਲੇ ਹੀ ਨੂੰ ਮੁੱਖ ਰੱਖਦਿਆਂ ਉਸ ਨੇ ਇਹ ਵਿਚਾਰ ਯੂਨੈਸਕੋ ਨੂੰ ਭੇਜੇ ਕਿ ਭਾਸ਼ਾਵਾਂ ਦੀ ਸੁਰੱਖਿਆ ਲਈ ਸੰਸਾਰ ਪੱਧਰ 'ਤੇ ਕੋਈ ਪ੍ਰੋਗਰਾਮ ਬਣਾਇਆ ਜਾਵੇ।

16 ਮਈ 2007 ਨੂੰ ਯੂਨਾਈਟਡ ਨੇਸ਼ਨਜ਼ ਦੀ ਜਨਰਲ ਅਸੈਂਬਲੀ ਨੇ ਇਕ ਮਤੇ ਵਿਚ ਆਪਣੇ ਸਾਰੇ ਮੈਂਬਰ ਦੇਸ਼ਾਂ ਨੂੰ ਕਿਹਾ ਕਿ ਸੰਸਾਰ ਦੇ ਲੋਕਾਂ ਵਲੋਂ ਵਰਤੀਆਂ ਜਾਂਦੀਆਂ ਭਾਸ਼ਾਵਾਂ ਨੂੰ ਬਚਾਉਣ ਅਤੇ ਸੰਭਾਲਣ ਲਈ ਉਪਰਾਲੇ ਕਰਨ।

ਇਸੇ ਮਤੇ ਵਿਚ ਹੀ ਬਹੁ-ਭਾਸ਼ੀ ਤੇ ਬਹੁ-ਸਭਿਆਚਾਰ ਰਾਹੀਂ ਵਿਭਿੰਨਤਾ 'ਚ ਏਕਤਾ ਅਤੇ ਅੰਤਰਰਾਸ਼ਟਰੀ ਸੂਝ-ਬੂਝ ਨੂੰ ਉਤਸਾਹਿਤ ਕਰਨ ਲਈ ਜਨਰਲ ਅਸੈਂਬਲੀ ਨੇ ਸੰਨ 2008 ਨੂੰ "ਭਾਸ਼ਾਵਾਂ ਦਾ ਅੰਤਰਰਾਸ਼ਟਰੀ ਸਾਲ" ਐਲਾਨਿਆਂ ਅਤੇ ਯੂਨੈਸਕੋ ਨੂੰ ਇਹ ਜ਼ਿੰਮੇਵਾਰੀ ਸੌਂਪੀ ਕਿ ਉਹ ਹਰ ਸਾਲ ਇਸ ਦਿਨ ਨੂੰ ਮਨਾਉਣ ਲਈ ਮੁੱਖ ਏਜੰਸੀ ਦਾ ਰੋਲ ਨਿਭਾਵੇ।

**ਇਸ ਸਾਲ ਵੀ 20 ਅਤੇ 21 ਫ਼ਰਵਰੀ ਨੂੰ ਯੂਨੈਸਕੋ ਦੇ ਹੈੱਡਕੁਆਰਟਰ, ਪੈਰਿਸ, (ਫਰਾਂਸ) ਵਿਚ ਇਸ ਸਬੰਧੀ ਪ੍ਰੋਗਰਾਮ ਕੀਤੇ ਜਾ ਰਹੇ ਹਨ।**

## ਮਾਂ ਬੋਲੀ ਲਈ ਹਾੜ੍ਹੇ



**ਰਵਿੰਦਰ ਸਿੰਘ ਕੁੰਦਰਾ**
**ਕੌਵੈਂਟਰੀ ਯੂ ਕੇ**

ਮਾਂ ਬੋਲੀ ਪੰਜਾਬੀ ਸਾਡੀ,
ਕੱਖੋਂ ਹੌਲੀ ਹੁੰਦੀ ਜਾਵੇ,
ਆਪਣੀ ਹੋਂਦ ਬਚਾਉਣ ਦੀ ਖ਼ਾਤਰ,
ਹਰ ਦਿਨ ਲੈਂਦੀ ਹੌਕੇ ਹਾਵੇ।

ਪੰਜਾਬ ਪੰਜਾਬੀਅਤ ਦਾ ਹਰ ਨਾਹਰਾ,
ਖੋਖਲਾ ਅਤੇ ਬੇ ਮਤਲਬ ਜਾਪੇ,
ਭੁੱਖ ਨੰਗ ਦਾ ਦੈਂਤ ਜਦ ਸਾਡੇ,
ਹਰ ਜਵਾਨ ਨੂੰ ਖਾਂਦਾ ਜਾਪੇ।

ਚੰਗੀ ਰੋਟੀ ਖਾਣ ਦੀ ਖਾਤਰ,
ਹਰ ਪੰਜਾਬੀ ਦੁਨੀਆ ਵਿੱਚ ਭਟਕੇ,
ਵਸਦੇ ਘਰ ਦੇ ਕੇ ਗੈਰਾਂ ਹੱਥ,
ਹਿੰਦੀਆਂ ਦੇ ਲਈ ਖੋਲ੍ਹੇ ਰਸਤੇ।

ਮਾਂ ਬੋਲੀ ਦੇ ਪਹਿਰੇਦਾਰ ਜਦੋਂ,
ਪੰਜਾਬੀ ਬੋਲਣ ਵਿੱਚ ਹੇਠੀ ਸਮਝਣ,
ਹੋਰ ਕਿਹੜੇ ਸਪੂਤ ਨਿੱਤਰਨਗੇ,
ਜੋ ਰੋਕਣਗੇ ਐਸੀ ਗਰਕਣ।


ਬੋਲੀ ਦੀ ਡਾਕਟਰੀ ਕਰਨੇ ਵਾਲੇ,
ਖ਼ੁਦ ਪੰਜਾਬੀ ਲਿਖਣੀ ਭੁੱਲ ਗਏ,
ਆਪਣੀਆਂ ਪ੍ਰਾਪਤੀਆਂ ਠੁੰਮਣ ਲਈ,
ਅੰਗਰੇਜ਼ੀਆਂ ਉੱਤੇ ਖ਼ੁਦ ਹੀ ਡੁੱਲ੍ਹ ਗਏ।

ਰਸਾਲੇ, ਅਖ਼ਬਾਰਾਂ, ਸੰਚਾਰ ਦੇ ਸਾਧਨ,
ਲਿਖਣ, ਬੋਲਣ ਗ਼ਲਤ ਪੰਜਾਬੀ,
ਚੰਗੀ ਸਲਾਹ ਤੇ ਤਿੜ ਫਿੜ ਕਰਦੇ,
ਗਲ਼ ਪੈਣ ਦੀ ਕਰਨ ਸ਼ਤਾਬੀ।

ਫੋਕੀਆਂ ਆਕੜਾਂ ਫੋਕੇ ਨਾਹਰੇ,
ਮਾਂ ਬੋਲੀ ਦਾ ਘਾਣ ਕਰਨਗੇ,
ਜਾਨਸ਼ੀਨ ਸਾਡੇ ਵਿਰਸੇ ਦੀ,
ਕਿਹੜੀ ਗੱਲ ਦਾ ਮਾਣ ਕਰਨਗੇ?

ਕਰ ਲਓ ਹਿੰਮਤ ਜਾਂ ਕੋਈ ਹੀਲਾ,
ਸਹਿਕਦੀ ਮਾਂ ਮੂੰਹ ਪਾਣੀ ਪਾਓ,
ਸੰਜੀਦਾ ਸਿਰ ਜ਼ਰਾ ਜੋੜ ਕੇ ਬੈਠੋ,
ਮੌਤ ਦਾ ਕੋਈ ਲੱਭ ਲਓ ਉਪਾਓ।

## ਕਵਿਤਾ



**ਬਲਬੀਰ ਕੌਰ ਰਾਏਕੋਟੀ**

ਵਿਰਸਾ, ਗੌਰਵ ਰੀਤਾਂ ਤੇ ਅਹਿਸਾਸ ਵੀ ਮਰ ਗਿਆ ਏ
ਕੀ ਲੋਰੀ ਦਾ ਮੁੱਲ ਜਾਣੇ ਜਦ ਵਿਸ਼ਵਾਸ ਹੀ ਮਰ ਗਿਆ ਏ
ਵਤਨੋਂ ਦੂਰ ਵੀ ਜਾ ਕੇ ਭਾਅ ਵੈਣਾਂ ਦੇ ਤੋਲੀ ਵੇ
ਸਾਂਭ ਹੁੰਦੀ ਤਾਂ ਸਾਂਭ ਲੈ ਆਪਣੀ ਮਾਂ ਬੋਲੀ ਵੇ

ਹੁਣ ਸਕੀ ਭੈਣ ਹੀ ਰੱਖਦੀ ਪੂਰਾ ਦਾਬਾ ਮੇਰੇ 'ਤੇ
ਪੁੱਤ ਤੂੰ ਮਤਰੇਈ ਦਾ ਹੋ ਗਿਆ ਮਾਣ ਕਰਾਂ ਕੀ ਤੇਰੇ 'ਤੇ
ਲੀਫ ਲੱਖਾਂ ਦਾ ਹੋਇਆ ਪੱਤਾ ਧੇਲੀ ਪੌਲੀ ਵੇ
ਸਾਂਭ ਹੁੰਦੀ ਤਾਂ ਸਾਂਭ ਲੈ ਆਪਣੀ ਮਾਂ ਬੋਲੀ ਵੇ

ਸਕੂਲਾਂ, ਕਾਲਜਾਂ, ਪਾੜ੍ਹਿਆਂ ਵਿਚ ਕੋਈ ਖੜ੍ਹਨ ਨਹੀਂ ਦਿੰਦਾ
ਫਾਇਲ ਦਫ਼ਤਰ, ਕੋਟ ਕਚਹਿਰੀ ਵਿਚ ਵੀ ਵੜਨ ਨਹੀਂ ਦਿੰਦਾ
ਆਪਣਿਆਂ ਦੇ ਰਾਜ ਵੀ ਬਾਹਰ ਜੁੱਤੀ ਵਾਂਗੂੰ ਖੋਲ੍ਹੀ ਵੇ
ਸਾਂਭ ਹੁੰਦੀ ਤਾਂ ਸਾਂਭ ਲੈ ਆਪਣੀ ਮਾਂ ਬੋਲੀ ਵੇ

ਫ਼ਾਰਸੀ, ਅਰਬੀ, ਅੰਗਰੇਜ਼ੀ ਹੋਣਾ ਜ਼ੋਰ ਲਗਾ ਲਿਆ ਸੀ
ਕਿੱਸਾਕਾਰਾਂ, ਲੇਖਕਾਂ, ਕਵੀਆਂ ਨੇ ਬਚਾ ਲਿਆ ਸੀ
ਤੂੰ ਬਾਹਰੋਂ ਵੀ ਲਿਪਤੀ ਪਾ ਕੇ ਵਿੱਚ ਭੜੋਲੀ ਵੇ
ਸਾਂਭ ਹੁੰਦੀ ਤਾਂ ਸਾਂਭ ਲੈ ਆਪਣੀ ਮਾਂ ਬੋਲੀ ਵੇ

ਡੋਗਰੀ, ਪਹਾੜੀ, ਭਟਿਆਲੀ ਜਿਹੇ ਅੰਗ ਅੱਡ ਕਰ ਦਿੱਤੇ
ਲੋਕ ਬੋਲੀਆਂ, ਗੀਤ, ਮੁਹਾਵਰੇ ਜ਼ਖ਼ਮ ਸੀ ਭਰ ਦਿੱਤੇ
ਹੁਣ ਅੱਧ-ਕੁ ਪਾ ਦੀ ਰਹਿ ਗਈ ਜਦ ਤੱਕੜੀ ਵਿੱਚ ਤੋਲੀ ਵੇ
ਸਾਂਭ ਹੁੰਦੀ ਤਾਂ ਸਾਂਭ ਲੈ ਆਪਣੀ ਮਾਂ ਬੋਲੀ ਵੇ


ਬੇਰੁਜ਼ਗਾਰ ਤਾਂ ਹੋ ਗਈ ਝੱਲਦੇ ਸੌਹਰੇ ਨਾ ਪੇਕੇ
ਬਚ ਜਾਂਦੀ ਸ਼ਰੀਕਾਂ ਦੇ ਐਨੇ ਖੁੱਲ੍ਹਦੇ ਨਾ ਠੇਕੇ
ਜਹਾਜ਼ ਚੜ੍ਹਨ ਨੂੰ ਕਾਹਲੀ ਚੋਬਰਾਂ ਦੀ ਇਹ ਟੋਲੀ ਵੇ
ਸਾਂਭ ਹੁੰਦੀ ਤਾਂ ਸਾਂਭ ਲੈ ਆਪਣੀ ਮਾਂ ਬੋਲੀ ਵੇ

ਵੱਡੇ ਡਾਕਟਰਾਂ ਦਿਤੀ ਸਲਾਹ ਸਿਹਤ ਸੰਭਾਲਣ ਦੀ
ਜੇ ਨਾ ਗਈ ਸੰਭਾਲੀ ਤਿਆਰੀ ਚਿਖ਼ਾ ਦੇ ਬਾਲਣ ਦੀ
ਫਿਰ ਮਾਂ ਮਛੋਰਾਂ ਕੱਖਾਂ ਵਾਂਗੂੰ ਜਿੰਦੜੀ ਰੋਲੀ ਵੇ
ਸਾਂਭ ਹੁੰਦੀ ਤਾਂ ਸਾਂਭ ਲੈ ਆਪਣੀ ਮਾਂ ਬੋਲੀ ਵੇ

ਮਾਂ ਬੋਲੀ ਦੇ ਅੱਖਰ ਹੀਰੇ ਮੋਤੀ ਲਾਲ ਜੜੇ
ਬਲਬੀਰ ਕੌਰ ਦਾ ਬਲ ਜੋ ਵੀਰ ਭੈਣਾਂ ਨਾਲ ਖੜ੍ਹੇ
ਬੀਜਣ ਰਾਏਕੋਟ ਤੋਂ ਤੁਰ ਪਈ ਭਰ ਅੱਖਰਾਂ ਦੀ ਝੋਲੀ ਵੇ
ਸਾਂਭ ਹੁੰਦੀ ਤਾਂ ਸਾਂਭ ਲੈ ਆਪਣੀ ਮਾਂ ਬੋਲੀ ਵੇ।

* * * * * * *

# ਸਾਕਾ ਨਨਕਾਣਾ ਸਾਹਿਬ



ਜਸਵਿੰਦਰ ਸਿੰਘ ਰੁਪਾਲ



ਸ਼ਹੀਦ ਕਿਸੇ ਵੀ ਕੌਮ ਦੇ ਪ੍ਰੇਰਨਾ ਸਰੋਤ ਹੁੰਦੇ ਹਨ ਅਤੇ ਉਹਨਾਂ ਦੇ ਸ਼ਹੀਦੀ ਦਿਨ ਉਸ ਕੌਮ ਨੂੰ ਉਹਨਾਂ ਆਦਰਸ਼ਾਂ ਬਾਰੇ ਯਾਦ ਕਰਵਾਉਂਦੇ ਹਨ, ਜਿਹਨਾਂ ਖਾਤਰ ਉਹਨਾਂ ਆਪਣੀ ਜਾਨ ਦੀ ਅਹੁਤੀ ਦੇ ਦਿੱਤੀ ਸੀ। ਅਸੀਂ ਹਰ ਰੋਜ ਅਰਦਾਸ ਵਿੱਚ ਉਹਨਾਂ ਦਾ ਧਿਆਨ ਧਰਦੇ ਹਾਂ ਜਿਹਨਾਂ ਨੇ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ। ਅਜਿਹੇ ਹੀ ਸ਼ਹੀਦਾਂ ਦੀ ਯਾਦ ਕਰਵਾਉਂਦਾ ਹੈ 20 ਫਰਵਰੀ 1921 ਨੂੰ ਵਾਪਰਿਆ ਸਾਕਾ ਨਨਕਾਣਾ ਸਾਹਿਬ।

ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਜਦੋਂ ਮੁਗਲ ਹਕੂਮਤ ਵੱਲੋਂ ਸਿੱਖ ਪੰਥ ਉੱਤੇ ਜ਼ੁਲਮ ਵਧੇ ਤਾਂ ਗੁਰੂ ਕੇ ਸਿੰਘ ਆਪਣੇ ਘਰ ਘਾਟ ਤਿਆਗ ਕੇ ਪਹਾੜਾਂ ਅਤੇ ਜੰਗਲਾਂ ਵਰਗੀਆਂ ਸੁਰੱਖਿਅਤ ਥਾਵਾਂ ਤੇ ਜਾ ਕੇ ਆਪਣੀ ਦਿਨ ਕਟੀ ਕਰਨ ਲੱਗੇ। ਉਸ ਸਮੇਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਨਿਰਮਲੇ ਮਹੰਤਾਂ ਅਤੇ ਉਦਾਸੀ ਸੰਪਰਦਾਇ ਦੇ ਮਹੰਤਾਂ ਕੋਲ ਚਲਿਆ ਗਿਆ।

ਆਰੰਭ ਵਿਚ ਤਾਂ ਇਹਨਾਂ ਮਹੰਤਾਂ ਨੇ ਬਹੁਤ ਵਧੀਆ ਤਰੀਕੇ ਨਾਲ ਇਹ ਜਿੰਮੇਵਾਰੀ ਨਿਭਾਈ ਪਰ ਵਕਤ ਨਾਲ ਇਸ ਪ੍ਰਬੰਧ ਵਿੱਚ ਬਹੁਤ ਖਾਮੀਆਂ ਪੈਦਾ ਹੋ ਗਈਆਂ। ਇਹਨਾਂ ਨੇ ਗੁਰਦੁਆਰਿਆਂ ਅੰਦਰ ਮੰਦਰਾਂ ਵਾਂਗ ਰਹੁ ਰੀਤੀਆਂ ਚਲਾ ਦਿੱਤੀਆਂ। ਗੁਰਦੁਆਰਿਆਂ ਵਿੱਚ ਮੂਰਤੀਆਂ ਸਥਾਪਿਤ ਕਰ ਦਿੱਤੀਆਂ। ਹੌਲੀ ਹੌਲੀ ਇਹਨਾਂ ਮਹੰਤਾਂ ਦੇ ਕਿਰਦਾਰ ਅੰਦਰ ਵੀ ਗਿਰਾਵਟ ਆਉਂਦੀ ਗਈ।

ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਿਆਂ ਦੇ ਨਾਮ ਕਾਫੀ ਜਗੀਰਾਂ ਲੁਵਾ ਦਿੱਤੀਆਂ ਸਨ। ਜਿਸ ਨਾਲ ਗੁਰਦੁਆਰਿਆਂ ਦੀ ਆਮਦਨ ਕਾਫੀ ਵਧ ਗਈ ਸੀ ਅਤੇ ਬਹੁਤ ਸਾਰੀਆਂ ਨਵੀਆਂ ਇਮਾਰਤਾਂ ਵੀ ਬਣਵਾਈਆਂ ਗਈਆਂ ਸਨ। ਪਰ ਸਿੱਖ ਰਾਜ ਦੇ ਪਤਨ ਤੋਂ ਬਾਅਦ ਸਿੱਖ ਸਰਦਾਰਾਂ ਨੇ ਗੁਰਦੁਆਰਿਆਂ ਦੇ ਅੰਦਰੂਨੀ ਪ੍ਰਬੰਧ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਿਸ ਨਾਲ ਗੁਰਮਤਿ ਪ੍ਰਚਾਰ ਅਤੇ ਸਿੱਖ ਕਦਰਾਂ ਕੀਮਤਾਂ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ। ਪੁਜਾਰੀ ਸ਼੍ਰੇਣੀ ਹੌਲੀ ਹੌਲੀ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗ ਗਈ। ਅੰਗਰੇਜਾਂ ਨੇ ਇਹਨਾਂ ਪੁਜਾਰੀਆਂ ਅਤੇ ਮਹੰਤਾਂ ਦੀ ਪਿੱਠ ਠੋਕੀ। ਜਦੋ ਮਾਇਆ ਅਤੇ ਸ਼ਕਤੀ ਦਾ ਮੇਲ ਹੋ ਜਾਵੇ, ਤਾਂ ਵਿਕਾਰਾਂ ਤੋਂ ਕੋਈ ਵਿਰਲਾ ਹੀ ਗੁਰੂ ਬਖਸ਼ਿਸ਼ ਨਾਲ ਬਚ ਸਕਦਾ ਹੈ। ਮਹੰਤਾਂ ਕੋਲ ਮਾਇਆ ਵੀ ਆ ਗਈ ਅਤੇ ਸਰਕਾਰੇ ਦਰਬਾਰੇ ਪੁੱਛ ਪ੍ਰਤੀਤ ਵੀ ਹੋ ਗਈ। ਉਸ ਨਾਲ ਇਹ ਮਹੰਤ ਆਪਣੀਆਂ ਮਨ ਆਈਆਂ ਕਰਨ ਲੱਗੇ। ਇਹ ਕਾਫੀ ਅਯਾਸ਼ ਹੋ ਗਏ ਅਤੇ ਗੁਰਦੁਆਰਿਆਂ ਅੰਦਰ ਸਿੱਖ ਵਿਰੋਧੀ ਕੰਮ ਵੀ ਕਰਵਾਉਣ ਲੱਗੇ।

ਗੁਰਦੁਆਰਾ ਨਨਕਾਣਾ ਸਾਹਿਬ ਦੇ ਨਾਮ ਰਾਇ ਬੁਲਾਰ ਭੱਟੀ ਵੱਲੋਂ 19 ਹਜਾਰ ਏਕੜ ਦੀ ਜਗੀਰ ਤੋਂ ਇੱਕ ਲੱਖ ਰੁਪਏ ਤੋਂ ਵੱਧ ਜਮੀਨ ਦਾ ਠੇਕਾ ਆਉਂਦਾ ਸੀ ਅਤੇ ਲੱਖਾਂ ਰੁਪਏ ਦਾ ਚੜ੍ਹਾਵਾ ਵੀ ਸੀ। ਇਸੇ ਲਈ ਇਥੋਂ ਦਾ ਨਰੈਣੂ ਮਹੰਤ ਜਿਸ ਦਾ ਪੂਰਾ ਨਾਮ ਨਰਾਇਣ ਦਾਸ ਸੀ, ਇੰਨਾ ਡਿਗ ਚੁੱਕਿਆ ਸੀ ਕਿ ਉਸਨੇ ਗੁਰਦੁਆਰੇ ਅੰਦਰ ਸ਼ਰਾਬ ਅਤੇ ਤੰਬਾਕੂ ਵਰਗੇ ਹੋਰ ਨਸ਼ੇ ਵਰਤਣੇ ਵੀ ਸ਼ੁਰੂ ਕਰ ਦਿੱਤੇ ਸਨ। ਉਦੋਂ ਤਾਂ ਹੱਦ ਹੀ ਹੋ ਗਈ ਜਦੋਂ ਉਸ ਨੇ ਦਰਬਾਰ ਸਾਹਿਬ ਅੰਦਰ ਕੰਜਰੀਆਂ ਦਾ ਨਾਚ ਵੀ ਕਰਵਾਇਆ। ਉਸ ਦਾ ਵਿਰੋਧ ਅਖਬਾਰਾਂ ਰਾਹੀਂ ਵੀ ਹੋਇਆ। ਉਸ ਦੇ ਵਿਰੁੱਧ ਸ਼ਿਕਾਇਤਾਂ ਵੀ ਕੀਤੀਆਂ ਗਈਆਂ ਅਤੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਗਈ।

1918 ਈਸਵੀ ਨੂੰ ਸਿੰਧ ਦੇ ਰਹਿਣ ਵਾਲਾ ਇੱਕ ਰਿਟਾਇਰਡ ਅਫਸਰ ਨਨਕਾਣਾ ਸਾਹਿਬ ਆਪਣੇ ਪਰਿਵਾਰ ਨਾਲ ਆਇਆ, ਤਾਂ ਮਹੰਤ ਨੇ ਉਸਦੀ ਬੇਟੀ ਨਾਲ ਦੁਰਵਿਵਹਾਰ ਕੀਤਾ ਜਿਸ ਨਾਲ ਮਹੰਤ ਵਿਰੁੱਧ ਗੁੱਸੇ ਦੀ ਅੱਗ ਹੋਰ ਭੜਕ ਉੱਠੀ। ਅਕਤੂਬਰ 1920 ਵਿੱਚ ਸ਼ੇਖੂਪੁਰਾ ਦੇ ਪਿੰਡ ਧਾਰੋਵਾਲੀ ਵਿਖੇ ਇਕ ਸਜੇ ਦੀਵਾਨ ਵਿਚ ਸੰਗਤ ਦੇ ਇਕੱਠ ਵਿਚ ਨਨਕਾਣਾ ਸਾਹਿਬ ਦੇ ਪ੍ਰਬੰਧ ਦੇ ਸੁਧਾਰ ਦਾ ਮਤਾ ਪੇਸ਼ ਕੀਤਾ ਗਿਆ। ਜਿਸ ਦਾ ਪਤਾ ਉਸਨੂੰ ਲੱਗ ਗਿਆ। ਉਸਨੇ ਆਪਣੀ ਰਖਵਾਲੀ ਲਈ 400-500 ਦੇ ਕਰੀਬ ਭਾੜੇ ਤੇ ਗੁੰਡੇ ਵੀ ਰੱਖ ਲਏ ਅਤੇ ਹਥਿਆਰ ਵੀ ਇੱਕਠੇ ਕਰਨੇ ਸ਼ੁਰੂ ਕਰ ਦਿੱਤੇ।

ਮਹੰਤ ਨਰੈਣੂ ਨੇ ਗੁਰਦੁਆਰੇ ਅੰਦਰ ਕਿਲਬੰਦੀ ਕਰ ਲਈ ਅਤੇ ਛਵੀਆਂ, ਕੁਹਾੜੇ, ਟਕੂਏ ਆਦਿ ਹਥਿਆਰ ਬਣਾਉਣ ਲਈ ਵੀ ਭੱਠੀਆ ਚਾਲੂ ਕਰ ਦਿੱਤੀਆਂ। ਕਿਉਂਕਿ ਸਿੱਖ ਪੰਥ ਹੌਲੀ ਹੌਲੀ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿਚ ਲੈਣਾ ਸ਼ੁਰੂ ਕਰ ਚੁੱਕਾ ਸੀ, ਜਿਸ ਨੂੰ ਵਕਤ ਦੀ ਅੰਗਰੇਜ਼ੀ ਸਰਕਾਰ ਬਗਾਵਤ ਦਾ ਮੁੱਢ ਮੰਨਦੀ ਸੀ। ਲਾਹੌਰ ਡਵੀਜਨ ਦੇ ਕਮਿਸ਼ਨਰ ਸੀ ਐਮ ਕਿੰਗ ਨੇ ਨਰੈਣੂ ਮਹੰਤ ਨੂੰ ਭਰੋਸਾ ਦਿੱਤਾ ਕਿ ਜੇ ਸਿੰਘਾਂ ਨੇ ਗੁਰਦੁਆਰੇ ਤੇ ਧਾਵਾ ਬੋਲਿਆ, ਤਾਂ ਉਸਦੀ ਮੱਦਦ ਕੀਤੀ ਜਾਵੇਗੀ। ਨਰੈਣੂ ਦੇ ਸਾਥੀ ਮਹੰਤਾਂ ਨੇ ਵੀ ਉਸਨੂੰ ਸਲਾਹ ਦਿੱਤੀ ਕਿ ਜੇ ਸਿੰਘ ਗੁਰਦੁਆਰੇ ਦਾ ਕਬਜਾ ਲੈਣ ਆਉਣ ਤਾਂ ਬਿਨਾ ਝਿਜਕ ਉਹਨਾਂ ਨੂੰ ਮਾਰ ਮੁਕਾਇਆ ਜਾਵੇ।

ਇੱਧਰ ਸਿੰਘਾਂ ਨੇ ਵੀ ਵਿਚਾਰਾਂ ਕੀਤੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਮਹੰਤ ਦੇ ਨਾਮ ਉਸਦੇ ਆਚਰਣ ਦੇ ਸੁਧਾਰ ਲਈ ਅਤੇ ਨਨਕਾਣਾ ਸਾਹਿਬ ਗੁਰਦੁਆਰੇ ਦੇ ਪ੍ਰਬੰਧ ਵਿਚ ਸੁਧਾਰ ਲਈ ਚਿੱਠੀ ਵੀ ਲਿਖੀ ਗਈ। ਨਨਕਾਣਾ ਸਾਹਿਬ ਵਿਖੇ ਦੀਵਾਨ ਅਤੇ ਲੰਗਰ ਦੇ ਪ੍ਰਬੰਧ ਲਈ ਭਾਈ ਲਛਮਣ ਸਿੰਘ, ਸ. ਦਲੀਪ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ ਕਰਤਾਰ ਸਿੰਘ ਝੱਬਰ ਅਤੇ ਸ. ਬਖਸ਼ਿਸ਼ ਸਿੰਘ ਤੇ ਅਧਾਰਤ ਇੱਕ ਕਮੇਟੀ ਬਣਾ ਦਿੱਤੀ ਗਈ। ਸਿੱਖ ਸੰਗਤ ਦੇ ਮੁਖੀਆਂ ਨੇ ਫੈਸਲਾ ਕੀਤਾ ਕਿ ਕੋਈ ਪੱਕੀ ਤਾਰੀਖ ਨਿਸ਼ਚਿਤ ਕੀਤੇ ਬਿਨਾਂ ਕੋਈ ਜੱਥਾ ਲੈ ਕੇ ਨਨਕਾਣਾ ਸਾਹਿਬ ਨਾ ਜਾਵੇ ਪਰ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਸ.ਕਰਤਾਰ ਸਿੰਘ ਝੱਬਰ ਆਪਣੇ ਆਪਣੇ ਜੱਥੇ ਲੈ ਕੇ ਨਨਕਾਣਾ ਸਾਹਿਬ ਪੁੱਜਣਾ ਚਾਹੁੰਦੇ ਸਨ। ਦੋਹਾਂ ਜੱਥਿਆ ਨੂੰ ਰੋਕਣ ਦਾ ਯਤਨ ਕੀਤਾ ਗਿਆ। ਸ. ਕਰਤਾਰ ਸਿੰਘ ਝੱਬਰ ਦਾ ਜੱਥਿਆ ਰੋਕ ਲਿਆ ਗਿਆ, ਪਰ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜੱਥੇ ਨੂੰ ਨਾ ਰੋਕਿਆ ਜਾ ਸਕਿਆ। ਲਛਮਣ ਸਿੰਘ ਦੇ ਸਾਥੀ ਭਾਈ ਟਹਿਲ ਸਿੰਘ ਜੀ ਨੇ ਕਿਹਾ ਕਿ ਅੱਜ ਗੁਰੂ ਹਰਿਰਾਇ ਜੀ ਦਾ ਪ੍ਰਕਾਸ਼ ਦਿਵਸ ਹੈ। ਗੁਰਦੁਆਰਾ ਸਾਹਿਬ ਮੱਥਾ ਟੇਕ ਲੈਂਦੇ ਹਾਂ। ਜਦੋਂ ਅਸੀਂ ਸਾਂਤਮਈ ਰਹਿਣਾ ਹੈ, ਫੇਰ ਕੋਈ ਝਗੜਾ ਨਹੀਂ ਪੈਂਦਾ। ਇਸ ਤਰਾਂ ਇਹ ਜੱਥਾ 20 ਫਰਵਰੀ 1921 ਨੂੰ ਨਨਕਾਣਾ ਸਾਹਿਬ ਪੁੱਜ ਗਿਆ।

ਮਹੰਤ ਨਰੈਣੂ ਨੇ ਹਮਲੇ ਦੀ ਪਹਿਲਾਂ ਹੀ ਤਿਆਰੀ ਕਰ ਰੱਖੀ ਸੀ। ਜਿਉਂ ਹੀ ਭਾਈ ਲਛਮਣ ਸਿੰਘ ਜੀ ਜੱਥੇ ਸਮੇਤ ਗੁਰਦੁਆਰਾ ਸਾਹਿਬ ਵਿਚ ਦਾਖਿਲ ਹੋਏ, ਮਹੰਤ ਨੇ ਬਾਹਰਲੇ ਦਰਵਾਜੇ ਬੰਦ ਕਰਵਾ ਦਿੱਤੇ ਅਤੇ ਉਸਦੇ ਗੁੰਡਿਆਂ ਨੇ ਸਿੰਘਾਂ ਉੱਪਰ ਵਾਰ ਕਰ ਦਿੱਤਾ। ਛਤ ਤੋਂ ਗੋਲੀਆਂ ਚਲਾਈਆਂ ਗਈਆਂ। ਵਿਹੜੇ ਵਿਚ 25-26 ਸਿੰਘ ਸ਼ਹੀਦ ਹੋ ਗਏ। ਭਾਈ ਲਛਮਣ ਸਿੰਘ ਗੋਲੀਆਂ ਨਾਲ ਜ਼ਖਮੀ ਹੋ ਗਏ। ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਵੀ ਗੋਲੀਆਂ ਲੱਗੀਆਂ। ਕੋਈ 60 ਕੁ ਸਿੰਘ ਦਰਬਾਰ ਸਾਹਿਬ ਦੇ ਅੰਦਰ ਸ਼ਹੀਦ ਹੋ ਗਏ। ਜਿਹੜਾ ਵੀ ਫ਼ੱਟੜ ਜਿਉਂਦਾ ਨਜਰ ਆਇਆ, ਉਸਨੂੰ ਛਵੀਆਂ ਨਾਲ ਮਾਰ ਦਿੱਤਾ ਗਿਆ। ਜਖਮੀ ਭਾਈ ਲਛਮਣ ਸਿੰਘ ਨੂੰ ਜੰਡ ਦੇ ਦਰੱਖਤ ਨਾਲ ਪੁੱਠਾ ਬੰਨ੍ਹ ਕੇ ਥੱਲੇ ਅੱਗ ਲਾ ਕੇ ਸਾੜ ਦਿੱਤਾ ਗਿਆ। ਕੁਝ ਸਿੰਘਾਂ ਨੂੰ ਜਿਉਂਦਿਆਂ ਹੀ ਭੱਠੀਆ ਵਿਚ ਸੁੱਟ ਕੇ ਸਾੜ ਦਿੱਤਾ ਗਿਆ। ਨੌ ਸਾਲ ਦੇ ਦਰਬਾਰਾ ਸਿੰਘ ਨੂੰ ਪਹਿਲਾਂ ਅਲਮਾਰੀ ਵਿਚ ਬੰਦ ਕਰ ਦਿੱਤਾ, ਇਹ ਉਥੋਂ ਹੀ ਵੰਗਾਰਦਾ ਰਿਹਾ। ਫੇਰ ਇਸਨੂੰ ਬਲਦੀ ਚਿਖਾ ਵਿਚ ਸੁੱਟ ਦਿੱਤਾ ਗਿਆ।

ਕਰਤਾਰ ਸਿੰਘ ਝੱਬਰ ਜੋ 2200 ਸਿੰਘਾਂ ਦਾ ਜੱਥਾ ਲੈ ਕੇ ਆ ਰਿਹਾ ਸੀ, ਉਸਨੂੰ 21 ਫਰਵਰੀ ਨੂੰ ਪਿੰਡ ਖਿਪਵਾੜਾ ਕੋਲ ਡਿਪਟੀ ਕਮਿਸ਼ਨਰ ਨੇ ਰੋਕ ਲਿਆ। ਅਤੇ ਸਲਾਹ ਮਸ਼ਵਰੇ ਪਿੱਛੋਂ ਝੱਬਰ ਨੂੰ ਨਨਕਾਣਾ ਸਾਹਿਬ ਦੀਆਂ ਚਾਬੀਆ ਇਸ ਸ਼ਰਤ ਤੇ ਦਿੱਤੀਆਂ ਕਿ ਪ੍ਰਬੰਧ ਲਈ ਇਕ ਕਮੇਟੀ ਬਣਾ ਦਿੱਤੀ ਜਾਵੇ। ਸ ਹਰਬੰਸ ਸਿੰਘ ਅਟਾਰੀ ਨੂੰ ਪ੍ਰਧਾਨ ਬਣਾ ਕੇ ਇਕ ਕਮੇਟੀ ਬਣਾ ਦਿੱਤੀ ਗਈ। ਅਤੇ ਅੱਧੀ ਦਰਜਨ ਤੋਂ ਵੱਧ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ ਗਿਆ।

ਮਹੰਤ ਨਰੈਣੂ ਤੇ ਸਾਥੀਆਂ ਖਿਲਾਫ ਮੁੱਕਦਮਾ ਦਾਇਰ ਹੋਇਆ। ਅਦਾਲਤ ਨੇ 12 ਅਕਤੂਬਰ 1921 ਨੂੰ ਨਰੈਣੂ ਤੇ 7 ਹੋਰ ਨੂੰ ਫਾਂਸੀ, 8 ਨੂੰ ਉਮਰ ਕੈਦ , 16 ਨੂੰ 7 ਸਾਲ ਦੀ ਕੈਦ ਅਤੇ ਬਾਕੀਆਂ ਨੂੰ ਰਿਹਾ ਕਰ ਦਿੱਤਾ। ਲਾਹੌਰ ਹੈ ਕੋਰਟ ਵਿਚ ਅਪੀਲ ਕਰਨ ਤੇ ਫਾਂਸੀ ਦੀ ਸਜਾ ਉਮਰ ਕੈਦ ਵਿਚ ਬਦਲ ਦਿੱਤੀ ਗਈ। ਸਿਰਫ 3 ਨੂੰ 7 ਸਾਲ ਦੀ ਸਜਾ ਹੋਈ ਤੇ ਬਾਕੀ ਸਭ ਬਰੀ ਕਰ ਦਿੱਤੇ ਗਏ। ਸਿੱਖ ਪੰਥ ਨੇ ਇਹਨਾਂ ਸ਼ਹੀਦਾਂ ਨੂੰ ਮਾਣ ਸਤਿਕਾਰ ਦਿੱਤਾ। ਇਹਨਾਂ ਦਾ ਜਿਕਰ ਅਰਦਾਸ ਵਿੱਚ ਸ਼ਾਮਲ ਕੀਤਾ। ਨਨਕਾਣਾ ਸਾਹਿਬ ਗੁਰਦੁਆਰਾ ਸਾਜਿਬ ਵਿਚ ਅੱਜ ਵੀ ਇਸ ਸਾਕੇ ਦੀਆਂ ਯਾਦਾਂ ਸੁਰੱਖਿਅਤ ਹਨ ਜਿਹੜੀਆਂ ਕੌਮ ਨੂੰ ਆਪਣੇ ਗੁਰਦੁਆਰਿਆਂ ਦੀ ਰਾਖੀ ਦੀ ਪ੍ਰੇਰਨਾ ਦਿੰਦੀਆਂ ਹਨ। ਪਾਤਸ਼ਾਹ ਬਖਸ਼ਿਸ਼ ਕਰਨ ਉਹਨਾਂ ਸ਼ਹੀਦਾਂ ਦਾ ਸਿਦਕ, ਉਹਨਾਂ ਦਾ ਗੁਰੂ ਪ੍ਰੇਮ ਅਤੇ ਉਹਨਾਂ ਦੀ ਗੁਰਦੁਆਰਿਆਂ ਵਿੱਚ ਨਿਰੋਲ ਗੁਰਮਤਿ ਦੇਖਣ ਦੀ ਇੱਛਾ ਨੂੰ ਪੂਰੀ ਕਰਨ। ਅਜੋਕੇ ਸਿੱਖ ਆਪਣੇ ਤਕਰਾਰ ਛੱਡ ਕੇ, ਗੁਰੂ ਗਿਆਨ ਤੋਂ ਸੋਝੀ ਲੈ ਕਰ ਆਪਣੇ ਜੀਵਨ ਨੂੰ ਗੁਰਮਤਿ ਰੰਗ ਵਿਚ ਰੰਗ ਸਕਨ ਅਤੇ ਸਾਡੇ ਗੁਰਦੁਆਰਿਆਂ ਵਿੱਚੋਂ ਸਿਰਫ ਅਤੇ ਸਿਰਫ ਗੁਰਮਤਿ ਦਾ ਹੀ ਪ੍ਰਚਾਰ ਹੋਵੇ।

*******

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)




ਫੋਨ : 07853 317 891
Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ 13

# ਇੱਕ ਮੇਰੀ ਅੱਖ ਕਾਸ਼ਣੀ...

ਪ੍ਰੀਤ ਅਮਨ ਦੀਆਂ ਝੀਲ ਵਰਗੀਆਂ ਅੱਖਾਂ ਵਿੱਚ ਗੋਤਾ ਮਾਰਨ ਵਾਂਗ, ਧੁਰ ਰੂਹ ਤੱਕ ਲਹਿ ਗਿਆ ਸੀ। ਅਮਨ ਵੀ ਪਹਿਲੀ ਨਜ਼ਰੇ ਹੀ ਸਰੂ ਵਰਗੇ ਜੁਆਨ ਪ੍ਰੀਤ ਉਪਰ ਮਰ ਮਿਟੀ ਸੀ। ਹੁਣ ਉਹਨਾਂ ਨੂੰ ਹਮੇਸ਼ਾ ਇਕਾਂਤ ਵਿੱਚ ਮਿਲ਼ਣ ਦੀ ਤਾਂਘ ਰਹਿੰਦੀ। ਇਹ ਦੁਨੀਆਂ, ਇਹ ਜੱਗ ਜਹਾਨ ਅਤੇ ਆਰ-ਪ੍ਰੀਵਾਰ ਉਹਨਾਂ ਦੋਵਾਂ ਲਈ "ਓਪਰਾ" ਹੋ ਗਿਆ ਸੀ। ਜੇ ਅਮਨ ਲਈ ਕੋਈ ਦੁਨੀਆਂ ਸੀ, ਤਾਂ ਉਹ ਸੀ ਪ੍ਰੀਤ! ....ਗਲ਼ੀਆਂ ਹੋ ਜਾਣ ਸੁੰਨੀਆਂ, ਵਿੱਚ ਮਿਰਜ਼ਾ ਯਾਰ ਫਿਰੇ ਵਾਲ਼ੀ ਗੱਲ ਅਮਨ ਨਾਲ਼ ਹੋਈ ਪਈ ਸੀ। ਉਹ ਚਾਹੁੰਦੀ ਸੀ ਕਿ ਉਹ ਹੋਵੇ, ਅਤੇ ਪ੍ਰੀਤ ਹੋਵੇ, ਬੱਸ...! ਹੋਰ ਕੋਈ ਨਾ ਹੋਵੇ..! ਨਾ ਉਹਨਾਂ ਨੂੰ ਕੋਈ ਬੁਲਾਵੇ ਅਤੇ ਨਾ ਹੀ ਰੋਕੇ ਟੋਕੇ! ਉਹ ਦੋਵੇਂ ਇੱਕ ਦੂਜੇ ਦੀ ਜਿੰਦ ਜਾਨ ਅਤੇ "ਪੂਰਕ" ਬਣ ਚੁੱਕੇ ਸਨ। ਅਮਨ ਤਾਂ ਬੱਸ ਇੱਕੋ ਗੱਲ ਹੀ ਪ੍ਰੀਤ ਨੂੰ ਆਖਦੀ ਸੀ ਕਿ ਅੱਖਾਂ ਸਾਹਵੇਂ ਵਸ ਮਿੱਤਰਾ, ਰੱਬ ਵਰਗਾ ਆਸਰਾ ਤੇਰਾ...




## ਕਾਂਡ 8

ਅਮਨ ਦਾ ਬਾਪ ਜਿੰਦਰ ਇਉਂ ਖ਼ੁਸ਼ੀ ਦਿਖਾ ਰਿਹਾ ਸੀ, ਜਿਵੇਂ ਉਹਨਾਂ ਦੇ ਘਰ ਕੋਈ 'ਦੇਵਤਾ' ਪ੍ਰਗਟ ਹੋ ਗਿਆ ਸੀ। ਜਿਸ ਨੇ ਉਹਨਾਂ ਨੂੰ ਸਾਰਾ ਕੁਛ ਹੀ ਬਖ਼ਸ਼ ਦੇਣਾ ਸੀ। ਕੋਚ ਦਾ ਘਰ ਆਉਣਾ ਉਹਨਾਂ ਲਈ "ਮੁਬਾਰਕ" ਸੀ। ਉਹਨਾਂ ਨੂੰ ਇਉਂ ਮਹਿਸੂਸ ਹੋ ਰਿਹਾ ਸੀ ਕਿ ਹੁਣ ਉਹਨਾਂ ਦੀ ਧੀ ਦੀ ਕਿਸਮਤ ਖੁੱਲ੍ਹਣ ਵਾਲ਼ੀ ਸੀ। ਜਿਸ ਕਰ ਕੇ ਘਰ ਵਿੱਚ 'ਲਹਿਰਾਂ ਬਹਿਰਾਂ' ਹੋਣ ਵਾਲ਼ੀਆਂ ਸਨ। .... ਕਿਸਮਤ ਦਾ ਕੁਛ ਪਤਾ ਨੀ ਹੁੰਦਾ...! ... ਜਦੋਂ ਰੱਬ ਦਿੰਦੈ, ਛੱਪਰ ਪਾੜ ਕੇ ਦਿੰਦੈ..।

-"ਰਾਤ ਦਾ ਤਾਂ ਮੁਸ਼ਕਿਲ ਐ, ਜਿੰਦਰ ਸਿਆਂ...। ਟਾਈਮ ਈ ਹੈਨ੍ਹੀ...।" ਸ਼ਿੰਗਾਰਾ ਸਿਉਂ ਕੋਚ ਨੇ ਭਾਰਾ ਜਿਹਾ ਹੋ ਕਿਹਾ।

-"ਕਦੇ ਸ਼ਾਮ ਨੂੰ ਆ ਜਾ...। ਮੂੰਹ ਕੌੜਾ ਕਰਾਂਗੇ...। ਇਉਂ ਔਂਡ ਹੋਣ ਆਲ਼ੀਆਂ ਗੱਲਾਂ ਨਾ ਕਰ...!"

-"ਕੋਈ ਨਾ...! ਦੇਖਦੇ ਆਂ...। ਬਣਾਵਾਂਗੇ ਪ੍ਰੋਗਰਾਮ ਕਦੇ, ਪਰ ਇੱਕ ਗੱਲ ਐ, ਅਮਨ ਕੁੜੀ ਬੜੀ ਐਕਟਿਵ ਖਿਡਾਰਨ ਐਂ, ਥੋੜਾ ਨਾਂ ਦੁਨੀਆਂ ਵਿੱਚ ਰੌਸ਼ਨ ਕਰੂਗੀ...! ਬੱਸ, ਉਹਨੂੰ ਥੋੜੀ ਜੀ ਹੋਰ ਮਿਹਨਤ ਦੀ ਲੋੜ ਐ...!"

-"ਮਿਹਨਤ ਕਰਵਾਉਣੀ ਕੀਹਨੇ ਐਂ, ਪੁੱਤ...! ਤੇਰੇ ਵਰਗੇ ਪੁੱਤਾਂ ਨੇ ਈ ਮਿਹਨਤ ਕਰਵਾਉਣੀ ਐਂ..। ਸਾਡਾ ਤਾਂ ਸਾਰਾ ਟੱਬਰ ਲੋਲ੍ਹਾ ਤੇ ਅਣਪੜ੍ਹ ਐ, ਸਾਡੇ ਕੋਲ਼ ਤਾਂ ਇਹ ਇੱਕੋ ਇੱਕ ਕੁੜੀ ਐ, ਜੇ ਇਹ ਕਿਸੇ ਤਣ ਪੱਤਣ ਲੱਗ ਜਾਵੇ, ਸਾਡਾ ਕਰਿਆ ਕੱਤਰਿਆ ਰਾਸ ਆ ਜੇ...।" ਬੇਬੇ ਨੇ ਹੋਰ ਜੋਰ ਦੀ ਪੱਖੀ ਝੱਲਣੀ ਸ਼ੁਰੂ ਕਰ ਦਿੱਤੀ। ਅਚਾਨਕ ਲਾਈਟ ਆ ਗਈ।

ਜਿੰਦਰ ਨੇ ਬਿਜਲੀ ਵਾਲਾ ਪੱਖਾ ਕੋਚ ਦੇ ਸਾਹ-ਮਣੇ ਰੱਖ ਕੇ ਚਲਾ ਦਿੱਤਾ।

ਹਵਾ ਦੇ ਬੁੱਲੇ ਆਉਣੇ ਸ਼ੁਰੂ ਹੋ ਗਏ।

-"ਮੈਂ ਤਾਂ ਆਬਦੇ ਵੱਲੋਂ ਪੂਰੀ ਵਾਹ ਲਾ ਦਿਉਂਗਾ, ਬੇਬੇ..! ਮੇਰੇ ਵੱਲੋਂ ਚਿੰਤਾ ਨਾ ਕਰੋ, ਮੈਂ ਤਾਂ ਆਬਦਾ ਪੂਰਾ ਤਾਣ ਲਾਦੂੰ ਅਮਨ ਦੀ ਖਾਤਰ...।" ਸ਼ਿੰਗਾਰਾ ਸਿਉਂ ਬੋਲਿਆ।

-"ਪਰ ਇਹ ਵੀ ਦੱਸ ਬਈ ਹੁਣ ਸਾਡੇ ਵਾਸਤੇ ਆਥਣ ਦਾ ਟੈਮ ਕਦੋਂ ਕੱਢੇਂਗਾ...?" ਅਮਨ ਦਾ ਬਾਪ ਇੱਕ ਤਰ੍ਹਾਂ ਨਾਲ਼ ਖਹਿੜੇ ਪੈ ਗਿਆ ਸੀ।

-"..................।"

-"ਕੱਢਲਾ ਪੁੱਤ ਟੈਮ ਇਹਨਾਂ ਵਾਸਤੇ ਵੀ...!" ਬੇਬੇ ਨੇ ਹੱਥ ਵਾਲ਼ੀ ਪੱਖੀ ਇੱਕ ਪਾਸੇ ਰੱਖ ਕੇ ਕਿਹਾ।

-"ਚੱਲ ਮੈਂ ਐਸ ਐਤਵਾਰ ਨੂੰ ਆ ਜਾਨੈ, ਬੇਬੇ...।"

-"ਕਿੰਨੇ ਵਜੇ...?"

-"ਦੁਪਿਹਰੇ ਜੇ ਆ ਜਾਨੈ...।"

-"ਰਾਤ ਰਹਿਣ ਦਾ ਪ੍ਰੋਗਰਾਮ ਬਣਾ, ਸ਼ਿੰਗਾਰਾ ਸਿਆਂ...!"

-"ਫੇਰ ਸ਼ਨੀਵਾਰ ਨੂੰ ਆ ਜਾਨੈਂ ਆਥਣੇ ਜੇ...?"

-"ਠੀਕ ਐ...।"

-"ਖ਼ੁਸ਼ ਬੇਬੇ...?"

-"ਬਾਗੋਬਾਗ ਪੁੱਤ, ਜਿਉਂਦਾ ਵਸਦਾ ਰਹਿ...।" ਸ਼ਿੰਗਾਰਾ ਸਿਉਂ ਚਲਿਆ ਗਿਆ।

-"ਬੰਦਾ ਪੰਜਾਲ਼ੀ ਹੇਠ ਆਉਣ ਵਾਲ਼ਾ ਲੱਗਦਾ ਨੀ...।"

-"ਲੱਗਦਾ ਤਾਂ ਮਕਰ ਜਿਆ ਈ ਐ, ਪਰ ਇੱਕ ਸੰਜੀਵਨੀ ਬੂਟੀ ਉਹ ਵੀ ਐ, ਜਿਹੜੀ ਵੱਡਿਆਂ ਵੱਡਿਆਂ ਨੂੰ ਘੇਰ ਕੇ ਬੋਹੜ ਥੱਲੇ ਲਿਆ ਖੜ੍ਹਾ ਕਰਦੀ ਐ...।"

-"ਉਹ ਕਿਹੜੀ...?"

-"ਰੂੜੀ ਮਾਰਕਾ...! ਰੂੜੀ ਮਾਰਕਾ ਵੱਡੀਆਂ-ਵੱਡੀਆਂ ਗੱਲਾਂ ਮੰਨਵਾ ਲੈਂਦੀ ਐ, ਇਹ ਕੋਚ ਤਾਂ ਕਿਹੜੇ ਬਾਗ ਦੀ ਮੂਲ਼ੀ ਐ...?"

-"ਹੈ ਕਮਲ਼ਾ ਬੰਦਾ...! ਕੋਚ ਨੂੰ ਤੂੰ ਰੂੜੀ ਮਾਰਕਾ ਪਿਆਵੇਂਗਾ...? ਉਹਦੇ ਵਾਸਤੇ ਤਾਂ ਸ਼ਹਿਰ ਜਾ ਕੇ ਕੋਈ ਅੰਗਰੇਜ਼ੀ ਲਿਆ, ਉਹ ਕਰੂਗੀ ਇਹਦੀ ਧਰਨ ਟਿਕਾਣੇ...!" ਜਿੰਦਰ ਦੇ ਵੱਡੇ ਭਰਾ ਬਿੰਦਰ ਨੇ ਕਿਹਾ।

-"ਕੱਲ੍ਹ ਨੂੰ ਈ ਜਾ ਕੇ ਲਿਆਉਨੈ, ਬਾਈ...।"

-"ਜਿੱਥੇ ਵੱਡੇ-ਵੱਡੇ ਹਥਿਆਰ ਕੰਮ ਨੀ ਕੱਢ ਸਕਦੇ, ਓਥੇ ਇਹ ਤੇਰ੍ਹਵਾਂ ਰਤਨ ਲਾਉਂਦੈ ਬੇੜੇ ਪਾਰ..।"

ਸ਼ਾਮ ਨੂੰ ਜਦ ਅਮਨ ਘਰ ਆਈ ਤਾਂ ਸਾਰੇ ਘਰ ਦਾ ਮਾਹੌਲ ਅਤੇ ਵਾਤਾਵਰਣ ਖ਼ੁਸ਼ਹਾਲ ਸੀ।

ਸਾਰਾ ਟੱਬਰ ਅਮਨ ਦੇ ਪੈਰੀਂ ਪੈਣ ਵਾਲ਼ਾ ਹੋਇਆ ਖੜ੍ਹਾ ਸੀ।

ਅਮਨ ਹੀ ਸੀ, ਜਿਸ ਨੇ ਸਾਰੇ ਟੱਬਰ ਦੀ ਕਿਸਮਤ ਬਦਲ ਧਰਨੀ ਸੀ।

-"ਆ ਜਾ ਪੁੱਤ ਅਮਨ, ਮੇਰੇ ਕੋਲੇ ਬਹਿ ਕੇ ਰੋਟੀ ਖਾ ਲੈ...।" ਬੇਬੇ ਨੇ ਕਿਹਾ। ਪਰ ਅਮਨ ਬੇਬੇ ਕੋਲ਼ ਬੈਠਣਾ ਨਹੀਂ ਸੀ ਚਾਹੁੰਦੀ, ਕਿਉਂਕਿ ਬੇਬੇ ਬਿਨਾ ਗੱਲੋਂ ਸ਼ੀਤਲ ਕੇ ਪ੍ਰੀਵਾਰ ਉਪਰ ਸੂਈ ਧਰ ਲੈਂਦੀ ਸੀ। ਅਮਨ ਨੂੰ ਸ਼ੀਤਲ ਦੇ ਹੱਸਦੇ ਵਸਦੇ ਪ੍ਰੀਵਾਰ ਦਾ ਉੱਜੜ ਜਾਣਾ ਦੁਖੀ ਕਰਦਾ ਸੀ। ਪਰ ਪਤਾ ਨਹੀਂ ਬੇਬੇ ਨੂੰ ਇਸ ਗੱਲ ਦਾ ਅਫ਼ਸੋਸ ਕਿਉਂ ਨਹੀਂ ਸੀ...? ਇਹ ਤਾਂ ਚਿੜੀਆਂ ਦਾ ਮਰਨ ਅਤੇ ਗਵਾਰਾਂ ਦਾ ਹਾਸਾ ਵਾਲ਼ੀ ਗੱਲ ਸੀ, ਅਮਨ ਸੋਚਦੀ।

-"ਜਸਮੇਲ ਕੁਰੇ, ਰੋਟੀ ਪਾ ਕੇ ਦੇਹ ਭਾਈ ਆਪਣੀ ਅਮਨ ਨੂੰ, ਥੱਕੀ ਟੁੱਟੀ ਆਈ ਐ..।" ਬੇਬੇ ਨੇ ਹੁਕਮੀਆ ਕਿਹਾ।

ਬੇਬੇ ਦੀ ਨੂੰਹ ਰੋਟੀ ਪਾ ਕੇ ਫੜਾ ਗਈ।

ਅਮਨ ਨਾ ਚਾਹੁੰਦੀ ਹੋਈ ਵੀ ਦਾਦੀ ਕੋਲ਼ ਬੈਠ ਕੇ ਰੋਟੀ ਖਾਣ ਲੱਗ ਪਈ।

-"ਥੋੜਾ ਕੋਚ ਆਇਆ ਸੀ, ਅਮਨ..।" ਬੇਬੇ ਨੇ ਗੱਲ ਤੋਰੀ।

-"ਫੇਰ...? ਕੀ ਕਹਿੰਦਾ...?"

-"ਉਹ ਕਹਿੰਦਾ ਕੁੜੀ ਬੜੀ ਹੁਸ਼ਿਆਰ ਐ, ਪਰ ਹੋਰ ਮਿਹਨਤ ਕਰਨ ਦੀ ਲੋੜ ਐ...।"

-"ਨ੍ਹਾ ਹੋਰ ਮਿਹਨਤ ਨੂੰ ਅਸੀਂ ਹੁਣ ਅੰਬਰੋਂ ਤਾਰੇ ਤੋੜ ਲਿਆਈਏ...?" ਉਸ ਨੇ ਰੋਟੀ ਦੀ ਬੁਰਕੀ ਇਉਂ ਅੰਦਰ ਧੱਕੀ, ਜਿਵੇਂ ਸੇਵੀਆਂ ਵੱਟਣ ਵਾਲ਼ੀ ਮਸ਼ੀਨ ਅੰਦਰ ਆਟਾ ਧੱਕੀਦੈ।

-"ਪੁੱਤ, ਰੱਬ ਦੇ ਘਰ ਦਾ ਪਤਾ ਨੀ ਹੁੰਦਾ, ਪਤਾ ਨੀ ਕਦੋਂ ਉਹਨੇ ਰਹਿਮਤਾਂ ਦੇ ਛਾਣੇ ਦੇ ਦੇਣੇ ਆਂ...।"

ਅਮਨ ਨੇ ਜਲਦੀ ਜਲਦੀ ਆਪਣੀ ਰੋਟੀ ਨਬੇੜੀ ਅਤੇ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਈ। ....ਅਸਲ ਵਿੱਚ ਜਦੋਂ ਤੋਂ ਉਸ ਦੀ ਪ੍ਰੀਤ ਨਾਲ਼ ਨੇੜਤਾ ਹੋਈ ਸੀ, ਉਸ ਨੂੰ ਸਾਰਾ ਜੱਗ ਜਹਾਨ ਪਰਾਇਆ ਲੱਗਦਾ ਸੀ। ਜੇ ਉਸ ਨੂੰ ਕੋਈ ਆਪਣਾ ਲੱਗਦਾ ਸੀ, ਤਾਂ ਉਹ ਸੀ ਉਸ ਦਾ, ਪ੍ਰੀਤ! ਪ੍ਰੀਤ ਵੀ ਜ਼ਿਲ੍ਹਾ ਪੱਧਰ 'ਤੇ ਹਾਕੀ ਖੇਡ ਚੁੱਕਿਆ ਸੀ। ਇੱਕ ਟਰੇਨਿੰਗ ਦੌਰਾਨ ਉਹਨਾਂ ਦੀ ਮਿਲ਼ਣੀ ਹੋਈ। ਅੱਖ ਨਾਲ਼ ਅੱਖ ਮਿਲ਼ੀ, ਤਾਂ ਰੂਹਾਂ ਦੀ ਆਪਸ ਵਿੱਚ ਗਲਵਕੜੀ ਪੈ ਗਈ।

ਪ੍ਰੀਤ ਅਮਨ ਦੀਆਂ ਝੀਲ ਵਰਗੀਆਂ ਅੱਖਾਂ ਵਿੱਚ ਗੋਤਾ ਮਾਰਨ ਵਾਂਗ, ਧੁਰ ਰੂਹ ਤੱਕ ਲਹਿ ਗਿਆ ਸੀ। ਅਮਨ ਵੀ ਪਹਿਲੀ ਨਜ਼ਰੇ ਹੀ ਸਰੂ ਵਰਗੇ ਜੁਆਨ ਪ੍ਰੀਤ ਉਪਰ ਮਰ ਮਿਟੀ ਸੀ। ਹੁਣ ਉਹਨਾਂ ਨੂੰ ਹਮੇਸ਼ਾ ਇਕਾਂਤ ਵਿੱਚ ਮਿਲ਼ਣ ਦੀ ਤਾਂਘ ਰਹਿੰਦੀ। ਇਹ ਦੁਨੀਆਂ, ਇਹ ਜੱਗ ਜਹਾਨ ਅਤੇ ਆਰ-ਪ੍ਰੀਵਾਰ ਉਹਨਾਂ ਦੋਵਾਂ ਲਈ "ਓਪਰਾ" ਹੋ ਗਿਆ ਸੀ। ਜੇ ਅਮਨ ਲਈ ਕੋਈ ਦੁਨੀਆਂ ਸੀ, ਤਾਂ ਉਹ ਸੀ ਪ੍ਰੀਤ! ....ਗਲ਼ੀਆਂ ਹੋ ਜਾਣ ਸੁੰਨੀਆਂ, ਵਿੱਚ ਮਿਰਜ਼ਾ ਯਾਰ ਫਿਰੇ ਵਾਲ਼ੀ ਗੱਲ ਅਮਨ ਨਾਲ਼ ਹੋਈ ਪਈ ਸੀ। ਉਹ ਚਾਹੁੰਦੀ ਸੀ ਕਿ ਉਹ ਹੋਵੇ, ਅਤੇ ਪ੍ਰੀਤ ਹੋਵੇ, ਬੱਸ...! ਹੋਰ ਕੋਈ ਨਾ ਹੋਵੇ..! ਨਾ ਉਹਨਾਂ ਨੂੰ ਕੋਈ ਬੁਲਾਵੇ ਅਤੇ ਨਾ ਹੀ ਰੋਕੇ ਟੋਕੇ! ਉਹ ਦੋਵੇਂ ਇੱਕ ਦੂਜੇ ਦੀ ਜਿੰਦ ਜਾਨ ਅਤੇ "ਪੂਰਕ" ਬਣ ਚੁੱਕੇ ਸਨ। ਅਮਨ ਤਾਂ ਬੱਸ ਇੱਕੋ ਗੱਲ ਹੀ ਪ੍ਰੀਤ ਨੂੰ ਆਖਦੀ ਸੀ ਕਿ ਅੱਖਾਂ ਸਾਹਵੇਂ ਵਸ ਮਿੱਤਰਾ, ਰੱਬ ਵਰਗਾ ਆਸਰਾ ਤੇਰਾ...।

-"ਕੁੜੇ ਅਮਨ...! ਥੱਲੇ ਆ ਕੇ ਦੁੱਧ ਪੀ ਲੈ...!" ਦਾਦੀ ਦੀ ਅਵਾਜ਼ ਅਮਨ ਦੇ ਦਿਲ ਦਿਮਾਗ ਵਿੱਚ ਡਾਂਗ ਵਾਂਗ ਵੱਜੀ। ਉਸ ਨੂੰ ਖਿਝ ਆ ਗਈ, ਕਿ ਦੁਨੀਆਂ ਉਸ ਨੂੰ ਚੁੱਪ ਅਤੇ ਸ਼ਾਂਤ ਕਿਉਂ ਨਹੀਂ ਰਹਿਣ ਦਿੰਦੀ...? ਕਿਉਂ ਉਸ ਦੀ 'ਵੈਰਨ' ਬਣੀ ਹੋਈ ਸੀ...? ਪਰ ਉਹ ਬਿਨਾ ਕੁਛ ਕਹੇ "ਦਗੜ - ਦਗੜ" ਕਰਦੀ ਚੁਬਾਰੇ ਦੀਆਂ ਪੌੜੀਆਂ ਉੱਤਰ ਗਈ।

ਦੁੱਧ ਦਾ ਗਿਲਾਸ ਬੇਬੇ ਦੇ ਮੰਜੇ ਕੋਲ਼ ਪਏ ਸਟੂਲ ਉਪਰ ਪਿਆ ਸੀ।

ਉਸ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਉਸ ਨੇ ਚਾਰ ਘੁੱਟਾਂ ਵਿੱਚ ਹੀ ਗਰਮ-ਗਰਮ ਦੁੱਧ ਪੀ ਲਿਆ।

ਉਹ ਨਹੀਂ ਚਾਹੁੰਦੀ ਸੀ ਕਿ ਉਸ ਦੀ ਦਾਦੀ ਕੋਈ ਗੱਲ ਕਰ ਕੇ ਉਸ ਦੇ ਦਿਲ ਦਾ ਮਾਹੌਲ ਬੇਸੁਆਦਾ ਕਰੇ, ਇਸ ਲਈ ਉਹ ਉਠ ਕੇ ਮੁੜ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਈ।

-"ਕੁੜੇ ਸਾਡੇ ਕੋਲੇ ਬੈਠ ਕੇ ਕੋਈ ਗੱਲ ਕਰ ਲਿਆ ਕਰ...।" ਬੇਬੇ ਨੇ ਨਿਹੋਰਾ ਦੇਣ ਵਾਂਗ ਕਿਹਾ, "ਤੂੰ ਖਿਡਾਰਨ ਕਾਹਦੀ ਬਣਗੀ, ਤੂੰ ਤਾਂ ਭਾਈ ਹੁਣ ਜਮਾਂ ਈ ਬਿਗਾਨਿਆਂ ਮਾਂਗੂੰ ਕਰਨ ਲੱਗ ਪਈ...।"

ਪਰ ਅਮਨ ਜਾ ਚੁੱਕੀ ਸੀ।

-"ਲੈ ਫੋਟ੍ਹ...! ਕੁੜੇ ਏਸ ਕੁੜੀ ਨੂੰ ਹੋਇਆ ਕੀ ਐ..? ਪੈਰ ਈ ਨੀ ਲਾਉਂਦੀ...?" ਬੇਬੇ ਕਲਪੀ, "ਪਰ ਅਸੀਂ ਕਿਹੜਾ ਜੁਆਨੀ ਵੇਲ਼ੇ ਲਾਉਂਦੀਆਂ ਸੀ..। ਉਰੀ ਅਸੀਂ ਬਣੀਆਂ ਫਿਰਦੀਆਂ ਹੁੰਦੀਆਂ ਸੀ...।" ਬੇਬੇ ਗੁੱਝਾ ਜਿਹਾ ਆਖ ਕੇ ਖ਼ੁਦ ਹੀ ਹੱਸ ਪਈ, "ਲੱਗਦੀ ਨਾ ਔਂਡੀ ਸੀ ਵੇ ਪੈਰਾਂ 'ਚ ਭੂਚਾਲ ਸੀ...।" ਜੁਆਨੀ ਵੇਲ਼ੇ ਦਾ ਗੀਤ ਬੇਬੇ ਦੇ ਕੰਨਾਂ ਵਿੱਚ ਗੂੰਜਿਆ, ਤੇ ਉਹ ਮੁਸਕਰਾ ਪਈ।

ਜਸਮੇਲ ਕੌਰ ਸੱਸ ਵਾਸਤੇ ਦੁੱਧ ਦਾ ਗਿਲਾਸ ਰੱਖ ਗਈ।

-"ਤੂੰ ਮੁੰਡਿਆਂ ਨੂੰ ਪਿਆ ਦਿਆ ਕਰ, ਜਸਮੇਲ ਕੁਰੇ...! ਮੈਂ ਕਿਹੜਾ ਐਸ ਉਮਰ 'ਚ ਹੁਣ ਮੱਲ ਢਾਹੁੰਣੇ ਐਂ...?" ਬੇਬੇ ਦੇ ਆਖਣ 'ਤੇ ਨੂੰਹ ਹੱਸ ਪਈ।

-"ਕੁੜੇ ਆਪਣੀ ਅਮਨ ਜਾ ਕੇ ਸੌਂ ਵੀ ਗਈ...?" ਬੇਬੇ ਨੂੰ ਅਚਾਨਕ ਯਾਦ ਆਇਆ।

-"ਲੱਗਦਾ ਤਾਂ ਹੈ, ਬੇਬੇ...।"

-"ਚਲੋ ਕਰਨ ਦਿਓ ਅਰਾਮ ਉਹਨੂੰ...।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੁ ਅੰਗਦ ਗੁਰ ਅੰਗੁ ਤੇ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ 22**



ਦਰਬਾਰ ਸਾਹਿਬ ਅੰਦਰ ਕਿਲਾ ਸਾਹਿਬ ਜਿਥੇ ਬਾਬਾ ਅਮਰ ਦਾਸ ਜੀ ਦਾ ਪੈਰ ਵੱਜਾ ਸੀ ਜਦੋਂ ਗੁਰੂ ਇਸ਼ਨਾਨ ਲਈ ਗਾਗਰ ਵਿੱਚ ਪਾਣੀ ਲੈ ਕੇ ਵਾਪਸ ਆ ਰਹੇ ਸੀ ।

ਬਾਦਸ਼ਾਹ ਸੁਣ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਕੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰ ਕੇ ਲੰਗਰ ਛਕਿਆ ਅਰ ਸਾਥੀਆਂ ਸਹਿਤ ਰਵਾਨਾ ਹੋ ਗਿਆ। ਪੰਜਾਬ ਵਿਚ ਪੈਰ ਨਾ ਲੱਗਣ 'ਤੇ ਅਗੇ ਸਿੰਧ ਨੂੰ ਨਿਕਲ ਗਿਆ। ਇਥੇ ਅਮਰਕੋਟ ਦੇ ਸਥਾਨ 'ਤੇ ਅਕਤੂਬਰ 1542 ਈ. ਨੂੰ ਹਮੀਦਾ ਬੇਗਮ ਦੀ ਕੁਖੋਂ ਇਸ ਦੇ ਪੁੱਤਰ ਅਕਬਰ ਦਾ ਜਨਮ ਹੋਇਆ। ਏਧਰੋਂ ਹੀ ਈਰਾਨ ਨੂੰ ਲੰਘ ਗਿਆ। ਅਖ਼ੀਰ 15 ਸਾਲਾਂ ਬਾਦ ਈਰਾਨ ਦੇ ਬਾਦਸ਼ਾਹ ਤਹਿਮਾਸਪ ਦੀਆਂ ਫ਼ੌਜਾਂ ਨਾਲ ਪੰਜਾਬ ਜਿੱਤ ਕੇ 1555 ਈਸਵੀ ਨੂੰ ਫਿਰ ਦਿੱਲੀ ਦਾ ਤਖ਼ਤ ਆ ਮੱਲਿਆ ਪਰ, ਬਦਬਖ਼ਤ ਬਾਦਸ਼ਾਹ ਦੀ 6 ਮਹੀਨਿਆਂ ਬਾਦ ਪੌੜੀਆਂ ਤੋਂ ਉਤਰਦਿਆਂ ਡਿੱਗਣ ਕਰ ਕੇ 1556 ਈ. ਨੂੰ ਮੌਤ ਹੋ ਗਈ। ਉਪਰੰਤ ਇਸ ਦਾ ਪੁੱਤਰ ਅਕਬਰ ਪ੍ਰਸਿਧ ਬਾਦਸ਼ਾਹ ਹੋਇਆ। ਭਾਈ ਨੰਦ ਲਾਲ ਜੀ ਦਾ ਬਚਨ ਹੈ:

ਗੁਰੂ ਅੰਗਦ ਆਂ ਮੁਰਸ਼ਦ-ਉਲ ਆਲਮੀਂ,
(ਗੁਰੂ ਅੰਗਦ ਸਾਹਿਬ ਜੀ ਸਾਰੇ ਜਹਾਨ ਦੇ ਅਜਿਹੇ ਗੁਰੂ ਹਨ)
ਜ਼ਿ ਫ਼ਜ਼ਲ-ਇ ਅਹਦ ਰਹਿਮਤ-ਉਲ ਮੁਜ਼ਨਬੀਂ।55॥ (ਜੋ ਕਰਤਾਰ ਦੀ ਕਿਰਪਾ ਸਦਕਾ ਪਾਪੀਆਂ ਲਈ ਬਖ਼ਸ਼ਿਸ਼ ਦਾ ਪੁੰਜ ਹਨ)।
ਦੋ ਆਲਮ ਚਿਹ ਬਾਸ਼ਦ ਹਜ਼ਾਰਾਂ ਜਹਾਂ,
(ਦੋ ਜਹਾਨ ਤਾਂ ਕੀਹ ਹਜ਼ਾਰਾਂ ਹੀ ਜਹਾਨ)
ਤੁਫ਼ੈਲ-ਇ ਕਰਮ ਹਾਇ ੳ ਕਾਮਰਾਂ।56॥
(ਉਨ੍ਹਾਂ ਦੀਆਂ ਬਖ਼ਸ਼ਿਸ਼ਾਂ ਨਾਲ ਨਿਵਾਜੇ ਜਾਂਦੇ ਹਨ)। ਗੰਜਨਾਮਹ

## ਲਹਣੈ ਪੰਥ ਧਰਮ ਕਾ ਕੀਆ

ਸਤਿਗੁਰੂ ਸਚੇ ਪਾਤਸ਼ਾਹ ਪਹਿਲਾਂ ਤਾਂ ਕੁਝ ਸਮਾਂ 'ਅਪਨੇ ਰੰਗਿ ਰਵੈ ਅਕੇਲਾ' ਦੀ ਅਵਸਥਾ ਵਿਚ ਰਹੇ ਸਨ ਪਰ, ਭਾਈ ਬੁੱਢਾ ਜੀ ਆਦਿ ਸਿੱਖਾਂ ਦੇ ਆਣ ਬੇਨਤੀ ਕਰਨ 'ਤੇ ਹੌਲੀ ਹੌਲੀ ਸਤਿਗੁਰੂ ਜੀ ਨੇ 'ਗੁਰੂ ਨਾਨਕ ਵਾੜੀ' ਦੀ ਸੰਭਾਲ ਹਿਤ ਹੋਰ ਯਤਨ ਕਰਨ ਆਰੰਭੇ। ਭੱਟ ਗਯੰਦ ਜੀ ਅਨੁਸਾਰ ਜਦੋਂ 'ਲਹਣੈ ਪੰਥ ਧਰਮ ਕਾ ਕੀਆ॥' ਤਾਂ ਸ਼ੁਰੂ ਵਿਚ ਉਨ੍ਹਾਂ ਸਿਰ ਇਹ ਵੱਡੀ ਜ਼ਿੰਮੇਦਾਰੀ ਸੀ ਕਿ ਗੁਰੂ-ਬਾਬਾ ਜੀ ਦੇ ਆਰੰਭੇ ਮਹਾਨ ਕਾਰਜਾਂ ਨੂੰ ਅੱਗੇ ਕਿਵੇਂ ਤੋਰਿਆ ਜਾਵੇ। ਸਾਡੀ ਜਾਚੇ, ਹਜ਼ੂਰ ਨੇ ਜਾਣਿਆ ਕਿ ਸਭ ਤੋਂ ਜ਼ਰੂਰੀ ਹੈ ਉਨ੍ਹਾਂ ਦੇ ਉਪਦੇਸ਼ ਭਾਵ ਬਾਣੀ ਦੀ ਲਿਖਤ ਰੂਪ ਵਿਚ ਸੰਭਾਲ ਅਰ ਨਾਲ ਹੀ ਜ਼ਰੂਰਤ ਹੈ ਇਹ ਉਪਦੇਸ਼ ਉਨ੍ਹਾਂ ਨੇ ਕਿਥੇ, ਕਿਵੇਂ, ਕਦੋਂ ਅਰ ਕਿਸ ਨੂੰ ਸੰਬੋਧਨ ਕਰਦਿਆਂ ਹੋਇਆਂ ਦਿੱਤਾ, ਦੀ ਸੰਭਾਲ ਕੀਤੀ ਜਾਵੇ।

## ਗੁਰਮੁਖੀ ਲਿਪੀ

ਇਹ ਅਸੀਂ ਪਹਿਲਾਂ ਵਿਚਾਰ ਆਏ ਹਾਂ ਕਿ ਕਰਤਾਰਪੁਰ ਰਹਿੰਦਿਆਂ ਹੀ ਗੁਰੂ ਅੰਗਦ ਸਾਹਿਬ ਜੀ ਰਾਹੀਂ ਗੁਰੂ ਨਾਨਕ ਸਾਹਿਬ ਨੇ ਪ੍ਰਚਲਤ ਸ਼ਾਰਦਾ ਅਤੇ ਟਾਕਰੀ ਅੱਖਰਾਂ ਤੋਂ ਲਗਾਂ-ਮਾਤ੍ਰਾਂ ਸਹਿਤ ਉਸ ਲਿਪੀ ਦੀ ਘਾੜਤ ਘੜ ਲਈ ਸੀ, ਜਿਸ ਨੂੰ ਸਮੇਂ ਦੇ ਨਾਲ ਗੁਰਮੁਖੀ ਕਿਹਾ ਜਾਣ ਲਗਾ। ਉਨ੍ਹਾਂ ਦੀ ਦੇਖ-ਰੇਖ ਅਤੇ ਆਗਿਆ ਨਾਲ ਗੁਰਮੁਖੀ ਵਿਚ ਹੀ ਜਪੁ, ਪਟੀ, ਸਿਧ ਗੋਸਟਿ, ਬਾਰਹਮਾਹਾ ਤੁਖਾਰੀ, ਮਲਾਰ ਕੀ ਵਾਰ ਅਰ ਕੁਝ ਹੋਰ ਬਾਣੀਆਂ ਵੀ ਲਿਖੀਆਂ ਗਈਆਂ। ਇਸ ਪ੍ਰਕਾਰ ਵਿਚਾਰਿਆਂ ਅਸੀਂ ਇਸ ਨੁਕਤੇ 'ਤੇ ਪਹੁੰਚਦੇ ਹਾਂ ਕਿ ਸੇਵਾ ਸੰਭਾਲਣ ਸਮੇਂ ਗੁਰੂ ਅੰਗਦ ਸਾਹਿਬ ਜੀ ਕੋਲ ਗੁਰਮੁਖੀ ਦੀ ਪੈਂਤੀ ਅੱਖਰੀ ਲਗਾਂ-ਮਾਤ੍ਰਾਂ ਸਹਿਤ ਮੌਜੂਦ ਸੀ, ਹੁਣ ਲੋੜ ਸੀ ਇਸ ਨੂੰ ਅਗੇ ਲੈ ਕੇ ਚਲਣ ਦੀ। ਅੱਖਰਾਂ ਦੇ ਰੂਪ ਸਬੰਧੀ ਲੋੜ ਅਨੁਸਾਰ ਸੋਧ-ਸਾਧ ਦੇ ਨਾਲ-ਨਾਲ ਹਜ਼ੂਰ ਨੇ ਗੁਰਮੁਖੀ ਦੇ ਕਾਇਦੇ ਬਣਾ ਕੇ ਸੰਗਤਾਂ ਵਿਚ ਵਰਤਾਉਣੇ ਕੇਵਲ ਸ਼ੁਰੂ ਹੀ ਨਹੀਂ ਕੀਤੇ ਸਗੋਂ ਆਪ ਗੁਰਮੁਖੀ ਪੜ੍ਹਾਉਣੀ ਵੀ ਸ਼ੁਰੂ ਕੀਤੀ, ਖ਼ਾਸ ਤੌਰ 'ਤੇ ਬੱਚਿਆਂ ਨੂੰ, ਤਾਂ ਜੁ ਆਉਣ ਵਾਲੇ ਸਮੇਂ ਵਿਚ ਸਭ ਸਿੱਖਾਂ ਨੂੰ ਗੁਰਬਾਣੀ ਪਾਠ ਕਰਨ ਵਿਚ ਟਾਕਰੀ ਜਾਂ ਸ਼ਾਰਦਾ ਸਿੱਖਣ ਦੀ ਮੁਹਤਾਜੀ ਨਾ ਰਹੇ।

ਉਸ ਸਮੇਂ ਸਨਾਤਨੀ ਧਰਮ ਗ੍ਰੰਥਾਂ ਦੀ ਲਿਪੀ ਦੇਵਨਾਗਰੀ ਅਤੇ ਸਰਕਾਰੀ ਲਿਪੀ ਫ਼ਾਰਸੀ ਦੇ ਹੁੰਦਿਆਂ, ਇਸ ਨਿਰਮਲ ਪੰਥ ਦੀ ਲਿਪੀ ਵੀ ਨਿਰਾਲੀ ਲੈ ਕੇ ਚੱਲਣ ਦਾ ਸਫ਼ਲ ਯਤਨ ਕਰਨਾ, ਗੁਰੂ ਨਾਨਕ ਸਾਹਿਬ ਜੀ ਦਾ ਬਹੁਤ ਮਹੱਤਵਪੂਰਨ ਅਤੇ ਦਲੇਰੀ ਵਾਲਾ ਕਰਮ ਹੈ ਜਿਸ ਨੂੰ ਗੁਰੂ ਅੰਗਦ ਸਾਹਿਬ ਜੀ ਨੇ ਪੱਕੇ ਪੈਰੀਂ ਅੱਗੇ ਤੋਰਿਆ।

## ਗੁਰਬਾਣੀ

ਸਾਡੀ ਜਾਚੇ, ਗੁਰੂ ਨਾਨਕ ਸਾਹਿਬ ਜੀ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਗੁਰਿਆਈ ਸੌਂਪਣ ਲਗਿਆਂ ਆਪਣੀ ਸੰਭਾਲੀ ਹੋਈ ਸਾਰੀ ਬਾਣੀ ਦੀ ਪੋਥੀ ਸੌਂਪੀ ਜਿਸ ਵਿਚ ਉਨ੍ਹਾਂ ਦੀ ਆਪਣੀ ਅਰ ਭਗਤਾਂ ਦੀ ਬਾਣੀ ਸ਼ਾਮਿਲ ਸੀ। ਕੁਝ ਵਿਦਵਾਨਾਂ ਦਾ ਲਿਖਣਾ ਹੈ ਕਿ ਜੋ ਪੋਥੀ ਗੁਰੂ ਨਾਨਕ ਸਾਹਿਬ ਜੀ ਨੇ ਉਸ ਸਮੇਂ ਸੌਂਪੀ ਉਸ ਤੋਂ ਬਾਹਰ ਵੀ ਕੁਝ ਬਾਣੀ ਮੌਜੂਦ ਸੀ ਜੋ ਗੁਰੂ ਅੰਗਦ ਸਾਹਿਬ ਜੀ ਨੇ ਇਕੱਤਰ ਕੀਤੀ। ਇਸ ਕਾਰਜ ਲਈ ਉਨ੍ਹਾਂ ਭਾਈ ਬੁੱਢਾ, ਭਾਈ ਸਾਧਾਰਨ ਅਤੇ ਭਾਈ ਭਗੀਰਥ ਦੀ ਸਹਾਇਤਾ ਨਾਲ ਦੂਰ-ਦੂਰ ਤਕ ਸਿੱਖਾਂ ਨੂੰ ਗੁਰੂ ਕੀ ਲਿਖੀ ਬਾਣੀ ਨੂੰ ਹਜ਼ੂਰ ਲੈ ਕੇ ਆਉਣ ਲਈ ਸੁਨੇਹੇ ਭੇਜੇ। ਭਾਈ ਵੀਰ ਸਿੰਘ ਜੀ ਦੱਸ ਪਾਉਂਦੇ ਹਨ:

ਕੁਛ ਬਾਣੀ ਹੱਸੂ ਲੁਹਾਰ ਤੇ ਸੀਂਹੇਂ ਛੀਂਬੇ ਪਾਸ ਹੈਸੀ। ਮਲਾਰ ਦੀ ਵਾਰ ਦੀਆਂ 27 ਪਉੜੀਆਂ ਕਸ਼ਮੀਰ ਦੇ ਬ੍ਰਹਮ ਦਾਸ ਪਾਸ ਸ਼ਾਰਦਾ ਅੱਖਰਾਂ ਵਿਚ ਹੈਸਨ, ਜਦੋਂ ਦਰਸ਼ਨਾਂ ਨੂੰ ਆਇਆ ਤਾਂ ਇਹ ਵਾਰ ਉਸ ਤੋਂ ਮਿਲੀ। ਮਾਝ ਦੀ ਵਾਰ ਦੀਆਂ ਪਉੜੀਆਂ ਸੈਦੋ ਘੇਹੋ ਪਾਸ ਉਸ ਦੀਆਂ ਆਪਣੀਆਂ ਲਿਖੀਆਂ ਟਾਕਰੇ ਅੱਖਰਾਂ ਵਿਚ ਹੈਸਨ। ਸੈਦਪੁਰ ਸੰਡਿਆਲੀ ਦੀ ਕਤਲ ਸਮੇਂ ਉਚਾਰੇ ਸ਼ਬਦ ਝਾੜੂ ਕਲਾਲ ਨੇ ਲਿਖ ਲਏ ਸਨ, ਉਸ ਪਾਸੋਂ ਮਿਲ ਪਏ। ਸਿਧ ਗੋਸਟਿ ਅਜਿਤੇ ਰੰਧਾਵੇ ਤੋਂ ਮਿਲੀ। ਵੈਸੇ ਤਾਂ ਗੁਰੂ ਜੀ ਤ੍ਰਿਕਾਲੱਗਯ ਸਨ, ਆਪ ਨੂੰ ਆਪਣੇ ਗੁਰੂ ਦੀ ਬਾਣੀ ਦਾ ਸਾਰਾ ਥਹੁ ਪਤਾ ਸੀ ਪਰ, ਇਨਸਾਨੀ ਨੁਕਤੇ ਤੋਂ ਜੋ ਪ੍ਰਬੰਧ ਕੀਤਾ ਸੀ ਸੋ ਇਥੇ ਥੋੜਾ ਦੱਸਿਆ ਹੈ। ਪੰਨਾ 977 ਅਸ਼ਟ ਗੁਰ ਚਮਤਕਾਰ

ਅਸੀਂ ਸਮਝਦੇ ਹਾਂ ਕਿ ਭਾਈ ਸਾਹਿਬ ਵਲੋਂ ਦੱਸੇ ਇਨ੍ਹਾਂ ਸਾਰੇ ਸੱਜਣਾਂ ਪਾਸ ਗੁਰ ਬਾਣੀ ਦੇ ਉਤਾਰੇ ਜ਼ਰੂਰ ਹੋਣਗੇ ਪਰ, ਮੂਲ ਪਾਠ ਗੁਰੂ ਨਾਨਕ ਸਾਹਿਬ ਜੀ ਕੋਲ ਵੀ ਮੌਜੂਦ ਸੀ ਜੋ ਉਨ੍ਹਾਂ ਆਪਣੇ ਕਰ ਕਮਲਾਂ ਨਾਲ ਆਪਣੀ ਪੋਥੀ ਵਿਚ ਸੰਭਾਲਿਆ ਹੋਇਆ ਸੀ ਜਿਹੜਾ ਅੰਤਮ ਸਮੇਂ ਦੂਜੇ ਪਾਤਸ਼ਾਹ ਜੀ ਨੂੰ ਸੌਂਪ ਦਿੱਤਾ। ਗੁਰੂ-ਬਾਬਾ ਜੀ ਬਾਣੀ ਦੀ ਸੰਭਾਲ ਪੱਖੋਂ ਬਿਲਕੁਲ ਅਵੇਸਲੇ ਜਾਂ ਲਾਪਰਵਾਹ ਨਹੀਂ ਸਨ, ਇਸੇ ਤਰਹ ਹੀ ਉਨ੍ਹਾਂ ਦੇ ਬਾਕੀ ਉਤਰਾਧਿਕਾਰੀ ਪਾਤਸ਼ਾਹ ਵੀ। ਸੋ, ਲੋੜ ਸੀ ਪਾਵਨ ਗੁਰਬਾਣੀ ਦੇ ਪ੍ਰਚਾਰ ਦੀ, ਜਿਸ ਪਾਸੇ ਦੂਜੇ ਪਾਤਸ਼ਾਹ ਜੀ ਨੇ ਸਫ਼ਲ ਯਤਨ ਆਰੰਭੇ।

## ਗੁਰਇਤਿਹਾਸ

ਹੁਣ ਤੀਸਰਾ ਪੱਖ ਹੈ ਇਤਿਹਾਸ ਦਾ। ਗੁਰੂ ਸਾਹਿਬ ਨੇ ਵਿਚਾਰਿਆ ਕਿ ਗੁਰੂ ਨਾਨਕ ਸਾਹਿਬ ਜੀ ਦੀ ਮੁੱਢਲੀ ਅਤੇ ਕਰਤਾਰਪੁਰ ਨਿਵਾਸ ਦੀ ਜੀਵਨੀ ਅਰ ਉਦਾਸੀਆਂ ਭਾਵ ਪ੍ਰਚਾਰਕ ਦੌਰਿਆਂ ਦਾ ਵੇਰਵਾ ਵੀ ਦਰਜ ਕੀਤਾ ਜਾਵੇ, ਜੋ ਕਿ ਸਿੱਖ ਸੰਗਤਾਂ ਲਈ ਬਹੁਤ ਜ਼ਰੂਰੀ ਹੈ। ਇਸ ਮਨੋਰਥ ਦੀ ਸਫ਼ਲਤਾ ਲਈ ਜਦੋਂ ਹਜ਼ੂਰ ਨੇ ਭਾਈ ਬੁੱਢਾ ਜੀ ਅਤੇ ਹੋਰਨਾਂ ਨਾਲ ਸਲਾਹ ਕੀਤੀ ਤਾਂ ਇਹ ਪੱਖ ਸਾਹਮਣੇ ਆਇਆ ਕਿ ਇਕ ਤਾਂ ਆਉਣ ਵਾਲੀਆਂ ਸੰਗਤਾਂ ਜਿਨ੍ਹਾਂ ਨੂੰ ਗੁਰੂ-ਬਾਬਾ ਜੀ ਦੇ ਦਰਸ਼ਨ ਤੇ ਬਚਨ-ਬਿਲਾਸ ਹੋਏ ਹੋਵਣ ਉਨ੍ਹਾਂ ਪਾਸੋਂ ਸੁਣ ਕੇ ਲਿਖ ਲਏ ਜਾਣ ਅਰ ਦੂਜਾ ਤਲਵੰਡੀ ਨਿਵਾਸੀ ਬਾਲਾ ਸੰਧੂ ਨਾਂ ਦਾ ਇਕ ਸਿੱਖ ਜੋ ਗੁਰੂ ਬਾਬਾ ਜੀ ਦਾ ਬਚਪਣ ਦਾ ਸਾਥੀ ਸੀ ਅਰ ਜਿਸ ਨੇ ਕਿਤੇ ਸਫ਼ਰ ਵਿਚ ਵੀ ਹਜ਼ੂਰ ਦੀ ਸੰਗਤ ਕੀਤੀ ਹੈ, ਉਸ ਪਾਸੋਂ ਪ੍ਰਾਪਤ ਜਾਣਕਾਰੀ ਲਿਖੀ ਜਾਵੇ।

## ਜਨਮਸਾਖੀ

ਸਿੱਖ ਇਤਿਹਾਸਕਾਰਾਂ ਅਨੁਸਾਰ ਇਹ ਮੌਕਾ ਮੇਲ ਹੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਹੀ ਦਿਨਾਂ ਵਿਚ ਤਲਵੰਡੀ ਤੋਂ ਇਕ ਭਾਈ ਬਾਲਾ ਨਾਂ ਦਾ ਵਿਅਕਤੀ ਖਡੂਰ ਪਹੁੰਚਿਆ ਜਿਸ ਨੇ ਦੱਸਿਆ ਕਿ ਉਹ ਗੁਰੂ ਬਾਬਾ ਨਾਨਕ ਜੀ ਦਾ ਕੇਵਲ ਬਚਪਣ ਦਾ ਬੇਲੀ ਹੀ ਨਹੀਂ, ਉਹ ਪ੍ਰਚਾਰ ਦੌਰਿਆਂ ਵਿਚ ਵੀ ਉਨ੍ਹਾਂ ਨਾਲ ਵਿਚਰਿਆ ਹੈ। ਗੁਰੂ ਪਾਤਸ਼ਾਹ ਭਾਈ ਬਾਲਾ ਜੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ। ਹਜ਼ੂਰ ਨੇ ਉਨ੍ਹਾਂ ਨੂੰ ਗੁਰੂ-ਬਾਬਾ ਜੀ ਦੀ ਜਨਮ-ਪੱਤ੍ਰੀ ਲਿਆਉਣ ਲਈ ਆਖਿਆ ਤਾਂ ਉਹ ਲਾਲਾ ਪੰਨੂ ਸਹਿਤ ਫਿਰ ਤਲਵੰਡੀ ਜਾ ਕੇ ਇਹ ਲਿਆਉਣ ਲਈ ਤਿਆਰ ਹੋ ਗਿਆ। ਕੁਝ ਦਿਨਾਂ ਬਾਦ ਜਦੋਂ ਜਨਮ-ਪੱਤ੍ਰੀ ਲੈ ਕੇ ਇਹ ਵਾਪਸ ਆਇਆ ਤਾਂ ਹਜ਼ੂਰ ਨੇ ਵੇਖਿਆ ਕਿ ਇਹ ਤਾਂ ਸੰਸਕ੍ਰਿਤ ਵਿਚ ਬਣੀ ਹੋਈ ਹੈ। ਹੁਣ ਲੋੜ ਸੀ ਇਸ ਨੂੰ ਸਮਝਣ ਲਈ ਕਿਸੇ ਸਿਆਣੇ ਵਿਦਵਾਨ ਦੀ ਜੋ ਇਹ ਵੀ ਸਮਝ ਸਕੇ ਅਰ ਭਾਈ ਬਾਲੇ ਕੋਲੋਂ ਗੁਰੂ ਨਾਨਕ ਸਾਹਿਬ ਜੀ ਦੇ ਮੁੱਢਲੇ ਅਤੇ ਹੋਰ ਹਾਲਾਤ ਗੁਰਮੁਖੀ ਵਿਚ ਲਿਖ ਸਕੇ। ਇਸ ਮੰਤਵ ਦੀ ਪੂਰਤੀ ਲਈ ਸੁਲਤਾਨਪੁਰ ਤੋਂ ਇਕ ਪੈੜਾ ਮੋਖਾ ਨਾਮ ਦੇ ਖੱਤ੍ਰੀ ਨੂੰ ਲੱਭਿਆ ਗਿਆ ਜਿਸ ਨੇ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਸਾਰਾ ਕੰਮ ਕਰਨ ਦਾ ਬਚਨ ਦਿੱਤਾ। ਭਾਈ ਬਾਲਾ (ਸੰਧੂ) ਗੁਰੂ ਨਾਨਕ ਸਾਹਿਬ ਨਾਲੋਂ ਉਮਰੋਂ ਥੋੜਾ ਵੱਡਾ ਲਿਖਿਆ ਮਿਲਦਾ ਹੈ ਸੋ, ਉਸ ਕੋਲੋਂ ਪਹਿਲਾਂ ਗੁਰੂ ਸਾਹਿਬ ਦੇ ਜਨਮ ਸਮੇਂ ਦੀਆਂ ਸਿਆਣਿਆਂ ਪਾਸੋਂ ਸੁਣੀਆਂ-ਵੇਖੀਆਂ ਦਰਜ ਕੀਤੀਆਂ ਗਈਆਂ ਜਿਸ ਕਰ ਕੇ ਇਸ ਪਹਿਲੀ ਸਾਖੀ ਦਾ ਨਾਂ 'ਜਨਮ ਸਾਖੀ' ਰੱਖਿਆ ਗਿਆ। ਇਸੇ ਤਰਹ ਜੋ ਵੀ ਭਾਈ ਬਾਲਾ ਨੂੰ ਯਾਦ ਸੀ, ਭਾਈ ਪੈੜਾ ਮੋਖਾ ਜੀ ਲਿਖਦੇ ਗਏ:

ਸੁਨ ਬਚਨ ਗੁਰ ਬਾਲਾ ਮਨ ਹਰਖਾ।
ਗੁਰ ਉਸਤਤ ਮੁਖ ਕੀਨੀ ਬਰਖਾ।
ਪੁਨ ਸਾਖੀ ਸਬਦ ਸਭ ਦੀਏ ਲਿਖਾਇ।
ਜੋ ਸੰਤਨ ਸਿਉ ਕਰੀ ਲੀਲ ਜਾਇ।
25॥2॥ ਮਹਿਮਾ ਪ੍ਰਕਾਸ਼

ਚਲਦਾ.....

# ਕਿਉਂ ਵਿਸਾਰ ਰਹੇ ਹਾਂ ਆਪਣੀ ਮਾਂ ਬੋਲੀ ਪੰਜਾਬੀ

ਨਿਸ਼ਠਾ ਸੂਦ



ਹਾਲ ਹੀ ਵਿੱਚ ਕ੍ਰਿਕਟਰ ਆਰ. ਅਸ਼ਿਵਨ ਨੇ ਜਦੋਂ ਇਹ ਕਹਿ ਦਿੱਤਾ ਸੀ ਕਿ ਹਿੰਦੀ ਭਾਰਤ ਦੀ ਰਾਸ਼ਟਰ ਭਾਸ਼ਾ ਨਹੀਂ ਹੈ ਤਾਂ ਦੇਸ਼ ਵਿੱਚ ਤੂਫ਼ਾਨ ਖੜ੍ਹਾ ਹੋ ਗਿਆ ਸੀ। ਭਾਰਤੀ ਸੰਵਿਧਾਨ ਦੀ ਧਾਰਾ 343 ਤਹਿਤ ਦੇਵਨਾਗਰੀ ਲਿਪੀ ਵਿੱਚ ਲਿਖੀ ਜਾਂਦੀ ਹਿੰਦੀ ਨੂੰ ਕੇਂਦਰ ਅਤੇ ਸੂਬਿਆਂ ਵਿਚਕਾਰ ਸੰਚਾਰ ਦੇ ਮਾਧਿਅਮ ਵਜੋਂ ਇੱਕ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ ਨਾ ਕਿ ਰਾਸ਼ਟਰ ਭਾਸ਼ਾ ਵਜੋਂ। ਸਿਰਫ਼ ਹਿੰਦੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਖ਼ਿਲਾਫ਼ ਦੱਖਣੀ ਸੂਬਿਆਂ ਅੰਦਰ ਰੋਸ ਮੁਜ਼ਾਹਰੇ ਹੋਣ ਤੋਂ ਬਾਅਦ ਅੰਗਰੇਜ਼ੀ ਨੂੰ ਇਸ ਸੂਚੀ ਵਿੱਚ ਦੂਜੀ ਸਰਕਾਰੀ ਭਾਸ਼ਾ ਵਜੋਂ ਸ਼ਾਮਿਲ ਕੀਤਾ ਗਿਆ ਸੀ। ਇਸ ਵਖਰੇਵੇਂ, ਜਿਸ ਨੂੰ ਅਮੂਮਨ ਗ਼ਲਤ ਢੰਗ ਨਾਲ ਸਮਝਿਆ ਜਾਂਦਾ ਰਿਹਾ ਹੈ, ਦੀਆਂ ਜੜ੍ਹਾਂ ਸੰਵਿਧਾਨ ਉੱਪਰ ਹੋਈਆਂ ਇਤਿਹਾਸਕ ਬਹਿਸਾਂ ਵਿੱਚ ਪਈਆਂ ਹਨ। ਪ੍ਰੋਫੈਸਰ ਪ੍ਰੀਤਮ ਸਿੰਘ ਨੇ ਭਾਰਤੀ ਸੰਵਿਧਾਨ ਉੱਪਰ ਆਪਣੇ ਕਾਰਜ ਵਿੱਚ ਵੇਰਵੇ ਦਿੱਤੇ ਹਨ ਕਿ ਕਿਵੇਂ 1949 ਵਿੱਚ ਇੱਕ ਹਿੰਦੂ ਸੰਨਿਆਸਣ ਨੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਦਿਵਾਉਣ ਅਤੇ ਇੰਡੀਆ ਦਾ ਨਾਂ 'ਭਾਰਤ' ਰੱਖਣ ਲਈ ਵਰਤ ਰੱਖਿਆ ਸੀ। ਭਾਵੇਂ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਕਦੇ ਵੀ ਨਾ ਮਿਲ ਸਕਿਆ, ਪਰ ਇਸ ਦੇ ਦਬਦਬੇ ਨੇ ਬਹੁਤ ਸਾਰੀਆਂ ਖੇਤਰੀ ਭਾਸ਼ਾਵਾਂ ਦੀ ਜੱਖਣਾ ਪੁੱਟ ਦਿੱਤੀ ਜਿਨ੍ਹਾਂ 'ਚ ਪੰਜਾਬੀ ਵੀ ਸ਼ਾਮਿਲ ਹੈ।

ਭਾਸ਼ਾ ਵਿਗਿਆਨੀ ਨੌਮ ਚੌਮਸਕੀ ਨੇ ਇਸ ਦੀ ਘੋਖ ਕੀਤੀ ਹੈ ਕਿ ਭਾਸ਼ਾਵਾਂ ਦਾ ਉਥਾਨ ਕਿੰਝ ਹੁੰਦਾ ਹੈ ਅਤੇ ਭਾਸ਼ਾਈ ਵਿਰਾਸਤਾਂ ਕਿਵੇਂ ਸਿਰਜੀਆਂ ਜਾਂਦੀਆਂ ਹਨ। ਹਾਲਾਂਕਿ ਉਨ੍ਹਾਂ ਦਾ ਧਿਆਨ ਯੂਰਪੀ ਭਾਸ਼ਾਵਾਂ 'ਤੇ ਕੇਂਦਰਿਤ ਸੀ ਪਰ ਉਨ੍ਹਾਂ ਦੀਆਂ ਲੱਭਤਾਂ ਦੀ ਗੂੰਜ ਉਪ ਮਹਾਦੀਪ ਵਿੱਚ ਵੀ ਸੁਣਾਈ ਦਿੰਦੀ ਹੈ ਜਿੱਥੇ ਸੱਤਾ ਨੂੰ ਗਤੀ ਦੇਣ ਵਾਲੇ ਕਾਰਕ ਭਾਸ਼ਾਈ ਧਾਰਨਾਵਾਂ ਨੂੰ ਘੜਦੇ ਹਨ। ਮਿਸਾਲ ਦੇ ਤੌਰ 'ਤੇ ਪਾਕਿਸਤਾਨ ਵਿੱਚ ਉਰਦੂ ਦੇ ਗ਼ਲਬੇ ਨੇ ਪੰਜਾਬੀ ਨੂੰ ਨੱਪ ਲਿਆ ਸੀ ਹਾਲਾਂਕਿ ਹੁਣ ਪੱਛਮੀ ਪੰਜਾਬ ਵਿੱਚ ਪੰਜਾਬੀ 'ਚ ਰੁਚੀ ਵਧ ਰਹੀ ਹੈ। ਪੂਰਬੀ ਪੰਜਾਬ ਵਿੱਚ ਭਾਵੇਂ 1966 ਤੋਂ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਮਿਲਿਆ ਹੋਇਆ ਹੈ ਪਰ ਫਿਰ ਵੀ ਵੱਡੇ ਸ਼ਹਿਰੀ ਖੇਤਰਾਂ ਵਿੱਚ ਹਿੰਦੀ ਦਾ ਪ੍ਰਭਾਵ ਵਧ ਰਿਹਾ ਹੈ। ਇਸ ਤੋਂ ਹੀ ਮੈਨੂੰ ਭਾਸ਼ਾ, ਸੱਭਿਆਚਾਰ ਅਤੇ ਸਮਾਜਿਕ ਨੁਹਾਰ ਦੀਆਂ ਤ੍ਰਿਵੇਣੀਆਂ ਦੀ ਤਲਾਸ਼ ਕਰਨ ਲਈ ਪ੍ਰੇਰਨਾ ਮਿਲੀ, ਜਿਸ ਨਾਲ ਪੰਜਾਬੀ ਦੀ ਅਹਿਮੀਅਤ ਪ੍ਰਤੀ ਮੇਰੀ ਸਮਝ ਪ੍ਰਪੱਕਤਾ ਹੋਈ।

ਪੰਜਾਬ ਨਾਲ ਮੇਰਾ ਨੇਹੁ ਉਦੋਂ ਹੋਰ ਗੂੜ੍ਹਾ ਹੁੰਦਾ ਚਲਿਆ ਗਿਆ ਜਦੋਂ ਮੈਂ ਇਹ ਜਾਣਿਆ ਕਿ ਕਿਵੇਂ ਭਾਸ਼ਾ ਸਾਨੂੰ ਆਪਣੀ ਪਛਾਣ, ਇਤਿਹਾਸ ਅਤੇ ਕਦਰਾਂ-ਕੀਮਤਾਂ ਨਾਲ ਜੋੜਦੀ ਹੈ। ਧਨਬਾਦ (ਝਾਰਖੰਡ) ਦੇ ਇੱਕ ਪੰਜਾਬੀ ਖੱਤਰੀ ਪਰਿਵਾਰ ਵਿੱਚ ਮੇਰਾ ਜਨਮ ਹੋਇਆ ਅਤੇ ਆਪਣੀ ਪੜ੍ਹਾਈ ਅਤੇ ਕੰਮ ਦਿੱਲੀ ਵਿੱਚ ਕੀਤਾ ਹੈ। ਮੈਂ ਅਕਸਰ ਰੋਜ਼ਮਰ੍ਹਾ ਜੀਵਨ ਵਿੱਚ ਹਿੰਦੀ ਦੇ ਦਬਦਬੇ ਦੇ ਬੋਝ ਅਤੇ ਪੰਜਾਬੀ ਨੂੰ ਹੌਲੀ-ਹੌਲੀ ਲੱਗ ਰਹੇ ਖੋਰੇ ਨੂੰ ਮਹਿਸੂਸ ਕੀਤਾ ਹੈ। ਪੰਜਾਬ ਵਿੱਚ ਵਸਦੇ ਮੇਰੇ ਬਹੁਤੇ ਰਿਸ਼ਤੇਦਾਰ ਪੰਜਾਬੀ ਦੀ ਬਜਾਏ ਹਿੰਦੀ ਬੋਲਣ ਨੂੰ ਤਰਜੀਹ ਦਿੰਦੇ ਹਨ। ਜ਼ੀਰਕਪੁਰ ਵਿੱਚ ਰਹਿੰਦੀ ਆਪਣੀ ਦਸ ਸਾਲ ਦੀ ਭਤੀਜੀ ਨੂੰ ਜਦੋਂ ਮੈਂ ਪੁੱਛਿਆ ਕਿ ਉਹ ਪੰਜਾਬੀ ਦੀ ਬਜਾਏ ਹਿੰਦੀ ਕਿਉਂ ਬੋਲਦੀ ਹੈ ਤਾਂ ਉਸ ਦਾ ਜਵਾਬ ਸੀ "ਕਿਉਂਕਿ ਮੈਂ ਇੰਡੀਅਨ ਹੂੰ"। ਇਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਨਵੀਂ ਪੀੜ੍ਹੀ ਹਿੰਦੀ ਨੂੰ ਰਾਸ਼ਟਰੀ ਪਛਾਣ ਨਾਲ ਜੋੜ ਕੇ ਵੇਖਦੀ ਹੈ ਤੇ ਪੰਜਾਬੀ ਨੂੰ ਕਿਵੇਂ ਵਿਸਾਰ ਰਹੀ ਹੈ।

ਸ਼ਹਿਰੀ ਪੰਜਾਬੀ ਹਿੰਦੂਆਂ ਅਤੇ ਕੁਝ ਸਿੱਖਾਂ ਅੰਦਰ ਪੰਜਾਬੀ ਤੋਂ ਬੇਮੁੱਖਤਾ ਬਹੁਤ ਤਿੱਖੇ ਰੂਪ ਵਿੱਚ ਨਜ਼ਰ ਆਉਂਦੀ ਹੈ। ਆਜ਼ਾਦੀ ਤੋਂ ਬਾਅਦ ਸ਼ਹਿਰੀ ਮੱਧਵਰਗੀ ਪੰਜਾਬੀਆਂ ਅੰਦਰ ਪੰਜਾਬੀ ਦੀ ਥਾਂ ਹਿੰਦੀ ਨੇ ਲੈਣੀ ਸ਼ੁਰੂ ਕਰ ਦਿੱਤੀ ਸੀ ਤੇ ਇਸ ਨੂੰ ਹਿੰਦੀ ਨਾਲ ਰਾਸ਼ਟਰਵਾਦ ਜੋੜੇ ਜਾਣ ਤੋਂ ਹੱਲਾਸ਼ੇਰੀ ਮਿਲਣ ਲੱਗੀ। ਮੇਰੀ ਮਾਂ (66 ਸਾਲ) ਜਿਸ ਨੇ ਲੁਧਿਆਣੇ ਵਿੱਚ ਪੜ੍ਹਾਈ ਕੀਤੀ ਸੀ, ਨੇ ਦੱਸਿਆ ਕਿ ਸਿਰਫ਼ ਇੱਕ ਸਾਲ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਂਦੀ ਸੀ ਜਦੋਂਕਿ ਹਿੰਦੀ ਦੀ ਪੜ੍ਹਾਈ ਪਹਿਲੀ ਤੋਂ ਹੀ ਲਾਜ਼ਮੀ ਕਰ ਦਿੱਤੀ ਜਾਂਦੀ ਸੀ। ਜ਼ੀਰਕਪੁਰ ਵਿੱਚ ਕੁਝ ਸਕੂਲਾਂ ਵਿੱਚ ਕਿੰਡਰਗਾਰਟਨ ਤੋਂ ਹੀ ਹਿੰਦੀ ਪੜ੍ਹਾਈ ਜਾਂਦੀ ਹੈ ਜਦੋਂਕਿ ਪੰਜਾਬੀ ਆਮ ਤੌਰ 'ਤੇ ਪੰਜਵੀਂ ਕਲਾਸ ਤੋਂ ਬਾਅਦ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਹੈ। ਮੇਰੀ ਭਤੀਜੀ ਦੇ ਸਕੂਲ ਵਿੱਚ ਇਉਂ ਹੀ ਹੈ, ਭਾਵੇਂ ਕੁਝ ਹੋਰ ਸਕੂਲਾਂ ਦੀਆਂ ਨੀਤੀਆਂ ਵਿੱਚ ਫ਼ਰਕ ਸੰਭਵ ਹੈ।

ਪੰਜਾਬੀ ਭਾਸ਼ਾ ਨੂੰ ਲੱਗ ਰਹੇ ਖੋਰੇ ਦੀ ਕਹਾਣੀ ਵਿਅਕਤੀਗਤ ਤਜਰਬਿਆਂ ਤੱਕ ਸੀਮਤ ਨਹੀਂ ਹੈ ਸਗੋਂ ਇਹ ਇਸ ਤੋਂ ਕਿਤੇ ਅਗਾਂਹ ਦਾ ਵਰਤਾਰਾ ਹੈ। ਆਮ ਦੇਖਣ ਵਿੱਚ ਆਉਂਦਾ ਹੈ ਕਿ ਸਕੂਲਾਂ ਵਿੱਚ ਕਿਵੇਂ ਵਿਦਿਆਰਥੀਆਂ ਦੇ ਮਨਾਂ ਅੰਦਰ ਉਨ੍ਹਾਂ ਦੀ ਮਾਤ ਭਾਸ਼ਾ (ਪੰਜਾਬੀ) ਬਾਰੇ ਹੀਣਤਾ ਭਰੀ ਜਾਂਦੀ ਹੈ। ਅੰਗਰੇਜ਼ੀ ਅਤੇ ਹਿੰਦੀ ਵਿੱਚ ਪ੍ਰਬੀਨਤਾ ਨੂੰ ਹੱਲਾਸ਼ੇਰੀ ਦੇਣ ਦੀ ਗੱਲ ਅਹਿਮ ਹੈ ਪਰ ਇਸ ਵਾਸਤੇ ਪੰਜਾਬੀ ਦੀ ਬਲੀ ਨਹੀਂ ਦਿੱਤੀ ਜਾਣੀ ਚਾਹੀਦੀ।

ਵੰਡ ਅਤੇ ਭਾਸ਼ਾ ਦੀ ਸਿਆਸਤ ਨੇ ਪੰਜਾਬੀ ਨੂੰ ਬਹੁਤ ਖ਼ੋਰਾ ਲਾਇਆ। ਉਂਝ, ਸੱਭਿਆਚਾਰਕ ਰਹੁ-ਰੀਤਾਂ ਵਿੱਚ ਪੰਜਾਬੀ ਪਛਾਣ ਕੇਂਦਰੀ ਬਣੀ ਹੋਈ ਹੈ। ਵਿਆਹ ਜਿਹੇ ਖ਼ੁਸ਼ੀ ਦੇ ਮੌਕਿਆਂ 'ਤੇ ਸਾਡੇ ਰਿਸ਼ਤੇਦਾਰ, ਭਾਵੇਂ ਹਿੰਦੀ ਵਿੱਚ ਹੀ ਸਹੀ ਆਪਣੀ ਪੰਜਾਬੀ ਪਛਾਣ ਨੂੰ ਦਰਸਾਉਂਦੇ ਹਨ ਪਰ ਗਿੱਧਾ ਤੇ ਭੰਗੜਾ ਉਹ ਪੰਜਾਬੀ ਗਾਣਿਆਂ 'ਤੇ ਹੀ ਪਾਉਂਦੇ ਹਨ। ਫਿਰ ਇਹ ਸੱਭਿਆਚਾਰਕ ਮਾਣ



ਉਨ੍ਹਾਂ ਦੇ ਨਿੱਤ ਦੇ ਕਾਰ-ਵਿਹਾਰ ਨਾਲ ਬਿਲਕੁਲ ਮੇਲ ਨਹੀਂ ਖਾਂਦਾ। ਵਿਆਹ ਦੇ ਸੱਦਾ ਪੱਤਰ ਹਿੰਦੀ ਵਿੱਚ ਛਪਵਾਏ ਜਾਂਦੇ ਹਨ ਅਤੇ ਗੱਲਬਾਤ ਵਿੱਚ ਕਦੇ ਕਦਾਈਂ ਹੀ ਪੰਜਾਬੀ ਸ਼ਬਦ ਆਉਂਦੇ ਹਨ। ਨਵੀਂ ਪੀੜ੍ਹੀ ਵਿੱਚ ਇਹ ਪਾੜ੍ਹਾ ਹੋਰ ਵਧ ਰਿਹਾ ਹੈ। ਮਹਾਨਗਰਾਂ ਵਿੱਚ ਰਹਿਣ ਵਾਲੇ ਪੰਜਾਬੀ ਆਪਣੇ ਬੱਚਿਆਂ ਨਾਲ ਬਹੁਤਾ ਹਿੰਦੀ ਵਿੱਚ ਹੀ ਗੱਲਬਾਤ ਕਰਦੇ ਹਨ ਅਤੇ ਇੰਝ ਉਨ੍ਹਾਂ ਦੇ ਘਰਾਂ 'ਚੋਂ ਮਾਤ ਭਾਸ਼ਾ ਮਨਫ਼ੀ ਹੋ ਰਹੀ ਹੈ। 62 ਸਾਲ ਦੇ ਮੇਰੇ ਇੱਕ ਰਿਸ਼ਤੇਦਾਰ ਦੀ 38 ਸਾਲਾ ਧੀ ਆਪਣੇ ਬੱਚਿਆਂ ਨਾਲ ਹਿੰਦੀ ਵਿੱਚ ਗੱਲ ਕਰਦੀ ਹੈ। ਮੇਰੇ ਦੋਵੇਂ ਭਤੀਜੇ ਪੰਜਾਬੀ ਵਿੱਚ ਗੱਲਬਾਤ ਕਰਨ ਤੋਂ ਅਸਮੱਰਥ ਹਨ। ਜਦੋਂ ਮੈਂ ਆਪਣੀ ਭਤੀਜੀ ਸਾਹਮਣੇ 'ਡੱਡੂ' ਸ਼ਬਦ ਬੋਲ ਬੈਠੀ ਤਾਂ ਉਸ ਨੇ ਪੁੱਛਿਆ "ਵਟ ਇਜ਼ ਡੱਡੂ?"। ਆਖ਼ਿਰ ਮੈਨੂੰ ਹਿੰਦੀ ਦਾ ਸ਼ਬਦ 'ਮੇਂਡਕ' ਵਰਤ ਕੇ ਉਸ ਨੂੰ 'ਡੱਡੂ' ਦਾ ਅਰਥ ਸਮਝਾਉਣਾ ਪਿਆ।

ਸਿਤਮਜ਼ਰੀਫ਼ੀ ਹੈ ਕਿ ਮੇਰੇ ਕੁਝ ਰਿਸ਼ਤੇਦਾਰ ਆਪਣੀ ਪੰਜਾਬੀ ਪਛਾਣ ਨੂੰ ਮਾਣ ਨਾਲ ਪ੍ਰਗਟ ਕਰਦੇ ਹਨ ਤੇ ਨਾਲ ਹੀ ਬਿਹਾਰ ਤੋਂ ਆਏ ਲੋਕਾਂ ਨੂੰ ਨੀਵਾਂ ਸਮਝਦੇ ਹਨ, 'ਬਿਹਾਰੀ' ਵਰਗੇ ਸ਼ਬਦ ਨੂੰ ਵੀ ਅਪਮਾਨਜਨਕ ਢੰਗ ਨਾਲ ਵਰਤਦੇ ਹਨ। ਫਿਰ ਵੀ ਆਪਣੀ ਭਾਸ਼ਾ ਨੂੰ ਅਪਣਾਉਣ ਲੱਗਿਆਂ ਝਿਜਕ ਮਹਿਸੂਸ ਕਰਦੇ ਹਨ। ਇਹ ਵਿਰੋਧਾਭਾਸ, ਪਛਾਣ ਘੜਨ 'ਚ ਭਾਸ਼ਾਈ ਵਰਗੀਕਰਨ ਤੇ ਸਮਾਜਿਕ ਰੀਤਾਂ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ।

ਕੁਲੀਨ ਵਰਗ ਦੀਆਂ ਭਾਸ਼ਾਈ ਤਰਜੀਹਾਂ ਇਸ ਵੰਡ ਨੂੰ ਹੋਰ ਗਹਿਰਾ ਕਰਦੀਆਂ ਹਨ। ਐੱਸਓਏਐੱਸ 'ਚ ਮੇਰੇ ਅਧਿਆਪਕ ਪ੍ਰੋਫੈਸਰ ਡੇਵ, ਦਲੀਲ ਦਿੰਦੇ ਹਨ ਕਿ ਕਿਸੇ ਭਾਸ਼ਾ ਦੀ ਹੋਂਦ ਕੁਲੀਨਾਂ ਵੱਲੋਂ ਇਸ ਨੂੰ ਅਪਨਾਉਣ 'ਤੇ ਨਿਰਭਰ ਕਰਦੀ ਹੈ। ਸ਼ਹਿਰੀ ਪੰਜਾਬ 'ਚ, ਜ਼ਿਆਦਾਤਰ ਕੁਲੀਨ ਵਰਗ ਪੰਜਾਬੀ ਨੂੰ ਪਹਿਲ ਨਹੀਂ ਦਿੰਦਾ। ਰੋਜ਼ਾਨਾ ਦੀ ਗੱਲਬਾਤ 'ਚ ਇਹ ਦਿਸਦਾ ਹੈ। ਇੱਕ ਵਾਰ ਚੰਡੀਗੜ੍ਹ ਦੇ ਕਿਸੇ ਮਹਿੰਗੇ ਕੈਫੇ ਵਿੱਚ, ਮੈਂ ਇੱਕ ਔਰਤ ਨੂੰ ਇਹ ਕਹਿੰਦਿਆਂ ਸੁਣਿਆ, "ਮੇਰੇ ਹਸਬੈਂਡ ਪੰਜਾਬੀ ਬੋਲਤੇ ਹੈਂ, ਪਰ ਮੈਂ ਹਿੰਦੀ ਬੋਲਤੀ ਹੂੰ, ਇਸੀ ਲੀਏ ਮੇਰੀ ਬੇਟੀ ਭੀ ਹਿੰਦੀ ਬੋਲਤੀ ਹੈ"। ਭਾਵੇਂ ਕੁਲੀਨਾਂ ਨੂੰ ਅਕਸਰ ਅੰਗਰੇਜ਼ੀ ਵਿਚ ਗੱਲਬਾਤ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਪਰ ਮੱਧਵਰਗ ਤੇ ਨਿਮਨ ਮੱਧਵਰਗ ਬਹੁਤਾ ਕਰ ਕੇ ਹਿੰਦੀ ਹੀ ਬੋਲਦਾ ਹੈ ਕਿਉਂਕਿ ਅੰਗਰੇਜ਼ੀ ਬੋਲਣੀ ਉਨ੍ਹਾਂ ਨੂੰ ਮੁਸ਼ਕਿਲ ਲੱਗਦੀ ਹੈ।

ਚੰਡੀਗੜ੍ਹ ਤੇ ਜ਼ੀਰਕਪੁਰ 'ਚ, ਜਾਪਦਾ ਹੈ ਕਿ ਗ਼ੈਰ-ਰਸਮੀ ਤੌਰ 'ਤੇ, ਰੱਜੇ-ਪੁੱਜੇ ਇਲਾਕਿਆਂ 'ਚ ਪੰਜਾਬੀ 'ਤੇ ਰੋਕ ਲੱਗੀ ਹੋਈ ਹੈ। ਇੱਥੇ ਜ਼ਿਕਰਯੋਗ ਹੈ ਕਿ ਮਾਲਵੇ ਤੇ ਮਾਝੇ ਵਿੱਚ ਹਿੰਦੀ ਦਾ ਓਨਾ ਬੋਲਬਾਲਾ ਨਹੀਂ ਹੈ ਜਿੰਨਾ ਦੋਆਬੇ 'ਚ ਮਹਿਸੂਸ ਹੁੰਦਾ ਹੈ।

ਜਲੰਧਰ ਵਰਗੇ ਸ਼ਹਿਰਾਂ ਵਿੱਚ ਵੀ, ਇਹ ਦੇਖਿਆ ਗਿਆ ਹੈ ਕਿ ਆਮ ਤੌਰ 'ਤੇ ਮਾਵਾਂ ਆਪਣੇ ਬੱਚਿਆਂ ਨਾਲ ਹਿੰਦੀ ਬੋਲਦੀਆਂ ਹਨ।

ਜਿਹੜੀ ਚੀਜ਼ ਨਿਰਾਸ਼ਾਜਨਕ ਹੈ, ਉਹ ਹੈ ਭਾਸ਼ਾ ਤੇ ਅਮੀਰ ਵਿਰਾਸਤ ਦਾ ਨੁਕਸਾਨ ਹੋਣਾ ਤੇ ਮਿਟਦੇ ਜਾਣਾ। ਪੰਜਾਬੀ ਬੁੱਲ੍ਹੇ ਸ਼ਾਹ ਦੀ ਭਾਸ਼ਾ ਹੈ ਜਿਨ੍ਹਾਂ ਰੂਹਾਨੀ ਇਸ਼ਕ ਦਾ ਪਾਠ ਪੜ੍ਹਾਇਆ; ਇਹ ਹੀਰ ਨੂੰ ਅਮਰ ਕਰ ਦੇਣ ਵਾਲੇ ਵਾਰਿਸ ਸ਼ਾਹ ਦੀ ਭਾਸ਼ਾ ਹੈ ਜੋ ਆਪਣੇ ਸਮਿਆਂ ਦੀ ਉੱਘੀ ਨਾਰੀਵਾਦੀ ਹਸਤੀ ਸੀ; ਸੰਤ ਰਾਮ ਉਦਾਸੀ ਦੀ ਵੀ ਜਿਨ੍ਹਾਂ ਜਾਤ-ਪਾਤ ਦੇ ਵਰਗੀਕਰਨ ਨੂੰ ਲਲਕਾਰਿਆ; ਅਤੇ ਸ਼ਿਵ ਕੁਮਾਰ ਬਟਾਲਵੀ ਦੀ ਵੀ ਜੋ ਬੇਸ਼ੱਕ ਵੀਹਵੀਂ ਸਦੀ ਦੇ ਸਭ ਤੋਂ ਪ੍ਰਸਿੱਧ ਪੰਜਾਬੀ ਕਵੀ ਹਨ। ਫਿਰ ਵੀ ਬਹੁਤੇ ਪੰਜਾਬੀ ਇਸ ਅਮੀਰੀ ਦੀ ਕਦਰ ਪਾਉਣ 'ਚ ਨਾਕਾਮ ਰਹੇ ਹਨ। ਉਹ ਇੱਕ ਵਿਆਪਕ ਵਿਚਾਰਧਾਰਕ ਯੋਜਨਾ ਦੇ ਸ਼ਿਕਾਰ ਹਨ - ਜਿਸ ਨੂੰ ਮੈਂ "ਹਿੰਦੀ-ਹਿੰਦੂ-ਹਿੰਦੂਤਵ' ਏਜੰਡੇ ਦਾ ਨਾਂ ਦਿਆਂਗੀ - ਜੋ ਭਾਰਤੀ ਹੋਣ ਨੂੰ ਹਿੰਦੀ ਨਾਲ ਜੋੜਦੀ ਹੈ ਜਦੋਂਕਿ ਬਾਕੀ ਖੇਤਰੀ ਭਾਸ਼ਾਵਾਂ ਨੂੰ ਨੀਵਾਂ ਦਿਖਾਉਂਦੀ ਹੈ।

ਅਖ਼ੀਰ 'ਚ ਮੈਂ ਖ਼ੁਦ ਲੋਪ ਹੋਣ ਕੰਢੇ ਪੁੱਜੀ ਅਵਾਰ ਭਾਸ਼ਾ 'ਚ ਲਿਖੇ ਰਸੂਲ ਹਮਜ਼ਾਤੋਵ ਦੇ ਨਾਵਲ ਦੀ ਇੱਕ ਗਹਿਰੀ ਸਤਰ ਦਾ ਜ਼ਿਕਰ ਕਰਨਾ ਚਾਹਾਂਗੀ: "ਜਦੋਂ ਲੋਕ ਆਪਣੀ ਭਾਸ਼ਾ ਨੂੰ ਵਿਸਾਰ ਦਿੰਦੇ ਹਨ ਤਾਂ ਉਹ ਆਪਣੀ ਰੂਹ ਵੀ ਗੁਆ ਬਹਿੰਦੇ ਹਨ।" ਆਪਣੇ ਰਿਸ਼ਤੇਦਾਰਾਂ ਨੂੰ ਅਜਿਹੀ ਜੜ੍ਹਹੀਣ ਜ਼ਿੰਦਗੀ ਜਿਊਂਦੇ ਦੇਖ ਮੇਰੇ ਮਨ 'ਚ ਉਨ੍ਹਾਂ ਪ੍ਰਤੀ ਤਰਸ, ਕ੍ਰੋਧ ਤੇ ਨਿਰਾਸ਼ਾ ਦੇ ਭਾਵ ਪੈਦਾ ਹੁੰਦੇ ਹਨ, ਭਾਵੇਂ ਮੈਂ ਸਮਝਦੀ ਹਾਂ ਕਿ ਉਹ ਇਸ ਖ਼ੋਰੇ ਦੇ ਹੀ ਸ਼ਿਕਾਰ ਹਨ। ਜੇ ਹਾਲਾਤ ਬਦਲ ਗਏ ਤਾਂ ਉਹ ਵੀ ਢਲ ਹੀ ਜਾਣਗੇ। ਹਾਲਾਂਕਿ, ਪੰਜਾਬੀ ਦੀ ਹੋਣੀ ਕੇਵਲ ਨੀਤੀਆਂ ਘੜਨ 'ਤੇ ਨਹੀਂ ਬਲਕਿ ਆਪਣੀ ਅਮੀਰ ਵਿਰਾਸਤ ਨੂੰ ਮੁੜ ਦਿਲੋਂ ਅਪਨਾਉਣ ਤੇ ਇਸ ਦਾ ਜਸ਼ਨ ਮਨਾਉਣ ਦੀ ਸਾਂਝੀ ਵਚਨਬੱਧਤਾ ਉੱਤੇ ਨਿਰਭਰ ਕਰਦੀ ਹੈ।

(ਲੇਖਕਾ ਲੰਡਨ ਯੂਨੀਵਰਸਿਟੀ ਦੇ ਸਕੂਲ ਆਫ ਓਰੀਐਂਟਲ ਐਂਡ ਅਫਰੀਕਨ ਸਟੱਡੀਜ਼ ਵਿੱਚ ਮੱਧ ਅਤੇ ਦੱਖਣੀ ਏਸ਼ੀਆ ਬਾਰੇ ਅਧਿਐਨ ਕਰ ਰਹੀ ਹੈ।)

# ਪੰਜਾਬੀ ਬੋਲੀ ਦੇ ਬਦਲਦੇ ਰੂਪ

ਡਾਕਟਰ ਗੁਲਾਮ ਮੁਸਤਫਾ ਡੋਗਰ

• • •

ਭਾਰਤ ਤੇ ਪਾਕਿਸਤਾਨ ਵਿੱਚ ਬੋਲੀਆਂ ਜਾਂਦੀਆਂ ਜ਼ੁਬਾਨਾਂ ਬਾਰੇ ਕਿਹਾ ਜਾਂਦਾ ਹੈ ਕਿ ਹਰ 10 ਕੋਹ ਭਾਵ 30 ਮੀਲ ਤੋਂ ਬਾਅਦ ਜ਼ੁਬਾਨ ਦੀ ਬਣਾਵਟ ਬਦਲ ਜਾਂਦੀ ਹੈ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਵੀ ਆਪਣੀ ਬਣਾਵਟ ਤੇ ਸਫ਼ਰ ਦੇ ਨਾਲ-ਨਾਲ ਆਪਣੇ ਕਈ ਰੰਗ-ਰੂਪ ਲੈ ਕੇ ਸਾਹਮਣੇ ਆਉਂਦੀ ਹੈ। ਇਸ ਪੱਖ ਨੂੰ ਸਮਝਣ ਵਾਸਤੇ ਸਾਨੂੰ ਕਿਸੇ ਅਜਿਹੇ ਇਲਾਕੇ ਜਾਂ ਸ਼ਹਿਰ ਨੂੰ ਚੁਣਨਾ ਪਵੇਗਾ, ਜੋ ਪੰਜਾਬ ਦਾ ਮਰਕਜ਼/ਕੇਂਦਰ ਕਿਹਾ ਜਾ ਸਕਦਾ ਹੋਵੇ। ਲਾਹੌਰ ਸ਼ਹਿਰ ਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਬਾਰੇ ਕਿਹਾ ਜਾਂਦਾ ਹੈ ਕਿ ਇੱਥੇ ਸਰਲ ਪੰਜਾਬੀ ਬੋਲੀ ਜਾਂਦੀ ਹੈ। ਪਰ ਇਕ ਹੋਰ ਹਕੀਕਤ ਵੀ ਆਪਣੀ ਜਗ੍ਹਾ 'ਤੇ ਮੌਜੂਦ ਹੈ ਕਿ ਲਾਹੌਰ ਤੇ ਅੰਮ੍ਰਿਤਸਰ ਦੇ ਸ਼ਹਿਰਾਂ ਅੰਦਰ ਜੋ ਪੰਜਾਬੀ ਬੋਲੀ ਜਾਂਦੀ ਹੈ, ਉਹ ਇਨ੍ਹਾਂ ਦੋਹਾਂ ਸ਼ਹਿਰਾਂ ਦੇ ਆਲੇ ਦੁਆਲੇ ਦੇ ਇਲਾਕਿਆਂ ਨਾਲੋਂ ਥੋੜ੍ਹੀ ਵੱਖ ਹੈ।

ਜ਼ਿਕਰਯੋਗ ਹੈ ਕਿ ਲਾਹੌਰ ਸ਼ਹਿਰ ਦੀ ਅੰਦਰੂਨੀ ਬੋਲੀ ਤੇ ਅੰਮ੍ਰਿਤਸਰ ਸ਼ਹਿਰ ਵਿਚ ਬੋਲੀ ਜਾਂਦੀ ਪੰਜਾਬੀ ਇਕੋ ਜਿਹੀ ਹੈ। ਇਸ ਦੀ ਵੱਡੀ ਵਜ੍ਹਾਵੰਡ ਤੋਂ ਪਹਿਲਾਂ ਲੰਮੇ ਸਮੇਂ ਤਕ ਇਥੇ ਕਸ਼ਮੀਰੀ ਲੋਕਾਂ ਦਾ ਵਸੇਬਾ ਸੀ। ਇਨ੍ਹਾਂ ਸ਼ਹਿਰਾਂ ਵਿਚ ਵਸਦੇ ਕਸ਼ਮੀਰੀਆਂ ਦੀਆਂ ਆਪਸ ਵਿਚ ਗੂੜ੍ਹੀਆਂ ਰਿਸ਼ਤੇਦਾਰੀਆਂ ਹੋਣ ਅਤੇ ਉਨ੍ਹਾਂ ਦੇ ਆਪਸੀ ਮੇਲ-ਮਿਲਾਪ ਵਿਚ ਆਉਣ-ਜਾਣ ਦੀ ਵਜ੍ਹਾ ਕਰਕੇ ਇਨ੍ਹਾਂ ਦੀ ਜ਼ੁਬਾਨ ਇਕੋ ਜਿਹੀ ਹੋ ਗਈ। ਇਹੀ ਵਜ੍ਹਾ ਹੈ ਕਿ ਜਦੋਂ 1947 ਵਿਚ ਜਦੋਂ ਅੰਮ੍ਰਿਤਸਰ ਵਿਚ ਕਸ਼ਮੀਰੀ ਮਹਾਜਰ ਹੋਏ ਅਤੇ ਉਹ ਸਿੱਧੇ ਲਾਹੌਰ ਆ ਕੇ ਆਪਣੇ ਰਿਸ਼ਤੇਦਾਰਾਂ ਕੋਲ ਠਹਿਰੇ ਤਾਂ ਲਾਹੌਰ ਵਿਚ ਕਸ਼ਮੀਰੀ ਆਬਾਦੀ ਕਾਫ਼ੀ ਵਧ ਗਈ।

ਲਾਹੌਰ ਤੋਂ ਗੁਜਰਾਂਵਾਲਾ ਤੇ ਗੁਜਰਾਤ ਵੱਲ ਪੰਜਾਬੀ ਭਾਸ਼ਾ ਥੋੜ੍ਹੇ ਬਹੁਤ ਫ਼ਰਕ ਨਾਲ ਤਕਰੀਬਨ ਮੇਲ ਖਾਂਦੀ ਹੈ। ਬਸ ਇੰਨਾ ਕੁ ਫ਼ਰਕ ਹੈ ਜਿਵੇਂ ਲਾਹੌਰ ਵਿੱਚ ਕੋਈ ਬੰਦਾ ਕਿਵੇਂ ਜਾਂ ਐਂਵੇ ਕਹਿੰਦਾ ਹੈ ਤਾਂ ਗੁਜਰਾਤ (ਲਹਿੰਦੇ ਪੰਜਾਬ ਦਾ ਇਕ ਜ਼ਿਲ੍ਹਾ) ਵਿਚ ਉਹ ਕੀਕਣ ਜਾਂ ਏਕਣ ਹੋ ਜਾਂਦਾ ਹੈ। ਲਾਹੌਰ ਸ਼ਹਿਰ ਵਿਚ ਵਰਤਿਆ ਜਾਂਦਾ ਸ਼ਬਦ 'ਖ਼ਬਰ' ਗੁਜਰਾਤ ਵਿਚ 'ਹਬਰ' ਹੋ ਜਾਂਦਾ ਹੈ।

ਗੁਜਰਾਤ ਤੋਂ ਅਗਲਾ ਜ਼ਿਲ੍ਹਾ ਜੇਹਲਮ ਹੈ, ਇਥੋਂ ਪੰਜਾਬੀ ਭਾਸ਼ਾ ਦਾ ਇਕ ਹੋਰ ਲਹਿਜਾ ਜਾਂ ਪਰਤ ਸ਼ੁਰੂ ਹੋ ਜਾਂਦੀ ਹੈ, ਜਿਸ ਨੂੰ ਅਸੀਂ ਆਮ ਤੌਰ 'ਤੇ ਪੋਠੋਹਾਰੀ ਕਹਿੰਦੇ ਹਾਂ ਪੋਠੋਹਾਰੀ ਜੇਹਲਮ, ਰਾਵਲਪਿੰਡੀ, ਚੱਕਵਾਲ, ਪਿੰਡੀਖੇਤ ਤੇ ਇਸਲਾਮਾਬਾਦ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ। ਚੜ੍ਹਦੇ ਪੰਜਾਬ ਵਿਚ ਵਸਦੇ ਭਾਪੇ ਪੋਠੋਹਾਰੀ ਇਲਾਕੇ ਤੋਂ ਹੀ ਮਹਾਜਰ ਹੋ ਕੇ ਗਏ ਸਨ। ਪੰਜਾਬੀ ਭਾਸ਼ਾ ਬੋਲਣ ਵਾਲੇ ਇਲਾਕਿਆਂ ਦੇ ਆਸੇ-ਪਾਸੇ ਦੇ ਇਲਾਕੇ ਵਿਚ ਬੋਲੀਆਂ ਜਾਂਦੀਆਂ ਜ਼ੁਬਾਨਾਂ ਇਕ ਦਮ ਨਹੀਂ ਬਦਲਦੀਆਂ। ਪੂਰੀ ਦੁਨੀਆ ਵਿਚ ਇਕ ਜ਼ਮੀਨੀ ਹਕੀਕਤ ਹੈ ਕਿ ਇਕ ਭਾਸ਼ਾ ਜਾਂ ਕੋਈ ਇਕ ਨਸਲ ਕਦੇ ਵੀ ਇਕ ਦਮ ਨਹੀਂ ਬਦਲ ਜਾਂਦੀ, ਇਸ ਵਿਚ ਹੌਲੀ-ਹੌਲੀ ਬਦਲਾਅ ਆਉਂਦਾ ਹੈ।ਇਸ ਗੱਲ ਨੂੰ ਸਮਝਣ ਵਾਸਤੇ ਤੁਸੀਂ ਉਸ ਜਗ੍ਹਾ ਨੂੰ ਵੇਖ ਸਕਦੇ ਹੋ, ਜਿਥੇ ਦੋ ਦਰਿਆ ਆਪਸ ਵਿਚ ਮਿਲਦੇ ਹਨ। ਪੰਜਾਬ ਵਿਚ ਦਰਿਆ ਚਿਨਾਬ ਤੇ ਜੇਹਲਮ ਇਕ ਜਗ੍ਹਾ 'ਤੇ ਆਪਸ ਵਿਚ ਮਿਲਦੇ ਹਨ, ਉਸ ਤੋਂ ਥੋੜ੍ਹਾ ਅੱਗੇ ਜਾ ਕੇ ਰਾਵੀ ਦਰਿਆ ਤੇ ਸਤਲੁਜ ਵੀ ਉਸ ਵਿਚ ਮਿਲਦੇ ਹਨ ਤੇ ਅੱਗੇ ਜਾ ਕੇ ਇਹ ਸਾਰੇ ਦਰਿਆ ਸਿੰਧ ਵਿਚ ਸਮਾਅ ਜਾਂਦੇ ਹਨ। ਜਦੋਂ ਕਿਸੇ ਦਰਿਆ ਦਾ ਪਾਣੀ ਸਾਫ਼ ਪਹਾੜਾਂ ਵਿੱਚੋਂ ਲੰਘ ਕੇ ਆ ਰਿਹਾ ਹੋਵੇ ਤਾਂ ਉਸ ਦਾ ਰੰਗ ਨੀਲਾ ਹੁੰਦਾ ਹੈ, ਜਦਕਿ



ਜਿਨ੍ਹਾਂ ਦਰਿਆਵਾਂ ਦਾ ਪਾਣੀ ਆਮ ਜ਼ਮੀਨ ਵਿੱਚੋਂ ਲੰਘ ਕੇ ਆਉਂਦਾ ਹੈ ਤਾਂ ਉਸ ਦਾ ਰੰਗ ਖਾਕੀ ਜਾਂ ਲਾਲ ਹੁੰਦਾ ਹੈ ਜਦੋਂ ਅਜਿਹੇ ਦੋ ਦਰਿਆ ਆਪਸ 'ਚ ਰਲਦੇ ਹਨ ਤਾਂ ਕਾਫ਼ੀ ਦੂਰ ਤੱਕ ਉਨ੍ਹਾਂ ਦੇ ਵੱਖਰੇ-ਵੱਖਰੇ ਰੰਗਾਂ ਦਾ ਪਾਣੀ ਵਹਿੰਦਾ ਰਹਿੰਦਾ ਹੈ, ਪਰ ਕਾਫ਼ੀ ਅੱਗੇ ਜਾ ਕੇ ਦੋਵੇਂ ਦਰਿਆਵਾਂ ਦੇ ਪੂਰੀ ਤਰ੍ਹਾਂ ਆਪਸ ਵਿਚ ਮਿਲ ਜਾਣ ਬਾਅਦ ਪਾਣੀ ਦਾ ਰੰਗ ਨਾ ਨੀਲਾ ਤੇ ਨਾ ਹੀ ਲਾਲ ਰਹਿੰਦਾ ਹੈ, ਸਗੋਂ ਇੱਕ ਹੋਰ ਹੀ ਰੰਗ ਬਣ ਜਾਂਦਾ ਹੈ।

ਮਿਸਾਲ ਵਜੋਂ ਜੇਕਰ ਹਰੇ ਰੰਗ ਵਿਚ ਪੀਲਾ ਰੰਗ ਮਿਲਾ ਦਿੱਤਾ ਜਾਵੇ ਤਾਂ ਉਸ ਦਾ ਰੰਗ ਪੀਲਾ ਜਾਂ ਹਰਾ ਰਹਿਣ ਦੀ ਬਜਾਏ ਇਕ ਨਵਾਂ ਹੋਰ ਹੀ ਰੰਗ ਬਣ ਜਾਂਦਾ ਹੈ। ਇਸੇ ਤਰ੍ਹਾਂ ਹੀ ਜਦੋਂ ਇਕ ਭਾਸ਼ਾ ਦਾ ਇਲਾਕਾ ਖ਼ਤਮ ਹੁੰਦਾ ਹੈ ਤੇ ਅੱਗੇ ਹੋਰ ਭਾਸ਼ਾ ਦਾ ਇਲਾਕਾ ਸ਼ੁਰੂ ਹੋਣ 'ਤੇ ਉਕਤ ਇਲਾਕਿਆਂ ਦੇ ਦਰਮਿਆਨ ਇਕ ਨਵੀਂ ਭਾਸ਼ਾ ਬਣਨ ਲਗਦੀ ਹੈ। ਜਿਨ੍ਹਾਂ ਵਿਚ ਪਿਛਲੀ ਭਾਸ਼ਾ ਦੇ ਸ਼ਬਦ ਹੌਲੀ-ਹੌਲੀ ਘਟਦੇ ਜਾਂਦੇ ਹਨ ਤੇ ਅਗਲੀ ਭਾਸ਼ਾ ਦੇ ਸ਼ਬਦ ਆਉਣ ਲਗਦੇ ਹਨ। ਉਸ ਇਲਾਕੇ ਤੋਂ ਅੱਗੇ ਇਕ ਦੂਸਰੀ ਬੋਲੀ ਦੇ ਸਾਹਮਣੇ ਆਉਣ ਤੇ ਇਨ੍ਹਾਂ ਦੋਹਾਂ ਬੋਲੀਆਂ ਦੇ ਇਕੱਠ ਨਾਲ ਇਕ ਦਰਮਿਆਨੀ ਭਾਸ਼ਾ ਬਣਦੀ ਹੈ, ਜਿਸ ਨੂੰ ਤੁਸੀਂ ਵਿਚਲੀ ਜਾਂ ਮਿਲਾਪੀ ਭਾਸ਼ਾ ਕਹਿ ਸਕਦੇ ਹੋ।

ਇਸੇ ਤਰ੍ਹਾਂ ਜਦੋਂ ਪੰਜਾਬੀ ਲਾਹੌਰ ਤੋਂ ਚੱਲ ਕੇ ਜੇਹਲਮ ਪਹੁੰਚਦੀ ਹੈ ਤਾਂ ਇਥੇ ਉਸ ਤੋਂ ਅਗਲੇ ਪਾਸੇ ਪਸ਼ਤੋ ਜ਼ੁਬਾਨ/ਬੋਲੀ ਦੇ ਨਾਲ ਕਸ਼ਮੀਰੀ ਜ਼ੁਬਾਨ ਆਉਣ ਲਗਦੀ ਹੈ। ਇਸ ਕਾਰਨ ਇਨ੍ਹਾਂ ਜ਼ੁਬਾਨਾਂ ਦੇ ਸ਼ਬਦ ਹੌਲੀ ਹੌਲੀ ਆਪਸ ਵਿਚ ਮਿਲਣ ਲਗਦੇ ਹਨ ਅਤੇ ਇਸ ਨਾਲ ਇਕ ਨਵੀਂ ਜ਼ੁਬਾਨ ਪੈਦਾ ਹੁੰਦੀ ਹੈ, ਜਿਸ ਨੂੰ ਅਸੀਂ ਪੋਠੋਹਾਰੀ ਆਖਦੇ ਹਾਂ। ਅਗਲੀ ਤੇ ਪਿਛਲੀ ਜ਼ੁਬਾਨ ਦੇ ਅਲਫ਼ਾਜ਼ ਇਕੱਠੇ ਹੋਣ 'ਤੇ ਇਕ ਨਵੀਂ ਜ਼ੁਬਾਨ ਬਣ ਜਾਂਦੀ ਹੈ। ਇਸ ਤਰ੍ਹਾਂ ਅਸੀਂ ਪੋਠੋਹਾਰੀ ਭਾਸ਼ਾ ਨੂੰ ਇਕ ਵਿਚਲੀ ਜਾਂ ਮਿਲਾਪੀ ਭਾਸ਼ਾ ਕਹਿ ਸਕਦੇ ਹਾਂ। ਜੇਹਲਮ ਤੋਂ ਹੋਰ ਅੱਗੇ ਪਹਾੜ ਵਾਲੇ ਪਾਸੇ ਜਾਣ 'ਤੇ ਪਾਕਿਸਤਾਨੀ ਕਸ਼ਮੀਰ ਦਾ ਇਲਾਕਾ ਆ ਜਾਂਦਾ ਹੈ। ਇਸ ਹਿੱਸੇ ਵਿਚ ਵੀ ਪੋਠੋਹਾਰੀ ਦਾ ਇਕ ਹੋਰ ਵੱਖਰਾ ਲਹਿਜਾ ਇਸਤੇਮਾਲ ਕੀਤਾ ਜਾਂਦਾ ਹੈ। ਪਾਕਿਸਤਾਨੀ ਕਸ਼ਮੀਰ ਦੀ 40 ਲੱਖ ਦੀ ਆਬਾਦੀ ਵਿੱਚੋਂ 25 ਲੱਖ ਦੀ ਆਬਾਦੀ ਇੱਕਲੇ ਮੀਰਪੁਰ ਜ਼ਿਲ੍ਹੇ ਵਿਚ ਹੈ ਅਤੇ ਬਾਕੀ ਸਾਰੇ ਕਸ਼ਮੀਰ ਦੀ ਆਬਾਦੀ 15 ਲੱਖ ਹੀ ਹੈ। ਮੀਰਪੁਰ ਵਿਚ ਜੱਟ ਤੇ ਰਾਜਪੂਤ ਵਸਦੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਬੈਂਸ ਜੱਟ ਹਨ ਅਤੇ ਬੈਂਸ ਜੱਟ ਚੜ੍ਹਦੇ ਪੰਜਾਬ ਦੇ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਵੀ ਵਸਦੇ ਹਨ। ਇਹ ਜ਼ਿਲ੍ਹਾ ਪਹਿਲਾਂ ਕਸ਼ਮੀਰ ਦਾ ਹਿੱਸਾ ਨਹੀਂ ਸੀ ਹੁੰਦਾ, ਪਰ ਜਦੋਂ ਕਸ਼ਮੀਰ ਗੁਲਾਬ ਸਿੰਘ ਨੂੰ ਵੇਚ ਦਿੱਤਾ ਗਿਆ ਤਾਂ ਇਹ ਜ਼ਿਲ੍ਹਾ ਪੰਜਾਬ ਨਾਲੋਂ ਵੱਖ ਕਰਕੇ ਕਸ਼ਮੀਰ ਨਾਲ ਜੋੜ ਦਿੱਤਾ ਗਿਆ ਸੀ। ਇਸ ਕਰਕੇ ਇੱਥੇ ਪੋਠੋਹਾਰੀ ਜ਼ੁਬਾਨ ਹੀ ਬੋਲੀ ਜਾਂਦੀ ਹੈ।

ਪੋਠੋਹਾਰੀ ਜ਼ੁਬਾਨ ਤੋਂ ਅੱਗੇ ਜਾ ਕੇ ਪਸ਼ਤੋ ਤੇ ਕਸ਼ਮੀਰੀ ਭਾਸ਼ਾਵਾਂ ਦੀ ਵਰਤੋਂ ਹੁੰਦੀ ਹੈ ਅਤੇ ਇਸ ਤੋਂ ਇਲਾਵਾ ਤਜਾਕਿਸਤਾਨ ਤੇ ਅਫ਼ਗਾਨਿਸਤਾਨ ਦੇ ਪਹਾੜ ਵਾਲੇ ਪਾਸੇ ਦੇ ਇਲਾਕਿਆਂ ਵਿਚ ਫ਼ਾਰਸੀ ਜ਼ੁਬਾਨ ਬੋਲੀ ਜਾਂਦੀ ਹੈ। ਪੰਜਾਬ ਤੋਂ ਪਹਾੜ ਦੇ ਚੜ੍ਹਦੇ ਵਾਲੇ ਪਾਸੇ ਜਾਈਏ ਤੇ ਉੱਥੇ ਗੁਰਦਾਸਪੁਰ ਦੀ ਪੁਰਾਣੀ ਤਹਿਸੀਲ ਸ਼ੱਕਰਗੜ੍ਹ ਦੇ ਇਲਾਕੇ ਤੇ ਜੰਮੂ ਤੋਂ ਅੱਗੇ ਡੋਗਰੀ ਭਾਸ਼ਾ ਸਾਹਮਣੇ ਆਉਂਦੀ ਹੈ। ਜਿਸ ਦੇ ਅੱਗੇ ਹਿੰਦੀ ਲੱਦਾਖ ਦੀਆਂ ਭਾਸ਼ਾਵਾਂ ਦੇ ਸ਼ਬਦ ਇਸ ਦੇ ਵਿਚ ਆ ਮਿਲਦੇ ਹਨ। ਜਿਸ ਨਾਲ ਡੋਗਰੀ ਨਾਮ ਦੀ ਇਕ ਵੱਖਰੀ ਜ਼ੁਬਾਨ ਸਾਹਮਣੇ ਆਉਂਦੀ ਹੈ। ਜੇਕਰ ਅਸੀਂ ਪਿੰਡੀ ਤੋਂ ਥੋੜ੍ਹਾ ਜਿਹਾ ਹੋਰ ਅੱਗੇ ਵਧੀਏ ਤਾਂ ਅਗਲਾ ਇਲਾਕੇ ਨੂੰ ਹਜ਼ਾਰਾ ਹਰੀਪੁਰ ਤੇ ਐਬਟਾਬਾਦ ਕਿਹਾ ਜਾਂਦਾ ਹੈ। ਇਸ ਇਲਾਕੇ ਵਿਚ ਇਕ ਦੂਜੀ ਜ਼ੁਬਾਨ ਬੋਲੀ ਜਾਂਦੀ ਹੈ, ਜਿਸ ਦਾ ਨਾਂ ਪੋਠੋਹਾਰੀ ਤੋਂ ਬਦਲ ਕੇ ਹਿੰਦਕੋ ਰੱਖਿਆ ਗਿਆ ਹੈ। ਖੈਬਰ ਪਖਤੂਨਖਵਾ ਸੂਬੇ ਦੀ ਚਾਰ ਕਰੋੜ ਦੀ ਆਬਾਦੀ ਵਿੱਚੋਂ ਲਗਭਗ ਇਕ ਕਰੋੜ ਲੋਕ ਪਸ਼ਤੋ ਨਹੀਂ ਬੋਲਦੇ ਕਿਉਂਕਿ ਪੇਸ਼ਾਵਰ ਕਦੇ ਵੀ ਪਸ਼ਤੋ ਬੋਲਣ ਵਾਲਿਆਂ ਦਾ ਸ਼ਹਿਰ ਨਹੀਂ ਸੀ, ਇੱਥੇ ਹਿੰਦਕੋ ਜ਼ੁਬਾਨ ਬੋਲੀ ਜਾਂਦੀ ਹੈ।

ਪੰਜਾਬ ਦੇ ਚੰਡੀਗੜ੍ਹ ਸ਼ਹਿਰ ਤੋਂ ਅੱਗੇ ਪੰਜਾਬੀ ਭਾਸ਼ਾ ਇਕ ਹੋਰ ਨਵੀਂ ਹਰਿਆਣਵੀ ਭਾਸ਼ਾ ਦਾ ਰੂਪ ਅਖਤਿਆਰ ਕਰਦੀ ਹੈ, ਕਿਉਂਕਿ ਇਸ ਤੋਂ ਅੱਗੇ ਹਿੰਦੀ ਜ਼ੁਬਾਨ ਸ਼ੁਰੂ ਹੋ ਜਾਂਦੀ ਹੈ, ਜੋ ਯੂਪੀ ਦੀ ਬੋਲੀ ਹੈ। ਇੱਥੇ ਹਿੰਦੀ ਜ਼ੁਬਾਨ ਤੇ ਪੰਜਾਬੀ ਜ਼ੁਬਾਨ ਦੇ ਮੇਲ ਤੋਂ ਹਰਿਆਣਵੀ ਜ਼ੁਬਾਨ ਬਣਦੀ ਹੈ, ਜਿਸ ਵਿਚ ਹਿੰਦੀ ਤੇ ਪੰਜਾਬੀ ਦੋਹਾਂ ਦਾ ਲਹਿਜਾ ਆ ਜਾਂਦਾ ਹੈ। ਜੇਕਰ ਅਸੀਂ ਲਾਹੌਰ ਤੋਂ ਕਸੂਰ ਵਾਲੇ ਪਾਸੇ ਤੋਂ ਅੱਗੇ ਫ਼ਿਰੋਜ਼ਪੁਰ ਤੋਂ ਦੱਖਣ ਤੇ ਚੜ੍ਹਦੇ ਪਾਸੇ ਵੱਲ ਜਾਈਏ ਤਾਂ ਰਾਜਸਥਾਨੀ ਜ਼ੁਬਾਨ ਸ਼ੁਰੂ ਹੋ ਜਾਂਦੀ ਹੈ, ਜੋ ਗੁਜਰਾਤੀ, ਸਿੰਧੀ ਤੇ ਪੰਜਾਬੀ ਭਾਸ਼ਾ ਦੇ ਮੇਲ ਨਾਲ ਬਣੀ ਹੈ। ਪੰਜਾਬ ਤੋਂ ਦੱਖਣ ਮੁਲਤਾਨ ਵੱਲ ਜਾਈਏ ਤਾਂ ਸਿੰਧੀ ਜ਼ੁਬਾਨ ਆਉਂਦੀ ਹੈ, ਸਿੰਧੀ ਤੇ ਪੰਜਾਬੀ ਭਾਸ਼ਾ ਦੇ ਮਿਲਾਪ ਤੋਂ ਮਿਲਾਪੀ ਭਾਸ਼ਾ ਸਰਾਇਕੀ ਸਾਹਮਣੇ ਆਉਂਦੀ ਹੈ। ਸਰਾਇਕੀ ਦੱਖਣੀ ਪੰਜਾਬ ਵਿਚ ਬਹੁਤ ਵੱਡੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਪੰਜਾਬ ਦੇ ਦੱਖਣੀ ਲਹਿੰਦੇ ਪਾਸੇ ਵੱਲ ਜਦੋਂ ਪੰਜਾਬੀ ਸਫਰ ਕਰਦੀ ਹੈ ਤਾਂ ਉਸ ਤੋਂ ਅੱਗੇ ਬਲੋਚੀ ਜ਼ੁਬਾਨ ਆ ਜਾਂਦੀ ਹੈ।

ਬਲੋਚੀ ਤੇ ਪੰਜਾਬੀ ਜ਼ੁਬਾਨ ਦੋਹਾਂ ਦੇ ਦਰਮਿਆਨ ਆਉਂਦੀ ਇਕ ਹੋਰ ਜ਼ੁਬਾਨ ਨੂੰ ਡੇਰਵੀ ਕਿਹਾ ਜਾਂਦਾ ਹੈ। ਇੱਥੇ ਦੇ ਦੋ ਵੱਡੇ ਸ਼ਹਿਰ ਡੇਰਾ ਇਸਮਾਇਲ ਖਾਂ ਤੇ ਡੇਰਾ ਗਾਜ਼ੀ ਖਾਂ ਹਨ, ਡੇਰਾ ਇਸਮਾਇਲ ਖਾਂ ਖੈਬਰ ਪਖ਼ਤੂਨਖਵਾ ਸੂਬੇ ਵਿਚ ਜਦਕਿ ਡੇਰਾ ਗਾਜ਼ੀ ਖਾਂ ਪੰਜਾਬ ਵਿਚ ਆਉਂਦਾ ਹੈ। ਡੇਰਾ ਇਸਮਾਇਲ ਖਾਂ ਦੇ 70 ਫ਼ੀਸਦੀ ਲੋਕਾਂ ਸਮੇਤ ਰਾਜਨਪੁਰ ਦੇ ਇਲਾਕਿਆਂ ਵਿਚ ਸਰਾਇਕੀ ਜ਼ੁਬਾਨ ਬੋਲੀ ਜਾਂਦੀ ਹੈ। ਪੰਜਾਬ ਦੇ ਲਹਿੰਦੇ ਪਾਸੇ ਅਟਕ ਜ਼ਿਲ੍ਹੇ ਵਿਚ ਪਸ਼ਤੋ, ਸਰਾਇਕੀ ਤੇ ਪੰਜਾਬੀ ਤਿੰਨੋਂ ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ। ਇਸ ਦੇ ਅਗਲੇ ਪਾਸੇ ਪਸ਼ਤੋ ਤੇ ਪਿਛਲੇ ਪਾਸੇ ਪੰਜਾਬੀ ਤੇ ਪੋਠੋਹਾਰੀ ਜ਼ੁਬਾਨਾਂ ਆਉਂਦੀਆਂ ਹਨ। ਡੇਰਾ ਇਸਮਾਇਲ ਖਾਂ ਵਿਚ ਪਸ਼ਤੋ, ਸਰਾਇਕੀ ਤੇ ਡੇਰਵੀ ਸਾਰੀਆਂ ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ। ਇੱਥੇ ਜ਼ੁਬਾਨਾਂ ਦੇ ਮੇਲ ਦੌਰਾਨ ਇਕ ਪਾਸੇ ਪੰਜਾਬੀ, ਦੂਜੇ ਪਾਸੇ ਪਸ਼ਤੋ ਅਤੇ ਇਨ੍ਹਾਂ ਦੇ ਵਿਚਕਾਰ ਡੇਰਵੀ ਜ਼ੁਬਾਨ ਆਉਂਦੀ ਹੈ।

1947 ਦੀ ਵੰਡ ਤੋਂ ਪਹਿਲਾਂ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਪੰਜਾਬੀ ਭਾਸ਼ਾ ਆਪਣੇ ਕੇਂਦਰ ਲਾਹੌਰ ਤੋਂ ਚਾਰ-ਚੁਫੇਰੇ ਘੁੰਮਦਿਆਂ ਕਈ ਰੂਪਾਂ ਵਿਚ ਬਦਲਦੀ ਹੈ, ਜਿਸ ਦੇ ਚੜ੍ਹਦੇ ਪਾਸੇ ਹਰਿਆਣਵੀ, ਪਹਾੜੀ ਪਾਸੇ ਡੋਗਰੀ ਤੇ ਪਹਾੜਾਂ ਦੇ ਲਹਿੰਦੇ ਪਾਸੇ ਪੋਠੋਹਾਰੀ ਹੈ, ਜਿਸ ਦੇ ਲਹਿੰਦੇ ਪਾਸੇ ਹਿੰਦਕੋ, ਡਰਵੀਂ ਤੇ ਸਰਾਇਕੀ, ਜਦਕਿ ਦੱਖਣੀ ਚੜ੍ਹਦੇ ਪਾਸੇ ਰਾਜਸਥਾਨੀ ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ। ਇਹ ਸਭ ਜ਼ੁਬਾਨਾਂ ਪੰਜਾਬੀ ਭਾਸ਼ਾ ਨੂੰ ਹਿੰਦੀ, ਕਸ਼ਮੀਰੀ, ਫ਼ਾਰਸੀ, ਬਲੋਚੀ, ਸਿੰਧੀ ਤੇ ਗੁਜਰਾਤੀ ਭਾਸ਼ਾ ਵੱਲ ਲੈ ਜਾਂਦੀਆਂ ਹਨ। ਪੰਜਾਬ ਨੂੰ ਛੱਡ ਕੇ ਵੱਡੀ ਗਿਣਤੀ ਵਿਚ ਪੰਜਾਬੀਆਂ ਦੇ ਯੂਰਪ ਵਾਲੇ ਪਾਸੇ ਵਸ ਜਾਣ ਕਰਕੇ ਉਨ੍ਹਾਂ ਦੀ ਪੰਜਾਬੀ ਤੇ ਅੰਗਰੇਜ਼ੀ ਜ਼ੁਬਾਨ ਦੇ ਮੇਲ ਨਾਲ ਇਕ ਨਵੀਂ ਭਾਸ਼ਾ ਵੀ ਬਣ ਗਈ ਹੈ।

## ਹਾਸ ਵਿਅੰਗ

**ਸਰਬਜੀਤ ਸਿੰਘ ਥਿੰਦ**

# ਈਗੋ ਪ੍ਰਾਬਲਮ ਦਾ ਕੋਈ ਹੱਲ ਨਹੀਂ

ਅੱਜ ਕੱਲ੍ਹ ਹਰ ਵਿਅਕਤੀ ਕਿਸੇ ਨਾ ਕਿਸੇ ਪ੍ਰਾਬਲਮ ਦਾ ਸ਼ਿਕਾਰ ਹੋਇਆ ਪਿਆ ਹੈ। ਕਿਸੇ ਨੂੰ ਹਾਰਟ ਪ੍ਰਾਬਲਮ, ਕਿਸੇ ਨੂੰ ਗੈਸ ਪ੍ਰਾਬਲਮ, ਕਿਸੇ ਨੂੰ ਬਲੱਡ ਪ੍ਰੈਸ਼ਰ ਪ੍ਰਾਬਲਮ, ਕਿਸੇ ਨੂੰ ਚੁਗਲੀ ਪ੍ਰਾਬਲਮ। ਕੋਈ ਨੂੰਹ ਸੱਸ ਦੀ ਪ੍ਰਾਬਲਮ ਕਰ ਕੇ ਦੁਖੀ ਹੈ ਅਤੇ ਕੋਈ ਸੱਸ ਨੂੰਹ ਦੀ ਪ੍ਰਾਬਲਮ ਕਰ ਕੇ ਦੁਖੀ ਹੈ। ਗਰੀਬ ਵਿਅਕਤੀ ਨੂੰ ਦੋ ਟਾਈਮ ਦੀ ਰੋਟੀ ਦੀ ਪ੍ਰਾਬਲਮ ਹੈ। ਅਮੀਰ ਵਿਅਕਤੀ ਨੂੰ ਖਾਧਾ ਖਾਣਾ ਹਜ਼ਮ ਨਾ ਹੋਣ ਦੀ ਪ੍ਰਾਬਲਮ ਹੈ। ਗੱਲ ਕੀ ਹਰੇਕ ਵਿਅਕਤੀ ਨੂੰ ਕੋਈ ਨਾ ਕੋਈ ਪ੍ਰਾਬਲਮ ਹੈ। ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਹੱਲ ਭਾਵੇਂ ਹੋ ਜਾਵੇ, ਪਰ ਇੱਕ ਅਜਿਹੀ ਪ੍ਰਾਬਲਮ ਹੈ ਜਿਸ ਦਾ ਕੋਈ ਹੱਲ ਨਹੀਂ ਹੈ। ਉਹ ਹੈ ਈਗੋ ਪ੍ਰਾਬਲਮ।

ਕਾਫੀ ਸਮਾਂ ਪਹਿਲਾਂ ਇਹ ਪ੍ਰਾਬਲਮ ਪਿੰਡਾਂ ਵਿੱਚ ਨਹੀਂ ਸੀ ਹੁੰਦੀ, ਪਰ ਹੁਣ ਇਸ ਨੇ ਹੋਰਨਾਂ ਖੇਤਰਾਂ ਦੇ ਨਾਲ ਨਾਲ ਪਿੰਡਾਂ ਵਿੱਚ ਵੀ ਘਰ ਕਰ ਲਿਆ ਹੈ। ਪਹਿਲਾਂ ਪਿੰਡਾਂ ਵਿੱਚ ਸ਼ਹਿਰਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਭਾਈਚਾਰਾ ਹੁੰਦਾ ਸੀ। ਕੋਈ ਵੀ ਕਾਰਜ ਗਲੀ ਮੁਹੱਲੇ ਅਤੇ ਆਪਣੇ ਭਾਈਚਾਰੇ ਦੀ ਸਲਾਹ ਬਗੈਰ ਨਹੀਂ ਸੀ ਕੀਤਾ ਜਾਂਦਾ। ਰਿਸ਼ਤੇ ਵਰਗੇ ਅਹਿਮ ਮਸਲਿਆਂ ਵਿੱਚ ਆਪਣੇ ਸ਼ਰੀਕੇ ਕਬੀਲੇ ਦੀ ਪੂਰੀ ਸਲਾਹ ਲਈ ਜਾਂਦੀ ਸੀ, ਪਰ ਹੁਣ ਈਗੋ ਪ੍ਰਾਬਲਮ ਦੇ ਕਾਰਨ ਅਜਿਹੀ ਸਥਿਤੀ ਨਹੀਂ ਰਹੀ। ਕਿਸੇ ਮੁੰਡੇ ਕੁੜੀ ਦਾ ਰਿਸ਼ਤਾ ਭਾਵੇਂ ਚੰਡੀਗੜ੍ਹ ਹੋਇਆ ਹੋਵੇ, ਪਰ ਲੋਕਾਂ ਨੂੰ ਦੱਸਣਗੇ ਕਿ ਪਟਿਆਲੇ ਹੋਇਆ ਹੈ।

ਗੱਲ ਸਿਰਫ ਇਹ ਹੈ ਕਿ ਕੋਈ ਈਗੋ ਪ੍ਰਾਬਲਮ ਕਰ ਕੇ ਰਿਸ਼ਤੇ ਵਿੱਚ ਭਾਨੀ ਨਾ ਮਾਰ ਦੇਵੇ। ਚਾਚੀ ਚਿੰਤੋ ਨੂੰ ਇਹ ਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਗਲੀ ਮੁਹੱਲੇ ਵਿੱਚ ਕਿਸੇ ਲੜਕੀ ਜਾਂ ਲੜਕੇ ਦਾ ਰਿਸ਼ਤਾ ਉਸ ਨੂੰ ਬਿਨਾਂ ਪੁੱਛੇ ਕਿਤੇ ਹੋ ਨਾ ਜਾਵੇ ਭਾਵ ਕਿ ਸਾਰੇ ਗਲੀ-ਮੁਹੱਲੇ ਵਾਲੇ ਮੈਨੂੰ ਪੁੱਛ ਕੇ ਰਿਸ਼ਤਾ ਕਰਨ। ਇੱਕ ਦਿਨ



ਚਾਚੀ ਚਿੰਤੋ ਨੇ ਗਲੀ ਵਿੱਚ ਇੱਕ ਘਰ ਵਿੱਚ ਚਹਿਲ ਪਹਿਲ ਜਿਹੀ ਵੇਖੀ। ਫਿਰ ਉਸ ਨੇ ਆਪਣੀ ਜਾਸੂਸੀ ਕਾਰਨ ਪਤਾ ਲਗਾ ਹੀ ਲਿਆ ਕਿ ਅੱਜ ਥਿੰਦਾਂ ਦੇ ਦੀਪੇ ਨੂੰ ਕਿਸੇ ਨੇ ਸ਼ਗਨ ਪਾਉਣ ਆਉਣਾ ਹੈ। ਵਿਚਾਰਾ ਦੀਪਾ ਪੜ੍ਹਿਆ ਤਾਂ ਸੁੱਖ ਨਾਲ ਸਕੂਲ ਦੇ ਮਗਰ ਕੱਟਾ ਲੈ ਕੇ ਲੰਘਣ ਬਰਾਬਰ ਸੀ ਅਤੇ ਰੰਗ ਪੱਖੋਂ ਵੀ ਕਾਲੇ ਝੋਟੇ ਨਾਲੋਂ ਗੋਰਾ ਸੀ। ਦੀਪੇ ਦੇ ਮਾਮੇ ਨੇ ਆਪਣੀ ਵਾਕਫੀ ਵਿੱਚ ਭੱਜ ਦੌੜ ਕਰ ਕੇ ਵਿਚਾਰੇ ਦਾ ਰਿਸ਼ਤਾ ਇੱਕ ਦਰਮਿਆਨੇ ਜਿਹੇ ਪਰਿਵਾਰ ਵਿੱਚ ਕਰਵਾ ਦਿੱਤਾ ਸੀ। ਚਾਚੀ ਚਿੰਤੋ ਨੂੰ ਜਦੋਂ ਇਹ ਸ਼ਗਨ ਦੀ ਜਾਣਕਾਰੀ ਮਿਲੀ ਤਾਂ ਉਸ ਦੀ ਵੀ ਈਗੋ ਪ੍ਰਾਬਲਮ ਜਾਗ ਪਈ ਕਿ ਮੇਰੇ ਘੀਲੇ ਨਾਲੋਂ ਪਹਿਲਾਂ ਰਿਸ਼ਤਾ ਕਿਵੇਂ ਹੋ ਜਾਵੇ। ਇਸੇ ਪ੍ਰਾਬਲਮ ਦੀ ਸ਼ਿਕਾਰ ਚਾਚੀ ਚਿੰਤੋ ਜਾ ਪਹੁੰਚੀ ਸ਼ਗਨ ਪੈਣ ਦੇ ਸਮੇਂ ਥਿੰਦਾਂ ਦੇ ਘਰ।

ਦੀਪਾ ਵੀ ਕੁਰਸੀ 'ਤੇ ਪੂਰੀ ਟੌਅਰ ਕੱਢੀ ਗਲ ਵਿੱਚ ਤੌਲੀਆ ਪਾਈ ਬੈਠਾ ਸੀ। ਘਰ ਦੇ ਮੈਂਬਰ ਅਤੇ ਰਿਸ਼ਤਾ ਕਰਨ ਆਏ ਸੰਬੰਧੀ ਹੇਠਾਂ ਫਰਸ਼ ਵਿਛਾ ਕੇ ਬੈਠੇ ਸਨ। ਚਾਚੀ ਚਿੰਤੋ ਨੇ ਜਾਂਦੀ ਨੇ ਹੀ ਦਸਾਂ ਦਾ ਨੋਟ ਖੀਸੇ ਵਿੱਚੋਂ ਕੱਢਿਆ ਅਤੇ ਸ਼ਗਨ ਪੈਣ ਤੋਂ ਪਹਿਲਾਂ ਹੀ ਦੀਪੇ ਦੇ ਪੱਲੇ ਵਿੱਚ ਰੱਖ ਦਿੱਤਾ ਤੇ ਨਾਲ ਹੀ ਰਿਸ਼ਤਾ ਕਰਨ ਆਏ ਲੋਕਾਂ ਨੂੰ ਸੁਣਾ ਕੇ ਦੀਪੇ ਨੂੰ ਸੰਬੋਧਨ ਕਰਦੀ ਕਹਿਣ ਲੱਗੀ ਕਿ ਫਿਕਰ ਨਾ ਕਰ ਭਾਈ ਦੀਪਿਆ ਜਿਵੇਂ ਤੇਰਾ ਰਿਸ਼ਤਾ ਹੋ ਗਿਆ ਉਵੇਂ ਤੇਰੀ ਮਿਰਗੀ ਵੀ ਇੱਕ ਦਿਨ ਹੱਟ ਜਾਣੀ।

ਜਦੋਂ ਰਿਸ਼ਤਾ ਕਰਨ ਆਏ ਰਿਸ਼ਤੇਦਾਰਾਂ ਨੇ ਮਿਰਗੀ ਬਾਰੇ ਸੁਣਿਆ ਤਾਂ ਉਨ੍ਹਾਂ ਨੇ ਵਾਪਸ ਜਾਣ ਲਈ ਆਪਣਾ ਸਮਾਨ ਸੰਭਾਲਣਾ ਸ਼ੁਰੂ ਕਰ ਦਿੱਤਾ। ਦੀਪੇ ਦਾ ਮਾਮਾ ਅਤੇ ਹੋਰ ਰਿਸ਼ਤੇਦਾਰ ਬਥੇਰੀਆਂ ਸਫਾਈਆਂ ਦੇਣ ਕਿ ਦੀਪੇ ਨੂੰ ਕੋਈ ਮਿਰਗੀ ਦੀ ਬਿਮਾਰੀ ਨਹੀਂ, ਪਰ ਰਿਸ਼ਤਾ ਕਰਨ ਆਏ ਨਵੇਂ ਰਿਸ਼ਤੇਦਾਰ ਕਿੱਥੇ ਮੰਨਣ। ਉਹ ਆਪਣੇ ਨਾਲ ਲਿਆਂਦੇ ਮਠਿਆਈ ਦੇ ਡੱਬੇ ਅਤੇ ਫਰੂਟਾਂ ਦੀ ਟੋਕਰੀ ਉਥੇ ਹੀ ਛੱਡ ਕੇ ਬਿਨਾਂ ਦੱਸੇ ਸਾਕ ਕੀਤਿਆਂ ਚਲੇ ਗਏ। ਚਾਚੀ ਚਿੰਤੋ ਦੀ ਈਗੋ ਪ੍ਰਾਬਲਮ ਨੇ ਵਿਚਾਰੇ ਦੀਪੇ ਦਾ ਰਿਸ਼ਤਾ ਹੁੰਦਾ ਹੋਇਆ ਰੋਕ ਦਿੱਤਾ। ਵਿਚਾਰਾ ਦੀਪਾ ਅਟਲ ਬਿਹਾਰੀ ਵਾਜਪਾਈ ਜੀ ਵਾਂਗ ਅੱਜ ਤੱਕ ਛੜੇ ਦਾ ਛੜਾ ਹੀ ਹੈ। ਇਹ ਤਾਂ ਹੋਈ ਪਿੰਡਾਂ ਦੀ ਈਗੋ ਪ੍ਰਾਬਲਮ ਦੀ ਗੱਲ। ਸਰਕਾਰੀ ਦਫਤਰਾਂ ਵਿੱਚ ਜਿੰਨੀ ਈਗੋ ਪ੍ਰਾਬਲਮ ਚਲਦੀ ਹੈ ਓਨੀ ਸ਼ਾਇਦ ਹੀ ਕਿਤੇ ਹੋਰ ਹੋਵੇ। ਹੁਣ ਤੁਸੀਂ ਕਹੋਗੇ ਕਿ ਸਰਕਾਰੀ ਦਫਤਰਾਂ ਵਿੱਚ ਹਰੇਕ ਕਰਮਚਾਰੀ ਆਪਣੀ ਆਪਣੀ ਤਨਖਾਹ ਲੈਂਦਾ ਹੈ ਫਿਰ ਈਗੋ ਪ੍ਰਾਬਲਮ ਕਾਹਦੀ। ਇਹੀ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਫਸਰ ਤਾਂ ਇੱਕ ਪਾਸੇ ਜਿਹੜਾ ਮਾੜਾ ਮੋਟਾ ਵੀ ਕਰਮਚਾਰੀ ਸੀਨੀਅਰ ਹੈ ਉਹ ਜੂਨੀਅਰ ਪ੍ਰਤੀ ਈਗੋ ਪ੍ਰਾਬਲਮ ਦਾ ਸ਼ਿਕਾਰ ਹੋਇਆ ਰਹਿੰਦਾ ਹੈ। ਮੇਰਾ ਇੱਕ ਦੋਸਤ ਸੁਰਜੀਤ ਸੁਮਨ ਬਹੁਤ ਵਧੀਆ ਮਹਿਕਮੇ ਵਿੱਚ ਸਰਵਿਸ ਕਰਦਾ ਹੈ।

ਕੁਝ ਦਿਨ ਪਹਿਲਾਂ ਉਸ ਦੇ ਕੰਮ ਤੋਂ ਖੁਸ਼ ਹੋ ਕੇ ਸਭ ਤੋਂ ਉਪਰਲੇ ਅਫਸਰ ਨੇ ਬਰਾਂਚ ਇੰਚਾਰਜ ਨੂੰ ਹਦਾਇਤ ਕੀਤੀ ਕਿ ਇਸ ਨੂੰ ਮੇਰੇ ਵਲੋਂ ਪ੍ਰਸ਼ੰਸਾ ਪੱਤਰ ਜਾਰੀ ਕਰੋ। ਸੁਰਜੀਤ ਸੁਮਨ ਖੁਸ਼ੀ-ਖੁਸ਼ੀ ਇਹ ਗੱਲ ਸਭ ਨੂੰ ਦੱਸਦਾ ਫਿਰੇ, ਪਰ ਬਰਾਂਚ ਇੰਚਾਰਜ ਈਗੋ ਪ੍ਰਾਬਲਮ ਦਾ ਸ਼ਿਕਾਰ ਹੋ ਗਿਆ। ਦੋ ਤਿੰਨ ਦਿਨ ਤਾਂ ਪ੍ਰਸ਼ੰਸਾ ਪੱਤਰ ਲਈ ਟਾਲ ਮਟੋਲ ਜਿਹੀ ਕਰਦਾ ਰਿਹਾ। ਫਿਰ ਇੱਕ ਦਿਨ ਛੋਟੀ ਜਿਹੀ ਮਿਸਟੇਕ ਪਿੱਛੇ ਉਪਰਲੇ ਅਫਸਰ ਦੇ ਅਜਿਹੇ ਕੰਨ ਭਰੇ ਕਿ ਜਿਹੜਾ ਅਫਸਰ ਸੁਰਜੀਤ ਨੂੰ ਪ੍ਰਸ਼ੰਸਾ ਪੱਤਰ ਦੇਣ ਲਈ ਕਹਿ ਰਿਹਾ ਸੀ ਉਸ ਨੇ ਹੀ ਉਸ ਦੀ ਐਕਸਪਲੇਨੇਸ਼ਨ ਕਾਲ ਕਰ ਲਈ। ਉਹ ਵਿਚਾਰਾ ਹਾਰੇ ਹੋਏ ਐਮ ਐਲ ਏ ਦੀ ਤਰ੍ਹਾਂ ਢਿੱਲਾ ਜਿਹਾ ਹੋ ਕੇ ਐਕਸਪਲੇਨੇਸ਼ਨ ਦਾ ਜਵਾਬ ਲਿਖਾਉਣ ਲਈ ਸੀਨੀਅਰ ਕਰਮਚਾਰੀਆਂ ਦੇ ਚੱਕਰ ਕੱਢ ਰਿਹਾ ਹੈ।

# ★ ਮਿੰਨੀ ਕਹਾਣੀਆਂ ★

## ਲੋੜ

ਦੋ ਮਹੀਨੇ ਤੀਕ ਮੈਂ ਮਲੇਰੀਆ ਨਾਲ ਜੂਝਦਾ ਰਿਹਾ। ਮੇਰੀ ਦੇਹ ਵਿੱਚ ਕਾਫ਼ੀ ਨਿਘਾਰ ਸੀ। ਡਾਕਟਰ ਨੇ ਮੈਨੂੰ ਆਗਾਹ ਕੀਤਾ ਕਿ ਜੇ ਮੈਂ ਇੱਕ ਦਫ਼ਾ ਹੋਰ ਬਿਮਾਰੀ ਦੀ ਚਪੇਟ ਵਿੱਚ ਆਇਆ ਤਾਂ ਬਚਾਂਗਾ ਨਹੀਂ।

ਮਲੇਰੀਆਗ੍ਰਸਤ ਹੋਣ ਤੋਂ ਪਹਿਲਾਂ ਮੈਂ ਦਸਵੀਂ ਦੇ ਇਮਤਿਹਾਨ ਦਿੱਤੇ ਸਨ ਜਿਨ੍ਹਾਂ ਵਿੱਚ ਮੈਂ ਫੇਲ੍ਹ ਹੋ ਗਿਆ ਸੀ। ਮੈਨੂੰ ਠੀਕ ਹੋਣ ਤੋਂ ਬਾਅਦ ਪਤਾ ਲੱਗਿਆ ਕਿ ਮੇਰੇ ਗੁਆਂਢ ਵਿੱਚ ਰਹਿੰਦੀ ਕੁੜੀ ਜਿਸ ਨੂੰ ਮੈਂ ਮਨ ਹੀ ਮਨ ਚਾਹੁੰਦਾ ਸੀ, ਦਾ ਵਿਆਹ ਹੋ ਗਿਆ। ਉਸ ਦਾ ਖਾਵੰਦ ਪੜ੍ਹਿਆ ਲਿਖਿਆ, ਸਿਹਤਮੰਦ ਆਦਮੀ ਹੈ।

ਇਨ੍ਹਾਂ ਦੋ ਘਟਨਾਵਾਂ ਨੇ ਮੈਨੂੰ ਨਾਉਮੀਦ ਕਰ ਦਿੱਤਾ।

ਮੈਂ ਸੋਚਣ ਲੱਗਿਆ ਕਿ ਇਨ੍ਹਾਂ ਹਾਲਤਾਂ ਵਿੱਚ ਮੈਨੂੰ ਖ਼ੁਦਕੁਸ਼ੀ ਕਰ ਲੈਣੀ ਚਾਹੀਦੀ ਹੈ। ਇਸ ਸੰਸਾਰ ਵਿੱਚ ਕਿਸੇ ਵੀ ਬੇਲੋੜੇ ਅਤੇ ਬੇਕਾਰ ਮਨੁੱਖ ਲਈ ਕੋਈ ਥਾਂ ਨਹੀਂ। ਫਿਰ ਮੇਰੀ ਕਿਸੇ ਨੂੰ ਕੀ ਲੋੜ? ਪਰ ਮੈਂ ਗ਼ਲਤ ਸੀ।

ਖ਼ੈਰ! ਆਪਣੀ ਵਿਗੜੀ ਹੋਈ ਹਾਲਤ ਦੇ ਬਾਵਜੂਦ ਮੈਂ ਨੌਕਰੀ ਦੀ ਤਲਾਸ਼ ਵਿੱਚ ਕਲਕੱਤਾ ਪੁੱਜਾ। ਹਿੰਦੂ ਹੋਟਲ ਵਿੱਚ ਠਹਿਰਿਆ। ਦੁਪਹਿਰ ਨੂੰ ਮੈਂ ਵਪਾਰੀ ਫਰਮ ਦੇ ਮਾਲਿਕ ਨੂੰ ਮਿਲਣ ਲਈ ਜਾ ਰਿਹਾ ਸੀ ਤਾਂ ਰਾਹ ਵਿੱਚ ਇੱਕ ਕਾਰ ਮੈਨੂੰ ਲਤਾੜ ਕੇ ਮੇਰੇ ਉਪਰੋਂ ਲੰਘ ਗਈ। ਉਸ ਤੋਂ ਬਾਅਦ ਦਾ ਮੈਨੂੰ ਕੁਝ ਯਾਦ ਨਹੀਂ।

ਹੁਣ ਮੈਂ ਹਸਪਤਾਲ ਵਿੱਚ ਹਾਂ। ਡਾਕਟਰੀ ਦੇ ਵਿਦਿਆਰਥੀ ਮੇਰੇ ਟੁੱਟੇ-ਭੱਜੇ ਸਰੀਰ ਨੂੰ ਕੱਟ-ਕੱਟ ਕੇ ਖੋਲ੍ਹ-ਖੋਲ੍ਹ ਕੇ ਅੰਗ ਵਿਗਿਆਨ ਦੀ ਸਮਝ ਵਿੱਚ ਵਾਧਾ ਕਰ ਰਹੇ ਹਨ।

ਮੇਰੀ ਖ਼ੁਸ਼ੀ ਦੀ ਹਰ ਹੱਦ ਟੁੱਟ ਚੁੱਕੀ ਹੈ।

ਅੰਤ ਵਿੱਚ ਮੈਂ ਬੇਲੋੜਾ ਨਹੀਂ ਹਾਂ।

ਜੀ ਹਾਂ, ਮੈਂ ਹੁਣ ਮਰ ਚੁੱਕਾ ਹਾਂ।

- ਡਾ. ਬਾਲਾਏਚੰਦ ਮੁਖੋਪਾਧਿਆਏ

## ਮੁਖੌਟਾ

ਉੱਘੇ ਸਮਾਜ ਸੁਧਾਰਕ ਕਰਤਾਰ ਸਿੰਘ ਦੀਆਂ ਖ਼ਬਰਾਂ ਅਤੇ ਫੋਟੋਆਂ ਅਖ਼ਬਾਰਾਂ ਵਿਚ ਅਕਸਰ ਛਪਦੀਆਂ ਰਹਿੰਦੀਆਂ। ਉਸ ਦਾ ਭਾਸ਼ਣ ਤਾਂ ਲੋਕਾਂ ਨੂੰ ਇਉਂ ਕੀਲਦਾ ਜਿਵੇਂ ਸਪੇਰਾ ਸੱਪ ਨੂੰ ਕੀਲਦਾ ਹੋਵੇ।

ਅੱਜ ਪਿੰਡ ਵਿੱਚ ਹੋਣ ਵਾਲੇ ਸਮਾਗਮ ਦੌਰਾਨ ਉਸ ਦਾ ਭਾਸ਼ਣ ਸੁਣਨ ਲਈ ਕਾਫ਼ੀ ਭੀੜ ਜਮ੍ਹਾਂ ਹੋ ਗਈ ਸੀ। ਬੜੇ ਹੀ ਵਿਲੱਖਣ ਅੰਦਾਜ਼ ਵਿੱਚ ਉਸ ਨੇ ਮਾਂ-ਪਿਉ ਦੇ ਆਦਰ-ਸਤਿਕਾਰ ਅਤੇ ਸਾਂਭ-ਸੰਭਾਲ ਬਾਰੇ ਅਜਿਹੀਆਂ ਗੱਲਾਂ ਕੀਤੀਆਂ ਕਿ ਲੋਕਾਂ ਦੀਆਂ ਅੱਖਾਂ ਨਮ ਹੋ ਗਈਆਂ।

ਉਸ ਦੇ ਸ਼ਬਦ: "ਮਾਂ-ਪਿਉ ਕਰਕੇ ਅਸੀਂ ਜੱਗ ਦੇਖਿਐ, ਜੋ ਕੁਝ ਵੀ ਅਸੀਂ ਹਾਂ ਸਭ ਇਨ੍ਹਾਂ ਦੀ ਬਦੌਲਤ ਐ। ਉਨ੍ਹਾਂ ਨੂੰ ਜਿਉਣ ਦਾ ਕੋਈ ਹੱਕ ਨਹੀਂ, ਜੋ ਆਪਣੇ ਮਾਪਿਆਂ ਦੀ ਕਦਰ ਨ੍ਹੀਂ ਕਰਦੇ ਅਤੇ ਉਨ੍ਹਾਂ ਦਾ ਬੁਢਾਪਾ ਰੋਲ ਦਿੰਦੇ ਐ।" ਅਜਿਹੀਆਂ ਹੋਰ ਪਤਾ ਨਹੀਂ ਕਿੰਨੀਆਂ ਗੱਲਾਂ ਉਸ ਨੇ ਕੀਤੀਆਂ ਜੋ ਮੇਰੇ ਦਿਲ ਨੂੰ ਵਲੂੰਧਰ ਗਈਆਂ।

ਭਾਸ਼ਣ ਮੁਕਾ ਕੇ ਕਰਤਾਰ ਸਿੰਘ ਸਟੇਜ ਤੋਂ ਉਤਰਿਆ। ਮੈਂ ਭਾਵੁਕ ਹੋ ਕੇ ਉਸ ਦੇ ਪੀ ਏ ਤੋਂ ਪੁੱਛਿਆ, "ਵੀਰ ਜੀ! ਧੰਨ ਭਾਗ ਸਾਡੇ ਜੋ ਇਹੋ ਜਿਹੇ ਸੱਜਣ ਦੇ ਦਰਸ਼ਨ ਹੋਏ ਅਤੇ ਕਿਸਮਤ ਦੇ ਧਨੀ ਨੇ ਉਹ ਮਾਪੇ, ਜਿਨ੍ਹਾਂ ਨੇ ਇਹੋ ਜਿਹੇ ਹੀਰੇ ਨੂੰ ਜਨਮ ਦਿੱਤਾ। ਬੜੇ ਖ਼ੁਸ਼ ਹੋਣਗੇ ਇਨ੍ਹਾਂ ਦੇ ਮਾਪੇ ਬੜੀ ਸੇਵਾ ਕਰਦੇ ਹੋਣਗੇ ਇਹ ਰੋਜ਼ ਉਨ੍ਹਾਂ ਦੀ"

"ਨਾ ਜੀ ਨਾ, ਕਿੱਥੇ ਟੈਮ ਮਿਲਦੈ ਇਨ੍ਹਾਂ ਨੂੰ ਉਨ੍ਹਾਂ ਦੀ ਸੇਵਾ ਕਰਨ ਦਾ।"

"ਕਿਉਂ?" ਮੈਂ ਬੜਾ ਹੈਰਾਨ ਹੋਇਆ।

"ਉਹ ਤਾਂ ਜੀ ਬੜੇ ਚਿਰ ਤੋਂ ਬਿਰਧ ਆਸ਼ਰਮ ਵਿੱਚ ਰਹਿੰਦੇ ਨੇ। ਇਨ੍ਹਾਂ ਨੂੰ ਤਾਂ ਸਮਾਗਮਾਂ ਤੋਂ ਵਿਹਲ ਨ੍ਹੀਂ ਮਿਲਦੀ ਤੇ ਇਨ੍ਹਾਂ ਦੀ ਘਰਵਾਲੀ ਸਰਕਾਰੀ ਨੌਕਰੀ ਕਰਦੀ ਐ।" ਪੀ ਏ ਦਾ ਜਵਾਬ ਸੀ।

ਮੈਂ ਦੁਨੀਆਂ ਵਿਚ ਮਖੌਟਾ ਪਹਿਨ ਕੇ ਫਿਰਦੇ ਅਜਿਹੇ ਸਮਾਜ ਸੁਧਾਰਕਾਂ ਤੋਂ ਕਿਨਾਰਾ ਕਰਨ ਬਾਰੇ ਸੋਚ ਰਿਹਾ ਸੀ।

- ਗੁਰਪ੍ਰੀਤ ਪੁਰਬਾ

ਲੜੀਵਾਰ
ਨਾਵਲ
ਕਮਲ ਗਿੱਲ



Mob : +44 07454 394684

# ਗੰਧਲੇ ਰਿਸ਼ਤੇ

## ਕਿਸ਼ਤ-12

**ਇਸੇ ਫਿਕਰ ਅੰਦਰ ਮੈਂ ਇੱਕ ਵਾਰ ਮੋਹਣ ਸਿੰਘ ਕੁੱਕੜ ਪਿੰਡੀਏ ਅੰਕਲ ਜੀ ਨੂੰ ਵੀ ਸੰਪਰਕ ਕੀਤਾ। ਕਿਉਂਕਿ ਕੈਲਾਸ਼ ਜੀ ਉਨ੍ਹਾਂ ਦੇ ਕਾਫੀ ਕਰੀਬ ਸਨ ਸੋਚਿਆ ਸ਼ਾਇਦ ਉਨ੍ਹਾਂ ਨੂੰ ਕੁੱਝ ਕੈਲਾਸ਼ ਬਾਰੇ ਪਤਾ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਕਾਫੀ ਵਰ੍ਹੇ ਪਹਿਲਾਂ ਸ਼ਾਇਦ ਕੈਲਾਸ਼ ਨੇ ਦੁਬਾਰਾ ਵਿਆਹ ਕਰਵਾ ਲਿਆ ਸੀ ਤੇ ਉਸ ਦੇ ਨਾਲ ਹੀ ਉਹ ਮਿਡਲੈਂਡ ਛੱਡ ਕੇ ਦੂਰ ਕਿਤੇ ਨਵੀਂ ਦੁਨੀਆ ਵਸਾ ਲਈ ਸੀ ਉਸ ਨੇ। ਪਰ ਉਹ ਵਾਹਲਾ ਸ਼ੋਅਰ ਨਹੀਂ ਸਨ। ਉਨ੍ਹਾਂ ਦੇ ਦੱਸਣ ਮੁਤਾਬਕ ਬਹੁਤ ਦੇਰ ਤੋਂ ਉਨ੍ਹਾਂ ਨਾਲ ਵੀ ਉਹ ਸੰਪਰਕ ਵਿੱਚ ਨਹੀਂ ਸੀ।ਜਦ ਵੀ ਉਨ੍ਹਾਂ ਦਾ ਖਿਆਲ ਮਨ 'ਚ ਆਉਂਦਾ ਮੈਂ ਇਹੀ ਸੋਚ ਮਨ ਸਮਝਾ ਲੈਂਦੀ ਕਿ ਉਹ ਆਪਣੀ ਨਵੀਂ ਦੁਨੀਆ ਵਿੱਚ ਕਿਤੇ ਬਹੁਤ ਖੁਸ਼ ਬੈਠੇ ਹਨ। ਤੇ ਉਸ ਪੁਰਾਣੀ ਜ਼ਿੰਦਗੀ ਤੋਂ ਕੋਹਾਂ ਦੂਰ ਨਿਕਲ ਗਏ ਹਨ।**

ਮੈਂ ਆਪਣਾ ਕੰਬਲ ਇੱਕਠਾ ਕਰਦਿਆਂ ਕੰਧ 'ਤੇ ਲੱਗੇ ਕਲਾਕ ਵੱਲ ਵੇਖਿਆ। ਕਲਾਕ ਦੀ ਸੂਈ ਅੱਠ ਵਜਾ ਰਹੀ ਸੀ ।

''ਉਹ ਡੋਂਟ ਵਰੀ ਬੀਰਾ, ਮੈਂ ਆਪ ਹੀ ਤੈਨੂੰ ਨਹੀਂ ਜਗਾਇਆ ਸੋਚਿਆ ਤੂੰ ਸਾਰੀ ਰਾਤ ਇਸ ਬੁੱਢੀ ਦੀਆਂ ਗੱਲਾਂ ਸੁਣ-ਸੁਣ ਬੋਰ ਹੋ ਗਈ ਹੋਵੇਂਗੀ, ਤੈਨੂੰ ਕੁੱਝ ਪਲ ਚੈਨ ਨਾਲ ਸੌਣ ਦਿੱਤਾ ਜਾਏ।''

''ਨੋ ਨੋ ਇਟਸ ਓਕੇ। ਮੈਨੂੰ ਬਹੁਤ ਵਧੀਆ ਲੱਗਾ ਤੁਹਾਡੇ ਨਾਲ ਗੱਲਾਂ ਕਰਕੇ।''

ਮੈਂ ਮੂੰਹ ਹੱਥ ਧੋਣ ਬਾਥ ਰੂਮ ਵਿੱਚ ਚਲੇ ਗਏ ਮੇਰੇ ਵਾਪਸ ਆਉਣ ਤੱਕ ਕੌਫੀ ਅਤੇ ਟੋਸਟ ਟੇਬਲ ਤੇ ਮੇਰੀ ਉਡੀਕ ਕਰ ਰਹੇ ਸਨ। ਤੇ ਕੈਲਾਸ਼ ਜੀ ਸ਼ਾਇਦ ਕੁੱਝ ਨਵਾਂ ਲਿੱਖਣ ਦੀ ਤਿਆਰੀ ਚ ਪੈੱਨ ਪੇਪਰ ਤਿਆਰ ਕਰ ਰਹੇ ਸਨ । ਮੈਂ ਬ੍ਰੇਕਫਾਸਟ ਕਰਕੇ ਕੈਲਾਸ਼ ਜੀ ਦਾ ਦਿਲੋਂ ਧੰਨਵਾਦ ਕਰਕੇ ਉਨ੍ਹਾਂ ਨੂੰ ਘੁੱਟ ਕੇ ਗਲੱਵੱਕੜੀ ਪਾ ਕੇ ਅਲਵਿਦਾ ਆਖ ਉਹਨਾਂ ਦੇ ਘਰੋਂ ਆਪਣੇ ਘਰ ਵੱਲ ਨੂੰ ਤੁਰ ਪਈ ।

ਅੱਜ ਆਫਿਸ ਜਾਣ ਦਾ ਬਿਲਕੁਲ ਮਨ ਨਹੀਂ ਸੀ। ਸ਼ਾਇਦ ਕੈਲਾਸ਼ ਦਾ ਮਨ ਗੱਲਾਂ ਕਰ ਕੇ ਬਹੁਤ ਹਲਕਾ ਹੋ ਗਿਆ ਸੀ ਪਰ ਮੇਰਾ ਮਨ ਬਹੁਤ ਭਾਰੀ ਹੋ ਗਿਆ ਸੀ। ਔਰਤ ਖਾਲੀ ਪਲਾਟ ਵਾਂਗ ਜਾਪ ਰਹੀ ਸੀ ਜਿਸ 'ਤੇ ਹਰ ਕੋਈ ਆਪਣਾ ਹੱਕ ਜਮਾਉਣਾ ਚਾਹੁੰਦਾ ਹੈ। ਪਰ ਮੈਂ ਸੱਚੀ ਚਾਹੁੰਦੀ ਸਾਂ ਕਿ ਕੈਲਾਸ਼ ਆਪਣੀ ਜ਼ਿੰਦਗੀ ਨੂੰ ਇੱਕ ਮੌਕਾ ਦੁਬਾਰਾ ਜ਼ਰੂਰ ਦੇਵੇ।

ਇਨ੍ਹਾਂ ਸੋਚਾਂ 'ਚ ਡੁੱਬੀ ਤੇ ਕਦ ਘਰ ਆ ਗਿਆ ਪਤਾ ਹੀ ਨਹੀਂ ਲੱਗਾ। ਨਹਾ ਧੋ ਕੇ ਮੈਂ ਆਫਿਸ ਵੱਲ ਤੁਰ ਪਈ ਤੇ ਰਾਹ ਵਿੱਚ ਵੀ ਮੈਂ ਕੈਲਾਸ਼ ਬਾਰੇ ਹੀ ਸੋਚਦੀ ਰਹੀ।

ਸ਼ਾਇਦ ਉਹ ਇੱਕ ਹੋਰ ਕਹਾਣੀ ਲਿੱਖਣ 'ਚ ਰੁੱਝ ਗਏ ਹੋਣਗੇ ।

ਮੇਰੀ ਜ਼ਿੰਦਗੀ ਵੀ ਆਪਣੀ ਲੀਹੇ ਪੈ ਗਈ ਕੰਮ ਤੋਂ ਘਰ ਤੇ ਘਰ ਤੋਂ ਕੰਮ। ਦੇਖਦਿਆਂ-ਦੇਖਦਿਆ ਕਿੰਨੇ ਮਹੀਨੇ ਬੀਤ ਗਏ। ਕੈਲਾਸ਼ ਜੀ ਦਾ ਇੱਕ ਨਵਾਂ ਨਾਵਲ ਛਪ ਕੇ ਮਾਰਕੀਟ ਵਿੱਚ ਆ ਗਿਆ ਸੀ ਮੈਂ ਵੀ ਇਕ ਕਾਪੀ ਖਰੀਦ ਕੇ ਲੈ ਕੇ ਆਈ ਅਤੇ ਉਨ੍ਹਾਂ ਨੂੰ ਫੂਨ ਕਰਕੇ ਵਧਾਈ ਵੀ ਦਿੱਤੀ। ਪਾਠਕਾਂ ਨੇ ਉਨ੍ਹਾਂ ਦਾ ਨਵਾਂ ਨਾਵਲ 'ਗੂੜੀਆਂ ਪ੍ਰੀਤਾਂ'' ਬਹੁਤ ਪੰਸਦ ਕੀਤਾ।

ਬਹੁਤ ਸਾਰੀਆਂ ਅਖਬਾਰਾਂ, ਰਸਾਲਿਆ 'ਚ ਉਹ ਨਾਵਲ ਚਰਚਾ 'ਚ ਰਿਹਾ। ਮੈਂ ਵੀ ਪਰਸਨਲੀ ਨਾਵਲ ਪੜ੍ਹ ਕੇ ਉਸ ਦੇ ਰਿਵੀਊ ਦਿੱਤੇ ।

ਤਕਰੀਬਨ ਵਰ੍ਹਾਂ ਬੀਤ ਚੱਲਿਆ ਸੀ ਸਾਡੀ ਮੁੜ ਮੁਲਾਕਾਤ ਨਾ ਹੋ ਸਕੀ ਮੈਂ ਜਦ ਵੀ ਫੂਨ ਕਰਦੀ ਉਹ ਆਪਣੇ ਬੇਟੇ ਨਾਲ ਬਾਹਰ ਘੁੰਮਣ ਗਏ ਹੁੰਦੇ। ਉਨ੍ਹਾਂ ਦਾ ਬੇਟਾ ਤਾਜ ਯੂਨੀ ਤੋਂ ਵਾਪਸ ਆ ਗਿਆ ਸੀ। ਉਨ੍ਹਾਂ ਨੇ ਇੱਕ ਦਿਨ ਮੈਨੂੰ ਫੂਨ 'ਤੇ ਦੱਸਿਆ ਸੀ ਕਿ ਉਨ੍ਹਾਂ ਦੇ ਮਾਤਾ ਜੀ ਇੱਥੇ ਯੂਕੇ ਆਏ ਹੋਏ ਹਨ। ਉਨ੍ਹਾਂ ਨੇ ਇੱਕ-ਦੋ ਵਾਰ ਮੈਨੂੰ ਮਿਲਣ ਲਈ ਸੱਦਿਆ ਵੀ ਪਰ ਉਸ ਸਮੇਂ ਮੈਂ ਕੰਮ ਦੇ ਸਿਲਸਿਲੇ ਚ ਆਊਟ ਔਫ ਕੰਟਰੀ ਸੀ।

ਮੈਨੂੰ ਲੱਗ ਰਿਹਾ ਸੀ ਕਿ ਉਹ ਕਾਫੀ ਬਿਜੀ ਸਨ ਹੁਣ ਆਪਣੀ ਲਾਈਫ ਵਿੱਚ। ਉਨ੍ਹਾਂ ਦੀ ਜ਼ਿੰਦਗੀ ਵਿੱਚ ਕਿਸੇ ਸਾਥੀ ਦੀ ਆਮਦ ਵੀ ਹੋ ਗਈ ਸੀ, ਹਾਲੇ ਮਾੜੀ-ਮੋਟੀ ਕੋਈ ਗਲਬਾਤ ਚੱਲ ਰਹੀ ਸੀ, ਉਹਨਾਂ ਨੇ ਇੱਕ ਵਾਰ ਹੱਸਦਿਆਂ-ਹੱਸਦਿਆਂ ਮੈਨੂੰ ਫੂਨ 'ਤੇ ਦੱਸਿਆ ਸੀ ਕਿ ਬੀਰਾ ਮੇਰੀ ਮਾਂ ਅਤੇ ਬੇਟੇ ਦੀ ਜ਼ਿੱਦ ਅੱਗੇ ਮੈਂ ਹਾਰ ਮੰਨ ਲਈ ਹੈ। ਉਹ ਕਾਫੀ ਖੁਸ਼ ਸਨ।

ਮੁੜ ਬਹੁਤ ਵਾਰ ਟ੍ਰਾਈ ਕਰਨ 'ਤੇ ਵੀ ਮੇਰੀ ਉਨ੍ਹਾਂ ਨਾਲ ਗੱਲ ਨਾ ਹੋ ਸਕੀ ।

ਮੈਂ ਅਤੇ ਰਵੀ ਨੇ ਪੈਸੇ ਜੋੜ ਬਰਮਿੰਘਮ ਵਿੱਚ ਹੀ ਤਿੰਨ ਬੈੱਡਰੂਮ ਦਾ ਘਰ ਲੈ ਲਿਆ ਸੀ ਅਤੇ ਸਧਾਰਣ ਸਿੰਪਲ ਤਰੀਕੇ ਨਾਲ ਗਰੁ ਘਰ ਵਿਖੇ ਅਸੀਂ ਦੋਹਾਂ ਨੇ ਕੁੱਝ ਕੁ ਰਿਸ਼ਤੇਦਾਰ ਸੱਦ ਕੇ ਵਿਆਹ ਵੀ ਕਰਾ ਲਿਆ ਸੀ । ਮੇਰੀ ਬੜੀ ਰੀਝ ਸੀ ਕਿ ਸਾਡੇ ਵਿਆਹ 'ਚ ਉਹ ਮਹਾਨ ਔਰਤ ਕੈਲਾਸ਼ ਵੀ ਸ਼ਮਿਲ ਹੋਏ ਪਰ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਰਿਹਾ ਸੀ ।

ਰੱਬ ਦੀ ਮਰਜ਼ੀ ਜਦ ਉਹ ਮੈਨੂੰ ਲੱਭਦੇ ਮੈਂ ਆਊਟ ਔਫ ਕੰਟਰੀ ਗਈ ਹੁੰਦੀ ਤੇ ਜਦ ਮੈਂ ਲੱਭਦੀ ਤਾਂ ਉਹ ਨਾ ਮਿਲਦੇ।

ਸ਼ਾਇਦ ਇਹ ਬਾਹਰਲੇ ਮੁਲਕ ਦੀ ਬਿਜ਼ੀ ਲਾਈਫ ਦੇ ਹੀ ਸਾਈਡ ਇਫੈਕਟ ਸਨ । ਖੈਰ ਮੇਰੀ ਤੇ ਰਵੀ ਦੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੋ ਗਈ ਸੀ। ਹੁਣ ਅਸੀਂ ਦੋਸਤ, ਫਿਔਨਸੀ ਜਾਂ ਜਾਣਕਾਰ ਨਹੀਂ ਸਗੋ ਪਤੀ-ਪਤਨੀ ਸਾਂ। ਰਵੀ ਕਵੈਂਟਰੀ 'ਚ ਇੱਕ ਬਹੁਤ ਵੱਡੀ ਫੂਡ ਸਪਲਾਇਰ ਗੋਰਿਆਂ ਦੀ ਕੰਪਨੀ 'ਚ ਐਜ ਏ ਮੈਨਜਰ ਕੰਮ ਕਰਦੇ ਸਨ। ਕੰਮ ਸ਼ਿਫਟਾਂ ਦਾ ਸੀ, ਬਹੁਤ ਬਿਜ਼ੀ ਜੌਬ ਸੀ ਪਰ ਪੇਅ ਵੀ ਕਾਫੀ ਸੀ ਤੇ ਮੇਰੀ ਉਹੀ ਜੌਬ ਸੀ ਹਾਲੇ ਵੀ ਲਿਖਤ ਪੜਤ ਦੀ.... ਹਾ...ਹਾ...ਹਾ ਭਾਵ ਜਨਰਲਸਿਟ ।

ਰਵੀ ਅਕਸਰ ਕਹਿੰਦੇ ਸਨ ਤੇਰਾ ਕੰਮ ਸੌਖਾ ਲਿਖਤ-ਪੜ੍ਹਤ ਦਾ । ਤੂੰ ਤਾਂ ਮੁਨੀਮ ਹੈ ਮੁਨੀਮ।

ਅਸੀਂ ਤਕਰੀਬਨ ਹਰ ਸਾਲ ਇੱਕ ਵਾਰ ਆਊਟ ਆਫ ਕੰਟਰੀ ਜ਼ਰੂਰ ਘੁੰਮਣ ਜਾਂਦੇ। ਸਾਡੇ ਵਿਆਹ ਨੂੰ ਨੌ ਸਾਲ ਤੋਂ ਉੱਪਰ ਸਮਾਂ ਹੋ ਚੱਲਿਆ ਸੀ। ਅਸੀਂ ਦੋਵੇਂ ਅੱਜ ਵੀ ਪਤੀ-ਪਤਨੀ ਤੋਂ ਜ਼ਿਆਦਾ ਪਹਿਲਾਂ ਵਾਲੇ ਚੰਗੇ ਦੋਸਤ ਸਾਂ, ਦੋਹਾਂ ਵਿੱਚ ਬਹੁਤ ਅੰਡਰਸਟੈਂਡਿੰਗ ਸੀ।

ਪਿਛਲੇ ਗਿਆਰਾਂ ਵਰ੍ਹਿਆਂ ਤੋਂ ਮੇਰਾ ਕੈਲਾਸ਼ ਜੀ ਨਾਲ ਕੋਈ ਸੰਪਰਕ ਨਹੀਂ ਹੋਇਆ ਸੀ ਮੈਂ ਬਹੁਤ ਟ੍ਰਾਈ ਕੀਤੀ ਉਹਨਾਂ ਨੂੰ ਲੱਭਣ ਦੀ ਪਤਾ ਨਹੀਂ ਉਹ ਕਿੱਥੇ ਗੁੰਮ ਹੋ ਗਏ ਸਨ।

ਬਹੁਤ ਸਾਲਾਂ ਤੋਂ ਨਾ ਕਿਤੇ ਉਨ੍ਹਾਂ ਦੀ ਕੋਈ ਲਿਖਤ ਛੱਪਦੀ, ਨਾ ਕੋਈ ਨਵੀਂ ਬੁੱਕ ਰਿਲੀਜ਼ ਹੋ ਰਹੀ ਸੀ। ਬਸ ਪੂਰੀ ਤਰ੍ਹਾਂ ਗਾਇਬ ਹੀ ਸਨ। ਬਹੁਤ ਵਾਰ ਮੈਨੂੰ ਉਨ੍ਹਾਂ ਦਾ ਫਿਕਰ ਹੁੰਦਾ ਕਿ ਠੀਕ ਵੀ ਹੋਣਗੇ।

ਇਸੇ ਫਿਕਰ ਅੰਦਰ ਮੈਂ ਇੱਕ ਵਾਰ ਮੋਹਣ ਸਿੰਘ ਕੁੱਕੜ ਪਿੰਡੀਏ ਅੰਕਲ ਜੀ ਨੂੰ ਵੀ ਸੰਪਰਕ ਕੀਤਾ। ਕਿਉਂਕਿ ਕੈਲਾਸ਼ ਜੀ ਉਨ੍ਹਾਂ ਦੇ ਕਾਫੀ ਕਰੀਬ ਸਨ ਸੋਚਿਆ ਸ਼ਾਇਦ ਉਨ੍ਹਾਂ ਨੂੰ ਕੁੱਝ ਕੈਲਾਸ਼ ਬਾਰੇ ਪਤਾ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਕਾਫੀ ਵਰ੍ਹੇ ਪਹਿਲਾਂ ਸ਼ਾਇਦ ਕੈਲਾਸ਼ ਨੇ ਦੁਬਾਰਾ ਵਿਆਹ ਕਰਵਾ ਲਿਆ ਸੀ ਤੇ ਉਸ ਦੇ ਨਾਲ ਹੀ ਉਹ ਮਿਡਲੈਂਡ ਛੱਡ ਕੇ ਦੂਰ ਕਿਤੇ ਨਵੀਂ ਦੁਨੀਆ ਵਸਾ ਲਈ ਸੀ ਉਸ ਨੇ। ਪਰ ਉਹ ਵਾਹਲਾ ਸ਼ੋਅਰ ਨਹੀਂ ਸਨ। ਉਨ੍ਹਾਂ ਦੇ ਦੱਸਣ ਮੁਤਾ-ਬਕ ਬਹੁਤ ਦੇਰ ਤੋਂ ਉਨ੍ਹਾਂ ਨਾਲ ਵੀ ਉਹ ਸੰਪਰਕ ਵਿੱਚ ਨਹੀਂ ਸੀ।ਜਦ ਵੀ ਉਨ੍ਹਾਂ ਦਾ ਖਿਆਲ ਮਨ 'ਚ ਆਉਂਦਾ ਮੈਂ ਇਹੀ ਸੋਚ ਮਨ ਸਮਝਾ ਲੈਂਦੀ ਕਿ ਉਹ ਆਪਣੀ ਨਵੀਂ ਦੁਨੀਆ ਵਿੱਚ ਕਿਤੇ ਬਹੁਤ ਖੁਸ਼ ਬੈਠੇ ਹਨ। ਤੇ ਉਸ ਪੁਰਾਣੀ ਜ਼ਿੰਦਗੀ ਤੋਂ ਕੋਹਾਂ ਦੂਰ ਨਿਕਲ ਗਏ ਹਨ।

ਸਮਾਂ ਆਪਣੀ ਚਾਲੇ ਅੱਗੇ ਵੱਧ ਰਿਹਾ ਸੀ ਅਸੀ ਮੀਆਂ ਬੀਵੀ ਕੰਮਾਂ ਕਾਰਾ 'ਚ ਉਲਝੇ ਭੱਜੇ ਫਿਰਦੇ ਸਾਂ। ਤਿੰਨ ਬੈੱਡ ਰੂਮ ਦਾ ਘਰ ਵੇਚ ਕੇ ਚਾਰ ਬੱਡ ਰੂਮ ਵਾਲਾ ਖਰੀਦ ਲਿਆ ਸੀ। ਪਰ ਉਸ 'ਚ ਰਹਿਣ ਵਾਲੇ ਜੀ ਹਾਲੇ ਵੀ ਅਸੀਂ ਦੋ ਹੀ ਸਾਂ ।

ਬਹੁਤ ਦੇਰ ਦਾ ਮਨ ਸੀ ਕਿ ਕਿਤੇ ਬਾਹਰ ਘੁੰਮਣ ਜਾਇਆ ਜਾਵੇ। ਇਸ ਵਾਰ ਅਸੀਂ ਸਾਲ ਤੋਂ ਉੱਪਰ ਹੋ ਗਿਆ ਕਿਤੇ ਬਾਹਰ ਗਏ ਨਹੀਂ ਸੀ। ਪਤੀ ਦੇਵ ਨੂੰ ਆਖਦੀ ਤਾਂ ਉਹ ਕੰਮ ਵਿਚ ਬਿਜ਼ੀ ਨਹੋਣ ਕਰਕੇ ਹਾਮੀ ਨਾ ਭਰ ਪਾਉਂਦੇ ਮੈਂ ਵੀ ਸਮਝ ਸਕਦੀ ਸੀ ਉਨ੍ਹਾਂ ਦੇ ਕੰਮ ਦਾ ਸ਼ਡਿਊਲ ਬਹੁਤ ਬਿਜ਼ੀ ਚੱਲ ਰਿਹਾ ਸੀ। ਇਸ ਵਾਰ ਮੈਂ ਆਪ ਹੀ ਇਕੱਲਿਆਂ ਘੁੰਮਣ ਜਾਣ ਦਾ ਮਨ ਬਣਾ ਲਿਆ ਉਨ੍ਹਾਂ ਨਾਲ ਗੱਲ ਕੀਤੀ ਤੇ ਉਨ੍ਹਾਂ ਨੇ ਫਟਾ-ਫਟ ਮੇਰੀ ਟਿਕਟ ਵੀ ਕਰਾ ਦਿੱਤੀ




ਮੇਰੀ ਪਸੰਦੀਦਾ ਜਗ੍ਹਾ ਦੀ ਤੇ 10 ਦਿਨਾਂ ਦਾ ਪੈਕੇਜ ਬੁੱਕ ਕਰਾ ਕੇ ਮੇਰੇ ਹੱਥ ਫੜਾ ਦਿੱਤਾ। ਇਨ੍ਹਾਂ ਕੰਮਾਂ ਨੂੰ ਉਹ ਬਹੁਤ ਸ਼ੋਹਲੇ ਸਨ ।

''ਲੈ ਖੁਸ਼ ਹੈ ਹੁਣ ਜਾ ਘੁੰਮ ਫਿਰ ਆ ਤੇ ਆਪਣੇ ਕਿਸੇ ਨਵੇਂ ਪ੍ਰਜੈਕਟ 'ਤੇ ਵੀ ਦੱਬ ਕੇ ਕੰਮ ਕਰ ਆਵੀਂ।'' ਹੱਸਦਿਆਂ ਹੱਸਦਿਆਂ ਰਵੀ ਨੇ ਕਿਹਾ।''

ਅੱਜ-ਕੱਲ ਮੈਂ ਵੀ ਅੱਲਗ-ਅੱਲਗ ਵਿਸ਼ਿਆਂ 'ਤੇ ਲਿੱਖ ਰਹੀ ਸੀ, ਨਵਾਂ ਐਕਸਪੈਰੀਮੈਂਟ ਕਰ ਰਹੀ ਸੀ ਆਪਣੀ ਫੀਲਡ ਲਈ ।

ਖੈਰ ਮੈਂ ਲਫਾਫਾ ਖੋਲ ਕੇ ਦੇਖਿਆ ਤਾਂ ਮੇਰਾ ਚਾਅ ਦੁੱਗਣਾ ਹੋ ਗਿਆ। ਵਾਹ! ਇਹ ਸੱਚੀ ਮੇਰੀ ਪਸੰਦੀਦਾ ਜਗ੍ਹਾ ਦਾ ਪੈਕੇਜ ਸੀ ਲੈਂਜ਼ਰੋਟੀ-ਸਪੇਨ ਦੇ ਕਨੇਰੀ ਆਈਲੈਂਡ ਦਾ। ਇਹ ਹਮੇਸ਼ਾ ਤੋਂ ਹੀ ਮੇਰੇ ਮਨ ਦੇ ਕਰੀਬ ਰਿਹਾ ਸੀ ਲੈਜਰੋਟੀ ਦਾ ਨਾਮ ਪੇਪਰ 'ਤੇ ਦੇਖ ਮੈਨੂੰ ਇੱਕ ਦਮ ਕੈਲਾਸ਼ ਜੀ ਦਾ ਚੇਤਾ ਆ ਗਿਆ ਉਨ੍ਹਾਂ ਦੀ ਪੰਸਦੀਦਾ ਜਗ੍ਹਾ ਵੀ ਇਹੀ ਹੀ ਸੀ ।

ਖੈਰ ਮੇਰਾ ਮਨ ਥੋੜ੍ਹਾ ਉਦਾਸ ਸੀ ਕਿ ਕੱਲਿਆਂ ਚੱਲੀ ਹਾਂ ਰਵੀ ਤੋਂ ਬਿਨਾਂ, ਪਰ ਮੈਂ ਉਨ੍ਹਾਂ ਦੀ ਮਜ਼ਬੂਰੀ ਸਮਝਦੀ ਸੀ ਉਹ ਕੰਮ ਤੋਂ ਇੰਨੀਆਂ ਛੁੱਟੀਆਂ ਨਹੀਂ ਲੈ ਸਕਦੇ ਸਨ।

ਮੇਰਾ ਕੰਮ ਇਸ ਤਰ੍ਹਾਂ ਦਾ ਸੀ ਕਿ ਅਕਸਰ ਮੈਂ ਇਕੱਲੀ ਟਰੈਵਲ ਕਰਦੀ ਸਾਂ। ਸੋ ਮਨ ਸਮਝਾ ਲਿਆ। ਉਂਝ ਵੀ ਸਾਡੇ ਦੋਹਾਂ ਮੀਆਂ-ਬੀਵੀ 'ਚ ਬਹੁਤ ਅੰਡਰਸਡੈਂਡਿੰਗ ਸੀ। ਚਾਰ ਦਿਨਾਂ ਬਾਅਦ ਮੇਰੀ ਬਰਮਿੰਘਮ ਏਅਰਪੋਰਟ ਤੋਂ ਫਲਾਈਟ ਸੀ। ਰਵੀ ਨੇ ਮੈਨੂੰ ਏਅਰਪੋਰਟ ਤੋਂ ਡਰੋਪ ਕੀਤਾ ਤੇ ਮੈਂ ਫਲਾਈਟ ਫੜ ਕੇ ਆਪਣੇ ਸੁਪਨਿਆਂ ਦੇ ਆਈਲੈਂਡ ਲੈਂਜਰੋਟੀ ਜਾ ਪਹੁੰਚੀ।

ਜਹਾਜ਼ ਲੈਂਡ ਕਰਨ ਵਾਲਾ ਸੀ। ਉਪਰੀ ਲੈਂਜਰੋਟੀ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕਿਸੇ ਮੁਟਿਆਰ ਨੇ ਚਿੱਟਾ ਸੂਟ ਪਾ ਕੇ ਨੀਲੀ ਚੁੰਨੀ ਲਈ ਹੋਵੇ ਜਿਸ ਦੇ ਵਿਚ-ਵਿਚ ਕੋਈ ਕੋਈ ਹਰੀ ਬੂਟੀ ਦਾ ਡਿਜ਼ਾਈਨ ਹੋਵੇ। ਬਹੁਤ ਹੀ ਖੂਬਸੂਰਤ ਆਈਲੈਂਡ।

ਚਲਦਾ....

TAIL PIECE
Dalip Singh Wasan,
Advocate
Email : dalipsinghwassan@yahoo.co.in

# Contesting groups must know problems of each constituency

Here in India the people are just used as voters and all the candidates are selected and nominated by the contesting groups. Though all members in the Parliament are representatives of the people, yet they actually just support the group which nominated them. Till date none of the contesting groups could announce that the members in Parliament shall be representatives of the people and shall bring in the House the problems of the area from which they have come.

Therefore, let the contesting groups themselves take responsibility to know and solve the problems of each constituency through these members. Therefore, while selecting the candidates for each constituency, they must keep in mind the ability of the candidate and must tell the people that their candidates from such and such constituency shall join and shall try to solve such and such problems jointly in the Parliament. This process too must be kept in mind while choosing candidates for state legislative assemblies.

Our country is one unit and even problems too are common. This democracy had been established here just to solve the problems of the people because prior to independence and establishment of this democracy, this country had been slave and none had tried to solve the problems of the people. We know problem like poverty needs immediate solution and if not solved immediately, poverty starts continuing breeding poverty and on this principle not less than two-third population has become poor.

Contesting groups must understand that they are not opposing each other in the Parliament, but are all public servants and must work jointly for the solution of problems of the people. Parliament is one supreme authority and must work jointly and forget contest durting the tenure.

The people have got no interest in the groups and they take all as representatives of the people and choose from the candidates best suited to them. People believe in the candidate and not in the party or group who has chosen him.

**Science and Technology brought better employment facilities and opportunities-Prime Minister Modi**

Our Prime Minister, Narenedra Modi jee talks on the subject of introduction of science and technology in this country and also says that science and technology did not decrease employ6ment opportunities in this country. He claims that science and technology brought big industrial units and these units could provide better employment situations to the workers. They get regular jobs, regular pay, proper wages fixsed under Labour Laws, medical facilities, pension and other compensations.

Machineries have been introduced most of the manual labour is now carried out by machines and man only supervises and directs the machines as per prescribed system. When we talk of development in our country we talk of establishment of mjore corporate houses and even we are planning such corporate units in cooperative sector too and soon we shall be covering our rural areas too and unemployment in rural area shall be a thing of the past.

We have noted that even our farming is now dependent on science and technology and tomorrow we shall enter in field of prearing all diet items with help of science and technology giving whosome diets to the people for better health.

When Mr. Modi talks of development in this country, much of our achievements are based on science and technology and much credit could be given to corporate houses who are coming forward to establish big industriqal units in this country creating more employment facilities and people are getting better facilities, regular pay, and other allowances including pension.

At an earlier stage Mr. Modi was talking on export of raw materials from this country and suggested that instead of exporting raw material to other countries, let convert raw material into production of items so that more facilities of employment could be established in this country.

Workment working with machinery hafve raised their social status and even life style has been upgraded.

**IN DEMOCRACY PEOPLE MUST SPEAK THROUGH THEIR REPRESENTATIVES**

We are a democracy and thousands of our representatives are present in the Parliament and in other state level legislative assemblies. The agitations on roads have become things of the past when we were slaves.

These Houses are Houses of the people and if there is a demand, people should speak through their representatives. There is no need of agitating against the government because when our own people are sitting in Parliament and in other legislative houses, they must see what should be done. These houses have been established only to solve the problem and each member must be alive and see what is happening outside the Houes.

Here in India we spend much time, energy, money on elections and choose our representatives and we see these people are totally silent when people are on agitation. The agitators are directly approaching the government and when their demands are not accepted, they are prolonging agitation and even hunger strikes are there. People often disturb peace of the country and even normal life of people is disturbed.

In spite of all these disturbances, members in Parliament and in other legislative houses remain untouched and there is no indication from their side that they could bring the matter in House. Such silence in a democracy violates the basic principles of democracy. Even oppositiobns are silent and not coming forward to speak on behalf of the agitators.

In our country farmers are on agitation and prolonging agitation has entered into phase of hunger strike. At one stage Farms Bills were duly passed and then had been withdrawn too and we saw all the members kept silence and only one man the Prime Minister was functioning. This time too all the members are silent and though they are working on a Bill, they too are not requesting the farmers to stop agitation and wait for the Bill.

We hope that these situations coming up in our country are not good and must be avoided. Let the oppositions must come forward and request the farmers of break hunger strike and strike on roads and wait for the introduction of the Farms Bill by the oppositions. If the whole House cannot become representative of the people, let the opposition may take up responsibility and bring peace in the country.

## ਮਹਾਂਕੁੰਭ ਮ੍ਰਿਤਯੂ ਕੁੰਭ ਵਿਚ ਤਬਦੀਲ ਹੋਇਆ: ਮਮਤਾ ਬੈਨਰਜੀ



ਕੋਲਕਾਤਾ,- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਨੂੰ ਦਾਅਵਾ ਕੀਤਾ ਕਿ ਹਾਲ ਹੀ ਵਿੱਚ ਹੋਈਆਂ ਭਗਦੜ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਮਹਾਂਕੁੰਭ ਮ੍ਰਿਤਯੂ ਕੁੰਭ ਵਿੱਚ ਬਦਲ ਗਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਧਾਰਮਿਕ ਆਸਥਾ ਦੇ ਇਸ ਵਿਸ਼ਾਲ ਇਕੱਠ ਦੌਰਾਨ ਭਗਦੜ ਕਰਕੇ ਮਰਨ ਵਾਲਿਆਂ ਦੀ ਅਸਲ ਗਿਣਤੀ ਨੂੰ ਦਬਾ ਦਿੱਤਾ ਗਿਆ ਹੈ। ਚੇਤੇ ਰਹੇ ਕਿ ਪਿਛਲੇ ਮਹੀਨੇ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ ਭਗਦੜ ਵਿੱਚ ਘੱਟੋ-ਘੱਟ 30 ਲੋਕਾਂ ਦੀ ਮੌਤ ਹੋ ਗਈ ਸੀ ਅਤੇ 60 ਜ਼ਖਮੀ ਹੋ ਗਏ ਸਨ ਜਦੋਂ ਕਿ ਨਵੀਂ ਦਿੱਲੀ ਰੇਲਵੇ ਸਟੇਸ਼ਨ ਤੇ ਪਿਛਲੇ ਦਿਨੀਂ ਮਚੀ ਭਗਦੜ ਵਿੱਚ 18 ਲੋਕਾਂ ਦੀ ਜਾਨ ਜਾਂਦੀ ਰਹੀ ਸੀ। ਬੈਨਰਜੀ ਨੇ ਬੰਗਾਲ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ, ਮਹਾਂਕੁੰਭ ਮ੍ਰਿਤਯੂ ਕੁੰਭ ਵਿਚ ਬਦਲ ਗਿਆ ਹੈ। ਉਨ੍ਹਾਂ (ਭਾਜਪਾ ਸਰਕਾਰ) ਨੇ ਗਿਣਤੀ ਘਟਾਉਣ ਲਈ ਸੈਂਕੜੇ ਲਾਸ਼ਾਂ ਲੁਕਾਈਆਂ ਹਨ। ਉਨ੍ਹਾਂ ਭਗਵਾ ਪਾਰਟੀ ਦੇ ਵਿਧਾਇਕਾਂ ਨੂੰ ਨਿਸ਼ਾਨਾ ਬਣਾਉਂਦਿਆਂ ਦਾਅਵਾ ਕੀਤਾ ਕਿ, ਭਾਜਪਾ ਵਿਧਾਇਕ ਮੇਰਾ ਸਾਹਮਣਾ ਕਰਨ ਤੋਂ ਡਰਦੇ ਹਨ ਅਤੇ ਇਸੇ ਲਈ ਜਦੋਂ ਵੀ ਮੈਂ ਬੋਲਦੀ ਹਾਂ ਤਾਂ ਉਹ ਸਦਨ ਦਾ ਬਾਈਕਾਟ ਕਰਦੇ ਹਨ।

# ਨਿਰਣਾਂ

**ਬਲਵਿੰਦਰ ਕੌਰ ਚਾਹਲ ਸਾਊਥਾਲ**



ਦਿਨ ਗਿਣਤੀ ਦੇ, ਪੰਥ ਮਿਣਤੀ ਦੇ ਭੱਜੇ ਜਾਈਦਾ ਹੈ ਨੱਠੇ ਆਈਦਾ ਕੰਮ ਅਧੂਰੇ, ਖਰਚੇ ਪੂਰੇ ਦੁੱਖੀ ਤਣਾਅ ਵਿਚ ਕਦੇ ਸਰਕਾਰ ਕਦੇ ਪ੍ਰਸ਼ਾਸ਼ਣ, ਮਹਿਕਮੇ ਯਾ ਬਸ ਪੰਜਾਬ ਵਿਚ ਹੈ ਕੀ ਕੁਝ ਨੀ, ਨਾ ਦੇਖਿਆ ਨਾ ਭੁੱਲਿਆ ਸੁਣਿਆ ਸੁਣਾਇਆ ਆ ਕੇ ਭੰਡਣ ਲੱਗ ਜਾਈਦਾ ਹੈ। ਚਲੋ ਬੰਦੇ ਤਾਂ ਆਪਾਂ ਸਭ ਉਹੀ ਹਾਂ ਸਭ ਥਾਂਈਂ ਪਰ੍ਹਾਂ ਸਿੱਟਾਂ ਉਹ ਜੰਜ਼ਾਲ ਜੋ ਖੁਸ਼ੀ ਮਿਲੀ ਉਹ ਸਾਂਝੀ ਕਰਾਂ, ਬੜੇ ਸਾਲਾਂ ਦੀ ਗੁਹਾਰਾਂ ਲਾਉਂਦੀ ਸੀ ਘਰਦੀ ਸਬਜ਼ੀ ਬੀਜਿਆ ਕਰੋ ਚਚੇਰੇ ਭਤੀਜੇ ਦੀ ਬੜੀ ਖੇਤੀ ਭਈਆਂ ਦੇ ਸਿਰ ’ਤੇ ਆਪ ਸਰਪੰਚ ਦਾ ਸੱਜਾ ਹੱਥ ਪਿਤਾ ਬਸ ਦੇਖਭਾਲ ਤੇ ਭਈਏ ਨੇ ਸਵੇਰੇ ਟੋਕਰੀ ਤਾਜ਼ੀ ਸਬਜ਼ੀ ਦੀ ਲਿਆ ਧਰਨੀ ਹਰ ਰੋਜ਼ ਖਾ ਤਾਂ ਇੰਨੀ ਕਿੱਥੇ ਹੋਣੀ ਸੀ, ਪਰ ਦੇਖ ਕੇ ਖਿੜ ਜਾਣਾ ਬਾਕੀ ਤਾਂ ਕੰਮ ਵਾਲੀ ਨੂੰ ਦੇ ਦੇਣੀ। ਇਕ ਦਿਨ ਕਿੱਲੇ ਵਿੱਚ ਬੀਜੀ ਨੂੰ ਦੇਖਣ ਚਲੇ ਗਏ ਰਹਿਣ ਵਾਲੇ ਕੁਆਟਰ ਭੀ ਨਾਲ ਬਣਾਏ ਸਨ। ਮੰਜਾ ਡਾਹ ਕੇ ਬੈਠ ਗਏ ਤਹਿ ਲਗ ਗਈ, ਸੱਜੇ ਪਾਸੇ ਸਰੋਂ ਦਾ ਸਾਗ, ਪਾਲਕ, ਮੇਥੇ ਧਨੀਆ, ਮੂਲੀਆ, ਸ਼ਲਗਮ, ਗਾਜਰਾਂ, ਲਸਣ, ਗੰਡੇ, ਗਈਆਂ ਦੀ ਤਰ੍ਹਾਂ ਖੱਬੇ ਪਾਸੇ ਗੋਭੀ ਜੋ ਕਦੇ ਸਵਾ ਕੁ ਫੁੱਟ ਉੱਚੀ ਤਾਂ ਦੇਖੀ ਸੀ, ਪਰ ਇਹ ਤਾਂ ਦੋ ਫੁੱਟ ਤੋਂ ਉੱਚੀ ਵਿੱਚ ਕਿਲੋ ਤੋਂ ਵੱਧ ਫੁੱਲ ਤੇ ਲੱਗੇ ਜਿਮੇ ਗੱਲਾਂ ਕਰਦਾ ਏ ਫੇਰ ਬੈਂਗਣ, ਛੋਟੇ ਛੋਟੇ ਕੱਦੂ, ਭਿੰਡੀ ਤੋਰੀ, ਟਮਾਟਰ, ਅਗਾਂਹ ਹੋਰ ਜਗਾੜ ਗਰਮੀਆਂ ਦੀ ਤਿਆਰੀ ਬੈਠਣ ਤੋਂ ਤਾਂ ਉੱਠਣ ਨੂੰ ਦਿਲ ਨਾ ਕਰੇ। ਹਰ ਰੋਜ਼ ਤਾਂ ਝਮੇਲਿਆ ਕਰਕੇ ਜਾ ਹੀ ਨਾ ਹੋਣਾ ਇਹ ਠੀਕ ਹੈ ਕਿ ਜੋ ਕੰਮ ਚਾਰ ਕੁ ਘੰਟਿਆਂ ਵਿਚ ਹੋ ਜਾਣੇ, ਉਹਨੂੰ ਚਾਰ ਦਿਨ ਦਫ਼ਤਰ ਮਹਿਕਮੇ ਤਾਂ ਹੁਣ ਇੱਥੇ ਭੀ ਇਹੀ ਹਾਲ ਹੈ ਲੈਣ ਦੇਣ ਵਾਲਿਆਂ ਦੇ ਵੱਲ ਫੇਰੇ ਉਸ ਤੋਂ ਭੀ ਵਾਧੂ। ਅੰਤ ਅੱਧ ਪਚੱਧ ਬੇਈਮਾਨੀ ਮੁਕਰਨਾਂ ਪਤਾ ਹੁੰਦਾ ਏ। ਇਹਨੀਂ ਤਾਂ ਚਲੇ ਜਾਣਾ ਮਾਯੂਸ ਹੋ ਕੇ ਅਸੀਂ ਪੰਜਾਬ ਨੂੰ ਭੰਡਨ ਲੱਗ ਜਾਈਦਾ ਹੈ, ਪਰ ਸੱਚ ਇਹ ਹੈ ਕਿ ਉਥੇ ਦੇ ਲੋਕਾਂ ਦੇ ਜੀਵਨ ਤੇ ਕੋਈ ਉਦਾਸੀ ਨਹੀਂ ਸਾਡੇ ਨਾਲੋਂ ਵਧੀਆ ਨੇ ਘਰੀਂ ਹਰ ਕੰਮ ਕਾਰ ਕਰਨ ਵਾਲੇ ਆ ਜਾਂਦੇ ਨੇ ਸਫਾਈ ਭਾਂਡੇ ਮਾਂਜਣ ਕੱਪੜੇ ਧੋਣ ਤੇ ਇਸਤਰੀ ਕਰਨ ਵਾਲਾ ਪਟਨੇ ਦਾ ਬਿਹਾਰੀ ਆਪਣੀ ਸਕੂਟਰੀ ਮਗਰ ਟਰਾਲੀ ਜਿਹੀ ਵਿਚ ਸਾਰਾ ਕੁਝ ਲੱਦੀ ਆ ਕੇ ਨਿਵੇਕਲੇ ਖੜ ਪੰਡ ਲੀੜਿਆਂ ਦੀ ਸਮੇਟ ਜੋਂਦਾ। ਇਕ ਪਲਾਟ ਦੇਖਣ ਭਤੀਜੇ ਨਾਲ ਗਏ ਭਾਵੇਂ ਕੋਠੀਆ ਤਾਂ ਹੁਣ ਤਿੰਨ ਮੰਜਲੀਆਂ ਖੇਤਾਂ ਵਿਚ ਹਨ। ਜੇਕਰ ਦਾਤਾ ਦੇਵੇ ਤਾਂ ਜੀਵਨ ਸੁਹਾਵਣਾ ਜੀਓ ਤੇ ਨਾਲੇ ਧਨ ਖਰਚਣ ਨਾਲ ਕਿਸੇ ਨੂੰ ਰੁਜ਼ਗਾਰ ਭੀ ਮਿਲ ਜਾਵੇ। ਸੱਜੇ ਦੇਖੀਏ 20 ਕੁ ਕੋਠੀਆਂ ਖੱਬੇ ਦੇਖੀਏ ਤੇ ਪੁੱਛੀ ਜਾਵਾ ਆਹ ਕਿਹੜਾ ਪਿੰਡ, ਆਪਣਾ ਪਿੰਡ ਦੇਖ ਤੇ ਦੂਜਾ ਪਿੰਡ ਭੀ ਆ ਗਿਆ, ਪਰ ਸਾਡਾ ਆਪਣਾ ਹਾਲੇ ਨਾਲ ਹੀ ਸੀ ਮੈਂ ਕਿਹਾ ਕਿ ਕਾਕਾ ਫੇਰ ਅੰਨਦਾਤਾ ਥਾਲੀਆ ਵਿਚ ਬੀਜੂ ਜਦੋਂ ਖੇਤ ਤਾਂ ਘਰਾਂ ਨੇ ਘੇਰ ਲਏ, ਉੱਤਰ ਭੂਆ ਜੀ ਇੱਥੇ ਤਾਂ ਹਾਲੇ ਆਹ ਖੇਤ ਹਨ ਸ਼ਹਿਰ ਵਾਲੀ ਸੜਕ ਨਾਲ ਤਾਂ ਆਪਣੀ ਸਾਰੀ ਜ਼ਮੀਨ ਕਲੋਨੀਆਂ ਵਿਚ ਹੈ। ਮੈਂ ਹੋਰ ਪੁੱਛਿਆ ਕਿ ਸਾਰਾ ਪਿੰਡ ਜੋ ਬਾਹਰ ਨੂੰ ਤਾਂ ਫੇਰ ਉਥੇ ਕੌਣ ਕਹਿੰਦਾ ਅੱਧਾ ਪਿੰਡ ਖੇਤਾਂ ਵਿਚ ਕੁਝ ਵਿਦੇਸ਼ਾਂ ਵਿਚ ਬਾਕੀ ਸ਼ਹਿਰ ਨੇੜੇ ਕਰਕੇ ਹਿਮਾਚਲ ਹਰਿਆਣਾ, ਯੂਪੀ, ਬਿਹਾਰ, ਰਾਜਸਥਾਨ ਤੋਂ ਆਮਦ ਹੈ। ਹਿਮਾਚਲੀਆ ਨੇ ਤਾਂ ਪਿੰਡ ਵਿਚ ਰੈਸਟੋਰੈਂਟ, ਢਾਬਾ, ਹਲਵਾਈ ਪੁਣਾ ਸਾਂਭ ਲਿਆ ਹੈ। ਟੈਂਪੂ ਸਟੈਂਡ ਕੋਲ ਦੇਖ ਲਓ ਪੂਰਾ ਬਾਜ਼ਾਰ ਰੇੜੀਆਂ, ਖੋਖੇ ਹਰ ਚੀਜ਼ ਵਿਕਦੀ ਹੈ। ਇਥੋਂ ਤੱਕ ਗੁਰੂ ਘਰ ਭੀ ਕੋਈ ਲਾਂਗਰੀ ਸੇਵਾਦਾਰ ਨਹੀਂ। ਲੰਗਰ ਤਾਂ ਬਣਦਾ ਹੀ ਨਹੀਂ, ਦਿਨ ਤਿਹਾਰਾਂ, ਨਿੱਜੀ ਸਮਾਗਮਾਂ ਤੇ ਹਿਮਾਚਲੀ ਖਾਣਾ ਕੋਈ ਜਵਾਨ ਵਿਸਰ ਜਾਵੇ ਕੋਈ ਬਜ਼ੁਰਗ ਬਸ ਹਰ ਪਰਿਵਾਰ ਨੇ ਇਹੀ ਠੇਕਾ ਦੇਣਾ ਜਵਾਨ ਵੇਲੇ ਭੀ ਚਾਵਲ, ਮਟਰ ਪਨੀਰ, ਦਾਲ ਭਾਜੀ, ਰੈਤਾ, ਰੁਮਾਲੀ ਰੋਟੀ ਬਸ ਬਜ਼ੁਰਗ ਵੇਲੇ ਜਲੇਬੀਆਂ ਪਕੋੜੇ ਆਦਿ ਗੁਰਦੁਆਰੇ ਭੀ ਇੰਨਾ ਦਾ ਹੀ ਅਮਲਾ ਫੈਲਾ। ਮੈਂ ਦੁਖੀ ਹੋਈ ਕਿ ਜਵਾਨ ਦੀ ਮੌਤ ਹੋਈ ਤਾਂ ਇਹ ਦੇਖ ਮੈਂ ਕਿਹਾ ਇੱਥੇ ਕੋਈ ਸਿਆਣਾ ਹੈ ਨੀਂ ਸਮਝਾਉਣ ਨੂੰ ਜਵਾਨ ਜੀ ਇੱਥੇ ਚਲਦਾ ਹੈ ਸੱਭਿਅਤਾ ਰਵਾਜ਼ਾਂ ਨੇ ਦੱਬ ਲਈ, ਮੁੜਕੇ ਆਈ ਨੇ ਭੂਆ ਨੂੰ ਦੱਸਿਆ ਕਿਉਂਕਿ ਘਰਾਂ ਵਿਚੋਂ ਜਵਾਨ ਦੀ ਮੌਤ ਹੋ ਗਈ ਸੀ ਤਾਂ ਭੂਆ ਕਹਿੰਦਾ ਲੋਕਾਂ ਦੀ ਮੱਤ ਮਾਰੀ ਗਈ ਹੋਰ ਫੇਰ।

**“ਮੈਂ ਹੋਮਾਂ ਮੇਰਾ ਮੁਣਸ਼ ਹੋਵੇ**
**ਦੂਜਿਆ ਦੇ ਮੂੰਹ ਵਿਚ ਝੁਲਸ ਹੋਵੇ”**

ਸੁਆਣੀ ਦਾ ਇਹ ਰਵੱਈਆ ਘਰ ਨੀ ਚਲਦਾ ਸਰਕਾਰ ਦੇ ਨਾਲ ਰਾਜ ਭਾਗ ਨੀ ਚਲਦਾ। ਦੇਸ ਕੋਈ ਭੀ ਹੋਵੇ ਗੱਲ ਪੰਜਾਬ ਦੀ ਕਰੀਏ ਉੱਥੇ ਗਰੀਬੀ ਨਹੀਂ ਜਿੰਨੀ ਪ੍ਰਵਾਸੀ ਨੇ ਸਭ ਰੋਟੀ ਰੋਜ਼ੀ ਦੇ ਸਾਧਨ ਬਣਾਈ ਬੈਠੇ ਨੇ ਹੋਰ ਨਹੀਂ ਤਾਂ ਛਾਬੜੀ ਹੀ ਲਾ ਲੈਂਦੇ ਨੇ ਰੇੜੀਆਂ ਖੋਖੇ ਆਦਿ ਹੋਰ ਸੁਣੋ ਪਿੰਡਾਂ ਵਿਚ ਜੰਮੂ ਤੋਂ ਆਏ ਮੁਸਲਮਾਨ ਸੂਟ, ਸ਼ਾਲ, ਕੋਟੀਆ, ਜੁੱਤੀਆਂ ਹੋਰ ਲੋੜੀਂਦਾ ਸਾਧਨ ਵੇਚਣ ਆਉਂਦੇ ਨੇ ਨਾਲੇ ਵਿਕਰੀ ਕਰਦੇ ਨੇ ਰੋਟੀ ਚਾਹ, ਬੀਬੀਆਂ ਤੋਂ ਖਾਂਦੇ ਨੇ ਗਰੀਬੀ ਨਹੀਂ ਭੁੱਖ-ਮਰੀ ਸਾਡਾ ਇਕ ਰਿਸ਼ਤੇਦਾਰ ਮਿਲਣ ਆਇਆ ਜਲੰਧਰ ਵੱਲੋਂ ਸੀ, ਗੱਲ ਕਰਦਾ ਕਿ ਸਾਡੇ ਜਲੰਧਰ ਇਕ ਸਕੂਟਰੀ ਤੇ ਘੁੰਮਦਾ ਫਿਰਦਾ ਜਾਤ ਪਤਾ ਨਹੀਂ ਕਿਹੜੀ ਕਦੇ ਕਿਸੇ ਦਫਤਰ ’ਚੋਂ ਨਿਕਲੂ ਕਦੇ ਕਿਸੇ ’ਚੋਂ ਸੜੀ ਹੋਈ ਗੱਲ ਕਰੂੰ ਆਖੂ ਮੈਂ ਤਾਂ ਖਬਰਾਂ, ਲੇਖਕ ਹਾਂ ਅਸੀਂ ਤਾਂ ਕਦੇ ਪੜ੍ਹਦੇ ਨੀ ਪਤਾ ਕਿੱਥੋਂ ਲਿਖਦਾ ਉਹਦਾ ਭਾਵ ਸੀ ਕਿ ਪੰਜਾਬ ਵਿਚ ਧਰਮ ਨੂੰ ਵਰਤ ਕੇ ਜਾਤੀਵਾਦ ਬਹੁਤ ਵੱਧ ਗਿਆ ਹੈ। ਖਤਰਾ ਪ੍ਰਵਾਸੀਆਂ ਤੋਂ ਵੱਧ ਇਨ੍ਹਾਂ ਤੋਂ ਹੈ, ਭੜਥੂ ਪਾਈ ਜਾਂਦੇ ਨੇ ਆਪਸੀ ਮੁੱਠਭੇੜ।

## ਸੰਪਾਦਕ ਦੇ ਨਾਮ ਪੱਤਰ

*ਪੁਰੇਵਾਲ ਸਾਹਬ ਜੀ,*

ਸੰਪਾਦਕੀ ਪੜ੍ਹੀ ਸੁਣੇ ਭੀ ਸਨ ਵਿਚਾਰ ਚੈਨਲ ਤੇ ਸੱਚ ਲਿਖਣਾ ਬੋਲਣਾ ਸੁਨਾਉਣਾ ਔਖਾ ਤਾਂ ਨਹੀਂ ਪਰ ਵਿਰੋਧ ਝੱਲਣਾ ਸੂਲ ਸਹਿਮਤੀ ਨਾਲ ਕੁਝ ਵਾਧਾ ਭੀ ਕਰਾਂ ਮੈਂ ਲੰਮਾਂ ਸਮਾਂ ਪਹਿਲਾਂ ਹੀ ਸੁਝਾਅ ਦਿੱਤਾ ਸੀ ਕਿ ਅਕਾਲ ਤਖ਼ਤ ਦੇ ਜਥੇਦਾਰਾਂ ਪ੍ਰਥਾ ਬਹੁਤ ਪੁਰਾਣੀ ਹੋ ਗਈ ਹੈ। ਰਿਵਿਓ ਯਾਨੀ ਨਵੀਕਰਨ ਕਰੋ, ਮੰਨਦੀ ਹਾਂ ਕਿ ਸ਼੍ਰ. ਕ. ਤੇ ਦਲ ਨੇ ਅਣਗੋਲਿਆ ਕੀਤਾ ਸਿੱਟਾ ਹੁਣ ਭੁਗਤ ਰਹੇ ਹਨ। ਇਹਨੂੰ ਸਿਆਸਤ ਦੇ ਭੀ ਜੱਜ ਬਣਾ ਕੇ ਕੁਹਾੜਾ ਮਾਰ ਲਿਆ। ਵਿਧਾਨ ਤਾਂ ਕੋਈ ਹੈ ਨਹੀਂ, ਦੁਬੱਲੀ ਚਲੋ ਹੁਣ ਨਾਸੂਰ ਬਣ ਗਿਆ।

ਜਥੇਦਾਰ : ਸਾਡਾ ਪੋਪ ਜੱਜ ਕੀ ਪੋਪ ਘਰੀਂ ਹੁੰਦੇ ਖਾਂਦਾ ਫਿਰਦਾ ਹੁੰਦਾ ? ਫੇਰੀ ਦੀ ਪਰਚੇ ਵਿਚ ਛਪੀਆਂ ਮੂਰਤਾਂ ਤੇ ਟਿੱਪਣੀ ! ਜੀ ਸੱਤ ਮੈਂਬਰੀ ਕਮੇਟੀ ਦੀ ਬਸ ਕਥਾ ਕਰੋ, ਭਾਈ ਜਦ ਤੁਸੀਂ ਅਕਾਲੀ ਦਲ ਨੂੰ ਮੰਨਦੇ ਨਹੀਂ, ਨਾਲ ਹੀ ਬਾਦਲ ਦਲ ਗੁਰਦਾਨਦੇ ਹੋ, ਤਾਂ ਫੇਰ ਕੀ ਹੱਕ ਹੈ ਭਰਤੀ ਤੇ ਸਵਾਲ ਕਰੋ ? ਅੱਗੋ ਜਥੇਦਾਰ ਨੂੰ ਤਾਂ ਆਪਣੀ ਪ੍ਰਭੁਤਾ ਦਾ ਗਮ ਹੈ।

ਪ੍ਰਸ਼ਨ : ਕੀ ਗਿਆਨੀ ਰਘਬੀਰ ਸਿੰਘ ਦਾ ਯੂਕੇ ਬਿਆਨ ਦਬਾਅ ਹੇਠ ?


ਅੱਗੋਂ ਆਈਏ ਗਿਆਨੀ ਹਰਪ੍ਰੀਤ ਸਿੰਘ ਦੀ ਬਰਖਾਸਤੀ ਵਿਰੋਧੀ ਉਹਦੇ ਲਈ ਨੀ ਆਪਣੇ ਹਿੱਤਾਂ ਲਈ ਹਮਾਇਤ ਕਰਦੇ ਨੇ ਨਹੀਂ ਤਾਂ ਗਿਆਨੀ (ਗ੍ਰੰਥੀ) ਜੀ ਦੀਆਂ ਤਾਂ ਅਣਗਿਣਤ ਬੇਨਿਯਮੀਆਂ ਨੇ ਰਿਪੋਰਟ ਵਿਚ ਨਸ਼ਰ ਹਨ ਪੜ੍ਹਓ ਮੇਰੇ ਨਹੀਂ ਵਿਚਾਰ ਕਿ ਕੁਝ ਗਲਤ ਕੀਤਾ ! ਕਿਉਂਕਿ ਨਾ ਤਾਂ ਕੌਮੀ ਤੇ ਨਾ ਧਰਮੀ ਹਿੱਤ ਨੇ ਵਿਰੋਧ ਬਾਕੀ ਭੀ ਹੁਣ ਬਣਾ ਲੈਣ ਪ੍ਰਧਾਨ ! ਆਪਣੇ ਅਕਾਲੀ ਦਲ ਦਾ ਸੱਤ ਮੈਂਬਰੀ, ਪਹਿਲਾਂ ਤਾਂ ਅਧਿਕਾਰ ਹੀ ਨਹੀਂ ਸੀ ਸਥਾਪਣ ਦਾ ਹੁਣ ਕਿਉਂ ਫੇਰ (ਬਾਦਲ ਦਲ) ਕੋਲ ਜਾਣਾ ਏ ਜਦੋਂ ਪ੍ਰਵਾਰੀ ਆਖ ਭੰਡਦੇ ਹੋ ਉਨ੍ਹਾਂ ਦੀ ਭਰਤੀ ਚਲਦੀ ਹੈ ਤੁਸੀਂ ਕੱਕੜੀਆਂ ਲੈਣੀਆਂ ਨੇ ਮਗਰ ਫਿਰਦੇ ਹੋ !

-ਬਲਵਿੰਦਰ ਕੌਰ ਚਾਹਲ ਸਾਊਥਾਲ

# ਸਾਡੀਆਂ ਸਰਕਾਰਾਂ ਦਾ ਕੰਮ ਬਿਆਨਬਾਜ਼ੀ ਤੀਕਰ ਹੈ ਕਾਗਜ਼ਾਂ ਵਿੱਚ ਸਭ ਕੁਝ ਸਹੀ ਨਹੀਂ ਫਿਰ ਕਿਸੇ ਨੂੰ ਦੋਸ਼ ਕਿਉਂ?


**ਪਾਠਕਾਂ ਦੇ ਪੱਤਰ**

ਦੇਸ਼ ਵਿੱਚ ਕੇਂਦਰੀ ਸਰਕਾਰ ਜੋ ਚਾਹੇ ਹੋ ਸਕਦਾ ਹੈ। ਅਗਰ ਨਸ਼ਾ ਖਤਮ ਕਰਨਾ ਹੈ ਜਾਂ ਹੋਰ ਕੋਈ ਵੀ ਕਨੂੰਨ ਦੇ ਖਿਲਾਫ਼ ਕੰਮ ਹੋ ਰਿਹਾ ਹੈ ਉਸ ਵਿੱਚ ਮੁਲਕ ਦੇ ਅਫ਼ਸਰ ਅਤੇ ਸਿਆਸਤਦਾਨ ਜ਼ਰੂਰ ਵਿੱਚ ਮਿਲੀ ਭੁਗਤ ਕਰਦੇ ਹਨ। ਪਹਿਲੇ ਨਸ਼ੇ ਦੀ ਲੈ ਲਵੋ ਕਿ ਪੰਜਾਬ ਸਰਕਾਰ ਨਸ਼ਾ ਬੰਦ ਕਰ ਸਕੀ ਨਹੀਂ, ਜ਼ਿਆਦਾ ਹੋ ਗਿਆ। ਰਿਸ਼ਵਤ ਬੰਦ ਕਰ ਸਕੀ ਨਹੀਂ ਪਹਿਲਾਂ ਨਾਲੋਂ ਵਧ ਗਈ ਹੈ। ਜਿਹੜਾ ਪਹਿਲਾਂ ਕੰਮ 5 ਹਜ਼ਾਰ ਦਾ ਹੁੰਦਾ ਸੀ ਹੁਣ 10 ਤੋਂ ਵੱਧ ਖਰਚ ਆਉਂਦਾ ਹੈ। ਕੰਮ ਸਹੀ ਹੈ ਜਾਂ ਗਲਤ। ਗਲਤ ਕੰਮ ਨੂੰ ਪੈਸੇ ਦੇਣ ਵਾਲਾ ਦੁੱਖ ਮਹਿਸੂਸ ਨਹੀਂ ਕਰਦਾ ਪਰ ਸਹੀ ਕੰਮ ਨੂੰ ਜਿਸ ਨੇ ਫਿਰ ਕੰਮ ਕਰਵਾ ਸਕਣਾ ਹੈ ਫਿਰ ਦੁੱਖ ਜ਼ਰੂਰ ਲਗਦਾ ਪੈਦੇ ਦੇਂਦੇ। ਸਾਡੇ ਐਨ ਆਰ ਆਈ ਇਸ ਵਿੱਚ ਜ਼ਿਆਦਾ ਕੰਮ ਨੂੰ ਵਧਾ ਰਹੇ ਹਨ। ਕਿਉਂ ਜ਼ਿਆਦਾ ਐਨ ਆਰ ਆਈ ਦੋ ਮਹੀਨੇ ਲਈ ਜਾਂਦੇ ਹਨ ਮੂੰਹ ਤੋਂ ਮੰਗੀ ਰਕਮ ਦੇਂਦੇ ਹਨ ਫਿਰ ਉਥੇ ਵਾਲੇ ਵੀ ਇਸੇ ਰਾਹ ਲਗ ਜਾਂਦੇ ਹਨ। ਸਰਕਾਰੀ ਦਰਬਾਰੀ ਵੀ ਇਹ ਲੋਕ ਪਾਸਪੋਰਟ ਬਨਾਉਣ ਤੋਂ ਲੈ ਕੇ ਵੀਜ਼ੇ ਤੀਕਰ ਸਹੀ ਤਰੀਕਾ ਨਹੀਂ ਵਰਤਦੇ। ਇਸ ਵਿਚ ਐਨ ਆਰ ਆਈ ਵੀ ਉਨੇ ਹੀ ਭਾਗੀ ਹਨ। ਅਗਰ ਵੀਜ਼ਾ ਕੈਂਸਲ ਹੋ ਜਾਂਦਾ ਹੈ ਤਾਂ ਨਾਮ ਬਦਲ ਕੇ ਫਿਰ ਨਜ਼ਾਇਜ ਢੰਗ ਵਰਤਦੇ ਹਨ। ਇਥੋਂ ਤੀਕਰ ਇਥੇ ਝੂਠੀਆਂ ਯੂਨੀਵਰਸਿਟੀਆਂ ਹਨ ਜਾਂ ਕਾਲਜ ਹਨ ਜੋ ਵੀ ਹੈ ਉਥੇ ਦਾਖਲਾ ਲੈਂਦੇ ਹਨ ਫਿਰ ਪੜ੍ਹਾਈ ਨਹੀਂ ਕਰਦੇ ਕਦੀ ਕਦਾਈਂ ਸਕੂਲ ਕਾਲਜ ਜਾਂ ਜੋ ਵੀ ਜਾਂਦੇ ਹਨ। ਕੰਮ ਪੂਰਾ ਕਰਦੇ ਹਨ ਫਿਰ ਡਿਗਰੀ ਚਲੋ ਲੈ ਲਈ ਆਪਣੀ ਮਿਆਦ ਵਿੱਚ ਵਾਪਸ ਨਹੀਂ ਜਾਂਦੇ। ਡੁੱਬਕੀ ਲਗਾ ਦੇਂਦੇ ਹਨ। ਫਿਰ ਕੀ ਚਲੋ ਵੀ ਜਿਸ ਤਰ੍ਹਾਂ ਹੁੰਦੀ ਹੈ। ਬਹੁਤ ਘੱਟ ਹਨ ਜਿਹੜੇ ਸਿੱਧੇ ਤੌਰ ਤੇ ਏਜੰਟ ਦੀ ਚੁੱਗਲ ਵਿਚ ਫੱਸ ਜਾਂਦੇ ਹਨ। ਫਿਰ ਜੋ ਅਖਬਾਰ ਵਿੱਚ ਲਿਖਦੇ ਹਨ ਖਜਲ ਖੁਆਰ ਹੋ ਕੇ ਅਮਰੀਕਾ-ਕੈਨੇਡਾ ਯੂ ਕੇ ਜਿਥੇ ਹੋ ਸਕੇ ਪੁਜ ਜਾਂਦੇ ਹਨ। ਅਗਰ ਕੇਂਦਰੀ ਸਰਕਾਰ-ਬਾਕੀ ਰਾਜਾਂ ਦੀਆਂ ਸਰਕਾਰਾਂ ਮਿਲ ਕੇ ਕੰਮ ਕਰਨ ਕਿ ਕੋਈ ਵੀ ਨਜਾਇਜ਼ ਵੀਜ਼ਾ ਲੈਂਦਾ ਹੈ ਉਸ ਨੂੰ ਸਖਤ ਸਜਾ ਹੋਵੇ। ਪਾਸਪੋਰਟ ਕੈਂਸਲ ਹੋਵੇ ਉਨ੍ਹਾਂ ਦੀਆਂ ਜਮਾਨਤਾਂ ਦੇਣ ਵਾਲਿਆਂ ਤੇ ਸਖਤ ਕਾਰਵਾਈ ਹੋਵੇ ਫਿਰ ਇੰਨੀ ਵੱਡੀ ਸਕੇਲ ਤੇ ਇਹ ਕੰਮ ਹੋ ਨਹੀਂ ਸਕਦਾ ਕਿਵੇਂ ਹਰ ਰੋਜ਼ ਕਿੰਨੇ ਪੰਜਾਬ ਵਿੱਚੋਂ ਜਾਂ ਬਾਕੀ ਰਾਜਾਂ ਵਿਚੋਂ ਨਜਾਇਜ਼ ਜਾਂਦੇ ਹਨ। ਕੀ ਸਰਕਾਰਾਂ ਨੂੰ ਪਤਾ ਨਹੀਂ। ਉਹ ਪਹਿਲਾਂ ਕੋਈ ਉਪਰਾਲਾ ਕਰਨ ਹੁਣ ਰੌਲਾ ਪੈ ਰਿਹਾ ਹੈ ਕਿ ਅੰਮ੍ਰਿਤਸਰ ਕਿਉਂ ਜਹਾਜ਼ ਉਤਾਰਿਆ ਗਿਆ। ਅਗਰ ਸਰਕਾਰ ਨੇ ਇਜਾਜ਼ਤ ਦਿੱਤੀ ਹੈ ਤਦ ਹੀ ਇਹ ਜਹਾਜ਼ ਅੰਮ੍ਰਿਤਸਰ ਉਤਰ ਗਿਆ ਹੈ। ਪੰਜਾਬ ਨੂੰ ਬਦਨਾਮ ਕਰਨ ਲਈ ਹੋਵੇ ਜਾਂ ਕਿਸ ਤਰ੍ਹਾਂ ਸਰਕਾਰਾਂ ਕੰਮ ਦੇਣ, ਨੌਕਰੀਆਂ ਦੇਣ ਬਾਕੀ ਬੰਦੋਬਸਤ ਕਰਨ ਫਿਰ ਸਭ ਕੁਝ ਠੀਕ ਹੋ ਸਕਦਾ ਹੈ। ਸਾਡੀਆਂ ਸਰਕਾਰਾਂ ਦਾ ਕੰਮ ਬਿਆਨਬਾਜ਼ੀ ਤੀਕਰ ਹੈ ਕਾਗਜ਼ਾ ਵਿੱਚ ਸਭ ਕੁਝ ਹੈ ਸਹੀ ਕੁਝ ਨਹੀਂ ਫਿਰ ਕਿਸੇ ਨੂੰ ਦੋਸ਼ ਕਿਉਂ ?



-ਕੇ ਐਸ ਜੋਗੀ

## ਸਿਹਤ ਤੇ ਸੁੰਦਰਤਾ



# 240 ਗ੍ਰਾਮ ਤੋਂ ਜ਼ਿਆਦਾ ਸਬਜ਼ੀ ਖਾਣ ਨਾਲ 65 ਫੀਸਦੀ ਨਾਲ ਘਟਦਾ ਹੈ ਲਿਵਰ ਕੈਂਸਰ ਦਾ ਖਤਰਾ, ਨਵੀਂ ਰਿਸਰਚ ਵਿਚ ਖੁਲਾਸਾ



ਨਵੀਂ ਦਿੱਲੀ-ਸਬਜ਼ੀਆਂ ਦਾ ਭੋਜਨ ਵਿੱਚ ਬਹੁਤ ਮਹੱਤਵ ਹੈ। ਜੇਕਰ ਇਸਨੂੰ ਚੰਗੀ ਤਰ੍ਹਾਂ ਤਿਆਰ ਨਾ ਕੀਤਾ ਜਾਵੇ ਤਾਂ ਖਾਣੇ ਦਾ ਸਾਰਾ ਸੁਆਦ ਹੀ ਖਰਾਬ ਹੋ ਜਾਂਦਾ ਹੈ। ਸਬਜ਼ੀਆਂ ਸਾਨੂੰ ਗੰਭੀਰ ਬਿਮਾਰੀਆਂ ਤੋਂ ਵੀ ਬਚਾਉਂਦੀਆਂ ਹਨ। ਇੱਕ ਅਧਿਐਨ ਦੇ ਅਨੁਸਾਰ, ਕਾਫ਼ੀ ਸਬਜ਼ੀਆਂ ਖਾਣ ਨਾਲ ਜਿਗਰ ਦੇ ਕੈਂਸਰ ਦਾ ਖ਼ਤਰਾ 65 ਪ੍ਰਤੀਸ਼ਤ ਘੱਟ ਸਕਦਾ ਹੈ।

ਫਰਾਂਸ ਦੇ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਐਂਡ ਮੈਡੀਕਲ ਰਿਸਰਚ ਦੇ ਖੋਜਕਰਤਾਵਾਂ ਦੀ ਅਗਵਾਈ ਹੇਠ ਕੀਤੇ ਗਏ ਇਸ ਅਧਿਐਨ ਵਿੱਚ ਸਿਰੋਸਿਸ ਤੋਂ ਪੀੜਤ ਮਰੀਜ਼ਾਂ 'ਤੇ ਖੋਜ ਸ਼ਾਮਲ ਸੀ। ਇਨ੍ਹਾਂ ਮਰੀਜ਼ਾਂ ਵਿੱਚ ਸਬਜ਼ੀਆਂ ਅਤੇ ਫਲ ਖਾਣ ਦੇ ਫਾਇਦਿਆਂ ਦੀ ਜਾਂਚ ਕੀਤੀ।

### 42.5% ਮਰੀਜ਼ ਕਾਫ਼ੀ ਸਬਜ਼ੀਆਂ ਨਹੀਂ ਖਾ ਰਹੇ

ਵਿਸ਼ਲੇਸ਼ਣ ਕੀਤੇ ਗਏ 179 ਮਰੀਜ਼ਾਂ ਵਿੱਚੋਂ, 20 ਨੂੰ ਹੈਪੇਟੋਸੈਲੂਲਰ ਕਾਰਸੀਨੋਮਾ (ਜਿਗਰ ਦਾ ਕੈਂਸਰ) ਦਾ ਪਤਾ ਲੱਗਿਆ। ਟੀਮ ਨੇ ਪਾਇਆ ਕਿ ਸਿਰੋਸਿਸ ਵਾਲੇ 42.5 ਪ੍ਰਤੀਸ਼ਤ ਮਰੀਜ਼ ਕਾਫ਼ੀ ਫਲ ਅਤੇ ਸਬਜ਼ੀਆਂ ਨਹੀਂ ਖਾ ਰਹੇ ਸਨ। ਖੋਜਕਰਤਾਵਾਂ ਨੇ ਕਿਹਾ ਕਿ ਸਿਰੋਸਿਸ ਦੇ ਮਰੀਜ਼ ਜੋ ਰੋਜ਼ਾਨਾ 240 ਗ੍ਰਾਮ ਤੋਂ ਵੱਧ ਸਬਜ਼ੀਆਂ ਖਾਂਦੇ ਸਨ, ਉਨ੍ਹਾਂ ਵਿੱਚ ਜਿਗਰ ਦੇ ਕੈਂਸਰ ਦੇ ਮਾਮਲਿਆਂ ਵਿੱਚ 65 ਪ੍ਰਤੀਸ਼ਤ ਦੀ ਕਮੀ ਆਈ।

### ਜਾਣਕਾਰੀ ਜੋ ਉਪਯੋਗੀ ਸਾਬਤ ਹੋਈ

ਟੀਮ ਨੇ ਕਿਹਾ ਕਿ ਸਿਰੋਸਿਸ ਵਾਲੇ ਮਰੀਜ਼ਾਂ ਵਿੱਚ ਫਲਾਂ ਅਤੇ ਸਬਜ਼ੀਆਂ ਦੀ ਖਪਤ ਅਤੇ ਹੈਪੇਟੋਸੈਲੂਲਰ ਕਾਰਸੀਨੋਮਾ ਦੇ ਜੋਖਮ ਵਿਚਕਾਰ ਸਬੰਧ ਚੰਗੀ ਤਰ੍ਹਾਂ ਦਸਤਾਵੇਜ਼ੀ ਨਹੀਂ ਹੈ। ਅਜਿਹੀ ਜਾਣਕਾਰੀ ਹੈਪੇਟੋਸੈਲੂਲਰ ਕਾਰਸਿਨੋਮਾ ਦੀ ਰੋਕਥਾਮ ਵਿੱਚ ਬਹੁਤ ਲਾਭਦਾਇਕ ਸਾਬਤ ਹੋ ਸਕਦੀ ਹੈ। ਇਹ ਖੋਜ ਜੇਐਚਈਪੀ ਜਰਨਲ ਵਿੱਚ ਪ੍ਰਕਾਸ਼ਿਤ ਹੋਈ ਹੈ।

### ਜਿਗਰ ਦਾ ਕੈਂਸਰ ਛੇਵਾਂ ਸਭ ਤੋਂ ਆਮ ਕੈਂਸਰ

ਜਿਗਰ ਦਾ ਕੈਂਸਰ ਦੁਨੀਆ ਭਰ ਵਿੱਚ ਛੇਵਾਂ ਸਭ ਤੋਂ ਆਮ ਕੈਂਸਰ ਹੈ, ਜੋ ਮੁੱਖ ਤੌਰ 'ਤੇ ਹੈਪੇਟੋਸੈਲੂਲਰ ਕਾਰਸੀਨੋਮਾ ਦੁਆਰਾ ਦਰਸਾਇਆ ਜਾਂਦਾ ਹੈ, ਜੋ ਲਗਭਗ 85-90 ਪ੍ਰਤੀਸ਼ਤ ਹੈ। ਇਹ ਉਦੋਂ ਹੁੰਦਾ ਹੈ ਜਦੋਂ ਜਿਗਰ 'ਤੇ ਟਿਊਮਰ ਵਧਦਾ ਹੈ। ਹੈਪੇਟੋਸੈਲੂਲਰ ਕਾਰਸੀਨੋਮਾ ਅਕਸਰ ਉਨ੍ਹਾਂ ਲੋਕਾਂ ਵਿੱਚ ਹੁੰਦਾ ਹੈ ਜਿਨ੍ਹਾਂ ਨੂੰ ਪੁਰਾਣੀ ਜਿਗਰ ਦੀ ਬਿਮਾਰੀ ਹੁੰਦੀ ਹੈ। ਜਿਗਰ ਦੀ ਪੁਰਾਣੀ ਬਿਮਾਰੀ ਦੇ ਮੁੱਖ ਕਾਰਨ ਸ਼ਰਾਬ ਅਤੇ ਵਾਇਰਲ ਹੈਪੇਟਾਈਟਸ ਹਨ, ਜਦੋਂ ਕਿ ਇਸ ਵਿੱਚ ਜ਼ਿਆਦਾ ਭਾਰ ਅਤੇ ਮੋਟਾਪਾ, ਦੂਸ਼ਿਤ ਭੋਜਨ ਦਾ ਸੇਵਨ ਵੀ ਸ਼ਾਮਲ ਹੈ।

# ਕਸ਼ਮਰੀ ਕੇਸਰ ਸ਼ੂਗਰ ਸਣੇ ਕਈ ਰੋਗਾਂ ਤੋਂ ਦਿਵਾਉਂਦੈ ਨਿਜ਼ਾਤ



ਬਹੁਤ ਸਾਰੀਆਂ ਚੀਜ਼ਾਂ ਅਜਿਹੀਆਂ ਹਨ, ਜੋ ਔਸ਼ਧੀ ਗੁਣਾਂ ਨਾਲ ਭਰਪੂਰ ਹਨ। ਇਨ੍ਹਾਂ 'ਚੋਂ ਇਕ ਹੈ ਕਸ਼ਮੀਰੀ ਕੇਸਰ। ਕਸ਼ਮੀਰੀ ਕੇਸਰ ਮੁੱਖ ਤੌਰ 'ਤੇ ਪੁਲਵਾਮਾ, ਬਡਗਾਮ ਤੇ ਕਿਸ਼ਤਵਾੜ ਵਰਗੇ ਸਥਾਨਾਂ 'ਤੇ ਉਗਾਇਆ ਜਾਂਦਾ ਹੈ। ਇਸ ਦੀ ਵਰਤੋਂ ਨਾਲ ਸਰੀਰ ਨੂੰ ਬਹੁਤ ਸਾਰੇ ਫ਼ਾਇਦੇ ਹੁੰਦੇ ਹਨ, ਜੋ ਹੇਠ ਲਿਖੇ ਅਨੁਸਾਰ ਹਨ-

ਕੇਸਰ ਦੀ ਵਰਤੋਂ ਤੁਸੀਂ ਕਈ ਚੀਜ਼ਾਂ 'ਚ ਕਰਦੇ ਹੋ। ਇਸ ਦੀ ਵਰਤੋਂ ਨਾਲ ਤੁਹਾਡੀਆਂ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਇਕ ਤਰ੍ਹਾਂ ਨਾਲ ਇਹ ਹੱਡੀਆਂ ਲਈ ਵਰਦਾਨ ਹੈ। ਇਹ ਸਰੀਰ 'ਚ ਕੈਲਸ਼ੀਅਮ ਦੀ ਘਾਟ ਨੂੰ ਵੀ ਪੂਰਾ ਕਰਦਾ ਹੈ। ਜੇ ਤੁਹਾਨੂੰ ਪਾਚਨ ਪ੍ਰਣਾਲੀ ਸਬੰਧੀ ਪ੍ਰੇਸ਼ਾਨੀ ਰਹਿੰਦੀ ਹੈ ਤਾਂ ਤੁਸੀਂ ਕੇਸਰ ਦੀ ਵਰਤੋਂ ਕਰ ਸਕਦੇ ਹੋ ਤੇ ਇਸ ਨੂੰ ਆਪਣੀ ਖੁਰਾਕ 'ਚ ਸ਼ਾਮਲ ਕਰ ਸਕਦੇ ਹੋ।

ਸ਼ੂਗਰ ਦੇ ਮਰੀਜ਼ਾਂ ਲਈ ਕਸ਼ਮੀਰੀ ਕੇਸਰ ਬਹੁਤ ਫ਼ਾਇਦੇਮੰਦ ਹੈ। ਇਸ ਨਾਲ ਤੁਹਾਡਾ ਬਲੱਡ ਸ਼ੂਗਰ ਲੈਵਲ ਕੰਟਰੋਲ 'ਚ ਰਹਿੰਦਾ ਹੈ। ਇਸ ਲਈ ਸ਼ੂਗਰ ਦੇ ਮਰੀਜ਼ਾਂ ਨੂੰ ਇਸ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਇਸ 'ਚ ਮੌਜੂਦ ਮੈਗਨੀਜ਼ ਤੁਹਾਡੇ ਬਲੱਡ ਸ਼ੂਗਰ ਲੈਵਲ ਲਈ ਬਹੁਤ ਮਦਦਗਾਰ ਹੁੰਦਾ ਹੈ।

ਕੇਸਰ ਦੀ ਵਰਤੋਂ ਦਰਦ ਤੋਂ ਛੁਟਕਾਰਾ ਪਾਉਣ ਲਈ ਵੀ ਕੀਤੀ ਜਾਂਦੀ ਹੈ। ਖ਼ਾਸ ਤੌਰ 'ਤੇ ਜੇ ਕਿਸੇ ਦੇ ਦੰਦ 'ਚ ਦਰਦ ਹੋ ਰਿਹਾ ਹੈ ਤਾਂ ਉਸ ਨੂੰ ਕੇਸਰ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇ ਤੁਹਾਨੂੰ ਕੀੜਾ ਕੱਟ ਦੇਵੇ ਤਾਂ ਤੁਸੀਂ ਕੇਸਰ ਦੀ ਵਰਤੋਂ ਕਰ ਸਕਦੇ ਹੋ। ਇਸ ਦੀ ਵਰਤੋਂ ਨਾਲ ਤੁਹਾਨੂੰ ਬਹੁਤ ਰਾਹਤ ਮਿਲੇਗੀ।

ਕੀੜੇ ਦੇ ਕੱਟਣ ਨਾਲ ਸਕਿਨ 'ਚ ਹੋਣ ਵਾਲੇ ਦਰਦ ਤੋਂ ਵੀ ਰਾਹਤ ਮਿਲੇਗੀ। ਜੇ ਤੁਹਾਡਾ ਢਿੱਡ ਚੰਗੀ ਤਰ੍ਹਾਂ ਸਾਫ਼ ਨਹੀਂ ਹੁੰਦਾ ਹੈ ਜਾਂ ਤੁਹਾਨੂੰ ਢਿੱਡ ਫੁੱਲਣ ਦੀ ਸਮੱਸਿਆ ਰਹਿੰਦੀ ਹੈ ਤਾਂ ਤੁਸੀਂ ਕੇਸਰ ਦੀ ਵਰਤੋਂ ਕਰ ਸਕਦੇ ਹੋ। ਇਹ ਤੁਹਾਡੇ ਸਰੀਰ ਲਈ ਬਹੁਤ ਫ਼ਾਇਦੇਮੰਦ ਹੋ ਸਕਦਾ ਹੈ। ਗਠੀਏ ਦੇ ਕਾਰਨ ਜੋੜਾਂ 'ਚ ਸੋਜ ਤੇ ਦਰਦ ਹੋ ਸਕਦੀ ਹੈ। ਕੇਸਰ ਦੀ ਵਰਤੋਂ ਇਸ ਸਮੱਸਿਆ ਤੋਂ ਨਿਜਾਤ ਦਿਵਾਉਣ 'ਚ ਮਦਦਗਾਰ ਹੋ ਸਕਦੀ ਹੈ। ਤੁਸੀਂ ਇਸ ਨੂੰ ਦੁੱਧ 'ਚ ਮਿਲਾ ਕੇ ਪੀ ਸਕਦੇ ਹੋ। ਖੀਰ, ਮਠਿਆਈ ਜਾਂ ਫਿਰ ਕਿਸੇ ਡਿਸ਼ 'ਚ ਇਸ ਦੀ ਵਰਤੋਂ ਕਰੋ। ਇਸ ਨੂੰ ਚੌਲਾਂ 'ਚ ਪਾ ਕੇ ਖਾ ਸਕਦੇ ਹੋ।

# * ਚੂੰਢੀਆਂ-ਪੌਂਚੇ *

**ਲੇਖਕ - ਨਿਰਮਲ ਸਿੰਘ ਕੰਧਾਲਵੀ**





***ਪੰਜਾਬ ਨੂੰ ਇਕ ਮਾਡਲ ਸੂਬਾ ਬਣਾਉਣ ਲਈ ਦਿੱਲੀ ਦੀ ਮੁਹਾਰਤ ਦੀ ਵਰਤੋਂ ਕਰਾਂਗੇ- ਭਗਵੰਤ ਮਾਨ**

-ਮਾਨ ਸਾਹਿਬ, ਦਿੱਲੀ ਦੇ ਮਹਾਂਰਥੀ ਚੰਡੀਗੜ੍ਹ 'ਚ ਬੈਠੇ ਪਹਿਲਾਂ ਹੀ ਮਾਡਲ ਸੂਬਾ ਬਣਾ ਰਹੇ ਐ!



***ਉੱਤਰ ਪ੍ਰਦੇਸ਼ ਦੀ 'ਡਬਲ ਇੰਜਣ' ਸਰਕਾਰ ਕਰ ਰਹੀ ਹੀ 'ਡਬਲ ਬਲੰਡਰ' - ਅਖਿਲੇਸ਼ ਯਾਦਬ**

-ਮੈਂ ਡਿਪਟੀ ਦੀ ਸਾਲ਼ੀ, ਕੈਦ ਕਰਾ ਦਊਂਗੀ।



***ਦਿੱਲੀ ਦੀ ਹਾਰ ਤੋਂ ਬਾਅਦ ਮਾਨ ਸਰਕਾਰ ਅੰਦਰ ਹਲਚਲ ਛਿੜੀ- ਰੰਧਾਵਾ**

-ਨੱਚਾਂ ਮੈਂ ਪਟਿਆਲੇ, ਮੇਰੀ ਧਮਕ ਜਲੰਧਰ ਪੈਂਦੀ।

***ਸਿਖਿਆ 'ਚ ਕਿਸੇ ਨਾਲ ਵੀ ਵਿਤਕਰਾ ਨਾ ਕੀਤਾ ਜਾਵੇ- ਸੁਪਰੀਮ ਕੋਰਟ**

-ਹੋਰ ਕੁਝ ਵੀ ਨਹੀਂ ਅਸੀਂ ਦੇਣ ਜੋਗੇ, ਮਿੱਟੀ ਗੋਂਗਲੂਆਂ ਦੇ ਉੱਤੋਂ ਝਾੜਦੇ ਹਾਂ।



***ਜਾਖੜ ਦੀ ਹਾਲਤ 'ਨਾ ਘਰ ਦੇ ਰਹੇ ਨਾ ਘਾਟ ਦੇ' ਵਾਲ਼ੀ ਹੋ ਗਈ ਹੈ- ਨੀਲ ਗਰਗ**

-ਨਾ ਖੁਦਾ ਹੀ ਮਿਲਾ, ਨਾ ਵਿਸਾਲੇ-ਸਨਮ, ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ।



***ਅਡਾਨੀ ਲਈ ਰਾਹਤ: ਟਰੰਪ ਨੇ ਵਿਦੇਸ਼ੀ ਰਿਸ਼ਵਤਖੋਰੀ ਕਾਨੂੰਨ ਨੂੰ ਲਾਗੂ ਕਰਨ 'ਤੇ ਲਗਾਈ ਰੋਕ- ਇਕ ਖ਼ਬਰ**

-ਲੱਡੂ ਵੰਡਦੀ ਗ਼ਲੀ ਦੇ ਵਿਚੋਂ ਨਿਕਲਾਂ, ਜੇ ਪਹਿਲੀ ਪੇਸ਼ੀ ਯਾਰ ਛੁੱਟ ਜਾਏ।



***ਸਾਰੇ ਜਥੇਦਾਰਾਂ ਦੀ ਮੀਟਿੰਗ ਸੱਦ ਕੇ ਗਿਆਨੀ ਰਘਬੀਰ ਸਿੰਘ ਸੁਖਬੀਰ ਬਾਦਲ ਨੂੰ ਪੰਥ 'ਚੋਂ ਛੇਕਣ- ਦਾਦੂਵਾਲ**

-ਨਾ ਰਹੇ ਬਾਂਸ, ਨਾ ਵੱਜੇ ਬੰਸਰੀ।



***ਸ਼੍ਰੋਮਣੀ ਅਕਾਲੀ ਦਲ ਨੂੰ 'ਸ਼੍ਰੋਮਣੀ ਭਗੌੜਾ ਦਲ' ਆਖਣਾ ਵਾਜਬ ਹੋਵੇਗਾ- ਗਿਆਨੀ ਹਰਪ੍ਰੀਤ ਸਿੰਘ**

-ਮੈਂ ਕੋਈ ਝੂਠ ਬੋਲਿਆ, ਮੈਂ ਕੋਈ ਕੁਫ਼ਰ ਤੋਲਿਆ। ਕੋਈ ਨਾ ਬਈ ਕੋਈ ਨਾ!




***ਭਾਜਪਾ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਨਹੀਂ ਜਿੱਤ ਸਕਦੀ- ਲਾਲੂ ਯਾਦਵ ਦਾ ਦਾਅਵਾ**

-ਪਰੇ ਹਟ ਜਾ ਬਲਦ ਸਿੰਙ ਮਾਰੂ, ਨੀਂ ਸੋਨੇ ਦੇ ਤਵੀਤ ਵਾਲ਼ੀਏ।



***ਪਾਕਿਸਤਾਨ ਦੇ ਸਿੱਖਾਂ ਵਲੋਂ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਹਾਅ ਦਾ ਨਾਅਰਾ- ਇਕ ਖ਼ਬਰ**

-ਮੈਨੂੰ ਬਗਲੀ ਸਿਖਾ ਦੇ ਗ਼ਲ ਪਾਉਣੀ, ਚੱਲੂੰਗੀ ਤੇਰੇ ਨਾਲ ਜੋਗੀਆ।



***ਪਰਵਾਸੀਆਂ ਦੇ ਦੇਸ਼ ਨਿਕਾ-ਲੇ 'ਤੇ ਪੋਪ ਨੇ ਕੀਤੀ ਟਰੰਪ ਪ੍ਰਸ਼ਾਸਨ ਦੀ ਨਿੰਦਾ- ਇਕ ਖ਼ਬਰ**

-ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ।

***ਮੀਟਿੰਗ 'ਚ ਤੀਜੀ ਧਿਰ ਦੇ ਸ਼ਾਮਲ ਨਾ ਹੋਣ ਕਰ ਕੇ ਕਿਸਾਨ ਜਥੇਬੰਦੀਆਂ 'ਚ ਏਕੇ ਦਾ ਫ਼ੈਸਲਾ ਨਾ ਹੋ ਸਕਿਆ- ਇਕ ਖ਼ਬਰ**

-ਨਾ ਖੇਡਣਾ ਨਾ ਖੇਡਣ ਦੇਣਾ, ਖੁੱਤੀ ਵਿਚ ਅਸੀਂ ਮੂ...ਣਾ।



***ਗਿਆਨੀ ਹਰਪ੍ਰੀਤ ਸਿੰਘ ਦੇ ਹੱਕ 'ਚ ਆਏ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ- ਇਕ ਖ਼ਬਰ**

-ਤੇਰੀ ਆਈ ਮੈਂ ਮਰ ਜਾਂ, ਤੇਰਾ ਵਾਲ਼ ਵੀ ਵਿੰਗਾ ਨਾ ਹੋਵੇ।



***ਸ਼੍ਰੋਮਣੀ ਕਮੇਟੀ ਦੇ ਕਈ ਮੈਂਬਰਾਂ ਨੇ ਹੁਣ ਧਾਮੀ ਤੋਂ ਮੰਗਿਆ ਅਸਤੀਫ਼ਾ- ਇਕ ਖ਼ਬਰ**

-ਚੁੱਕ ਚਰਖ਼ਾ ਪਰ੍ਹਾਂ ਕਰ ਪੀੜ੍ਹੀ, ਛੜਿਆਂ ਨੇ ਬੋਕ ਬੰਨ੍ਹਣਾ।



***ਸੁਖਬੀਰ ਬਾਦਲ ਦੀ ਤਾਨਾਸ਼ਾਹੀ ਵਿਰੁੱਧ ਰਣਨੀਤੀ ਉਲੀਕਣ ਦਾ ਸਮਾਂ ਆ ਗਿਐ- ਭਾਈ ਰਾਮ ਸਿੰਘ**

-ਡਾਂਗ ਮੇਰੀ ਖ਼ੂਨ ਮੰਗਦੀ, ਜੱਟ ਵੜ ਕੇ ਚਰ੍ਹੀ ਵਿਚ ਬੁੜਕੇ।

============

# ਕੀ ਭਾਜਪਾ ਸਿੱਖਾਂ ਦੇ ਮਸਲੇ ਹੱਲ ਕਰਨ ਜਾ ਰਹੀ ਹੈ!

## ਸਿੱਖ ਚਿਹਰਿਆਂ ਵਾਲੇ ਸਿਆਸਤਦਾਨ ਭਾਜਪਾ ਵਿੱਚ ਜਾਣ ਲਈ ਤਰਲੋਮੱਛੀ ਕਿਉਂ?

**ਰਣਜੀਤ ਸਿੰਘ ਦਮਦਮੀ ਟਕਸਾਲ**
ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ
ਮੋਬਾਈਲ: 0091 88722-93883



ਸਿੱਖ ਪੰਥ ਦੀਆਂ ਕੁਝ ਧਾਰਮਿਕ ਤੇ ਰਾਜਨੀਤਕ ਸ਼ਖਸੀਅਤਾਂ ਵੱਲੋਂ ਭਾਜਪਾ ਦੀ ਹਮਾਇਤ ਕੀਤੀ ਜਾ ਰਹੀ ਹੈ। ਸਿੱਖਾਂ ਦੀ ਜਿਹੜੀ ਵੀ ਸੰਸਥਾ ਜਾਂ ਆਗੂ, ਭਾਜਪਾ ਦੀ ਹਮਾਇਤ ਕਰਦਾ ਹੈ ਤਾਂ ਉਹ ਭਾਜਪਾ 'ਚ ਜਾਣ ਵੇਲੇ ਜਾਂ ਉਸ ਦਾ ਵਿਰੋਧ ਹੋਣ ਵੇਲੇ ਇਹ ਗੱਲ ਆਖਦਾ ਹੈ ਕਿ ਅਸੀਂ ਪੰਥ ਤੇ ਪੰਜਾਬ ਦੇ ਮਸਲੇ ਹੱਲ ਕਰਵਾਉਣੇ ਹਨ। ਹੁਣ ਤਾਂ ਬਸ ਮਸਲੇ ਹੱਲ ਹੋਣ ਹੀ ਵਾਲੇ ਹਨ, ਅਸੀਂ ਗਏ ਤੇ ਆਏ, ਤੁਸੀਂ ਵਾਹ-ਵਾਹ ਕਰਨ ਲਈ ਤਿਆਰ ਰਹੋ।

ਸਿੱਖ ਚਿਹਰਿਆਂ ਵਾਲੇ ਭਾਜਪਾਈ ਆਗੂ ਆਖਦੇ ਨੇ ਕਿ ਅਸੀਂ ਭਾਜਪਾ ਕੋਲੋਂ ਸਿੱਖਾਂ ਦੀ ਝੋਲੀ 'ਚ ਬਹੁਤ ਕੁਝ ਪਵਾਵਾਂਗੇ, ਸਿੱਖ ਤਾਂ ਐਵੇਂ ਧਰਨੇ-ਮੁਜ਼ਾਹਰੇ ਕਰਦੇ ਫਿਰਦੇ ਨੇ, ਖ਼ੂਨ-ਖਰਾਬੇ ਦੀਆਂ ਗੱਲਾਂ ਕਰਦੇ ਨੇ, ਸਿੱਖ ਤਾਂ ਬਿਨਾਂ ਗੱਲੋਂ ਭਾਜਪਾ ਦਾ ਵਿਰੋਧ ਕਰਦੇ ਨੇ, ਭਾਜਪਾ ਤਾਂ ਬਹੁਤ ਮਹਾਨ ਏ, ਉਹ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨੂੰ ਅਵਤਾਰ ਬਣਾ ਕੇ ਪੇਸ਼ ਕਰਦੇ ਨੇ, ਉਹ ਪੰਥ-ਪ੍ਰਸਤ ਗੁਰਸਿੱਖਾਂ ਤੇ ਖ਼ਾਲਿਸਤਾਨੀ ਆਗੂਆਂ ਨੂੰ ਨਿੰਦਦੇ-ਭੰਡਦੇ ਨੇ, ਉਹ ਗੁਰੂ ਦੇ ਸਿਧਾਂਤ ਨੂੰ ਭੁੱਲ ਕੇ ਬ੍ਰਾਹਮਣੀ ਰੀਤਾਂ ਅਪਣਾਉਂਦੇ ਨੇ ਤੇ ਵਿਰੋਧ ਕਰਨ ਵਾਲਿਆਂ ਨੂੰ ਆਈ.ਟੀ. ਸੈੱਲ ਤੋਂ ਕਈ ਤਰ੍ਹਾਂ ਦੇ ਸਰਟੀਫਿਕੇਟ ਜਾਰੀ ਕਰਵਾਉਂਦੇ ਨੇ।

ਉਹਨਾਂ ਦਾ ਸਾਰਾ ਜ਼ੋਰ ਇਸ ਗੱਲ 'ਤੇ ਲੱਗਾ ਰਹਿੰਦਾ ਕਿ ਪੰਥ ਤੇ ਪੰਜਾਬ ਦੇ ਮਸਲੇ ਤਾਂ ਕਦੋਂ ਦੇ ਹੱਲ ਹੋ ਜਾਣੇ ਸੀ ਪਰ ਸਿੱਖ ਹੀ ਸਰਕਾਰਾਂ ਨਾਲ ਪੰਗੇ ਲੈ ਕੇ ਅੜਿੱਕਾ ਬਣਦੇ ਰਹੇ ਨੇ। ਉਹ ਕਹਿੰਦੇ ਨੇ ਕਿ ਸਾਰੇ ਸਿੱਖ ਚੁੱਪ ਕਰ ਜਾਓ ਜਾਂ ਭਾਜਪਾ ਦਾ ਖੁੱਲ੍ਹ ਕੇ ਸਮਰਥਨ ਕਰੋ, ਭਾਜਪਾ ਦੀ ਜੈ-ਜੈਕਾਰ ਕਰੋ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਤੇ ਹੋਰਾਂ ਸ਼ਹੀਦਾਂ ਦੇ ਨਿਸ਼ਾਨੇ ਨੂੰ ਭੁੱਲ ਜਾਓ, ਉਹਨਾਂ ਨੂੰ ਵਡਿਆ ਕੇ ਪੇਸ਼ ਨਾ ਕਰੋ ਨਹੀਂ ਤਾਂ ਕੰਮ ਖਰਾਬ ਹੋ ਜਾਊ, ਗੁਰਬਾਣੀ-ਇਤਿਹਾਸ ਤੋਂ ਸੇਧ ਲੈਣ ਦੀ ਬਜਾਏ ਭਾਜਪਾ ਦੇ ਏਜੰਡੇ 'ਤੇ ਕੰਮ ਕਰੋ, ਗਰਮ ਗੱਲਾਂ ਨਾਲ ਕੁਝ ਨਹੀਂ ਬਣਨਾ, ਅੱਗੇ ਬਥੇਰਾ ਨੁਕਸਾਨ ਕਰਵਾ ਲਿਆ, ਤੁਸੀਂ ਪਿਛਲੇ 40 ਸਾਲਾਂ ਤੋਂ ਕੁਝ ਨਹੀਂ ਕਰ ਸਕੇ, ਪਰ ਹੁਣ ਅਸੀਂ ਬਿਨਾਂ ਬੰਦੇ ਮਰਾਏ, ਬਿਨਾਂ ਮੋਰਚਾ ਲਾਏ, ਸਿੱਖਾਂ ਨੂੰ ਮਾਲੋ-ਮਾਲ ਕਰ ਦਿਆਂਗੇ।

ਜੇ ਭਾਜਪਾ ਨੂੰ ਸਮਰਥਨ ਦੇਣ ਵਾਲੇ ਧਾਰਮਿਕ ਤੇ ਸਿਆਸੀ ਆਗੂਆਂ ਦੀਆਂ ਇਹਨਾਂ ਗੱਲਾਂ ਵੱਲ ਧਿਆਨ ਦੇਈਏ ਤਾਂ ਮਨ 'ਚ ਸਵਾਲ ਆਉਂਦਾ ਹੈ ਕਿ ਕੀ ਭਾਜਪਾ ਸਰਕਾਰ ਸਿੱਖਾਂ ਦੇ ਸਾਰੇ ਮਸਲੇ ਹੱਲ ਕਰਨ ਜਾ ਰਹੀ ਹੈ ? ਕੀ ਅਨੰਦਪੁਰ ਸਾਹਿਬ ਦਾ ਮਤਾ ਮੰਨਣ ਜਾ ਰਹੀ ਹੈ ? ਕੀ ਭਾਰਤੀ ਸੰਵਿਧਾਨ 'ਚ ਸੋਧ ਕਰਕੇ ਸਿੱਖਾਂ ਨੂੰ ਵੱਖਰੀ ਕੌਮ ਐਲਾਨਿਆ ਜਾਏਗਾ ? ਕੀ ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਹੱਲ ਹੋਏਗਾ ? ਕੀ ਚੰਡੀਗੜ੍ਹ ਰਾਜਧਾਨੀ ਪੰਜਾਬ ਨੂੰ ਮਿਲੇਗੀ ? ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਉੱਤੇ ਕਤਲ ਦਾ ਮੁਕੱਦਮਾ ਦਰਜ ਹੋਏਗਾ ? ਕੀ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲੀ ਇੰਦਰਾ ਗਾਂਧੀ ਨੂੰ ਭਾਜਪਾਈ ਆਗੂ ਸ਼ਰਧਾਂਜਲੀਆਂ ਦੇਣਾ ਬੰਦ ਕਰਨਗੇ ? ਕੀ ਕੁਲਦੀਪ ਬਰਾੜ, ਲਾਲ ਕ੍ਰਿਸ਼ਨ ਅਡਵਾਨੀ ਤੇ ਲਕਸ਼ਮੀ ਕਾਂਤਾ ਚਾਵਲਾ ਨੂੰ ਫਾਂਸੀ ਉੱਤੇ ਚਾੜ੍ਹਿਆ ਜਾਏਗਾ ? ਕੀ ਨਵੇਂ ਤੇ ਪੁਰਾਣੇ ਸਮੁੱਚੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਏਗਾ ? ਕੀ ਕਿਸਾਨੀ ਮਸਲੇ ਹੱਲ ਹੋਣਗੇ? ਕੀ ਪੰਜਾਬੀ ਬੋਲੀ ਦਾ ਸਤਿਕਾਰ ਬਹਾਲ ਹੋਏਗਾ ? ਕੀ ਸਿੱਖਾਂ ਦੇ ਕਕਾਰਾਂ ਉੱਤੇ ਪਾਬੰਦੀਆਂ ਨਹੀਂ ਲੱਗਣਗੀਆਂ ? ਕੀ ਗੁਰਦੁਆਰਾ ਗਿਆਨ ਗੋਦੜੀ, ਗੁ. ਡਾਂਗਮਾਰ, ਗੁ. ਮਟਨ ਸਾਹਿਬ ਤੇ ਹੋਰ ਗੁਰਦੁਆਰੇ ਉਸਾਰੇ ਜਾਣਗੇ ? ਕੀ ਸਰਕਾਰ ਸਿੱਖਾਂ ਨਾਲ ਧੱਕੇਸ਼ਾਹੀ ਤੇ ਜ਼ੁਲਮ ਬੰਦ ਕਰੇਗੀ ? ਕੀ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ, ਸ੍ਰੀ ਫ਼ਤਹਿਗੜ੍ਹ ਸਾਹਿਬ ਆਦਿ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਮਿਲੇਗਾ ? ਕੀ ਭਾਈ ਹਰਦੀਪ ਸਿੰਘ ਨਿੱਝਰ, ਭਾਈ ਅਵਤਾਰ ਸਿੰਘ ਖੰਡਾ ਤੇ ਭਾਈ ਪਰਮਜੀਤ ਸਿੰਘ ਪੰਜਵੜ ਦੇ ਕਤਲਾਂ ਬਾਰੇ ਸਰਕਾਰ ਦੱਸੇਗੀ ਕਿ ਕਿਉਂ ਕੀਤੇ ? ਕੀ ਆਰ. ਐਸ. ਐਸ. ਸਿੱਖਾਂ ਦਾ ਇਤਿਹਾਸ ਵਿਗਾੜਨ ਤੋਂ ਬਾਜ਼ ਆਏਗੀ ? ਕੀ ਸਰਕਾਰ ਸਾਡੇ ਸ਼ਹੀਦਾਂ ਤੇ ਜੁਝਾਰੂਆਂ ਨੂੰ ਅੱਤਵਾਦੀ ਕਹਿਣਾ ਬੰਦ ਕਰੇਗੀ ? ਕੀ ਪੰਜਾਬ ਦਾ ਵੱਖਰਾ ਝੰਡਾ ਹੋਏਗਾ ? ਕੀ ਪੰਜਾਬ 'ਚ ਪ੍ਰਵਾਸੀਆਂ ਦੇ ਜ਼ਮੀਨ ਖ੍ਰੀਦਣ 'ਤੇ ਪਾਬੰਦੀ ਲੱਗੇਗੀ ? ਕੀ ਸੱਚਮੁੱਚ ਹੀ ਸਿੱਖ ਵੀ ਅਜ਼ਾਦੀ ਦਾ ਨਿੱਘ ਮਾਣ ਸਕਣਗੇ ?

**ਜੇ ਭਾਜਪਾ ਨਾਲ ਮਿਲ ਕੇ ਹੀ ਮਸਲੇ ਹੱਲ ਹੋਣੇ ਹਨ ਤਾਂ 23 ਸਾਲ ਬਾਦਲਕਿਆਂ ਨੇ ਭਾਜਪਾ ਨਾਲ ਸਾਂਝ ਬਣਾਈ ਰੱਖੀ ਓਦੋਂ ਮਸਲੇ ਹੱਲ ਕਿਉਂ ਨਾ ਹੋਏ ? ਦੋਸ਼ੀ ਕੌਣ ਹੈ ਬਾਦਲ, ਭਾਜਪਾ ਜਾਂ ਸਿੱਖ ? ਬਾਦਲਾਂ ਦੇ ਰਾਜ 'ਚ ਤਾਂ ਭਾਜਪਾ ਨੇ ਖੁੱਲ੍ਹ ਕੇ ਮਨਮਾਨੀਆਂ ਕੀਤੀਆਂ ਤੇ ਸਿੱਖੀ ਦੀ ਜੜ੍ਹਾਂ 'ਚ ਤੇਲ ਦਿੱਤਾ, ਸ਼੍ਰੋਮਣੀ ਅਕਾਲੀ ਦਲ ਦਾ ਵੀ ਵੱਕਾਰ ਰੋਲ ਦਿੱਤਾ। ਅੱਜ ਕਈ ਅਕਾਲੀ ਆਗੂ ਮੰਨ ਰਹੇ ਨੇ ਕਿ ਅਸੀਂ ਭਾਜਪਾ ਨੂੰ ਤਾਕਤ ਦੇ ਕੇ ਗ਼ਲਤੀ ਕੀਤੀ। ਭਾਵੇਂ ਕਿ ਇਹ ਚੌਧਰ ਦੇ ਭੁੱਖੇ ਅਕਾਲੀ ਆਗੂ ਆਪਣੇ ਸਿਆਸੀ ਮਨੋਰਥਾਂ ਲਈ ਦੁਬਾਰਾ ਭਾਜਪਾ ਨਾਲ ਸਾਂਝ ਪਾਉਣ ਲਈ ਉਤਾਵਲੇ ਹਨ। ਯਾਦ ਰੱਖਿਓ, ਭਾਜਪਾ ਸਿੱਖ ਚਿਹਰਿਆਂ ਨੂੰ ਵਰਤ ਤਾਂ ਸਕਦੀ ਹੈ ਪਰ ਉਹ ਪੰਥ ਤੇ ਪੰਜਾਬ ਦਾ ਭਲਾ ਨਹੀਂ ਕਰ ਸਕਦੀ।**





ਇਹ ਸਵਾਲ ਵੀ ਤੰਗ ਕਰਦੇ ਨੇ ਕਿ ਕੀ ਹੁਣ ਇਹਨਾਂ ਮੰਗਾਂ ਨੂੰ ਮਨਾਉਣ ਲਈ ਸਿੱਖ, ਭਾਜਪਾ ਦੇ ਝੋਲੀਚੁੱਕ ਬਣ ਜਾਣ ? ਕੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਵੱਲੋਂ ਅਰੰਭੇ ਸੰਘਰਸ਼ ਦਾ ਭੋਗ ਪਾ ਦੇਈਏ ? ਕੀ ਹੁਣ ਸਿੱਖਾਂ ਨੂੰ ਵੱਖਰਾ ਦੇਸ਼ ਖ਼ਾਲਿਸਤਾਨ ਨਹੀਂ ਚਾਹੀਦਾ ? ਕੀ ਹਜ਼ਾਰਾਂ ਸ਼ਹੀਦਾਂ ਦੀਆਂ ਸ਼ਹਾਦਤਾਂ ਤੇ ਨਿਸ਼ਾਨੇ ਨੂੰ ਭੁੱਲ ਜਾਈਏ ? ਕੀ ਸ਼ਹੀਦ ਸਿੰਘ ਸਾਨੂੰ ਇਹ ਕਹਿ ਕੇ ਗਏ ਸਨ ਕਿ ਭਾਜਪਾ ਦੀ ਹਮਾਇਤ ਕਰਿਓ ? ਕੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ, ਨਵੰਬਰ 1984 ਦੀ ਨਸਲਕੁਸ਼ੀ ਤੇ ਝੂਠੇ ਪੁਲਿਸ ਮੁਕਾਬਲਿਆਂ ਨੂੰ ਭੁੱਲ ਜਾਈਏ ? ਕੀ ਸ਼ਹੀਦ ਸਿੰਘ ਸਾਨੂੰ ਮਾਫ਼ ਕਰਨਗੇ ?

ਜੇ ਭਾਜਪਾ ਨਾਲ ਮਿਲ ਕੇ ਹੀ ਮਸਲੇ ਹੱਲ ਹੋਣੇ ਹਨ ਤਾਂ 23 ਸਾਲ ਬਾਦਲਕਿਆਂ ਨੇ ਭਾਜਪਾ ਨਾਲ ਸਾਂਝ ਬਣਾਈ ਰੱਖੀ ਓਦੋਂ ਮਸਲੇ ਹੱਲ ਕਿਉਂ ਨਾ ਹੋਏ ? ਦੋਸ਼ੀ ਕੌਣ ਹੈ ਬਾਦਲ, ਭਾਜਪਾ ਜਾਂ ਸਿੱਖ ? ਬਾਦਲਾਂ ਦੇ ਰਾਜ 'ਚ ਤਾਂ ਭਾਜਪਾ ਨੇ ਖੁੱਲ੍ਹ ਕੇ ਮਨਮਾਨੀਆਂ ਕੀਤੀਆਂ ਤੇ ਸਿੱਖੀ ਦੀ ਜੜ੍ਹਾਂ 'ਚ ਤੇਲ ਦਿੱਤਾ, ਸ਼੍ਰੋਮਣੀ ਅਕਾਲੀ ਦਲ ਦਾ ਵੀ ਵੱਕਾਰ ਰੋਲ ਦਿੱਤਾ। ਅੱਜ ਕਈ ਅਕਾਲੀ ਆਗੂ ਮੰਨ ਰਹੇ ਨੇ ਕਿ ਅਸੀਂ ਭਾਜਪਾ ਨੂੰ ਤਾਕਤ ਦੇ ਕੇ ਗ਼ਲਤੀ ਕੀਤੀ। ਭਾਵੇਂ ਕਿ ਇਹ ਚੌਧਰ ਦੇ ਭੁੱਖੇ ਅਕਾਲੀ ਆਗੂ ਆਪਣੇ ਸਿਆਸੀ ਮਨੋਰਥਾਂ ਲਈ ਦੁਬਾਰਾ ਭਾਜਪਾ ਨਾਲ ਸਾਂਝ ਪਾਉਣ ਲਈ ਉਤਾਵਲੇ ਹਨ। ਯਾਦ ਰੱਖਿਓ, ਭਾਜਪਾ ਸਿੱਖ ਚਿਹਰਿਆਂ ਨੂੰ ਵਰਤ ਤਾਂ ਸਕਦੀ ਹੈ ਪਰ ਉਹ ਪੰਥ ਤੇ ਪੰਜਾਬ ਦਾ ਭਲਾ ਨਹੀਂ ਕਰ ਸਕਦੀ।

ਭਾਜਪਾ ਨੂੰ ਸਮਰਥਨ ਦੇਣ ਵਾਲੇ ਸਿੱਖ ਆਗੂਆਂ ਦੀ ਮਾਨਸਿਕ ਹਾਲਤ 'ਤੇ ਤਰਸ ਆਉਂਦਾ ਹੈ ਕਿ ਇਹ ਕਿੰਨੇ ਖ਼ੂਬਸੂਰਤ ਢੰਗ ਨਾਲ ਹਿੰਦੂਤਵ ਦੇ ਸਮੁੰਦਰ 'ਚ ਸਿੱਖ ਕੌਮ ਦਾ ਬੇੜਾ ਡੋਬਣ ਲੱਗੇ ਨੇ, ਇਹ ਕਿੰਨੇ ਸ਼ਾਨਦਾਰ ਸਲੀਕੇ ਨਾਲ ਸਿੱਖਾਂ ਨੂੰ ਬੇਵਕੂਫ਼ ਬਣਾਉਂਦੇ ਨੇ, ਸਭ ਕੁਝ ਜਾਣਦੇ ਹੋਏ ਵੀ ਪੰਥ ਨੂੰ ਖੂਹ 'ਚ ਸੁੱਟਣਾ ਚਾਹੁੰਦੇ ਨੇ, ਇਹ ਸਿੱਖਾਂ ਦਾ ਹਿੰਦੂਕਰਨ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ, ਇਹ ਗੁਰੂ ਕੇ ਲਾਲਾਂ ਨੂੰ ਮਾਤਾ ਦਾ ਮਾਲ ਬਣਾਉਣਾ ਚਾਹੁੰਦੇ ਨੇ, ਇਹ ਸਿੱਖ ਕੌਮ ਦੇ ਚੱਲ ਰਹੇ ਸੰਘਰਸ਼ ਨੂੰ ਲੀਹੋਂ ਲਾਹੁਣਾ ਚਾਹੁੰਦੇ ਨੇ, ਇਹ ਹਰ ਸਿੱਖ ਨੂੰ ਭਗਵਾਂ ਝੰਡਾ ਚੁਕਾਉਣਾ ਚਾਹੁੰਦੇ ਨੇ, ਹਿੰਦੂ ਰਾਸ਼ਟਰ ਦੀਆਂ ਨੀਂਹਾਂ ਪੱਕੀਆਂ ਕਰ ਰਹੇ ਨੇ, ਪੰਜਾਬ 'ਚ ਭਾਜਪਾ ਦਾ ਮੁੱਖ ਮੰਤਰੀ ਬਣਾਉਣਾ ਚਾਹੁੰਦੇ ਨੇ, ਸਿੱਖਾਂ ਨੂੰ ਕੇਸਾਧਾਰੀ ਹਿੰਦੂ ਬਣਾਉਣਾ ਚਾਹੁੰਦੇ ਨੇ, ਸਿੱਖਾਂ ਨੂੰ ਸਿੱਖੀ ਤੋਂ ਬਾਗ਼ੀ ਕਰਕੇ ਸਨਾਤਨੀਆਂ 'ਚ ਜਜ਼ਬ ਕਰਨਾ ਚਾਹੁੰਦੇ ਨੇ, ਇਹ ਸਿੱਖ ਸਿਆਸਤ ਦਾ ਭੋਗ ਪਾ ਕੇ ਹਿੰਦੂ ਸਿਆਸਤ ਚਮਕਾਉਣਾ ਚਾਹੁੰਦੇ ਨੇ। ਅਫ਼ਸੋਸ ਕਿ ਦੁਸ਼ਮਣ ਦੇ ਕੁਹਾੜੇ ਦਾ ਦਸਤਾ ਕੁਝ ਮਰੀਆਂ ਜ਼ਮੀਰਾਂ ਵਾਲੇ ਸਿੱਖ ਹੀ ਬਣ ਗਏ ਹਨ। ਪਰ ਗੁਰੂਆਂ-ਸ਼ਹੀਦਾਂ ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਅਸਲ ਵਾਰਸ ਹੱਕ-ਸੱਚ ਦਾ ਹੋਕਾ ਦਿੰਦਿਆਂ ਆਪਣਾ ਫ਼ਰਜ਼ ਨਿਭਾਉਂਦੇ ਰਹਿਣਗੇ। ਫ਼ੈਸਲਾ ਤੁਹਾਡੇ ਹੱਥ ਹੈ ਕਿ ਤੁਸੀਂ ਕਿੱਧਰ ਭੁਗਤਣਾ ਹੈ ਖ਼ਾਲਸਾ ਪੰਥ ਵੱਲ ਜਾਂ ਭਾਜਪਾ ਵੱਲ। ਗੁਰੂ ਸੁਮੱਤ ਬਖ਼ਸ਼ੇ।

# ਕੈਬਨਿਟ ਮੰਤਰੀ ਧਾਲੀਵਾਲ ਨੇਂ ਆਨਲਾਈਨ ਐਨ.ਆਰ.ਆਈ ਮਿਲਣੀ ਰਾਹੀਂ ਸੁਣੀਆ ਪ੍ਰਵਾਸੀ ਪੰਜਾਬੀਆਂ ਦੀਆਂ ਮੁਸ਼ਕਿਲਾਂ

***ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀਆਂ ਨੂੰ ਪ੍ਰਵਾਸੀ ਪੰਜਾਬੀਆਂ ਦੇ ਮਸਲੇ ਬਿਨਾਂ ਦੇਰੀ ਹੱਲ ਕਰਨ ਦੇ ਦਿੱਤੇ ਨਿਰਦੇਸ਼**
***ਮੰਤਰੀ ਧਾਲੀਵਾਲ ਵੱਲੋਂ ਸ਼ੁਰੂ ਕੀਤੀ ਗਈ ਆਨਲਾਈਨ ਐਨ. ਆਰ. ਆਈ ਮਿਲਣੀ ਦੀ ਪ੍ਰਵਾਸੀ ਪੰਜਾਬੀਆਂ ਵੱਲੋਂ ਕੀਤੀ ਜਾ ਰਹੀ ਹੈ ਭਰਪੂਰ ਸ਼ਲਾਘਾ**

ਲੈਸਟਰ–(ਸੁਖਜਿੰਦਰ ਸਿੰਘ ਢੱਡੇ)–ਪੰਜਾਬ ਸਰਕਾਰ ਦੇ ਕੈਬਨਿਟ ਅਤੇ ਐਨ. ਆਰ. ਆਈ. ਮਾਮਲਿਆ ਦੇ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅੱਜ ਤੀਜੀ ਆਨਲਾਈਨ ਐਨ. ਆਰ. ਆਈ ਮਿਲਣੀ ਕੀਤੀ ਗਈ। ਇਸ ਆਨਲਾਈਨ ਮਿਲਣੀ ਦੌਰਾਨ ਵੱਖ ਵੱਖ ਦੇਸ਼ਾਂ ਇੰਗਲੈਂਡ, ਕੇਨੈਡਾ, ਅਮਰੀਕਾ, ਆਸਟ੍ਰੇਲੀਆ ਸਮੇਤ ਹੋਰ ਦੇਸ਼ਾਂ ਚ ਵੱਸੇ ਪ੍ਰਵਾਸੀ ਪੰਜਾਬੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆ। ਇਸ ਮੌਕੇ ਤੇ ਵੱਖ ਵੱਖ ਐਨ. ਆਰ. ਆਈਜ ਵੱਲੋਂ ਆਨਲਾਈਨ ਮਿਲਣੀ ਰਾਹੀਂ ਕੈਬਨਿਟ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਨਾਲ ਕੈਮਰੇ ਦੀ ਅੱਖ ਰਾਹੀਂ ਸਾਹਮਣੇ ਬੈਠ ਕੇ ਆਪਣੀਆਂ ਪੰਜਾਬ ਨਾਲ ਸੰਬੰਧਿਤ ਮੁਸ਼ਕਿਲਾਂ ਦੱਸੀਆਂ, ਜਿਨ੍ਹਾਂ ਨੂੰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਬਹੁਤ ਹੀ ਨਿਮਰਤਾ ਅਤੇ ਵਧੀਆ ਤਰੀਕੇ ਨਾਲ ਸੁਣਿਆ ਗਿਆ, ਅਤੇ ਮੌਕੇ ਤੇ ਹਾਜ਼ਿਰ ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀਆਂ ਅਤੇ ਪੁਲਿਸ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਅਤੇ ਸਬੰਧਿਤ ਮਹਿਕਮੇ ਦੇ ਅਧਿਕਾਰੀਆਂ ਨੂੰ ਮੌਕੇ ਤੇ ਫੋਨ ਰਾਹੀਂ ਹਦਾਇਤਾਂ ਜਾਰੀ ਕਰਕੇ ਪ੍ਰਵਾਸੀ ਪੰਜਾਬੀਆਂ ਦੇ ਲਟਕੇ ਮਸਲੇ ਬਿਨਾਂ ਦੇਰੀ ਹੱਲ ਕਲਨ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ।

ਇਸ ਮੌਕੇ ਤੇ ਸ ਧਾਲੀਵਾਲ ਨਾਲ ਵੰਖ ਵੰਖ ਮਹਿਕਮਿਆਂ ਦੇ ਅਧਿਕਾਰੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਪ੍ਰਵਾਸੀ ਪੰਜਾਬੀਆਂ ਦੀਆਂ ਮੁਸ਼ਕਿਲਾਂ ਸੁਣਨ ਲਈ ਆਰੰਭ ਕੀਤੀ ਗਈ ਇਸ ਆਨਲਾਈਨ ਐਨ. ਆਰ. ਆਈ ਮਿਲਣੀ ਦੀ ਵਿਦੇਸ਼ਾਂ ਵਿੱਚ ਵੱਸਦੇ ਪ੍ਰਵਾਸੀ ਪੰਜਾਬੀਆਂ ਵੱਲੋਂ ਭਰਵੀਂ ਸ਼ਲਾਘਾ ਕੀਤੀ ਜਾ ਰਹੀ ਹੈ। ਇੰਗਲੈਂਡ ਵੱਸਦੇ ਕੁਝ ਪੰਜਾਬੀਆਂ ਨੇ ਦੱਸਿਆ ਕਿ ਕਈ ਸਾਲਾਂ ਤੋਂ ਲਟਕਦੇ ਆ ਰਹੇ ਉਨ੍ਹਾਂ ਦੇ ਮਸਲੇ ਹੁਣ ਬਿਨਾਂ ਦੇਰੀ ਪਹਿਲ ਦੇ ਆਧਾਰ ਤੇ ਹੱਲ ਹੋ ਰਹੇ ਹਨ, ਕਿਉਂਕਿ ਪਹਿਲਾਂ ਸਬੰਧਿਤ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਦੇ ਸਬੰਧਿਤ ਮੰਤਰੀਆਂ ਨਾਲ ਸੰਪਰਕ ਕਰਨਾ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਸੀ, ਪ੍ਰੰਤੂ ਹੁਣ ਇਕ ਹੀ ਪਲੇਟਫਾਰਮ ਤੇ ਵਿਦੇਸ਼ਾਂ ਚ ਬੈਠੇ ਪ੍ਰਵਾਸੀ ਪੰਜਾਬੀ ਆਨਲਾਈਨ ਸਬੰਧਿਤ ਮੰਤਰੀ ਅਤੇ ਸੰਬੰਧਿਤ ਅਧਿਕਾਰੀਆਂ ਤੱਕ ਆਪਣੇ ਮਸਲਿਆਂ ਸਬੰਧੀ ਆਵਾਜ਼ ਪਹੁੰਚਾ ਸਕਦੇ ਹਨ।


ਐਨ. ਆਰ. ਆਈ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ

# ਟਰੰਪ ਵੱਲੋਂ ਵਿਜ਼ਟਰ ਵੀਜ਼ਾ ਨਿਯਮਾਂ ਚ ਵੱਡੀ ਤਬਦੀਲੀ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਗੈਰਕਾਨੂੰਨੀ ਪ੍ਰਵਾਸੀਆਂ ਦੀ ਫੜੋ ਫੜੀ ਦਰਮਿਆਨ ਵਿਜ਼ਟਰ ਵੀਜ਼ਾਂ ਨਿਯਮਾਂ ਵਿਚ ਵੱਡੀ ਤਬਦੀਲੀ ਦਾ ਐਲਾਨ ਕੀਤਾ ਗਿਆ ਹੈ ਅਤੇ ਲੱਖਾਂ ਭਾਰਤੀਆਂ ਨੂੰ ਵੀਜ਼ੇ ਤੋਂ ਨਾਂਹ ਕੀਤੀ ਜਾ ਸਕਦੀ ਹੈ। ਵਿਜ਼ਟਰ ਵੀਜ਼ਾ ਤੇ ਅਮਰੀਕਾ ਪੁੱਜੇ ਪਰ ਵਾਪਸ ਨਾ ਜਾਣ ਵਾਲੇ ਭਾਰਤੀਆਂ ਦੀ ਸਾਲਾਨਾ ਗਿਣਤੀ 25 ਹਜ਼ਾਰ ਦੇ ਨੇੜੇ ਦੱਸੀ ਜਾ ਰਹੀ ਜਦਕਿ ਕੈਨੇਡਾ ਅਤੇ ਮੈਕਸੀਕੋ ਦਾ ਬਾਰਡਰ ਟੱਪ ਕੇ ਆਉਣ ਵਾਲੇ ਇਨ੍ਹਾਂ ਵਿਚ ਸ਼ਾਮਲ ਨਹੀਂ। 2023 ਵਿਚ 17 ਲੱਖ 60 ਹਜ਼ਾਰ ਭਾਰਤੀ ਬੀ–1 ਅਤੇ ਬੀ–2 ਵੀਜ਼ਾ ਤੇ ਅਮਰੀਕਾ ਪੁੱਜੇ ਜਿਨ੍ਹਾਂ ਵਿਚੋਂ ਡੇਢ ਫ਼ੀ ਸਦੀ ਵੀਜ਼ਾ ਖਤਮ ਹੋਣ ਤੋਂ ਬਾਅਦ ਵੀ ਵਾਪਸ ਨਾ ਗਏ ਅਜਿਹੇ ਵਿਚ ਵਿਜ਼ਟਰ ਵੀਜ਼ਾ ਨਿਯਮ ਸਖਤ ਕਰਨੇ ਬੇਹੱਦ ਲਾਜ਼ਮੀ ਹੋ ਗਏ।

**ਲੱਖਾਂ ਭਾਰਤੀਆਂ ਨੂੰ ਹੋਵੇਗੀ ਵੀਜ਼ੇ ਤੋਂ ਨਾਂਹ**

ਤਾਜ਼ਾ ਤਬਦੀਲੀਆਂ ਮੁਤਾਬਕ ਵੀਜ਼ਾ ਇੰਟਰਵਿਊ ਤੋਂ ਛੋਟ ਸਿਰਫ਼ ਉਨ੍ਹਾਂ ਲੋਕਾਂ ਨੂੰ ਮਿਲ ਸਕੇਗੀ ਜਿਨ੍ਹਾਂ ਦਾ ਵੀਜ਼ਾ 12 ਮਹੀਨੇ ਦੇ ਅੰਦਰ ਐਕਸਪਾਇਰ ਹੋਣ ਵਾਲਾ ਹੈ ਜਦਕਿ ਇਸ ਤੋਂ ਪਹਿਲਾਂ 48 ਮਹੀਨੇ ਤੱਕ ਵੀਜ਼ਾ ਮਿਆਦ ਪੁੱਗਣ ਵਾਲਿਆਂ ਨੂੰ ਵੀ ਇੰਟਰਵਿਊ ਤੋਂ ਛੋਟ ਮਿਲੀ ਹੋਈ ਸੀ। ਨਵੀਂ ਦਿੱਲੀ ਸਥਿਤ ਅਮਰੀਕਾ ਦੀ ਅੰਬੈਸੀ ਅਤੇ ਮੁੰਬਈ ਕੌਂਸਲੇਟ ਵਿਚ ਵੀਜ਼ਾ ਇੰਟਰਵਿਊ ਵਾਸਤੇ ਔਸਤ ਉਡੀਕ ਸਮਾਂ 440 ਦਿਨ ਚੱਲ ਰਿਹਾ ਹੈ ਜਦਕਿ ਚੇਨਈ ਕੌਂਸਲੇਟ ਵਿਚ 436 ਦਿਨ ਦੀ ਉਡੀਕ ਕਰਨੀ ਪੈਂਦੀ ਹੈ। ਹੈਦਰਾਬਾਦ ਕੌਂਸਲੇਟ ਵਿਚ ਇੰਟਰਵਿਊ ਲਈ ਉਡੀਕ ਸਮਾਂ 429 ਦਿਨ ਦੱਸਿਆ ਜਾ ਰਿਹਾ ਹੈ ਕਿ ਕੋਲਕਾਤਾ ਵਿਖੇ 415 ਦਿਨ ਦੀ ਉਡੀਕ ਕਰਨੀ ਪੈ ਰਹੀ ਹੈ। ਇਸੇ ਦੌਰਾਨ ਹਾਲ ਹੀ ਵਿਚ ਸਾਹ–ਮਣੇ ਆਏ ਅਧਿਐਨ ਮੁਤਾਬਕ ਕੈਲੇਫੋਰਨੀਆ, ਟੈਕਸਸ, ਨਿਊ ਜਰਸੀ, ਨਿਊ ਯਾਰਕ ਅਤੇ ਇਲੀਨੌਇ ਵਿਚ ਸਭ ਤੋਂ ਵੱਧ ਭਾਰਤੀ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਨ ਜਦਕਿ ਓਹਾਇਓ ਵਿਚ ਮੌਜੂਦ ਗੈਰਕਾਨੂੰਨੀ ਪ੍ਰਵਾਸੀਆਂ ਵਿਚੋਂ 16 ਫ਼ੀ ਸਦੀ ਭਾਰਤੀ ਹਨ ਅਤੇ ਮਿਸ਼ੀਗਨ ਵਿਚ ਇਹ ਅੰਕੜਾ 14 ਫ਼ੀ ਸਦੀ ਦੱਸਿਆ ਜਾ ਰਿਹਾ ਹੈ।

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
Tel: 01332 372 851 - WhatsApp No. 07966 388 388


**ਆਓ ਦੂਜੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**



# ਕ੍ਰਾਂਤੀਕਾਰੀ ਸਿੱਖ ਆਗੂ ਮਾਸਟਰ ਮੋਤਾ ਸਿੰਘ ਨੂੰ ਯਾਦ ਕਰਦਿਆਂ

## ਜਨਮ ਦਿਨ 'ਤੇ ਵਿਸ਼ੇਸ਼

ਭਗਵਾਨ ਸਿੰਘ ਜੌਹਲ
Mob : 98143-24040
ਈਮੇਲ : bhagwansinghjohal@gmail.som




ਕੌਮੀ ਸੇਵਾ ਤੇ ਦੇਸ਼ਭਗਤੀ ਨੂੰ ਜੀਵਨ ਮਨੋਰਥ ਜਾਨਣ ਵਾਲੇ ਇਨਸਾਨ ਬਹੁਤ ਘੱਟ ਮਿਲਦੇ ਹਨ। ਮਾਸਟਰ ਮੋਤਾ ਸਿੰਘ ਦਾ ਸਮੁੱਚਾ ਜੀਵਨ ਦੇਸ਼ ਸੇਵਾ ਨੂੰ ਸਮਰਪਿਤ ਸੀ, ਇਸੇ ਕਰਕੇ ਉਹ ਅੰਗਰੇਜ਼ ਹਕੂਮਤ ਦੀਆਂ ਅੱਖਾਂ ਵਿੱਚ ਹਮੇਸ਼ਾ ਰੜਕਦੇ ਰਹੇ। ਉਨ੍ਹਾਂ ਦੀ ਖਾਹਿਸ਼ ਸੀ, ਕਿ ਦੇਸ਼ ਦੀ ਅਜ਼ਾਦੀ ਅਤੇ ਸਿੱਖਾ ਦੇ ਭਵਿੱਖ ਨੂੰ ਸੰਵਾਰਨ ਲਈ ਹਰ ਨੌਜ਼ਵਾਨ ਦੇਸ਼ ਭਗਤੀ ਦੇ ਰੰਗ ਵਿਚ ਰੰਗਿਆ ਹੋਣਾ ਚਾਹੀਦਾ ਹੈ। ਸ਼ਾਇਦ ਇਸੇ ਕਰਕੇ ਉਹ ਅਜਿਹੇ ਸਿੱਖ ਆਗੂ ਸਨ, ਜਿਨ੍ਹਾਂ ਤਾਅ-ਉਮਰ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਗ੍ਰਹਿਸਥ ਜੀਵਨ ਵਿਚ ਪ੍ਰਵੇਸ਼ ਨਹੀਂ ਸੀ ਕੀਤਾ। ਉਸ ਸਮੇਂ ਪੰਜਾਬ ਦੇ ਬਹੁਤੇ ਪਰਿਵਾਰ ਅਨਪੜ੍ਹਤਾ ਅਤੇ ਗ਼ਰੀਬੀ ਕਾਰਨ ਬੜੀ ਤੰਗੀ ਦਾ ਜੀਵਨ ਬਤੀਤ ਕਰ ਰਹੇ ਸਨ। ਮਾਸਟਰ ਮੋਤਾ ਸਿੰਘ ਨੂੰ ਉਚੇਰੀ ਸਿਖਿਆ ਪ੍ਰਦਾਨ ਕਰਵਾਉਣ ਲਈ ਉਨ੍ਹਾਂ ਦੇ ਮਾਤਾ ਪਿਤਾ ਜੀ ਨੇ ਹਰ ਸੰਭਵ ਯਤਨ ਕੀਤਾ। ਇਸ ਦੇਸ਼ ਭਗਤ ਤੇ ਕ੍ਰਾਂਤੀਕਾਰੀ ਸਿੱਖ ਆਗੂ ਦਾ ਜਨਮ ਜਿਲ੍ਹਾ ਤੇ ਤਹਿਸੀਲ ਜਲੰਧਰ ਦੇ ਪਿੰਡ ਪਤਾਰਾ ਵਿਖੇ 28 ਫਰਵਰੀ 1988 ਨੂੰ ਸ. ਗੋਪਾਲ ਸਿੰਘ ਦੇ ਗ੍ਰਹਿ ਵਿਖੇ ਹੋਇਆ। ਮੈਟ੍ਰਿਕ ਦਾ ਇਮਤਿਹਾਨ ਪਾਸ ਕਰਨ ਪਿੱਛੋਂ ਆਪ ਟੀਚਰ ਟਰੇਨਿੰਗ ਪ੍ਰਾਪਤ ਕਰਕੇ ਵੱਖ ਵੱਖ ਸਕੂਲਾਂ ਵਿਚ ਤਾਇਨਾਤ ਰਹੇ। ਇਸ ਪਿੱਛੋਂ ਗਿਆਨੀ ਮੁਨਸ਼ੀ, ਫਾਜ਼ਿਲ ਅਤੇ ਬੀ. ਏ ਪਾਸ ਕਰਕੇ ਅੰਮ੍ਰਿਤਸਰ ਸ਼ਹਿਰ ਨਾਮਵਰ ਵਿੱਦਿਅਕ ਸੰਸਥਾ ਅਤੇ ਸੁੱਖਾ ਸਿੰਘ ਖਾਲਸਾ ਸਕੂਲ ਵਿਖੇ ਅਤੇ ਉਸ ਤੋਂ ਬਾਅਦ ਤਲਵੰਡੀ ਸਾਬੋ (ਦਮਦਮਾ ਸਾਹਿਬ) ਖਾਲਸਾ ਸਕੂਲ ਅਕਾਲ ਕਾਲਜ ਮਸਤੂਆਣਾ ਵਿਖੇ ਵੀ ਅਧਿਆਪਕ ਦਾ ਕਾਰਜ਼ ਕੀਤਾ।

ਕੌਮੀ ਦਰਦ ਦੇ ਜਜ਼ਬੇ ਅਧੀਨ ਉਹ ਚਾਹੁੰਦੇ ਸਨ ਹਰ ਪੰਜਾਬੀ ਸਿੱਖਿਆ ਦੇ ਖੇਤਰ ਵਿੱਚ ਨਿਪੁੰਨ ਹੋਵੇ। ਇਸੇ ਕਰ ਕੇ ਮਾਸਟਰ ਮੋਤਾ ਸਿੰਘ ਨੇ ਮਾਝਾ ਖਾਲਸਾ ਦੀਵਾਨ ਨਾਲ ਮਿਲ ਕੇ ਕਈ ਥਾਵਾਂ ਤੇ ਲੜਕਿਆਂ ਲਈ ਖਾਲਸਾ ਸਕੂਲ ਵੀ ਸਥਾਪਤ ਕੀਤੇ। ਉਪਰੰਤ ਆਪਣੇ ਪਿੰਡ ਪਤਾਰਾ ਵਿਖੇ ਵੀ ਪਬਲਿਕ ਸਕੂਲ ਦੀ ਸਥਾਪਨਾ ਕੀਤੀ ਜੋ ਹੁਣ ਸਰਕਾਰੀ ਸਕੂਲ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ। ਮਾਸਟਰ ਮੋਤਾ ਸਿੰਘ ਜੀ ਨੇ ਛੇਤੀ ਹੀ ਸਿੱਖਿਆ ਦੇ ਖੇਤਰ ਤੋਂ ਵਿਹਲੇ ਹੋ ਕੇ ਅੰਗਰੇਜ਼ ਹਕੂਮਤ ਨੂੰ ਦੇਸ਼ ਵਿੱਚੋਂ ਕੱਢਣ ਲਈ ਸੰਘਰਸ਼ ਵਿਚ ਕੁੱਦ ਪਏ। ਆਪਜੀ ਨੇ ਰਾਜਨੀਤਕ ਖੇਤਰ ਵਿੱਚ ਆ ਕੇ ਦਿਨ-ਰਾਤ ਇੱਕ ਕਰ ਦਿੱਤਾ। ਆਪਜੀ ਦੀ ਬੋਲਣ ਦੀ ਸਮਰੱਥਾ ਤੇ ਇਤਿਹਾਸ ਜਾਣਕਾਰੀ ਦੀ ਹਰ ਇੱਕ ਸਰੋਤਾ ਪ੍ਰਸੰਸਾ ਕਰਦਾ ਸੀ।

11 ਅਪ੍ਰੈਲ 1919 ਨੂੰ ਸ਼ਾਹੀ ਮਸਜਿਦ ਲਾਹੌਰ ਵਿਖੇ ਅੰਗਰੇਜ਼ ਸਰਕਾਰ ਵਿਰੋਧੀ ਤਕਰੀਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਮਾਰਸ਼ਲ ਲਾਅ ਅਧੀਨ ਗ੍ਰਿਫਤਾਰ ਕਰ ਲਿਆ। ਜੇਲ ਵਿੱਚ ਹਰਕੇਦੀ ਨੂੰ ਦਸਤਾਰ ਸਜਾਉਣ ਦੀ ਇਜ਼ਾਜ਼ਤ ਨਹੀਂ ਸੀ ਮਿਲਦੀ। ਮਾਸਟਰ ਮੋਤਾ ਸਿੰਘ ਜੀ ਨੇ ਇਸ ਪਾਬੰਦੀ ਦੇ ਵਿਰੋਧ ਵਿੱਚ ਭੁੱਖ ਹੜਤਾਲ ਸ਼ੁਰੂ ਕਰ ਦਿਤੀ। ਸਰਕਾਰ ਨੂੰ ਮਜ਼ਬੂਰ ਹੋ ਕੇ ਲਾਈ ਪਾਬੰਦੀ ਵਾਪਸ ਲੈਣੀ ਪਈ।

ਇਨ੍ਹਾਂ ਦਿਨਾਂ ਵਿੱਚ ਹੀ ਗੁਰਦੁਆਰਾ ਸੁਧਾਰ ਲਹਿਰ ਦਾ ਅਰੰਭ ਹੋਇਆ। ਆਪ ਇਸ ਲਹਿਰ ਵਿੱਚ ਬਹੁਤ ਸਰਗਰਮ ਹੋ ਗਏ ਪਰ ਸਿੱਖਾ ਦੀ ਨਵੀਂ ਬਣੀ ਪਾਰਟੀ ਸ਼ੋਮਣੀ ਅਕਾਲੀ ਦਲ ਦੇ ਸ਼ਾਂਤਮਈ ਅੰਦੋਲਨ ਨਾਲ ਆਪ ਸਹਿਮਤ ਨਹੀਂ ਸੀ। ਉਨ੍ਹਾਂ ਦੀ ਰਾਏ ਸੀ ਸਿੱਧੀ ਉਂਗਲ ਨਾਲ ਘਿਉ ਨਹੀਂ ਨਿਕਲਣਾ, ਅੰਗਰੇਜ਼ ਹਕੂਮਤ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਦੋ ਹੱਥ ਕਰਨੇ ਹੀ ਪੈਣਗੇ। ਇਸੇ ਸਮੇਂ ਸ਼੍ਰੀ ਤਾਰਨ ਤਾਰਨ ਸਾਹਿਬ ਤੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕਿਆਂ ਨੇ ਧੁੱਰ ਅੰਦਰੋਂ ਝੰਜੋੜ ਕੇ ਰੱਖ ਦਿਤਾ। ਨਨਕਾਣਾ ਸਾਹਿਬ ਜੀ ਦੇ ਖ਼ੂਨੀ ਸਾਕੇ ਤੋਂ ਥੋੜੇ ਦਿਨਾਂ ਬਾਅਦ 19 ਤੋਂ 21 ਮਾਰਚ, 1021 ਨੂੰ ਹੁਸ਼ਿਆਰਪੁਰ ਵਿਖੇ ਹੋਈ ਸਿੱਖ ਐਯੂਨੇਸ਼ਨਲ ਕਾਨਫੰਸ ਸਮੇਂ ਇਨ੍ਹਾਂ ਬੱਬਰ ਅਕਾਲੀ ਲਹਿਰ ਦੇ ਪ੍ਰਮੱਖ ਆਗੂ ਜਥੇਦਾਰ ਕ੍ਰਿਸ਼ਨ ਸਿੰਘ ਗੜਗੱਜ ਨਾਲ ਮਿੱਲਕੇ ਇੱਕ ਖ਼ੁਫ਼ੀਆ ਮੀਟਿੰਗ ਕੀਤੀ। ਇਸ ਮੀਚਿੰਗ ਵਿੱਚ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਨਾਲ ਸਬੰਧਿਤ ਸਾਰੇ ਗੁਰੂ ਦੋਖੀਆਂ ਨੂੰ ਮਾਰ ਮੁਕਾਉਣ ਦਾ ਫੈਸਲਾ ਕੀਤਾ ਗਿਆ। ਬੱਬਰ



ਮਾਸਟਰ ਮੋਤਾ ਸਿੰਘ ਜੀ

ਅਕਾਲੀ ਲਹਿਰ ਨਾਲ ਜੁੱੜ ਕੇ ਪ੍ਰਚਾਰ ਵਿੱਚ ਜੁੜ ਗਏ। ਉਨ੍ਹਾਂ ਦਿਨ ਰਾਤ ਜੁਝਾਰੂ ਨੋਜਵਾਨ ਸਿੱਖ ਆਗੂਆਂ ਨੂੰ ਪ੍ਰਚਾਰ ਤੇ ਪ੍ਰਸਾਰ ਲਈ ਇਕੱਠੇ ਕਰਕੇ ਬੱਬਰ ਅਕਾਲੀ ਲਹਿਰ ਨੂੰ ਹੁਲਾਰਾ ਦਿਤਾ। ਇਸ ਲਹਿਰ ਨਾਲ ਸਬੰਧਿਤ ਕਾਰਜ਼ ਲਈ ਅ.ਫਗਾਨਿਸਤਾਨ ਦੇ ਸ਼ਹਿਰ ਕਾਬੁੱਲ ਦੀ ਵੀ ਆਪ ਜੀ ਨੇ ਦੌਰਾ ਕੀਤਾ। ਬੱਬਰ ਅਕਾਲੀ ਲਹਿਰ ਦੇ ਆਗੂ ਹੋਣ ਕਰਕੇ, ਖਾਸ ਕਰ ਹਕੂਮਤ ਦੇ ਬਾਗੀ ਖਾੜਕੂ ਆਗੂ ਵਜੋਂ ਆਪ ਜੀ ਨੂੰ 15 ਜੂਨ 1922 ਨੂੰ ਗ੍ਰਿਫਤਾਰ ਕਰ ਲਿਆ ਗਿਆ। ਲਗਾਤਾਰ 7 ਸਾਲ ਜੇਲਾਂ ਵਿੱਚ ਸ.ਖ਼ਤ ਕੈਦ ਭੁਗਤੀ। ਫਿਰ ਜੇਲ ਤੋਂ ਬਾਹਰ ਆਉਣ ਉਪਰਤ ਆਪ ਜੀ ਨੂੰ ਵਾਰ-ਵਾਰ ਗਿ.ਫਤਾਰ ਕਰਕੇ ਵੱਖ-ਵੱਖ ਜੁਰਮਾਂ ਅਧੀਨ ਸਰਕਾਰ ਦੇ ਖ਼ਤਰਨਾਕ ਬਾਗੀ ਵਜੋਂ ਜੇਲਾਂ ਵਿੱਚ ਰੱਖਿਆ ਗਿਆ। ਦੇਸ਼ ਦੀ ਅਜ਼ਾਦੀ ਲਈ ਕਾਲ ਕੋਠਰੀਆਂ ਮਾਸਟਰ ਮੋਤਾ ਸਿੰਘ ਨੂੰ ਆਪਣੇ ਅਕੀਦੇ ਤੇ ਉਦੇਸ਼ ਤੋਂ ਡੁਲਾਅ ਨਾ ਸਕੀਆਂ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਵਿੱਚ ਹੋਈ ਵਿਧਾਨ ਸਭਾ ਦੀ ਚੋਣ ਵਿੱਚ ਆਪ ਜਨਤਾ ਵਲੋਂ ਵਿਧਾਇਕ ਚੁੱਣ ਲਏ ਗਏ। ਪਰ ਅੰਦਰਲਾ ਦੇਸ਼ ਭਗਤੀ ਅਤੇ ਲੋਕ ਸੇਵਕ ਵਾਰ-ਵਾਰ ਦੁੱਖੀ ਲੋਕਾਂ ਦੀ ਸੇਵਾ ਵਿੱਚ ਵੰਗਾਰਦਾ ਰਿਹਾ। ਛੇਤੀ ਹੀ ਮਾ. ਮੋਤਾ ਸਿੰਘ ਨੇ ਵਿਧਾਇਕ ਵਜੋਂ ਅਸਤੀ.ਫਾ ਦੇ ਕੇ ਵਿਦਾਇਕੀ ਦੇ ਅਹੁੱਦੇ ਤੋਂ ਵਿਹਲੇ ਹੋ ਕੇ ਕਿਸਾਨ ਲਹਿਰ ਵਿੱਚ ਸ਼ਾਮਲ ਹੋ ਗਏ।

ਮਾ. ਮੋਤਾ ਸਿੰਘ ਬੇਦਾ.ਗ ਤੇ ਨਿਧੜਕ ਸਿੱਖ ਆਗੂ ਸਨ, ਉਨ੍ਹਾਂ ਸਾਰੀ ਜਿੰਦਗੀ ਕੋਈ ਵੀ ਜਾਇਦਾਦ ਨਹੀਂ ਬਣਾਈ ਅਤੇ ਨਾ ਹੀ ਰਿਸ਼ਤੇਦਾਰੀਆਂ ਦੇ ਮੋਹ ਵਿੱਚ ਫਸੇ। ਉਨ੍ਹਾਂ ਸਿਰ.ਫ ਦੇਸ਼ ਕੋਮ ਅਤੇ ਸਿੱਖ ਕੋਮ ਨਾਲ ਪਿਆਰ ਕੀਤਾ। ਜਲੰਧਰ ਬਸ ਸਟੈਂਡ ਨਜ਼ਦੀਕ ਹੀ ਇਨ੍ਹਾਂ ਦੇ ਨਾਂਅ ਤੇ ਬਣਿਆ ਮਾਸਟਰ ਮੋਤਾ ਸਿੰਘ ਨਗਰ ਇਨ੍ਹਾਂ ਦੀ ਦੇਸ਼ ਭਗਤੀ ਨੂੰ ਸਮਰਪਿੱਤ ਕੀਤਾ ਗਿਆ। 9 .ਫਰਵਰੀ 1960 ਈ. ਨੂੰ ਆਪ ਇਸ .ਫਾਨੀ ਸੰਸਾਰ ਤੋਂ ਹਮੇਸ਼ਾ ਲਈ ਵਿੱਦਾ ਹੋ ਗਏ। ਅੱਜ ਕੇਵਲ ਉਨ੍ਹਾਂ ਦਾ ਯਾਦ ਹੀ ਬਾਕੀ ਹੈ।

## ਨਿਊਜ਼ੀਲੈਂਡ ਚੋਂ ਵੀ ਡਿਪੋਰਟ ਹੋਣਗੇ ਭਾਰਤੀ

ਔਕਲੈਂਡ : ਅਮਰੀਕਾ ਵਿਚ ਬਰਥਰਾਈਟ ਸਿਟੀਜ਼ਨਸ਼ਿਪ ਬਾਰੇ ਚੱਲ ਰਹੀ ਮੁਕੱਦਮੇਬਾਜ਼ੀ ਦਰਮਿਆਨ ਨਿਊਜ਼ੀਲੈਂਡ ਵਿਚ ਭਾਰਤੀ ਪਰਵਾਰ ਵੱਡੀਆਂ ਇੰਮੀਗ੍ਰੇਸ਼ਨ ਮੁਸ਼ਕਲਾਂ ਵਿਚ ਘਿਰ ਗਿਆ ਹੈ। ਨਿਊਜ਼ੀਲੈਂਡ ਵਿਚ ਜੰਮੇ ਦਮਨ ਕੁਮਾਰ ਉਤੇ ਡਿਪੋਰਟੇਸ਼ਨ ਦਾ ਖਤਰਾ ਮੰਡਰਾਅ ਰਿਹਾ ਹੈ ਜਦਕਿ ਦਮਨ ਤੋਂ ਚਾਰ ਸਾਲ ਪਹਿਲਾਂ ਜੰਮੀ ਰਾਧਿਕਾ ਨੂੰ ਨਿਊਜ਼ੀਲੈਂਡ ਦੀ ਸਿਟੀਜ਼ਨਸ਼ਿਪ ਮਿਲ ਚੁੱਕੀ ਹੈ।

ਸਟੱਫ਼ ਨਿਊਜ਼ ਦੀ ਰਿਪੋਰਟ ਮੁਤਾਬਕ ਦਮਨ ਕੁਮਾਰ ਦੇ ਪਿਤਾ ਨਰੇਸ਼ ਕੁਮਾਰ ਮਾਰਚ 2001 ਵਿਚ ਵਰਕ ਵੀਜ਼ਾ ਤੇ ਨਿਊਜ਼ੀਲੈਂਡ ਪੁੱਜੇ ਜਦਕਿ ਮਾਤਾ ਸੁਨੀਤਾ ਦੇਵੀ ਉਸੇ ਸਾਲ ਸਤੰਬਰ ਵਿਚ ਨਿਊਜ਼ੀਲੈਂਡ ਆ ਗਏ। ਇੰਮੀਗ੍ਰੇਸ਼ਨ ਵਾਲਿਆਂ ਮੁਤਾਬਕ ਸੁਨੀਤਾ ਦੇਵੀ ਦੀ ਵੀਜ਼ਾ ਮਿਆਦ 2004 ਤੱਕ ਸੀ ਅਤੇ ਇਸੇ ਦੌਰਾਨ ਨਿਊਜ਼ੀਲੈਂਡ ਵਿਚ ਨਵਾਂ ਕਾਨੂੰਨ ਲਾਗੂ ਹੋ ਗਿਆ ਜੋ ਮੁਲਕ ਵਿਚ ਜੰਮਣ ਵਾਲੇ ਹਰ ਬੱਚੇ ਨੂੰ ਨਾਗਰਿਕਤਾ ਦਾ ਹੱਕ ਨਹੀਂ ਸੀ ਦਿੰਦਾ। ਦਮਨ ਦੀ ਭੈਣ ਰਾਧਿਕਾ ਦਾ ਜਨਮ ਨਵਾਂ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਹੋਇਆ ਅਤੇ ਉਸ ਦਾ ਬਾਅਦ ਵਿਚ। ਜੂਨ 2024 ਵਿਚ ਦਮਨ ਕੁਮਾਰ 18 ਸਾਲ ਦਾ ਹੋਇਆ ਤਾਂ ਡਿਪੋਰਟੇਸ਼ਨ ਦਾ ਜਿੰਨ ਬੋਤਲ ਵਿਚੋਂ ਬਾਹਰ ਆ ਗਿਆ।


## VACANCY FOR RELIGIOUS WORKER

### ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ ਵਾਦਕ ਦੀ ਲੋੜ

*Job Title:* Religious Worker (Sikh Faith) *Location*: Derby, UK

We are seeking a dedicated and knowledgeable individual to serve as a Tabla (Drum player) (Religious Worker) within the Sikh faith. This role involves supporting the spiritual, cultural, and community needs of the local Sikh congregation and promoting Sikh teachings and values.

***Key Responsibilities:***
* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Assist with the preparation and serving of Langar.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***
* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** To apply, please submit your application detailing your experience and motivation for this role.

Deadline for Applications: Applications must be submit before 25-3-2025
Applications should be sent to Email: info@sgssderby.com
or delivered to the Gurdwara Sahib's Address below:

## Sri Guru Singh Sabha Gurdwara

1 Princes Street, Normanton, Derby. DE23 8NT. TEL: 01332 773010
PLEASE CONTACT BHAI AJIT SINGH 07533 362911

# ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ ਕਿਵੇਂ ਹੋਇਆ, ਕਿੰਨੀ ਬਦਲੀ

// ਫੀਚਰ //

## ✪ ਗੁਰਮੁਖੀ ਯੋਗਦਾਨ ਵਿਚ ਗੁਰੂ ਸਾਹਿਬਾਨ ਦੀ ਵੱਡੀ ਦੇਣ ✪ ਪੰਜਾਬੀ ਦਾ ਜਨਮ ਸਪਤਸਿੰਧੂ ਦੇ ਇਲਾਕੇ ਤੋਂ ਹੋਇਆ-ਡਾ. ਬੂਟਾ ਸਿੰਘ ਬਰਾੜ





ਡਾ. ਜੋਗਾ ਸਿੰਘ



ਡਾ. ਬੂਟਾ ਸਿੰਘ ਬਰਾੜ

ਪੰਜਾਬੀ ਮਾਂ ਬੋਲੀ ਸਾਰੀਆਂ ਭਾਸ਼ਾਵਾਂ ਵਿਚੋਂ ਅਦੁੱਤੀ ਬੋਲੀ ਹੈ, ਉਹ ਇੱਕ ਅਨਮੁੱਲੀ ਕੀਮਤੀ ਦਾਤ ਹੈ, ਕਿਉਂਕਿ ਇਹ ਸਾਡੇ ਗੁਰੂਆਂ ਪੀਰਾਂ ਦੇ ਮੁੱਖ 'ਚੋਂ ਉਚਰੀ ਬੋਲੀ ਹੈ। ਇਹ ਬੋਲਣ ਵਿੱਚ ਸੌਖੀ ਤੇ ਮਾਖਿਓ ਮਿੱਠੀ ਬੋਲੀ ਹੈ। ਇਹ ਸਾਡੇ ਸਭਿਆਚਾਰ ਵਿਰਸੇ ਨੂੰ ਜਿੰਦਾ ਰੱਖਣ ਤੇ ਸਮਾਜਿਕ ਰਿਸ਼ਤਿਆਂ ਨੂੰ ਇੱਕ ਮਾਲਾ ਵਿੱਚ ਪਰੋਕੇ ਪੀੜੀ ਦਰ ਪੀੜੀ ਚੰਗੀਆਂ ਕਦਰਾਂ ਕੀਮਤਾਂ ਪ੍ਰਦਾਨ ਕਰਦੀ ਹੈ।

ਕੀ ਸਾਨੂੰ ਪਤਾ ਹੈ ਕਿ ਪੰਜਾਬੀ ਬੋਲੀ ਕਿਵੇਂ ਬਣੀ, ਇਹ ਸਮੇਂ ਨਾਲ ਕਿੰਨੀ ਬਦਲੀ ਤੇ ਪੰਜਾਬੀ ਵਿੱਚ ਲਿਖੀ ਸਭ ਤੋਂ ਪਹਿਲੀ ਕਿਤਾਬ ਕਿਹੜੀ ਹੈ। ਕੀ ਪੰਜਾਬੀ ਨੂੰ ਕਿਸੇ ਭਾਸ਼ਾ ਤੋਂ ਕੋਈ ਖ਼ਤਰਾ ਹੋ ਸਕਦਾ ਹੈ।

ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਵਿੱਚ ਪਲ਼ੀ ਇਹ ਪੰਜਾਬੀ ਮਾਂ ਬੋਲੀ ਦੀ ਹਾਲਤ ਇੰਨੀ ਕੁ ਤਰਸਯੋਗ ਬਣ ਗਈ ਹੈ ਕਿ ਕਈ ਵਾਰ ਸਾਨੂੰ ਇਸ ਤਰ੍ਹਾਂ ਲੱਗਦੈ ਕਿ ਅਸੀਂ ਪੰਜਾਬ ਸੂਬੇ ਵਿੱਚ ਨਹੀਂ ਸਗੋਂ ਕਿਸੇ ਦੂਸਰੇ ਸੂਬੇ ਵਿੱਚ ਰਹਿ ਰਹੇ ਹਾਂ। ਪੰਜਾਬ ਉਸ ਧਰਤੀ ਦਾ ਨਾਂ ਹੈ, ਜਿੱਥੇ ਗੁਰੂਆਂ ਪੀਰਾਂ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਆਪਣੀ ਬਾਣੀ ਨਾਲ਼ ਇਸ ਨੂੰ ਅੱਗੇ ਤੋਰਿਆ। ਕੋਈ ਸਮਾਂ ਸੀ, ਜਦੋਂ ਪੰਜਾਬੀਆਂ ਦੀ ਇਕੱਲੇ ਭਾਰਤ 'ਚ ਹੀ ਨਹੀਂ ਸਗੋਂ ਹੋਰਨਾਂ ਮੁਲਕਾਂ ਵਿੱਚ ਵਾਹ ਵਾਹ ਹੁੰਦੀ ਸੀ ਪਰ ਅੱਜ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਹੁਣ ਪੰਜਾਬੀ ਪੰਜਾਬੀ ਨਹੀਂ ਰਿਹਾ।

ਇਸ ਬਾਰੇ ਅਸੀਂ ਪੰਜਾਬੀ ਭਾਸ਼ਾ ਦੇ ਦੋ ਮਾਹਿਰਾਂ, ਪੰਜਾਬੀ ਯੂਨੀਵਰਸਿਟੀ ਦੇ ਭਾਸ਼ਾ ਵਿਗਿਆਨ ਵਿਭਾਗ ਦੇ ਸਾਬਕਾ ਮੁਖੀ ਡਾ.ਜੋਗਾ ਸਿੰਘ ਅਤੇ ਮਾਨਵਵਾਦੀ ਭਾਸ਼ਾਵਾਂ ਦੇ ਮਾਹਿਰ ਤੇ ਲਿੰਗੁਇਸਟਿਕ ਸੁਸਾਇਟੀ ਆਫ਼ ਇੰਡੀਆ ਦੇ ਮੈਂਬਰ ਡਾ. ਬੂਟਾ ਸਿੰਘ ਬਰਾੜ ਨੇ ਵਿਚਾਰ ਪ੍ਰਗਟਾਏ ਹਨ।

ਡਾ. ਬੂਟਾ ਸਿੰਘ ਬਰਾੜ ਮੁਤਾਬਕ, "ਪੰਜਾਬੀ ਬੋਲੀ ਦਾ ਮੂਲ ਸੰਸਕ੍ਰਿਤ ਨਹੀਂ, ਬਲਕਿ ਪਾਕ ਪ੍ਰਾਕਰਿਤ ਹੈ, ਜੋ ਕਿ ਮੁੱਢ ਤੋਂ ਇੱਥੇ ਵਸਦੇ ਲੋਕਾਂ ਦੇ ਬੋਲ ਚਾਲ ਦੀ ਭਾਸ਼ਾ ਸੀ। ਡਾ. ਜੋਗਾ ਸਿੰਘ ਨੇ ਵੀ ਦੱਸਿਆ ਕਿ ਜਦੋਂ ਤੋਂ ਪੰਜਾਬ ਦੀ ਇਹ ਧਰਤੀ ਹੈ ਉਦੋਂ ਤੋਂ ਹੀ ਪੰਜਾਬੀ ਦਾ ਮੂਲ ਹੈ। ਉਨ੍ਹਾਂ ਕਿਹਾ, "ਵੱਖ-ਵੱਖ ਨਸਲਾਂ, ਵੱਖ-ਵੱਖ ਕਬੀਲੇ ਤੇ ਵੱਖ-ਵੱਖ ਕੌਮਾਂ ਜਿਵੇਂ-ਜਿਵੇਂ ਪੰਜਾਬ ਵਿੱਚ ਆਏ, ਉਨ੍ਹਾਂ ਨੇ ਪੰਜਾਬੀ ਦਾ ਹੋਰਨਾਂ ਭਾਸ਼ਾਵਾਂ ਵਿੱਚ ਮਿਸ਼ਰਨ ਕਰ ਦਿੱਤਾ। ਪਰ ਜਿਹੜੀ ਮੂਲ ਰੂਪ ਵਿੱਚ ਇੱਥੋਂ ਦੀ ਭਾਸ਼ਾ ਹੈ ਉਹ ਸਥਾਨਕ ਭਾਸ਼ਾ ਪੰਜਾਬੀ ਹੀ ਹੈ। ਡਾ. ਬੂਟਾ ਸਿੰਘ ਬਰਾੜ ਦਾ ਕਹਿਣਾ ਹੈ, "ਪੰਜਾਬੀ ਦਾ ਜਨਮ ਸਪਤਸਿੰਧੂ ਦੇ ਇਲਾਕੇ ਤੋਂ ਹੋਇਆ, ਉਸ ਵੇਲੇ ਇਸ ਬੋਲੀ ਨੂੰ ਸਪਤਸਿੰਧਵੀ ਕਿਹਾ ਜਾਂਦਾ ਸੀ।"

ਡਾ. ਬੂਟਾ ਸਿੰਘ ਬਰਾੜ ਅਤੇ ਡਾ. ਜੋਗਾ ਸਿੰਘ ਨੇ ਦੱਸਿਆ ਕਿ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਹੀ ਬ੍ਰਹਮੀ ਲਿਪੀ ਤੋਂ ਜਨਮੀਆਂ ਹਨ।

ਡਾ. ਜੋਗਾ ਸਿੰਘ ਕਹਿੰਦੇ ਹਨ, "ਲੰਡਾ, ਸਿੱਧਮਾਤਰਿਕਾ, ਨਾਗਰੀ, ਸ਼ਾਰਦਾ, ਟਾਕਰੀ, ਮਹਾਜਨੀ ਲਿਪੀ ਹੈ। ਅਸੀਂ ਕਹਿ ਸਕਦੇ ਹਾਂ ਕਿ ਲੰਡੇ ਤੋਂ ਹੀ ਅੱਜ ਦੀ ਗੁਰਮੁਖੀ ਦਾ ਮੁੱਢ ਬੱਝਿਆ ਹੈ। ਮੌਜੂਦਾ ਸਮੇਂ ਵਿੱਚ ਪੰਜਾਬੀ ਦੀਆਂ ਦੋ ਲਿੱਪੀਆਂ ਹਨ ਸ਼ਾਹਮੁਖੀ ਅਤੇ ਗੁਰਮੁਖੀ ਅਤੇ ਇਨ੍ਹਾਂ ਵਿੱਚ ਅੱਖਰਾਂ ਦੀ ਬਣਤਰ ਦਾ ਫ਼ਰਕ ਹੈ। ਡਾ. ਜੋਗਾ ਸਿੰਘ ਨੇ ਦੱਸਿਆ, "ਸ਼ਾਹਮੁਖੀ ਇੱਕ ਵੱਖਰੀ ਲਿੱਪੀ ਸੀ ਉਸ ਦਾ ਇਹ ਨਹੀਂ ਹੈ ਕਿ ਗੁਰਮੁਖੀ ਨਾਲ ਉਸ ਦਾ ਕੋਈ ਰਿਸ਼ਤਾ ਨਹੀਂ ਹੈ। ਬਹੁਤ ਪਹਿਲਾਂ ਦੱਸਿਆ ਹੈ ਕਿ ਫੀਨੀਸ਼ੀਅਨ ਲਿਪੀ ਤੋਂ ਹੀ ਸਾਰੀਆਂ ਲਿਪੀਆਂ ਬ੍ਰਹਮੀ ਨਾਲ ਮਿਲ ਕੇ ਜਨਮੀਆਂ ਹਨ। ਪਰ ਇਨ੍ਹਾਂ ਦੀ ਵਿੱਥ ਹੋ ਗਈ। ਭਾਰਤ ਵਿੱਚ ਲਿੱਪੀਆਂ ਤੇ ਭਾਸ਼ਾਵਾਂ ਨੂੰ ਧਾਰਮਿਕ ਰੰਗਤ ਦੇ ਦਿੱਤੀ ਗਈ ਤਾਂ ਜਿਹੜੇ ਇਸਲਾਮੀ ਵਿਚਾਰ ਵਾਲੇ ਸਨ ਉਨ੍ਹਾਂ ਨੇ ਸ਼ਾਹਮੁਖੀ ਦੀ ਵਧੇਰੇ ਵਰਤੋਂ ਕੀਤੀ। ਜਿਹੜੇ ਸਥਾਨਕ ਹਿੰਦੂ ਜਾਂ ਸਿੱਖ ਵਿਸ਼ਵਾਸ ਵਾਲੇ ਸਨ ਉਨ੍ਹਾਂ ਨੇ ਸਿੱਧ ਮਾਤਰਿਕਾ, ਸ਼ਾਰਦਾ ਟਾਕਰੀ, ਲੰਡੇ ਤੇ ਬਾਅਦ ਵਿੱਚ ਗੁਰਮੁਖੀ ਦੀ ਵਰਤੋਂ ਕੀਤੀ।"

ਡਾ. ਜੋਗਾ ਸਿੰਘ ਨੇ ਦੱਸਿਆ ਕਿ ਪੰਜਾਬੀ ਵਿੱਚ ਪਹਿਲੀ ਰਚਨਾ ਅਦਹਮਾਣ ਦੀ ਸਨੇਹ ਰਾਸਯ ਹੈ ਜੋ ਕਿ ਕਈ ਲਿੱਪੀਆਂ ਦਾ ਮਿਸ਼ਰਣ ਹੈ ਜੋ ਕਿ 9ਵੀਂ ਸਦੀ ਦੇ ਕਰੀਬ ਸੀ ਉਸ ਤੋਂ ਬਾਅਦ ਸ਼ਾਹਮੁਖੀ ਵਿੱਚ ਬਾਬਾ ਸ਼ੇਖ ਫਰੀਦ ਦੀਆਂ ਰਚਨਾਵਾਂ ਅਤੇ ਗੁਰਮੁਖੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਪੱਟੀ।

### ਪੈਂਤੀ ਕਿੱਥੋਂ ਆਈ

ਪਰ ਅਜੋਕੀ ਪੰਜਾਬੀ ਵਿੱਚ ਕਿਸ ਤਰ੍ਹਾਂ ਦੇ ਬਦਲਾਅ ਆਏ ਅਤੇ ਪੈਂਤੀ ਕਿੱਥੋਂ ਆਈ, ਇਸ ਬਾਰੇ ਡਾ. ਬੂਟਾ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬੀ ਲਿਖਣ ਵਿੱਚ ਨਫਾਸਤ ਆਈ ਹੈ ਅਤੇ ਬੋਲਣ ਵਿੱਚ ਰਲਾਵਟ।

ਡਾ. ਜੋਗਾ ਸਿੰਘ ਮੁਤਾਬਕ, "ਪੈਂਤੀ ਅੱਖਰੀ ਦਾ ਸਭ ਤੋਂ ਪਹਿਲਾ ਸਬੂਤ ਨਾਨਕ ਦੀ ਪੱਟੀ ਵਿੱਚ ਮਿਲਦਾ ਹੈ। ਉਸ ਵਿੱਚ ਪੈਂਤੀ ਹੀ ਅੱਖਰ ਹਨ। ਉਸ ਵਿੱਚ ਫ਼ਰਕ ਸਿਰਫ਼ ਇੰਨਾ ਹੈ ਕਿ ਉ, ਅ, ਈ ਵਾਲੀ ਤਰਤੀਬ ਵੱਖਰੀ ਸੀ। ਉਸ ਵਿੱਚ ਅ, ਈ, ਉ ਲਿਖਿਆ ਜਾਂਦਾ ਸੀ। ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਨੇ ਇਹ ਤਰਤੀਬ ਬਦਲ ਕੇ ਉ , ਅ, ਈ ਕੀਤੀ।"

ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬੀ ਬੋਲੀ ਵਿੱਚ ਕੋਈ ਅੱਖਰ ਅਲੋਪ ਤਾਂ ਨਹੀਂ ਹੋਏ ਪਰ ਉਸ ਵਿੱਚ ਕੁਝ ਹੋਰ ਅੱਖਰ ਸ਼ਾਮਿਲ ਹੋ ਗਏ। ਕਿਉਂਕਿ ਫਾਰਸੀ ਦਰਬਾਰੀ ਭਾਸ਼ਾ ਬਣ ਗਈ ਤੇ ਉਸ ਵਿੱਚ ਕਈ ਰਚਨਾਵਾਂ ਹੋਈਆਂ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮਾ ਫਾਰਸੀ ਵਿੱਚ ਲਿਖਿਆ। ਜਦੋਂ ਇਨ੍ਹਾਂ ਫਾਰਸੀ ਦੀਆਂ ਰਚਨਾਵਾਂ ਨੂੰ ਗੁਰਮੁਖੀ ਵਿੱਚ ਲਿਖਿਆ ਗਿਆ ਤਾਂ ਜਿਹੜੇ 'ਖ਼, ਜ਼, ਫ਼. ਗ਼' ਧੁਨੀਆਂ ਹਨ ਤਾਂ ਲੋਕਾਂ ਨੇ ਸੋਚਿਆ ਕਿ ਇਸ ਨੂੰ ਉਸੇ ਵਾਂਗ ਹੀ ਲਿਖਿਆ ਜਾਣਾ ਚਾਹੀਦਾ ਹੈ। ਤਾਂ ਉਨ੍ਹਾਂ ਦੇ ਪੈਰ ਵਿੱਚ ਬਿੰਦੀ ਲਾ ਦਿੱਤੀ ਗਈ। 'ਸ' ਪੈਰ ਬਿੰਦੀ ਲਾ ਕੇ ਸ਼ ਵੀ ਪੰਜਾਬੀ ਵਿੱਚ ਸ਼ਾਮਿਲ ਹੋ ਗਿਆ। ਫਿਰ ਜੋ ਸ਼ਬਦ ਜੋੜ ਕੋਸ਼ ਪੰਜਾਬੀ ਯੂਨਿਵਰਸਿਟੀ ਵਲੋਂ ਬਣਾਇਆ ਗਿਆ ਤਾਂ 'ਲ' ਪੈਰ ਬਿੰਦੀ ਲਾ ਕੇ ਸ਼ਾਮਿਲ ਕੀਤਾ ਗਿਆ।"

### ਦੁਨੀਆਂ ਭਰ ਵਿੱਚ ਕਿੰਨੇ ਪੰਜਾਬੀ

ਮਾਹਿਰਾਂ ਮੁਤਾਬਕ 13-14 ਕਰੋੜ ਲੋਕਾਂ ਦੀ ਮਾਂ ਬੋਲੀ ਪੰਜਾਬੀ ਹੈ। ਸਭ ਤੋਂ ਵੱਧ ਤਕਰੀਬਨ 10 ਕਰੋੜ ਪੰਜਾਬੀ ਬੋਲਣ ਵਾਲੇ ਪਾਕਿਸਤਾਨ ਵਿੱਚ ਹਨ। ਉਸ ਤੋਂ ਬਾਅਦ 3 ਕਰੋੜ ਦੇ ਕਰੀਬ ਭਾਰਤੀ ਪੰਜਾਬ ਅਤੇ ਕਰੀਬ ਇੱਕ ਕਰੋੜ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾ ਸਕੇ ਵਸੇ ਹੋਏ ਹਨ। ਡਾ. ਜੋਗਾ ਸਿੰਘ ਨੇ ਦੱਸਿਆ ਕਿ ਪੰਜਾਬੀ ਦੀਆਂ ਕੁੱਲ 28 ਬੋਲੀਆਂ ਹਨ, ਜਿਨ੍ਹਾਂ ਵਿੱਚ 8 ਜ਼ਿਆਦਾ ਪ੍ਰਚਲਿਤ ਹਨ। ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਖ਼ਤਰਾ ਹੋਣ ਦੀ ਗੱਲ ਵੀ ਕਹੀ।

ਡਾ. ਜੋਗਾ ਸਿੰਘ ਦਾ ਕਹਿਣਾ ਹੈ, "ਕਿਸੇ ਵੀ ਭਾਸ਼ਾ ਨੂੰ ਖ਼ਤਰਾ ਹੋ ਸਕਦਾ ਹੈ। ਸੰਸਕ੍ਰਿਤ, ਲਾਤੀਨੀ ਵਰਗੀਆਂ ਵੱਡੀਆਂ ਭਾਸ਼ਾਵਾਂ ਵੀ ਖ਼ਤਮ ਹੋ ਗਈਆਂ ਹਨ। ਭਾਰਤ ਵਿੱਚ ਸੰਸਕ੍ਰਿਤ ਬੋਲਣ ਵਾਲੇ 5-7 ਹਜ਼ਾਰ ਹੀ ਹਨ। ਭਾਸ਼ਾ ਉਦੋਂ ਖ਼ਤਮ ਹੋਣੀ ਹੁੰਦੀ ਹੈ ਜਦੋਂ ਉਸ ਦੀ ਵਰਤੋਂ ਦੇ ਖੇਤਰਾਂ ਵਿੱਚ ਵਰਤੋਂ ਖੁਰਨੀ ਸ਼ੁਰੂ ਹੋ ਜਾਂਦੀ ਹੈ। ਅੱਜ ਸਭ ਤੋਂ ਵੱਡਾ ਮਾਧਿਅਮ ਹੈ ਸਿੱਖਿਆ ਦਾ ਮਾਧਿਅਮ ਕਿਉਂਕਿ ਹਰੇਕ ਬੱਚਾ ਸਕੂਲ ਜਾ ਰਿਹਾ ਹੈ ਤੇ ਸਿੱਖਿਆ ਦਾ ਮਾਧਿਅਮ ਜੋ ਭਾਸ਼ਾ ਹੈ, ਉਹੀ ਉਸ ਦੀ ਪਹਿਲੀ ਭਾਸ਼ਾ ਹੈ। ਕਿਸੇ ਅਗਲੀ ਪੀੜ੍ਹੀ ਵਿੱਚ ਜਾ ਕੇ ਉਨ੍ਹਾਂ ਦੇ ਬੱਚਿਆਂ ਦੀ ਮਾਤ ਭਾਸ਼ਾ ਬਣ ਜਾਵੇਗੀ। ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਲੋਕਾਂ ਨੇ ਘਰਾਂ ਦੇ ਨਾਮ ਵੀ ਅੰਗਰੇਜ਼ੀ ਵਿੱਚ ਹੀ ਲਿਖੇ ਹੁੰਦੇ ਹਨ। ਦੇਸ ਵਿੱਚ ਸੰਪਰਕ ਭਾਸ਼ਾ ਦੀ ਲੋੜ ਹੋਵੇ ਤਾਂ ਲੋਕ ਖੁਦ ਹੀ ਬਣਾ ਲੈਂਦੇ ਹਨ। ਸਕੂਲਾਂ ਵਿੱਚ ਸਹੂਲਤਾਂ ਦਿਓ, ਜਿਹੜੀ ਭਾਸ਼ਾ ਸਿੱਖਣ ਦੀ ਲੋੜ ਹੈ, ਉਹ ਲੋਕ ਖੁਦ ਹੀ ਸਿੱਖ ਲੈਣਗੇ।"

ਡਾ. ਜੋਗਾ ਸਿੰਘ ਦਾ ਕਹਿਣਾ ਹੈ, "ਇਹ ਦਲੀਲ ਹੀ ਬੜੀ ਖ਼ਤਰਨਾਕ ਹੈ ਕਿ ਭਾਰਤ ਦੀ ਕੋਈ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ। ਭਾਰਤ ਦੀ ਸੰਵਿਧਾਨਿਕ ਰਾਸ਼ਟਰ ਭਾਸ਼ਾ ਨਹੀਂ ਹੈ।

ਦਰਅਸਲ ਪਹਿਲਾਂ ਰਾਸ਼ਟਰ ਭਾਸ਼ਾ ਹੁੰਦੀ ਹੈ, ਫਿਰ ਉਸ ਦੇ ਆਧਾਰ 'ਤੇ ਰਾਸ਼ਟਰ ਬਣਦੇ ਹਨ। ਜਰਮਨੀ ਭਾਸ਼ਾ ਦੇ ਆਧਾਰ 'ਤੇ ਜਰਮਨੀ ਦੇਸ ਬਣ ਗਿਆ, ਫਰਾਂਸਿਸੀ ਬੋਲਣ ਵਾਲੇ ਇਲਾਕੇ ਵਿੱਚ ਫਰਾਂਸ ਬਣ ਗਿਆ।" ਜੇ ਅਸੀਂ ਕਹਿ ਰਹੇ ਹਾਂ ਕਿ ਭਾਰਤ ਦੀ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ ਤਾਂ ਮਤਲਬ ਇਹ ਹੈ ਕਿ ਅਸੀਂ ਮੰਨਦੇ ਹਾਂ ਭਾਰਤ ਅਜੇ ਰਾਸ਼ਟਰ ਨਹੀਂ ਬਣਿਆ। ਭਾਰਤ ਵਿੱਚ ਸਾਰੀਆਂ ਭਾਸ਼ਾਵਾਂ ਦੀ ਸਮਾਨਤਾ ਸੰਵਿਧਾਨਕ ਤੌਰ 'ਤੇ ਹੈ ਤੇ ਹਰ ਭਾਸ਼ਾ ਦੀ ਸਮਾਨਤਾ ਸਥਾਪਤ ਹੋਣੀ ਚਾਹੀਦੀ ਹੈ।"

# ਕਾਵਿ-ਕਿਆਰੀ

## ਮਾਂ-ਬੋਲੀ ਦੀ ਪੁਕਾਰ

ਮਾਂ-ਬੋਲੀ ਦਿਓ ਵਾਰਿਸੋ
ਮੇਰੀ ਸੁਣਿਓ ਇੱਕ ਪੁਕਾਰ।
ਮੇਰੇ ਆਉਣੇ ਵਾਲੇ ਕੱਲ੍ਹ ਲਈ
ਡੂੰਘੀ ਕਰਿਓ ਸੋਚ ਵਿਚਾਰ॥

ਮੈਂ ਅੱਧਮੋਈ ਜਿਹੀ ਹੋ ਗਈ
ਮੇਰੀ ਕੋਈ ਨਾਂ ਲੈਂਦਾ ਸਾਰ।
ਮੇਰੇ ਧੀਆਂ, ਪੁੱਤ-ਸਪੁੱਤਰਾਂ
ਮੈਨੂੰ ਦਿੱਤਾ ਮਨੋਂ ਵਿਸਾਰ॥

ਮੈਂ ਮਾਂ-ਬੋਲੀ ਪੰਜਾਬ ਦੀ
ਮੇਰਾ ਵਿਰਸਾ ਬੜਾ ਅਮੀਰ।
ਮੈਨੂੰ ਗੁਰੂ ਨਾਨਕ ਜੀ ਉਚਰਿਆ
ਸੂਫ਼ੀ ਬੁੱਲੇ ਜਿਹੇ ਫਕੀਰ॥

ਹਨ ਲਗਾਂ-ਮਾਤਰਾਂ ਅੰਗ ਮੇਰੇ
ਹੈ ਪੈਂਤੀ ਮੇਰਾ ਸਰੀਰ।
ਇੱਕ ਗੁਰਮੁਖੀ,ਦੂਜਾ ਸ਼ਾਹਮੁਖੀ
ਦਿੱਤਾ ਅੱਧ ਵਿਚਕਾਰੋਂ ਚੀਰ॥

ਨਾਂ ਤੁਸੀਂ ਸੁਤੇਲੇ ਪੁੱਤ ਮੇਰੇ
ਨਾਂ ਮੈਂ ਮਤਰੇਈ ਮਾਂ।
ਜਿਊਂਦੇ ਜੀਅ ਮੇਰੇ ਥੰਮ੍ਹ ਬਣੋ
ਤੁਹਾਡੇ ਲਈ ਮੈਂ ਠੰਢੜੀ ਛਾਂ॥

ਪੁੱਤ ਵਾਰਿਸ,ਹਾਸ਼ਮ,ਸ਼ਾਹ ਹੁਸੈਨ
ਚਾਤ੍ਰਿਕ, ਮੋਹਣ, ਵੀਰ ਸਿੰਘ ਵੀਰ।
ਪੀਲੂ,ਨਾਨਕ,ਅਮ੍ਰਿਤਾ, ਪ੍ਰੀਤਲੜੀ
ਸ਼ਿਵ,ਕੰਵਲ, ਵਿਧਾਤਾ ਤੀਰ॥

ਮੇਰੇ ਆਪਣਿਆਂ ਦੀ ਭੁੱਲ ਹੈ
ਮੈਨੂੰ ਕਰ ਗਏ ਬਰਬਾਦ।
ਉਹ "ਅਸੀਂ-ਤੁਸੀਂ"ਨੂੰ ਭੁੱਲ ਗਏ
ਰਹਿ ਗਈ"ਹਮਕੋ-ਤੁਮਕੋ" ਯਾਦ॥

ਜਿਊਂਦੇ ਜੀਅ ਪੈਂਦੀਆਂ ਦੰਦਲਾਂ
ਮੈਂ ਡਿੱਗਦੀ ਹਾਂ ਗਸ਼ ਖਾਅ।
ਮੈਂ ਨਿੰਦਾਂ ਆਪਣੀ ਕੁੱਖ ਨੂੰ
ਤੱਕ ਲੜਦੇ ਸਕੇ-ਭਰਾ॥

ਆਹ ਸਰਕਾਰਾਂ ਖਸਮਾਂ ਖਾਣੀਆਂ
ਮੇਰੇ ਨਾਲ ਨਾ ਕਰਨ ਨਿਆਂ।
ਘੁਣ ਲਾਇਆ ਮੇਰੀ ਹੋਂਦ ਨੂੰ
ਸਕੂਲਾਂ ਵਿੱਚ ਨਾ ਮਿਲਦੀ ਥਾਂ॥

ਗਲਤ ਵਰਤ ਕੇ ਬਿੰਦੀ-ਟਿੱਪੀਆਂ
ਮੇਰਾ ਰਹੇ ਨੇ ਰੂਪ ਵਿਗਾੜ।
ਕੰਪਿਊਟਰ ਯੁਗ ਦੀ ਹੋਂਦ ਨੇਂ
ਮੇਰੇ ਕੈਦੇ ਦਿੱਤੇ ਪਾੜ॥

ਮੇਰੇ ਟੋਟਕੇ ਅਤੇ ਮੁਹਾਵਰੇ
ਪੰਜਾਬੀ ਸਾਹਿਤ ਦੀ ਜਾਨ।
ਗੀਤ,ਘੋੜੀਆਂ,ਟੱਪੇ-ਬੋਲੀਆਂ
ਹਨ ਮਾਂ-ਬੋਲੀ ਦਾ ਮਾਣ॥

ਮੇਰੇ ਨਾਵਲ ਅਤੇ ਕਹਾਣੀਆਂ
ਸਮਾਜ ਨੂੰ ਕਰਨ ਬਿਆਨ।
ਨਾਟਕ, ਛੰਦ, ਸ਼ਲੋਕ ਵੀ
ਉੱਚੀ ਕਰਦੇ ਮੇਰੀ ਸ਼ਾਨ॥

ਮੇਰੇ ਕਿੱਸਿਆਂ ਦੇ ਵਿੱਚ ਜਾਨ ਸੀ
ਗਈ ਧੂੜ ਉਹਨਾਂ ਤੇ ਜੰਮ।
ਕਿਉਂ ਭੁਲਾ ਕੇ ਆਸ਼ਕ ਸੂਰਮੇਂ
ਰੱਖ ਦਿੱਤੇ ਗੱਠੜੀ ਬੰਨ੍ਹ॥

ਖ਼ਤਰੇ ਦੇ ਵਿੱਚ ਧਰਮ ਹੈ
ਨਾਂ ਵਿਕਸਤ ਹੋਣਾਂ ਪੰਥ।
ਜੇ ਵਿਸਰ ਗਏ ਮੇਰੀ ਹੋਂਦ ਨੂੰ
ਕਿਵੇਂ ਪੜੋਂਗੇ "ਗੁਰੂ ਗ੍ਰੰਥ"॥

ਪੜ੍ਹੋ ਮਾਣ-ਮੱਤੇ ਇਤਿਹਾਸ ਨੂੰ
ਚਾਹੋਂ ਜੇ ਧਰਮ ਬਚਾਵਣਾ।
ਜਪੁਜੀ,ਸੁਖਮਨੀ ਪਾਠ ਸੁਣੋ
ਪੜ੍ਹ ਬਾਣੀ ਅਮਲ ਕਮਾਵਣਾ॥

ਪੜ੍ਹੋ ਹੋਰ ਭਾਸ਼ਾਵਾਂ ਪਾੜ੍ਹਿਉ
ਨਾਂ ਭੁਲਿਓ ਮੇਰਾ ਮਾਣ।
ਹੈ ਭੋਗਲ ਤਰਲੇ ਕੱਢਦਾ
ਰਹਿ ਜਾਊ ਨਾਮ-ਨਿਸ਼ਾਨ॥



ਨਛੱਤਰ ਸਿੰਘ ਭੋਗਲ
"ਭਾਖੜੀਆਣਾ"

## ਐ ਮਾਂ ਬੋਲੀ ਪੰਜਾਬੀ



### ਸ਼ੇਅਰ

ਮਾਂ ਬੋਲੀ ਮਾਂ ਜਨਣੀ ਦਾ
ਜਿਸ ਦਿਲ ਅੰਦਰ ਅਹਿਸਾਨ ਨਹੀਂ।
ਹੈਵਾਨ ਸ਼ੈਤਾਨ ਤਾਂ ਹੋ ਸਕਦਾ,
ਹੋ ਸਕਦਾ ਚੰਨ ਇਨਸਾਨ ਨਹੀਂ।

### ਗੀਤ

ਐ ਮਾਂ ਬੋਲੀ ਪੰਜਾਬੀ ਤੇਰੀ ਵੱਧਦੀ ਸ਼ਾਨ ਰਹੇ।
ਤੇਰੀ ਚੜ੍ਹਦੀ ਕਲਾ ਹੋਵੇ ਤੇਰਾ ਜੱਗ ਵਿੱਚ ਮਾਣ ਰਹੇ।

ਮੇਰੇ ਸੱਚੇ ਧੰਨ ਗੁਰੂ ਨਾਨਕ ਨੇ ਤੇਰੀ ਝੋਲ ਨਗੀਨੇ ਭਰ ਦਿੱਤੇ।
ਮਾਂ ਬੁੱਲੇ ਵਾਰਿਸ ਨੂਰਪੁਰੀ, ਸ਼ਿਵ ਰੁਤਬੇ ਉੱਚੇ ਕਰ ਦਿੱਤੇ।
ਜੋ ਜੋ ਸੀ ਜਿੰਨੇ ਵੀ ਜੋਗੇ ਸਭ ਲਾਉਂਦੇ ਤਾਣ ਰਹੇ।
ਤੇਰੀ ਚੜ੍ਹਦੀ ਕਲਾ ਹੋਵੇ ਤੇਰਾ ਜੱਗ ਵਿੱਚ ਮਾਣ ਰਹੇ।

ਮੇਰੀ ਅੰਮੀ ਨੇ ਜਦ ਦਿੱਤੀਆਂ ਲੋਰੀਆਂ ਵਿੱਚ ਪੰਜਾਬੀ ਦੇ।
ਅੰਬਰਾਂ 'ਤੇ ਤਾਰੇ ਉਘ ਪਏ ਹੋਏ ਜਾਦੂ ਨੀਂਦ ਗੁਲਾਬੀ ਦੇ।
ਰੱਸ-ਭਿੰਨੜੇ ਮਿੱਠੜੇ ਬੋਲਾਂ ਦੀ ਪੈਂਦੀ ਗੂੰਜਾਣ ਰਹੇ।
ਤੇਰੀ ਚੜ੍ਹਦੀ ਕਲਾ ਹੋਵੇ ਤੇਰਾ ਜੱਗ ਵਿੱਚ ਮਾਣ ਰਹੇ।

ਔਹ ਗਿੱਧੇ ਭੰਗੜੇ ਤੀਆਂ ਦੇ ਵਿੱਚ ਤੇਰੀ ਬੱਲੇ ਬੱਲੇ ਮਾਂ।
ਅੱਜ ਪੂਰਬ ਪੱਛਮ ਉੱਤਰ ਦੱਖਣ ਤੇਰੇ ਪੁੱਤਰਾਂ ਮੱਲੇ ਮਾਂ।
ਦੇ ਵਰ ਚੰਨ ਸਪੁੱਤਰਾਂ ਨੂੰ ਤੇਰਾ ਉੱਚਾ ਸਦਾ ਨਿਸ਼ਾਨ ਰਹੇ।
ਤੇਰੀ ਚੜ੍ਹਦੀ ਕਲਾ ਹੋਵੇ ਤੇਰਾ ਜੱਗ ਵਿੱਚ ਮਾਣ ਰਹੇ।

ਐ ਮਾਂ ਬੋਲੀ ਪੰਜਾਬੀ ਤੇਰੀ ਵੱਧਦੀ ਸ਼ਾਨ ਰਹੇ।
ਤੇਰੀ ਚੜ੍ਹਦੀ ਕਲਾ ਹੋਵੇ ਤੇਰਾ ਜੱਗ ਵਿੱਚ ਮਾਣ ਰਹੇ।

**ਗੀਤਕਾਰ-ਤਰਲੋਚਨ ਸਿੰਘ ਚੰਨ ਜੰਡਿਆਲਵੀ ਯੂ.ਕੇ.**


## ਮਾਂ ਬੋਲੀ ਪੰਜਾਬੀ

*ਦਿਲਸ਼ਾਦ ਅਹਿਮਦ ਚੰਨ*

**ਲਿਖ ਪੰਜਾਬੀ ਬੋਲ ਪੰਜਾਬੀ,**
**ਪੂਰਾ ਪੂਰਾ ਤੋਲ ਪੰਜਾਬੀ**
**ਓਭੜ ਬੋਲੀਆਂ ਬੋਲਣ ਨਾਲੋਂ ਸੁਥਰੀ**
**ਸਾਫ਼ ਨਿਰੋਲ ਪੰਜਾਬੀ**
**ਕੰਨਾਂ ਦੇ ਵਿਚ ਮਿੱਠਾ ਮਿੱਠਾ,**
**ਦਿੰਦੀ ਏ ਰਸ ਘੋਲ ਪੰਜਾਬੀ**
**ਇਸ ਵਰਗੀ ਕੋਈ ਬੋਲੀ ਨਾਹੀਂ,**
**ਖੜਕਾ ਦਿੰਦੀ ਏ ਢੋਲ ਪੰਜਾਬੀ**
**ਹੋਰ ਕੋਈ ਨਾ ਲੱਭਣ ਬੋਲੀ,**
**ਜਿਹੜੇ ਲੈਂਦੇ ਟੋਲ ਪੰਜਾਬੀ**
**ਕਾਫ਼ੀਆਂ, ਦੋਹੜੇ, ਅੱਲਾ ਅੱਲਾ,**
**ਹੈ ਸੀ ਬੁੱਲ੍ਹੇ ਕੋਲ ਪੰਜਾਬੀ**
**ਵਾਰਸ ਸ਼ਾਹ ਦੀ ਭਾਗ ਭਰੀ ਏ,**
**ਬੜੀ ਮਲੂਕ ਤੇ ਸੋਹਲ ਪੰਜਾਬੀ**
**ਉਹੀਓ ਚਮਕਣ ਤਾਰਿਆਂ ਵਾਂਗੂੰ,**
**ਪੀਤੀ ਜਿਹਨਾਂ ਘੋਲ ਪੰਜਾਬੀ**
**ਘੁੱਟ ਕੇ ਫੜ ਲਉ ਇਹਦਾ ਪੱਲਾ,**
**ਜਾਵੇ ਨਾ ਕਿਤੇ ਡੋਲ ਪੰਜਾਬੀ**
**ਸਾਲ ਹਜ਼ਾਰਾਂ ਹੋ ਗਏ ਇਹਨੂੰ,**
**ਇਹਦੇ ਮਿੱਠੜੇ ਬੋਲ ਪੰਜਾਬੀ**
**ਲਹਿੰਦੇ ਚੜ੍ਹਦੇ ਦੀ ਇਹ ਰਾਣੀ,**
**ਇਹ ਨਾ ਮਾਰੇ ਝੋਲ ਪੰਜਾਬੀ**
**ਮੂੰਹੋਂ ਕਿੰਨਾ ਸੋਹਣਾ ਲਗਦਾ,**
**ਚੰਨ ਪੰਜਾਬੀ, ਢੋਲ ਪੰਜਾਬੀ**

* * * * * * *

## ਪੰਜਾਬ ਤੇ ਪੰਜਾਬੀ



ਕੁਲਵੰਤ ਸਿੰਘ ਢੇਸੀ

ਤਿਹ ਤਾਂ ਬਥੇਰਾ ਅਉਂਦਾ ਹੈ , ਸਾਨੂੰ ਪੰਜਾਬ ਦਾ।
ਪੰਜਾਬੀਆਂ ਦੇ ਮੋਹ ਭਰੇ , ਅਦਬੋ ਅਦਾਬ ਦਾ।

ਹੋਣੀ ਵੰਗਾਰਨ ਵਾਲੜਾ, ਮੁੱਠੀਆਂ ਰਿਹਾ ਸੀ ਮੀਚਦਾ,
ਵਾਹਘੇ ਨੇ ਜਦ ਪੰਜਾਬ ਸੀ, ਵੰਡਿਆ ਜਨਾਬ ਦਾ।

ਢਾਈ ਗਜ਼ ਸਾਫਾ ਵਟਾ, ਬਣਦਾ ਰਿਹਾ ਪਗਵਟ ਭਰਾ,
ਪੰਜਾਬੀਅਤ ਨੂੰ ਕਾਸ਼ ਨਾ, ਪੱਛਮ ਸਲ੍ਹਾਬਦਾ।

ਜੋ ਕੁੜੀ ਪੋਠੋਹਾਰ ਦੀ, ਟੱਕਰੀ ਸੀ ਕਿਸੇ ਸ਼ਾਇਰ ਨੂੰ,
ਉਹ ਰੰਗ ਮਾਝੇ ਮਾਲਵੇ , ਕਿਥੇ ਹੈ ਦੁਆਬ ਦਾ।

ਉਹ ਮੱਝਾਂ ਚਾਰਨ ਵਾਲੜਾ, ਆਸ਼ਕ ਅਨੋਖਾ ਜੱਗ ਤੋਂ,
ਉਹਦਾ ਪ੍ਰੇਮ ਪੌਂਡਾਂ ਡਾਲਰਾਂ, ਯੂਰੋ ਦੇ ਹੋਇਆ ਸਾਬ੍ਹ ਦਾ।

ਪੰਜਾਬੀਅਤ ਦੇ ਹੁਸਨ 'ਤੇ, ਜੋ ਨਿਗ੍ਹਾ ਮੈਲ਼ੀ ਪੈ ਗਈ,
ਉਹਨੇ ਪਾਣੀ ਹਾੜਾ ਵੰਡ ਤਾ, ਜਿਹਲਮ ਚਨਾਬ ਦਾ।

ਬਾਬਾ ਨਾਨਕ ਤੇ ਫਰੀਦ ਜੀ,ਵਾਰਿਸ ਤੇ ਬੁੱਲੇ ਦੀ ਅਦਾ,
ਇਹਦਾ ਨਗਮਾ ਸਾਰੇ ਜੱਗ ਤੋਂ, ਰਿਹਾ ਲਾਜਵਾਬ ਦਾ।

ਮੰਡੀ ਦੇ ਫਸਲੀ ਗੇੜ ਨੇ, ਇਹਦੇ ਜੰਗਲ ਬੇਲੇ ਵਾਹ ਤੇ,
ਫੁੱਲਾਂ ਚੋਂ ਜਿਹੜਾ ਫੁੱਲ ਸੀ, ਖਿੜਿਆ ਗੁਲਾਬ ਦਾ।

ਹਿੰਦੀ ਉਰਦੂ ਦਾ ਇਹਦੀ, ਬੋਲੀ 'ਤੇ ਦਾਬਾ ਪੈ ਗਿਆ,
ਇਹ ਪੰਨਾ ਜਾਂਦਾ ਮੀਟਦਾ, ਪੰਜਾਬੀ ਦੀ ਕਿਤਾਬ ਦਾ।

'ਢੇਸੀ' ਦਾ ਹੋਇਆ ਬਿਸਤਰਾ ਹੁਣ ਗੋਲ ਹੀ ਪੰਜਾਬ ਤੋਂ,
ਕੁਝ ਐਸਾ ਲਹਿਜ਼ਾ ਹੋ ਗਿਆ ਮੋਦੀ ਜਨਾਬ ਦਾ।

* * * * * * *

## ਕਾਵਿ-ਵਿਅੰਗ
## ਅਸਤੀਫਾ ਬਨਾਮ ਜ਼ੁਰਤ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਕਰ'ਤੀ ਦੇਰ ਅਸਤੀਫੇ ਤੱਕ ਪਹੁੰਚਦੇ ਨੇ
ਸਮਾਂ ਲਿਆ ਗੁਲਾਮੀ ਵਿਚ ਗਾਲ਼ ਮੀਆਂ।
ਆਖਾ ਮੰਨਿਆਂ 'ਤਖ਼ਤ' ਅਣਡਿੱਠ ਕਰਕੇ
ਕਹਿੰਦਾ ਰਿਹਾ ਜੋ 'ਗੁਰੂ-ਘੰਟਾਲ਼' ਮੀਆਂ।
ਚੋਣ ਲੜਨੀ ਸੀ ਕਾਹਤੋਂ 'ਪ੍ਰਧਾਨਗੀ' ਦੀ
ਜੇ ਕਰ ਮਾਰਨੀ ਏਦਾਂ ਸੀ 'ਛਾਲ਼' ਮੀਆਂ
ਰਿਹਾ 'ਬਾਦਲੀ-ਪ੍ਰੇਮ' ਨਾ ਹੀ ਪੰਥ ਪੱਲੇ
ਲੈਣਾ 'ਮਾਲਕਾਂ' ਹੋਰ ਕੋਈ ਭਾਲ਼ ਮੀਆਂ।
ਥਾਂਹ ਅਸਤੀਫੇ ਦੀ ਜ਼ੁਰਤ ਨੂੰ ਵਰਤ ਲੈਂਦਾ
ਦਿੰਦਾ ਉਤਲਿਆਂ ਹੁਕਮਾਂ ਨੂੰ ਟਾਲ ਮੀਆਂ।
'ਤਾਲ਼ੋਂ ਖੁੰਝੀ' ਕੋਈ ਡੂੰਮਣੀ 'ਰਾਗ' ਗਾਵੇ
ਉਸਨੂੰ ਕਹਿੰਦੇ ਨੇ 'ਆਲ਼-ਪਤਾਲ਼' ਮੀਆਂ !

# ਪੋਟਾਸ਼ ਦੇ ਭੰਡਾਰ ਮਿਲਣ ਕਾਰਨ ਪੰਜਾਬ ਜਲਦੀ ਹੀ ਮਾਈਨਿੰਗ ਦਾ ਇੱਕ ਨਵਾਂ ਕੇਂਦਰ ਬਣੇਗਾ

**✪ ਖੇਤੀਯੋਗ ਜ਼ਮੀਨਾਂ ਤੇ ਜਲ ਸਰੋਤਾਂ ਨੂੰ ਭਾਰੀ ਨੁਕਸਾਨ ਪਹੁੰਚਣ ਦੀ ਸੰਭਾਵਨਾ ✪ ਪੰਜਾਬ ਸਰਕਾਰ ਨੂੰ ਵਿਆਪਕ ਨੀਤੀ ਬਣਾਉਣ ਦੀ ਲੋੜ**



## ਖਾਸ ਖਬਰ

ਪਹਿਲਾਂ ਦੇਸ਼ ਭਰ ਵਿੱਚ ਮਾਈਨਿੰਗ ਰਾਹੀਂ ਸਾਮਾਨ ਪ੍ਰਾਪਤ ਕਰਨ ਲਈ ਸਿਰਫ਼ ਓਡੀਸ਼ਾ ਦਾ ਨਾਮ ਆਉਂਦਾ ਸੀ, ਪਰ ਹੁਣ ਪੰਜਾਬ ਵੀ ਪੋਟਾਸ਼ ਦੇ ਭੰਡਾਰ ਪ੍ਰਦਾਨ ਕਰਕੇ ਆਪਣਾ ਨਾਮ ਦਰਜ ਕਰਵਾਏਗਾ। ਫਾਜ਼ਿਲਕਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਤਿੰਨ ਬਲਾਕਾਂ ਦੇ ਪੰਜ ਪਿੰਡਾਂ ਦੇ 18 ਕਿਲੋਮੀਟਰ ਦੇ ਖੇਤਰ ਵਿੱਚ ਜ਼ਮੀਨ ਹੇਠ ਪੋਟਾਸ਼ ਦੇ ਭੰਡਾਰ ਮਿਲੇ ਹਨ, ਜਿਸ ਕਾਰਨ ਪੰਜਾਬ ਜਲਦੀ ਹੀ ਮਾਈਨਿੰਗ ਦਾ ਇੱਕ ਨਵਾਂ ਕੇਂਦਰ ਬਣ ਜਾਵੇਗਾ।

ਬੀਤੇ ਦਿਨੀਂ ਇਹ ਗੱਲ ਪੰਜਾਬ ਦੇ ਮਾਈਨਿੰਗ ਵਿਭਾਗ ਦੇ ਮੰਤਰੀ ਬਰਿੰਦਰ ਗੋਇਲ ਨੇ ਕਹੀ ਸੀ। ਮੰਤਰੀ ਗੋਇਲ ਅਨੁਸਾਰ ਭਾਰਤ ਸਰਕਾਰ ਵੱਖ-ਵੱਖ ਦੇਸ਼ਾਂ ਤੋਂ ਲਗਭਗ 50 ਲੱਖ ਟਨ ਪੋਟਾਸ਼ ਦਰਾਮਦ ਕਰਦੀ ਹੈ, ਜਿਸਦੀ ਵਰਤੋਂ ਖਾਦਾਂ, ਫੀਡ ਅਤੇ ਹੋਰ ਚੀਜ਼ਾਂ ਵਿੱਚ ਕੀਤੀ ਜਾਂਦੀ ਹੈ। ਸ੍ਰੀ ਮੁਕਤਸਰ ਸਾਹਿਬ ਦੇ ਬਲਾਕ ਕਬਰਵਾਲਾ, ਫਾਜ਼ਿਲਕਾ ਜ਼ਿਲ੍ਹੇ ਦੇ ਬਲਾਕ ਸ਼ੇਰਵਾਲਾ ਅਤੇ ਰਾਮਸਰਾ ਅਤੇ ਬਲਾਕ ਸ਼ੇਰਗੜ੍ਹ ਅਤੇ ਦਲਮੀਰ ਖੇੜਾ ਵਿੱਚ ਪੋਟਾਸ਼ ਦੇ ਭੂਮੀਗਤ ਭੰਡਾਰ ਮਿਲੇ ਹਨ। ਇਹ ਪੋਟਾਸ਼ ਭੰਡਾਰ ਜ਼ਮੀਨੀ ਪੱਧਰ ਤੋਂ 450 ਮੀਟਰ ਜਾਂ 1500 ਫੁੱਟ ਹੇਠਾਂ ਮੌਜੂਦ ਹਨ, ਜਿਸ ਦਾ ਸਰਵੇਖਣ ਲਗਭਗ ਪੂਰਾ ਹੋ ਗਿਆ ਹੈ।

ਪੰਜਾਬ ਸਰਕਾਰ ਨੇ 11 ਜੁਲਾਈ 2024 ਨੂੰ ਕਬਰਵਾਲਾ ਸਾਈਟ 'ਤੇ ਨਿਲਾਮੀ ਲਈ ਲਾਇਸੈਂਸ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਹੁਣ ਸਿਰਫ਼ ਨਿਲਾਮੀ ਪ੍ਰਕਿਰਿਆ ਬਾਕੀ ਹੈ, ਜੋ ਕਿ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਜਲਦੀ ਹੀ ਪੂਰੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕੰਪਨੀਆਂ ਨੂੰ ਪੋਟਾਸ਼ ਦੇ ਨਾਲ-ਨਾਲ ਨਿਕਲਣ ਵਾਲੇ ਹੋਰ ਪਦਾਰਥਾਂ ਨੂੰ ਵੱਖ ਕਰਨ ਲਈ ਲਾਇਸੈਂਸ ਦਿੱਤੇ ਜਾਣਗੇ।

ਮੰਤਰੀ ਦੇ ਇਸ ਬਿਆਨ ਨਾਲ ਇਲਾਕਿਆਂ ਦੇ ਵਸਨੀਕਾਂ ਵਿਚ ਉਨ੍ਹਾਂ ਦੀਆਂ ਜ਼ਮੀਨਾਂ ਖੁਸਣ ਦਾ ਸਹਿਮ ਫੈਲਣਾ ਸ਼ੁਰੂ ਹੋ ਗਿਆ ਹੈ। ਪੋਟਾਸ਼ ਅਜਿਹਾ ਕੁਦਰਤੀ ਖਣਿਜ ਹੈ, ਜਿਸ ਦੀ ਵਰਤੋਂ ਭਾਰੀਆਂ ਤੇ ਕਲਰਾਠੀਆਂ ਜ਼ਮੀਨਾਂ ਨੂੰ ਉਪਜਾਊ ਬਣਾਉਣ ਲਈ ਕੀਤੀ ਜਾਂਦੀ ਹੈ। ਭਾਰਤ ਵਲੋਂ ਹਰ ਸਾਲ 50 ਲੱਖ ਟਨ ਪੋਟਾਸ਼ ਬਾਹਰੋਂ ਮੰਗਵਾਇਆ ਜਾਂਦਾ ਹੈ।

ਰਾਜਸਥਾਨ ਦੇ ਬੀਕਾਨੇਰ ਅਤੇ ਹਨੂੰਮਾਨਗੜ੍ਹ ਜ਼ਿਲ੍ਹਿਆਂ 'ਚ ਕਈ ਸਾਲ ਪਹਿਲਾਂ ਹੀ 20 ਹਜ਼ਾਰ ਮਿਲੀਅਨ ਟਨ ਦੇ ਪੋਟਾਸ਼ੀਅਮ ਦੇ ਭੰਡਾਰਾਂ ਦੀ ਖੋਜ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਛੱਤੀਸਗੜ੍ਹ, ਕਰਨਾਟਕਾ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ 'ਚ ਵੀ ਪੋਟਾਸ਼ੀਅਮ ਦੇ ਕੁਝ ਭੰਡਾਰ ਪਾਏ ਜਾਂਦੇ ਹਨ। ਉਂਝ, ਰਾਜਸਥਾਨ 'ਚ ਪਿਛਲੇ ਸਾਲ ਹੀ ਠੇਕੇ ਦੇ ਕੇ ਪੋਟਾਸ਼ੀਅਮ ਦਾ ਖਣਨ ਸ਼ੁਰੂ ਕੀਤਾ ਗਿਆ ਸੀ, ਜੋ ਦੇਸ਼ 'ਚ ਪੋਟਾਸ਼ ਦੇ ਖਣਨ ਦਾ ਪਹਿਲਾ ਪ੍ਰਾਜੈਕਟ ਗਿਣਿਆ ਜਾਂਦਾ ਹੈ।

ਬੇਸ਼ੱਕ ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ 'ਡਰਿਲਿੰਗ ਪ੍ਰਣਾਲੀ' ਨਾਲ ਪੋਟਾਸ਼ ਦੀ ਖੁਦਾਈ ਕੀਤੀ ਜਾਵੇਗੀ ਅਤੇ ਇਸ ਨਾਲ ਜ਼ਮੀਨਾਂ ਨੂੰ ਬਿਲਕੁਲ ਨੁਕਸਾਨ ਨਹੀਂ ਪਹੁੰਚੇਗਾ, ਪਰ ਇਹ ਨਹੀਂ ਹੋ ਸਕਦਾ ਕਿ ਉਪਜਾਊ ਜ਼ਮੀਨਾਂ ਦਾ ਨੁਕਸਾਨ ਨਾ ਹੋਵੇ। ਇਲਾਕੇ ਦੇ ਲੋਕਾਂ ਦੇ ਮਨਾਂ 'ਚ ਇਸ ਮੁਤੱਲਕ ਸ਼ੰਕੇ ਹਨ, ਜਿਨ੍ਹਾਂ ਨੂੰ ਉਂਝ ਹੀ ਰੱਦ ਨਹੀਂ ਕੀਤਾ ਜਾ ਸਕਦਾ। ਪੋਟਾਸ਼ ਮੁੱਲਵਾਨ ਕੁਦਰਤੀ ਸਰੋਤ ਹੈ ਅਤੇ ਇਹ ਤੱਥ ਹੈ ਕਿ ਰਾਜ 'ਚ ਸਿਰਫ਼ ਰੇਤੇ ਦੀ ਖੁਦਾਈ ਤੋਂ ਇਲਾਵਾ ਹੋਰ ਖਣਨ ਨਹੀਂ ਹੁੰਦਾ। ਰੇਤੇ ਦੀ ਖੁਦਾਈ ਦਰਿਆਈ ਵਹਿਣਾਂ 'ਚੋਂ ਕੀਤੀ ਜਾਂਦੀ ਹੈ, ਪਰ ਦੇਖਣ 'ਚ ਆਇਆ ਹੈ ਕਿ ਅਕਸਰ ਅਣ-ਅਧਿਕਾਰਤ ਅਤੇ ਬੇਲੋੜੇ ਖਣਨ ਕਰਕੇ ਆਸ-ਪਾਸ ਦੀਆਂ ਖੇਤੀਯੋਗ ਜ਼ਮੀਨਾਂ ਅਤੇ ਜਲ ਸਰੋਤਾਂ ਨੂੰ ਭਾਰੀ ਨੁਕਸਾਨ ਪਹੁੰਚਦਾ ਹੈ। ਪਹਿਲਾਂ ਹੀ ਭਾਰਤਮਾਲਾ ਅਤੇ ਹੋਰ ਰਾਜਮਾਰਗਾਂ ਹੇਠ ਬਹੁਤ ਸਾਰੀ ਜ਼ਮੀਨ ਆ ਚੁੱਕੀ ਹੈ।

ਇਸ ਤੋਂ ਇਲਾਵਾ ਸ਼ਹਿਰਾਂ ਦੇ ਆਸ-ਪਾਸ ਰਿਹਾਇਸ਼ੀ ਕਾਲੋਨੀਆਂ ਦਾ ਬੇਰੋਕ ਵਿਸਤਾਰ ਹੋ ਰਿਹਾ ਹੈ, ਜਿਸ ਕਰਕੇ ਆਉਣ ਵਾਲੇ ਸਾਲਾਂ 'ਚ ਲੋਕਾਂ ਦੀਆਂ ਖ਼ੁਰਾਕੀ ਲੋੜਾਂ ਪੂਰੀਆਂ ਕਰਨ ਲਈ ਖੇਤੀਯੋਗ ਜ਼ਮੀਨ ਦਾ ਸੰਕਟ ਆ ਸਕਦਾ ਹੈ। ਇਸ ਦੇ ਮੱਦੇਨਜ਼ਰ ਪੰਜਾਬ ਨੂੰ ਆਪਣੀ ਖੇਤੀ ਯੋਗ ਜ਼ਮੀਨਾਂ ਅਤੇ ਪਾਣੀ ਦੇ ਸਰੋਤਾਂ ਨੂੰ ਸੰਭਾਲਣ, ਵਿਕਸਤ ਕਰਨ ਅਤੇ ਨਾਲ ਹੀ ਆਪਣੇ ਮਾਨਵੀ ਸਰੋਤਾਂ ਵੱਲ ਤਵੱਜੋ ਦੇਣ ਲਈ ਵਿਆਪਕ ਨੀਤੀ ਬਣਾਉਣ ਦੀ ਲੋੜ ਹੈ।

ਇਲਾਕੇ 'ਚ ਪੋਟਾਸ਼ ਦੇ ਸੰਭਾਵੀ ਖਣਨ ਦੇ ਮੱਦੇਨਜ਼ਰ ਪੰਜਾਬ ਦੇ ਖਣਨ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਮੌਕੇ 'ਤੇ ਪਹੁੰਚ ਕੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਜ਼ਮੀਨਾਂ ਐਕੁਆਇਰ ਨਹੀਂ ਕੀਤੀਆਂ ਜਾਣਗੀਆਂ, ਪਰ ਲੋਕਾਂ ਨੂੰ ਮੰਤਰੀ ਦੇ ਜ਼ੁਬਾਨੀ ਭਰੋਸੇ 'ਤੇ ਇਤਬਾਰ ਨਹੀਂ ਹੈ ਅਤੇ ਲੋਕਾਂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਨੂੰ ਲਿਖਤੀ ਭਰੋਸਾ ਦੇਣਾ ਚਾਹੀਦਾ ਹੈ। ਕਿਸਾਨਾਂ ਨੂੰ ਹਰ ਰੋਜ਼ ਨਵੀਆਂ-ਨਵੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਜਥੇਬੰਦੀਆਂ ਪਹਿਲਾਂ ਹੀ ਇਕ ਸਾਲ ਤੋਂ ਸ਼ੰਭੂ ਤੇ ਖਨੌਰੀ ਬਾਰਡਰਾਂ ਉੱਤੇ ਡੇਰੇ ਲਾਈ ਬੈਠੀਆਂ ਹਨ। ਕੇਂਦਰ ਸਰਕਾਰ ਕਿਸਾਨਾਂ ਦੀਆਂ 23 ਫ਼ਸਲਾਂ 'ਤੇ ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਨਹੀਂ ਦੇ ਰਹੀ। ਹੁਣ ਉੱਤੋਂ ਆਹ ਪੋਟਾਸ਼ ਵਾਲਾ ਸੱਪ ਸਰਕਾਰ ਨੇ ਕੱਢ ਮਾਰਿਆ ਹੈ। ਇਸ ਦੇ ਮੱਦੇਨਜ਼ਰ ਪੰਜਾਬ ਨੂੰ ਆਪਣੀ ਖੇਤੀ ਜ਼ਮੀਨਾਂ ਅਤੇ ਪਾਣੀ ਦੇ ਸਰੋਤਾਂ ਨੂੰ ਸੰਭਾਲਣ, ਵਿਕਸਤ ਕਰਨ ਅਤੇ ਨਾਲ ਹੀ ਆਪਣੇ ਮਾਨਵੀ ਸਰੋਤਾਂ ਵੱਲ ਤਵੱਜੋ ਦੇਣ ਲਈ ਵਿਆਪਕ ਨੀਤੀ ਬਣਾਉਣ ਦੀ ਲੋੜ ਹੈ।

# ਮਸ਼ੂਕ ਨਾਲ ਪ੍ਰੇਮ ਸੰਬੰਧਾਂ ਕਾਰਨ ਕਾਰੋਬਾਰੀ ਨੇ ਕਰਵਾਇਆ ਪਤਨੀ ਦਾ ਕਤਲ

**✪ ਪੁਲਿਸ ਨੇ ਪਤੀ ਸਮੇਤ 7 ਵਿਅਕਤੀਆਂ ਨੂੰ ਕੀਤਾ ਗ੍ਰਿਫ਼ਤਾਰ**



ਲੁਧਿਆਣਾ-ਨਾਜਾਇਜ਼ ਸੰਬੰਧਾਂ ਕਾਰਨ ਪਤੀ ਵਲੋਂ ਆਪਣੀ ਪ੍ਰੇਮਿਕਾ ਅਤੇ ਭਾੜੇ ਦੇ ਕਾਤਲਾਂ ਨਾਲ ਮਿਲ ਕੇ ਆਪਣੀ ਹੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰਵਾ ਦਿੱਤਾ ਗਿਆ। ਪੁਲਿਸ ਵਲੋਂ ਇਸ ਮਾਮਲੇ ਵਿਚ ਪਤੀ ਸਮੇਤ 7 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿਚ ਕਾਰੋਬਾਰੀ ਪਤੀ ਦੀ ਪ੍ਰੇਮਿਕਾ ਵੀ ਸ਼ਾਮਿਲ ਹੈ। ਇਸ ਸਬੰਧੀ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਬੀਤੇ ਐਤਵਾਰ ਅੱਧੀ ਰਾਤ ਨੂੰ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਬੈਟਰੀ ਦਾ ਕਾਰੋਬਾਰ ਕਰਨ ਵਾਲੇ ਅਨੋਖ ਮਿੱਤਲ ਵਾਸੀ ਨੌਲੱਖਾ ਗਾਰਡਨ ਬੈਂਜਮਨ ਰੋਡ, ਜੋਕਿ ਆਪਣੀ ਪਤਨੀ ਲਿਪਸੀ ਉਰਫ਼ ਮਾਨਵੀ ਨਾਲ ਰੈਸਟੋਰੈਂਟ ਤੋਂ ਘਰ ਪਰਤ ਰਿਹਾ ਸੀ ਤਾਂ ਉਨ੍ਹਾਂ 'ਤੇ ਕੁੱਝ ਲੁਟੇਰਿਆਂ ਵਲੋਂ ਹਮਲਾ ਕਰ ਦਿੱਤਾ ਗਿਆ ਹੈ, ਜਿਸ ਵਿਚ ਅਨੋਖ ਮਾਮੂਲੀ ਜ਼ਖ਼ਮੀ ਹੋਇਆ ਜਦਕਿ ਲਿਪਸੀ ਦਾ ਲੁਟੇਰਿਆਂ ਵਲੋਂ ਕਤਲ ਹੋਣ ਬਾਰੇ ਦੱਸਿਆ ਗਿਆ ਸੀ।

ਪੁਲਿਸ ਵਲੋਂ ਜਾਂਚ ਦੌਰਾਨ ਅਨੋਖ ਮਿੱਤਲ ਬਾਰ-ਬਾਰ ਆਪਣੇ ਬਿਆਨ ਬਦਲ ਰਿਹਾ ਸੀ, ਜਿਸ 'ਤੇ ਪੁਲਿਸ ਨੂੰ ਸ਼ੱਕ ਹੋਇਆ ਤਾਂ ਪੁਲਿਸ ਨੇ ਜਦੋਂ ਸਖ਼ਤੀ ਨਾਲ ਪੁੱਛ ਪੜਤਾਲ ਕੀਤੀ ਤਾਂ ਇਹ ਸਾਰਾ ਮਾਮਲਾ ਸਾਹਮਣੇ ਆਇਆ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਅਨੋਖ ਮਿੱਤਲ ਦੇ ਪਿਛਲੇ ਕੁੱਝ ਸਮੇਂ ਤੋਂ ਜਮਾਲਪੁਰ ਦੀ ਰਹਿਣ ਵਾਲੀ ਪ੍ਰਤੀਕਸ਼ਾ ਪੁੱਤਰੀ ਰਜੇਸ਼ ਕੁਮਾਰ ਨਾਲ ਕਥਿਤ ਤੌਰ 'ਤੇ ਨਾਜਾਇਜ਼ ਸਬੰਧ ਸਨ। ਇਨ੍ਹਾਂ ਨਾਜਾਇਜ਼ ਸੰਬੰਧਾਂ ਕਰਨ ਪਤੀ-ਪਤਨੀ ਵਿਚਾਲੇ ਆਪਸ ਵਿਚ ਤਕਰਾਰ ਰਹਿੰਦਾ ਸੀ। ਅਨੋਖ ਮਿੱਤਲ ਨੇ ਆਪਣੀ ਪ੍ਰੇਮਿਕਾ ਪ੍ਰਤੀਕਸ਼ਾ ਅਤੇ ਉਸਦੇ ਪੁਰਾਣੇ ਨੌਕਰ ਗੁਰਪ੍ਰੀਤ ਸਿੰਘ ਉਰਫ਼ ਗੋਪੀ ਪੁੱਤਰ ਦਵਿੰਦਰ ਸਿੰਘ ਵਾਸੀ ਢੰਡਾਰੀ ਕਲਾਂ ਨਾਲ ਮਿਲ ਕੇ ਲਿਪਸੀ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਸੀ ਤੇ ਸੌਦਾ ਢਾਈ ਲੱਖ ਰੁਪਏ ਵਿਚ ਹੋਇਆ ਸੀ। ਪੁਲਿਸ ਵਲੋਂ ਹੁਣ ਇਸ ਮਾਮਲੇ ਵਿਚ ਮ੍ਰਿਤਕ ਲਿਪਸੀ ਉਰਫ਼ ਮਾਨਵੀ ਦੇ ਪਤੀ ਅਨੋਖ ਮਿੱਤਲ, ਉਸ ਦੀ ਕਥਿਤ ਪ੍ਰੇਮਿਕਾ ਪ੍ਰਤੀਕਸ਼ਾ, ਗੋਪੀ ਦੇ ਸਾਥੀ ਅੰਮਿਤ ਪਾਲ ਸਿੰਘ ਉਰਫ਼ ਬੱਲੀ ਵਾਸੀ ਨੰਦਪੁਰ, ਗੁਰਦੀਪ ਸਿੰਘ ਉਰਫ਼ ਮਾਨ ਵਾਸੀ ਨੰਦਪੁਰ, ਸੋਨੂੰ ਸਿੰਘ ਉਰਫ਼ ਸੋਨੂੰ ਵਾਸੀ ਨੰਦਪੁਰ, ਸਾਗਰ ਦੀਪ ਸਿੰਘ ਉਰਫ਼ ਤੇਜ਼ੀ ਵਾਸੀ ਢੰਡਾਰੀ ਕਲਾਂ ਅਤੇ ਗੁਰਪ੍ਰੀਤ ਸਿੰਘ ਗੋਪੀ ਨੂੰ ਗ੍ਰਿਫ਼ਤਾਰ ਕੀਤਾ ਹੈ।

# ਜਿਸ ਦਿਨ 6 ਬੱਬਰਾਂ ਇਕੱਠਿਆਂ ਫਾਂਸੀ ਦਿੱਤੀ ਗਈ

ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼
ਭਗਵਾਨ ਸਿੰਘ ਜੌਹਲ
Mob : 98143-24040
ਈਮੇਲ : bhagwansinghjohal@gmail.som





ਜਦੋਂ ਮਨੁੱਖ ਵਿਚੋਂ ਅਦਬ ਤੇ ਦਲੇਰੀ ਖਤਮ ਹੋ ਜਾਂਦੀ ਹੈ, ਉਦੋਂ ਮਨੁੱਖਤਾ ਖਤਮ ਹੋ ਜਾਂਦੀ ਹੈ। ਲੰਬੀ ਗੁਲਾਮੀ ਤੋਂ ਨਿਜ਼ਾਤ ਪਾਉਣ ਲਈ ਪੰਜਾਬ ਦੀ ਧਰਤੀ ਤੋਂ ਅਨੇਕਾਂ ਲਹਿਰਾਂ ਚੱਲੀਆਂ। ਸਮੁੱਚੇ ਹਿੰਦੁਲਤਾਨ ਦੇ ਲੋਕ ਗੁਲਾਮੀ, ਅਨਪੜ੍ਹਤਾ ਅਤੇ ਗਰੀਬੀ ਕਾਰਨ ਸਾਹ-ਸੱਤਹੀਣ ਹੋ ਚੁੱਕੇ ਸਨ। ਦੇਸ਼ ਨੂੰ ਯੋਗ ਆਗੂਆਂ ਦੀ ਲੋੜ ਸੀ। ਪੰਜਾਬ ਦੀ ਧਰਤੀ ਨੂੰ ਗੁਰੂ ਸਾਹਿਬਾਨ ਨੇ ਕਰਮਯੋਗੀ ਬਣਕੇ ਅਣਖੀ ਜੀਵਨ ਜਿਉਣ ਦੀ ਗੁੜ੍ਹਤੀ ਦਿੱਤੀ ਹੋਈ ਹੈ। ਜਦੋਂ ਅੰਗਰੇਜ਼ੀ ਹਕੂਮਤ ਦੌਰਾਨ ਪੰਜਾਬ ਦੇ ਗੁਰਧਾਮ ਆਯਾਸ਼ ਮਹੰਤਾਂ, ਗੱਦੀਦਾਰਾਂ ਤੇ ਮਤਮੜੀਆਂ ਦੀਆਂ ਆਪਹੁਦਰੀਆਂ ਕਾਰਨ ਅਪਵਿੱਤਰ ਹੋ ਚੁੱਕੇ ਸਨ ਤਾਂ ਸਿੱਖ ਹਿੱਤਾਂ ਲਈ ਜੂਝਣ ਵਾਲੀ ਨਵੀਂ ਬਣੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਿੱਖ ਜਗਤ ਨੇ ਸ਼ਾਂਤਮਈ ਢੰਗ ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਿਲ ਹੋਕੇ ਤਸੀਹੇ ਝੱਲਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਨ੍ਹਾਂ ਦਿਨਾਂ ਵਿਚ ਹੀ ਸਿੱਖ ਸ਼ਹਾਦਤਾਂ ਅਤੇ ਗ੍ਰਿਫ਼ਤਾਰੀਆਂ ਦੇ ਦੌਰਾਨ ਅਕਾਲੀਆਂ ਵਿਚੋਂ ਹੀ ਇਕ ਗਰਮ ਦਲ ਤਿਆਰ ਹੋ ਗਿਆ। ਇਸ ਲਹਿਰ ਨੂੰ 'ਬੱਬਰ ਅਕਾਲੀ ਦਲ' ਦਾ ਨਾਂਅ ਦਿੱਤਾ ਗਿਆ। ਇਨ੍ਹਾਂ ਬੱਬਰ ਅਕਾਲੀਆਂ ਦਾ ਟੀਚਾ ਹਥਿਆਰਬੰਦ ਸੰਘਰਸ਼ ਵਿਚ ਅੰਗਰੇਜ਼ ਅਫ਼ਸਰਾਂ, ਝੋਲੀ ਚੁੱਕ, ਸੂਹੀਆਂ ਨੂੰ ਸਬਕ ਸਿਖਾਉਣਾ ਸੀ।

19 ਅਤੇ 21 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਤੋਂ ਛੇਤੀ ਪਿੱਛੋਂ ਹੁਸ਼ਿਆਰਪੁਰ ਵਿਖੇ ਸਿੱਖ ਐਜੂਕੇਸ਼ਨ ਕਾਨਫਰੰਸ ਦੌਰਾਨ ਮਾਸਟਰ ਮੋਤਾ ਸਿੰਗ ਪਤਾਰਾ ਅਤੇ ਜਲੰਧਰ ਸ਼ਹਿਰ ਦੀ ਬੁੱਕਲ ਵਿਚ ਵਸੇ ਪਿੰਡ ਬੜਿੰਗ ਦੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਵਿਚ ਇਨ੍ਹਾਂ ਜਾਨ ਤਲੀ ਤੇ ਰੱਖ ਕੇ ਜੂਝਣ ਵਾਲੇ ਗਰਮਦਲੀਏ ਮਰਜੀਵੜਿਆਂ ਦੀ ਇਕ ਖੁਫੀਆ ਮੀਟਿੰਗ ਹੋਈ।

ਇਸ ਮੀਟਿੰਗ ਦੌਰਾਨ ਗੁ: ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਜ਼ਿੰਮੇਵਾਰ ਅਫ਼ਸਰਾਂ ਨੂੰ ਸੋਧਣ ਦਾ ਫੈਸਲਾ ਕੀਤਾ ਗਿਆ। ਇਸ ਤੋਂ ਥੋੜ੍ਹੇ ਦਿਨਾਂ ਪਿੱਛੋਂ ਇਨ੍ਹਾਂ ਮਰਜੀਵੜਿਆਂ ਵਿਚੋਂ, ਜਿਨ੍ਹਾਂ ਨੂੰ ਇਹ ਕੰਮ ਸੌਂਪਿਆ ਗਿਆ ਸੀ, 23 ਮਈ 1921 ਨੂੰ ਖੁਫੀਆ ਏਜੰਸੀ ਦੀ ਸੂਹ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਦੌਰਾਨ ਮਾਸਟਰ ਮੋਤਾ ਸਿੰਘ ਅਤੇ ਸ. ਕਿਸ਼ਨ ਸਿੰਘ ਗੜਗੱਜ ਰੂਪੋਸ਼ ਹੋ ਗਏ। ਇਸ ਗੁਪਤਵਾਸ ਦੌਰਨ ਜਥੇਦਾਰ ਕਿਸ਼ਨ ਸਿੰਘ ਗੜਗੱਜ ਨੇ ਆਪਣਾ ਇਕ ਗੁਪਤ ਜਥਾ ਤਿਆਰ ਕੀਤਾ। ਇਸੇ ਦਾ ਨਾਂ 'ਚੱਕਰਵਰਤੀ ਜੱਥਾ' ਰੱਖਿਆ ਗਿਆ। ਇਸ ਜੱਥੇ ਦਾ ਕੰਮ ਪਿੰਡ ਦੇ ਲੋਕਾਂ ਵਿਚ ਅੰਗਰੇਜ਼ ਸ਼ਾਸ਼ਕਾਂ ਵਿਰੁੱਧ ਵਿਦਰੋਹ ਦੀ ਭਾਵਨਾ ਪੈਦਾ ਕਰਨਾ ਸੀ। ਹੁਸ਼ਿਆਰਪੁਰ ਵਿਚ ਜਥੇਦਾਰ ਕਰਮ ਸਿੰਘ ਦੌਲਤਪੁਰੀਏ ਨੇ ਵੀ ਇਸੇ ਲੀਹ 'ਤੇ ਚਲਦਿਆਂ ਆਪਣ੍ਹਾ ਜੱਥਾ ਤਿਆਰ ਕੀਤਾ। ਹੁਣ ਜੱਥੇ ਦਾ ਨਾਂ 'ਬੱਬਰ ਅਕਾਲੀ ਜੱਥਾ' ਰੱਖ ਦਿੱਤਾ ਗਿਆ।

ਇਸੇ ਦੌਰਾਨ ਅੰਗਰੇਜ਼ ਹਕੂਮਤ ਵਲੋਂ ਬੱਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਇਨਾਮ ਵੀ ਐਲਾਨੇ ਗਏ। ਸਰਕਾਰ ਦੀ ਸਖ਼ਤੀ ਕਾਰਨ ਅੰਦੋਲਨਕਾਰੀ ਸਿੱਖ ਨੌਜਵਾਨ ਲਈ ਸਖਤੀ ਕਾਰਨ ਅੰਦੋਲਨ ਚਲਾਉਣਾ ਔਖਾ ਹੋ ਰਿਹਾ ਸੀ। 1922 ਤੇ 23 ਦੌਰਾਨ ਅਨੇਕਾਂ ਗਦਾਰਾਂ ਤੇ ਸਰਕਾਰ ਪੱਖੀ ਲੋਕਾਂ ਨੂੰ ਸੋਧਿਆ ਗਿਆ। ਜੂਨ 1924 ਵਿਚ ਲਾਇਲਪੁਰ (ਪਾਕਿਸਤਾਨ) ਹੁਣ ਫੈਸਲਾਬਾਦ ਜ਼ਿਲ੍ਹੇ ਵਿਚ ਵਰਿਆਮ ਸਿੰਘ ਦੀ ਸ਼ਹਾਦਤ ਪਿੱਛੋਂ ਸਮੁੱਚੇ ਪੰਜਾਬ ਵਿਚੋਂ ਬੱਬਰਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਗੁਪਤ ਜਥੇਬੰਦੀ ਹੋਣ ਕਰਕੇ ਇਹ ਸਾਰੇ ਸਿੱਖ ਮਰਿਯਾਦਾ ਦਾ ਪਾਲਣ ਕਰਨ ਵਾਲੇ ਅਤੇ ਨਿਤਨੇਮ ਵਿਚ ਪਰਪੱਕ ਸਨ। ਅੰਗਰੇਜ਼ ਸਰਕਾਰ ਮੁਤਾਬਿਕ ਇਨ੍ਹਾਂ ਦੀ ਗਿਣਤੀ ਦੋ ਸੌ ਦੇ ਲੱਗਪਗ ਸੀ। ਇਨ੍ਹਾਂ ਦਾ ਕੰਮ ਹਥਿਆਰ ਇਕੱਠੇ ਕਰਕੇ ਫ਼ੌਜੀਆਂ ਨੂੰ ਸਰਕਾਰ ਵਿਰੁੱਧ ਉਕਸਾਉਣ ਅਤੇ ਨੌਜਵਾਨਾਂ ਨੂੰ ਸੰਘਰਸ਼ ਲਈ ਤਿਆਰ ਕਰਨਾ ਸੀ। ਇਸ ਜਥੇਬੰਦੀ ਤੋਂ ਅੰਗਰੇਜ਼ ਹਕੂਮਤ ਇੰਨਾ ਘਬਰਾਈ ਸੀ ਕਿ ਪੁਲਿਸ ਦੀ ਮੱਦਦ ਲਈ ਫੌਜ ਵੀ ਤਾਇਨਾਤ ਕੀਤੀ ਗਈ। ਸਰਕਾਰ ਨੇ ਸਖਤੀ ਦਾ ਦੌਰ ਸ਼ੁਰੂ ਕੀਤਾ। 98 ਬੱਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਲਾਹੌਰ ਸੈਂਟਰਲ ਜੇਲ੍ਹ ਵਿਚ ਮੁਕੱਦਮਾ ਸ਼ੁਰੂ ਹੋਇਆ। ਦੋ ਤਫਤਸ਼ ਦੌਰਾਨ ਸ਼ਹੀਦ ਹੋ ਗਏ। ਬਾਕੀਆਂ ਨੂੰਨੂੰ ਸੈਸ਼ਨ ਸਪੁੱਰਦ ਕੀਤਾ ਗਿਆ। 28 ਫਰਵਰੀ 1925 ਨੂੰ ਫੈਸਲਾ ਹੋਇਆ 34 ਬੱਬਰਾਂ ਨੂੰ ਛੱਡ ਦਿੱਤਾ ਗਿਆ। 49 ਨੂੰ ਉਮਰ ਕੈਦ ਤੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। 6 ਬੱਬਰ ਅਕਾਲੀਆਂ ਨੂੰ 27 ਫਰਵਰੀ, 1926 ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ।

ਇਨ੍ਹਾਂ ਸ਼ਹਾਦਤ ਦਾ ਜਾਮ ਪੀਣ ਵਾਲਿਆਂ ਵਿਚ ਜਥੇਦਾਰ ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ ਛੋਟੀ ਹਰਿਓ, ਭਾਈ ਦਲੀਪ ਸਿੰਘ ਧਾਮੀਆਂ, ਭਾਈ ਕਰਮ ਸਿੰਘ ਹਰੀਪੁਰ, ਭਾਈ ਨੰਦ ਸਿੰਘ ਘੁੜਿਆਲ, ਭਾਈ ਧਰਮ ਸਿੰਘ ਹਯਾਤਪੁਰ ਸ਼ਾਮਲ ਸਨ। ਇਨ੍ਹਾਂ ਮਹਾਨ ਮਰਜੀਵੜਿਆਂ ਨੇ ਆਪਣੀ ਕੁਰਬਾਨੀ ਦੇ ਕੇ ਅੰਗਰੇਜ਼ ਸਰਕਾਰ ਵਿਰੁੱਧ ਚਲ ਰਹੇ ਸੰਘਰਸ਼ ਵਿਚ ਆਪਣੀਆਂ ਜਵਾਨੀਆਂ ਦੀ ਅਹੁੱਤੀ ਦਿੱਤੀ। ਇਨ੍ਹਾਂ ਮਹਾਨ ਸ਼ਹੀਦਾਂ ਦਾ ਸੰਸਕਾਰ ਲਾਹੌਰ ਵਿਖੇ ਰਾਵੀ ਦਰਿਆ ਦੇ ਕਿਨਾਰੇ ਕੀਤਾ ਗਿਆ। ਇਨ੍ਹਾਂ ਕੌਮੀ ਸ਼ਹੀਦਾਂ ਨੂੰ ਪ੍ਰਣਾਮ।

* * * * * * * *

## ਕੈਦਾ ਪੜਾਂ ਪੰਜਾਬੀ ਦਾ

ਵਾਰ ਵਾਰ ਮੈਂ ਜਨਮ ਲਵਾਂ
ਕੈਦਾ ਪੜਾਂ ਪੰਜਾਬੀ ਦਾ

ਜਦ ਮੈਂ ਪੜਨ ਸਕੂਲੇ ਜਾਵਾਂ
ਨਾਨਕ ਦਾ ਮੈਂ ਨਾਮ ਧਿਆਵਾਂ
ਲਾ ਲਾ ਟੋਬੇ ਦਵਾਤ ਦੇ ਵਿੱਚੋ
ਪੂਰਨਿਆਂ ਨੂੰ ਮੈਂ ਖੂਬ ਸਜ਼ਾਵਾਂ
ਬੋਰੀਆਂ ਵਾਲਾ ਟਾਟ ਵਿਛਾਵਾਂ
ਵੱਖਰੀ ਮੈਂ ਪਹਿਚਾਣ ਬਣਾਵਾਂ
ਮੈਨੂੰ ਮਾਣ ਬੰਨੀ ਪੱਗ ਨਾਬੀ ਦਾ

ਵਾਰ ਵਾਰ ਮੈਂ ਜਨਮ ਲਵਾਂ
ਕੈਦਾ ਪੜਾਂ ਪੰਜਾਬੀ ਦਾ

ਸਾਹਿਬ ਸ੍ਰੀ ਗੁਰੂ ਗਰੰਥ ਦੇ ਅੰਦਰ
ਉੜੇ ਜਗਾ ਸੀ ਅਹਿਮ ਬਣਾਈ
ੴ ਤੋਂ ਸੁਰੂ ਸੀ ਕੀਤੀ
ਬਾਣੀ ਜੋ ਸੀ ਧੁਰ ਕੀ ਆਈ
ਐੜੇ ਕਰ ਅਰਦਾਸ ਗੁਰੂ ਦੇ ਅੱਗੇ
ਭਲਾ ਸਰਬੱਤ ਦਾ ਮੰਗਿਆ
ਸਿਹਤ ਸੀ ਯਾਬੀ ਦਾ

ਵਾਰ ਵਾਰ ਮੈਂ ਜਨਮ ਲਵਾਂ
ਕੈਦਾ ਪੜਾਂ ਪੰਜਾਬੀ ਦਾ

ਹੁਕਮਨਾਮਾ ਸੀ ਨਿਕਲਿਆ ਹਾਹੇ ਵਿੱਚੋਂ
ਸਿੱਖ ਕੌਮ ਜਿਸ ਨੂੰ ਸੀਸ ਝੁਕਾਉਦੀਂ ਏ
ਪੰਜ ਕਕਾਰ ਸੀ ਨਿਕਲੇ ਕੱਕੇ ਵਿੱਚੋਂ
ਦਸਤਾਰ ਦੱਦੇ ਦੀ ਖਾਲਸੇ ਸਿਰ ਸਜਾਉਦੀਂ ਏ
ਰਾਰੇ ਬਾਬਾ ਨਾਨਕ ਝੂਮਣ ਲਾਇਆ
ਮਰਦਾਨੇ ਛੇੜਿਆ ਸੁਰ ਸੀ ਜਦ ਰਬਾਬੀ ਦਾ

ਵਾਰ ਵਾਰ ਮੈਂ ਜਨਮ ਲਵਾਂ
ਕੈਦਾ ਪੜਾਂ ਪੰਜਾਬੀ ਦਾ

ਸੁਰਖਪੁਰੀ ਹਰ ਸ਼ਬਦ ਸਲਾਵਣ ਵਾਲਾ
ਉੜੇ ਤੋਂ ਲੈ ਕੇ ਚੀਐ ੜਾੜੇ ਤੱਕ
ਸਿਹਾਰੀ ਬਿਹਾਰੀ ਕੰਨੇ ਔਕੜ
ਏਸ ਨੂੰ ਦੇਖ ਦੇਖ ਨਾਂ ਰੱਜਦੀ ਅੱਖ
ਬਿੰਦੀਆਂ ਟਿੱਪੀਆਂ ਚਾਰ ਚੰਨ ਲਾ ਕੇ
ਮਾਂ ਬੋਲੀ ਨੂੰ ਚੁੱਕਿਆ ਉੱਚਾ ਬੇ ਹਿਸਾਬੀ ਦਾ

ਵਾਰ ਵਾਰ ਮੈਂ ਜਨਮ ਲਵਾਂ
ਕੈਦਾ ਪੜਾਂ ਪੰਜਾਬੀ ਦਾ



ਲੇਖਕ ਗੁਲਾਬ ਸਿੰਘ ਸੁਰਖਪੁਰੀ

## ਮਾਂ–ਬੋਲੀ

ਕਵਿਤਾ ਮੇਰੀ, ਮੈਨੂੰ ਕਹਿੰਦੀ
ਚੰਦਰੀਏ!
ਮਾਂ ਦੇ ਗਰਭ ਵਿਚ ਹੀ ਤੂੰ
ਮਾਂ–ਬੋਲੀ ਦਾ, ਅਹਿਸਾਸ ਮਹਿਸੂਸਿਆ
ਉਹ ਬੋਲ, ਦੁਖ– ਸੁਖ ਦੀਆਂ ਸਾਂਝਾਂ,
ਜੋ ਆਪਣੀ ਕੁੱਖ ਨੂੰ ਪਲੋਸਦਿਆਂ
ਤੇਰੇ ਨਾਲ ਸਾਂਝੀਆਂ ਕੀਤੀਆਂ,

ਕਵਿਤਾ ਮੇਰੀ ਮੈਨੂੰ ਕਹਿੰਦੀ
ਚੰਦਰੀਏ! ਜਦ ਤੂੰ ਜਨਮੀ
ਕਿਹੜੇ ਮੋਹ ਭਰੇ ਬੋਲਾਂ ਨਾਲ
ਅੰਮੀ ਨੇ ਤੈਨੂੰ ਸੀਨੇ ਲਾਇਆ
ਬਾਪੂ ਨੇ ਲਾਡੋ ਕਹਿ ਮੱਥਾ ਚੁੰਮਿਆਂ
ਕਿਹੜੇ ਬੋਲ ਬੋਲ ਭੂਆ ਨੇ ਗੁੜ੍ਹਤੀ ਦਿਤੀ,

ਕਵਿਤਾ ਮੇਰੀ ਮੈਨੂੰ ਕਹਿੰਦੀ
ਚੰਦਰੀਏ!
ਬਚਪਨ ਵਿਚ, ਪੀਚੋ ਬੱਕਰੀ ਖੇਡਦਿਆਂ
ਤੇ ਕਿਕਲੀ ਕਲੀਰ ਦੀ ਕਿਹੜੇ ਬੋਲਾਂ ਵਿਚ ਪਾਈ
ਵੀਰੇ ਨਾਲ ਬੈਠ ਫੱਟੀ 'ਤੇ
ਕਲਮ ਦਵਾਤ ਨਾਲ
ਕਿਹੜੇ ਅੱਖਰ ਲਿਖੇ

ਕਵਿਤਾ ਮੇਰੀ ਮੈਨੂੰ ਕਹਿੰਦੀ
ਚੰਦਰੀਏ!
ਜਵਾਨੀ ਵਿਚ ਸਉਣ ਦੀਆਂ ਤੀਆਂ
ਵਿਚ ਪਾਈਆਂ ਗਿੱਧੇ ਦੀਆਂ ਬੋਲੀਆਂ
ਵਿਆਹਾਂ ਵਿਚ ਗਾਏ, ਸੁਹਾਗ ਤੇ ਘੋੜੀਆਂ
ਕਿਹੜੀ ਬੋਲੀ ਵਿਚ?
ਗੁਰੂਆਂ ਪੀਰਾਂ ਭਗਤਾਂ ਦੀ ਬਾਣੀ
ਵਾਰਿਸ, ਦਮੋਦਰ ਦੇ ਕਿੱਸੇ ਤਾਂ
ਤੇਰੇ ਸਾਹਾਂ ਨਾਲ ਵਿਚਰਦੇ ਰਹੇ
ਕਵਿਤਾ ਮੇਰੀ ਮੈਨੂੰ ਕਹਿੰਦੀ
ਚੰਦਰੀਏ! ਉੱਠ ਫ਼ਿਕਰ ਕਰ
ਮਾਂ–ਬੋਲੀ ਦਾ ਕਰਜ਼ ਹੀ
ਤੇਰਾ ਫਰਜ਼ ਹੈ,
ਪੁੱਛ ਆਪਣੀਆਂ ਬੱਚੀਆਂ ਨੂੰ
ਗਰਭ 'ਚ ਪਲ ਰਹੇ ਬੱਚੇ ਦੀ
ਮਾਂ– ਬੋਲੀ ਕੀ ਹੋਵੇਗੀ?
ਮੇਰਾ ਭੋਲੂ, ਮੇਰੀ ਲਾਡੋ
ਜਾਂ ਮੋਹ ਭਰੀ ਝਿੜਕ ਵਿਚ
ਮਰ ਜਾਣਿਆਂ, ਡੁੱਬ ਜਾਣੀਏਂ
ਕਿਤੇ ਗੁਆਚ ਤਾਂ ਨਹੀਂ ਜਾਣਗੇ,

ਕਵਿਤਾ ਮੇਰੀ ਮੈਨੂੰ ਕਹਿੰਦੀ
ਸਭ ਬੋਲੀਆਂ ਦਾ ਸਤਿਕਾਰ ਕਰਦੇ
ਆਪਣੀ ਨੂੰ ਕਰੀਏ ਪਿਆਰ,
ਮੇਰੇ ਬੱਚਿਓ,
ਮੇਰੇ ਬੱਚਿਆਂ ਦੇ ਬੱਚਿਓ
ਇਹ ਮਾਂ ਦਾ ਕਰਜ਼
ਤੁਸੀਂ ਹੀ ਚੁਕਾਉਣਾ
ਇਹ ਕਲਮ ਤੁਹਾਡੀ ਹੈ
ਇਹ ਸ਼ਬਦ ਤੁਹਾਡੇ ਨੇ
ਇਹ ਬੋਲੀ, ਇਹ ਵਿਰਸਾ
ਤੁਹਾਡਾ ਹੈ,
ਕਵਿਤਾ ਮੇਰੀ ਮੈਨੂੰ ਕਹਿੰਦੀ
ਮਾਂ–ਬੋਲੀ ਦਾ ਕਰਜ਼ ਹੀ
ਤੁਹਾਡਾ ਫ਼ਰਜ਼ ਹੈ।

ਕੁਲਵੰਤ ਕੌਰ ਢਿੱਲੋਂ (ਲੰਡਨ)

# ਟਰੰਪ ਦੇ 'ਟੈਰਿਫ ਯੁੱਧ' ਦਾ ਦੁਨੀਆ 'ਤੇ ਕੀ ਪ੍ਰਭਾਵ ਪਵੇਗਾ, ਅਮਰੀਕਾ ਖ਼ੁਦ ਕਿੰਨਾ ਪ੍ਰਭਾਵਿਤ ਹੋਵੇਗਾ ?

## ਵਿਸ਼ਵ ਹਲਚਲ

ਵਸ਼ਿੰਗਟਨ-ਕੀ ਡੋਨਾਲਡ ਟਰੰਪ ਦੀ ਟੈਰਿਫ ਵਾਰ ਅਮਰੀਕੀ ਅਰਥਵਿਵਸਥਾ ਨੂੰ ਮਜ਼ਬੂਤ ਕਰੇਗੀ ਜਾਂ ਵਿਗੜੇਗੀ ? ਘੱਟੋ-ਘੱਟ ਟਰੰਪ ਅਮਰੀਕੀਆਂ ਨੂੰ ਜੋ ਸੁਪਨਾ ਦਿਖਾ ਰਿਹਾ ਹੈ ਉਹ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣ ਦਾ ਹੈ, ਪਰ ਕੀ ਉਸਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਹੈ ਕਿ ਅਮਰੀਕਾ ਨੂੰ ਇਸਦੀ ਕੀਮਤ ਕਿੰਨੀ ਚੁਕਾਉਣੀ ਪਵੇਗੀ ? ਜੇ ਅਜਿਹਾ ਹੁੰਦਾ, ਤਾਂ ਕੀ ਉਹ ਟੈਰਿਫ ਯੁੱਧ ਬਾਰੇ ਇੰਨਾ ਜ਼ਿਆਦਾ ਬਿਆਨ ਬਾਜੀ ਕਰਦਾ ? ਟਰੰਪ ਨੇ ਹੁਣੇ ਜਿਹੇ ਫਿਰ ਕਿਹਾ, 'ਵਪਾਰ 'ਤੇ ਨਿਰਪੱਖਤਾ ਦੇ ਉਦੇਸ਼ ਲਈ, ਮੈਂ ਫੈਸਲਾ ਕੀਤਾ ਹੈ ਕਿ ਮੈਂ ਜਵਾਬੀ ਟੈਰਿਫ ਲਗਾਵਾਂਗਾ, ਜਿਸਦਾ ਮਤਲਬ ਹੈ ਕਿ ਜੋ ਵੀ ਦੇਸ਼ ਸੰਯੁਕਤ ਰਾਜ ਅਮਰੀਕਾ 'ਤੇ ਟੈਰਿਫ ਲਗਾਉਂਦਾ ਹੈ, ਅਸੀਂ ਉਨ੍ਹਾਂ 'ਤੇ ਟੈਰਿਫ ਲਗਾਵਾਂਗੇ - ਨਾ ਜ਼ਿਆਦਾ, ਨਾ ਘੱਟ !' ਉਸਨੇ ਕਿਹਾ ਹੈ, 'ਕਈ ਸਾਲਾਂ ਤੋਂ, ਦੂਜੇ ਦੇਸ਼ਾਂ ਦੁਆਰਾ ਅਮਰੀਕਾ ਨਾਲ ਬੇਇਨਸਾਫ਼ੀ ਕੀਤੀ ਗਈ ਹੈ, ਭਾਵੇਂ ਉਹ ਦੋਸਤ ਹੋਣ ਜਾਂ ਦੁਸ਼ਮਣ। ...ਇਹਨਾਂ ਦੇਸ਼ਾਂ ਲਈ ਇਹ ਯਾਦ ਰੱਖਣ ਅਤੇ ਸਾਡੇ ਨਾਲ ਨਿਰਪੱਖ ਵਿਵਹਾਰ ਕਰਨ ਦਾ ਸਮਾਂ ਆ ਗਿਆ ਹੈ।'

ਜਦੋਂ ਤੋਂ ਟਰੰਪ ਨੇ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਕੈਨੇਡਾ, ਮੈਕਸੀਕੋ ਅਤੇ ਚੀਨ ਤੋਂ ਆਉਣ ਵਾਲੀਆਂ ਵਸਤਾਂ 'ਤੇ ਭਾਰੀ ਟੈਰਿਫ ਲਗਾਉਣ ਦੇ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਹਨ, ਉਦੋਂ ਤੋਂ ਹੀ ਇੱਕ ਵੱਡਾ ਆਰਥਿਕ ਟਕਰਾਅ ਪੈਦਾ ਹੋਣ ਦੀ ਸੰਭਾਵਨਾ ਬਣ ਗਈ ਹੈ। ਟਰੰਪ ਦੇ ਫੈਸਲੇ ਤੋਂ ਬਾਅਦ, ਉਨ੍ਹਾਂ ਦੇ ਗੁਆਂਢੀ ਦੇਸ਼ਾਂ ਕੈਨੇਡਾ ਅਤੇ ਮੈਕਸੀਕੋ ਨੇ ਜਵਾਬੀ ਕਾਰਵਾਈ ਕੀਤੀ ਅਤੇ ਅਮਰੀਕਾ 'ਤੇ ਜਵਾਬੀ ਟੈਰਿਫ ਲਗਾਏ। ਚੀਨ ਨੇ ਵੀ ਇਹੀ ਕੀਤਾ ਹੈ। ਯੂਰਪੀਅਨ ਯੂਨੀਅਨ 'ਤੇ ਟੈਰਿਫ ਲਗਾਉਣ ਦੀ ਵੀ ਗੱਲ ਹੋ ਰਹੀ ਹੈ। ਭਾਰਤ ਦੇ ਮਾਮਲੇ ਵਿੱਚ, ਟਰੰਪ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਟੈਰਿਫ ਲਗਾਏ ਜਾਣਗੇ। ਤਾਂ ਕੀ ਅਮਰੀਕਾ ਵੱਲੋਂ ਟੈਰਿਫ ਲਗਾਉਣ ਨਾਲ ਦੁਨੀਆ ਦੇ ਦੇਸ਼ਾਂ ਨੂੰ ਭਾਰੀ ਨੁਕਸਾਨ ਹੋਵੇਗਾ ਅਤੇ ਕੀ ਅਮਰੀਕਾ ਨੂੰ ਬਹੁਤ ਫਾਇਦਾ ਹੋਵੇਗਾ ?



**ਪੰਜਾਬ ਟਾਈਮਜ ਅਨੁਸਾਰ ਟਰੰਪ ਦੇ ਟੈਰਿਫ ਇੱਕ ਵਿਆਪਕ ਰਾਜਨੀਤਿਕ ਰਣਨੀਤੀ ਦਾ ਹਿੱਸਾ ਹਨ ਜਿਸਦਾ ਉਦੇਸ਼ ਅਮਰੀਕੀ ਉਦਯੋਗਾਂ ਦੀ ਰੱਖਿਆ ਕਰਨ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਮੁੱਦਿਆਂ ਨਾਲ ਨਜਿੱਠਣ ਲਈ ਉਨ੍ਹਾਂ ਦੇ ਚੋਣ ਪ੍ਰਚਾਰ ਵਾਅਦਿਆਂ ਨੂੰ ਪੂਰਾ ਕਰਨਾ ਹੈ। ਰਾਸ਼ਟਰਪਤੀ ਲੰਬੇ ਸਮੇਂ ਤੋਂ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਅਮਰੀਕਾ ਦੀ ਆਰਥਿਕ ਤਾਕਤ ਨੂੰ ਬਹਾਲ ਕਰਨ ਲਈ ਟੈਰਿਫ ਜ਼ਰੂਰੀ ਹਨ। ਇਸ ਲਈ, ਟਰੰਪ ਇਸਦੀ ਤੁਲਨਾ 19ਵੀਂ ਸਦੀ ਦੇ ਅੰਤ ਨਾਲ ਕਰਦੇ ਹਨ, ਜਦੋਂ ਅਮਰੀਕਾ ਮਾਲੀਏ ਲਈ ਟੈਰਿਫਾਂ 'ਤੇ ਬਹੁਤ ਜ਼ਿਆਦਾ ਨਿਰਭਰ ਸੀ। ਹੁਣ ਟਰੰਪ ਨੂੰ ਇਸਦੀ ਵੀ ਭਾਰੀ ਕੀਮਤ ਚੁਕਾਉਣੀ ਪਵੇਗੀ। ਉਸ ਸਾਹਮਣੇ ਮਹਿੰਗਾਈ ਨੂੰ ਕੰਟਰੋਲ ਕਰਨ ਦੀ ਚੁਣੌਤੀ ਹੈ। ਉਸਦਾ ਪ੍ਰਸ਼ਾਸਨ ਦਾਅ ਲਗਾ ਰਿਹਾ ਹੈ ਕਿ ਟੈਰਿਫਾਂ ਦੁਆਰਾ ਪੈਦਾ ਹੋਣ ਵਾਲੇ ਆਰਥਿਕ ਜੋਖਮ ਮਹਿੰਗਾਈ ਨੂੰ ਖਾਸ ਤੌਰ 'ਤੇ ਨਹੀਂ ਵਿਗਾੜਨਗੇ ਜਾਂ ਵਿਸ਼ਵ ਅਰਥਵਿਵਸਥਾ ਨੂੰ ਅਸਥਿਰ ਨਹੀਂ ਕਰਨਗੇ। ਦਾਅਵੇ ਭਾਵੇਂ ਜੋ ਵੀ ਕੀਤੇ ਜਾਣ, ਟਰੰਪ ਦੇ ਇਸ ਟੈਰਿਫ ਯੁੱਧ ਦੇ ਨਤੀਜੇ ਦੂਰਗਾਮੀ ਹੋਣਗੇ।**

### ਇਸਦਾ ਦੁਨੀਆ ਸਹਿਤ ਹੋਰ ਦੇਸ਼ਾਂ 'ਤੇ ਕੀ ਪ੍ਰਭਾਵ ਪਵੇਗਾ

ਟਰੰਪ ਦਾ ਸਭ ਤੋਂ ਵੱਡਾ ਐਲਾਨ ਚੀਨ, ਮੈਕਸੀਕੋ ਅਤੇ ਕੈਨੇਡਾ 'ਤੇ ਟੈਰਿਫ ਲਗਾਉਣਾ ਸੀ। 2024 ਵਿੱਚ ਚੀਨ, ਮੈਕਸੀਕੋ ਅਤੇ ਕੈਨੇਡਾ ਮਿਲ ਕੇ ਅਮਰੀਕਾ ਨੂੰ 40% ਤੋਂ ਵੱਧ ਹਿੱਸਾ ਨਿਰਯਾਤ ਕਰਦੇ ਹਨ। ਚੀਨ ਤੋਂ ਅਮਰੀਕਾ ਨੂੰ ਆਯਾਤ ਕੀਤੇ ਜਾਣ ਵਾਲੇ ਸਾਰੇ ਸਮਾਨ 'ਤੇ 10% ਟੈਰਿਫ 4 ਫਰਵਰੀ ਨੂੰ ਲਾਗੂ ਹੋ ਗਿਆ ਸੀ। ਬੀਜਿੰਗ ਨੇ ਜਵਾਬੀ ਕਾਰਵਾਈ ਕਰਕੇ ਟੈਰਿਫਾਂ ਨਾਲ ਬਦਲਾ ਲਿਆ, ਜੋ 10 ਫਰਵਰੀ ਨੂੰ ਲਾਗੂ ਹੋਇਆ। ਇਸ ਵਿੱਚ ਅਮਰੀਕੀ ਕੋਲਾ ਅਤੇ ਤਰਲ ਕੁਦਰਤੀ ਗੈਸ ਉਤਪਾਦਾਂ 'ਤੇ 15% ਟੈਰਿਫ, ਅਤੇ ਕੱਚੇ ਤੇਲ, ਖੇਤੀ ਮਸ਼ੀਨਰੀ ਅਤੇ ਵੱਡੇ ਇੰਜਣਾਂ ਵਾਲੀਆਂ ਕਾਰਾਂ 'ਤੇ 10% ਟੈਰਿਫ ਸ਼ਾਮਲ ਹੈ।

ਕੈਨੇਡਾ ਤੋਂ ਆਉਣ ਵਾਲੇ ਸਾਰੇ ਸਮਾਨ 'ਤੇ 25% ਦਾ ਪ੍ਰਸਤਾਵਿਤ ਟੈਰਿਫ ਵੀ 4 ਫਰਵਰੀ ਤੋਂ ਸ਼ੁਰੂ ਹੋਣ ਵਾਲਾ ਸੀ। ਹਾਲਾਂਕਿ, ਇਸ ਵਿੱਚ 30 ਦਿਨ ਦੀ ਦੇਰੀ ਹੋ ਗਈ। ਇਸ ਕਾਰਨ, ਕੈਨੇਡਾ ਨੇ ਵੀ 155 ਬਿਲੀਅਨ ਕੈਨੇਡੀਅਨ ਡਾਲਰ ਦੇ ਅਮਰੀਕੀ ਆਯਾਤ 'ਤੇ 25% ਦੇ ਆਪਣੇ ਜਵਾਬੀ ਟੈਰਿਫ ਨੂੰ ਰੋਕ ਦਿੱਤਾ। ਇਸ ਤੋਂ ਪਹਿਲਾਂ, ਟਰੰਪ ਦੁਆਰਾ ਟੈਰਿਫ ਦਾ ਐਲਾਨ ਕਰਨ ਤੋਂ ਬਾਅਦ, ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਜਵਾਬ ਵਿੱਚ 155 ਬਿਲੀਅਨ ਕੈਨੇਡੀਅਨ ਡਾਲਰ ਦੇ ਅਮਰੀਕੀ ਸਮਾਨ 'ਤੇ 25 ਪ੍ਰਤੀਸ਼ਤ ਟੈਰਿਫ ਲਗਾਏਗੀ। ਮੈਕਸੀਕੋ ਵਿਰੁੱਧ ਪ੍ਰਸਤਾਵਿਤ 25% ਟੈਰਿਫ ਨੂੰ ਵੀ ਇੱਕ ਮਹੀਨੇ ਲਈ ਮੁਲਤਵੀ ਕਰ ਦਿੱਤਾ ਗਿਆ ਸੀ, ਕਿਉਂਕਿ ਮੈਕਸੀਕੋ ਨੇ ਅਮਰੀਕੀ ਸਮਾਨ ਵਿਰੁੱਧ ਨਵੇਂ ਉਪਾਅ ਕੀਤੇ ਹਨ।

ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ 'ਨਸ਼ਿਆਂ ਦੀ ਤਸਕਰੀ, ਖਾਸ ਕਰਕੇ ਫੈਂਟਾਨਿਲ ਨੂੰ ਰੋਕਣ' ਲਈ ਅਮਰੀਕਾ-ਮੈਕਸੀਕਨ ਸਰਹੱਦ 'ਤੇ ਨੈਸ਼ਨਲ ਗਾਰਡ ਦੇ 10,000 ਕਰਮਚਾਰੀਆਂ ਨੂੰ ਭੇਜਣ ਲਈ ਸਹਿਮਤੀ ਦਿੱਤੀ। ਸ਼ੀਨਬੌਮ ਨੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਮੈਕਸੀਕੋ ਵਿੱਚ ਉੱਚ-ਸਮਰੱਥਾ ਵਾਲੇ ਅਮਰੀਕੀ ਹਥਿਆਰਾਂ ਦੀ ਤਸਕਰੀ ਨੂੰ ਰੋਕਣ ਲਈ ਸਹਿਮਤ ਹੋ ਗਿਆ ਹੈ। ਇਸ ਤੋਂ ਪਹਿਲਾਂ, ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਐਲਾਨ ਕੀਤਾ ਸੀ ਕਿ ਮੈਕਸੀਕੋ ਜਵਾਬੀ ਟੈਰਿਫ ਲਗਾਏਗਾ ਅਤੇ ਆਪਣੇ ਹਿੱਤਾਂ ਦੀ ਰੱਖਿਆ ਲਈ ਹੋਰ ਉਪਾਅ ਕਰੇਗਾ। ਉਸਨੇ ਟਰੰਪ ਦੇ ਇਸ ਦੋਸ਼ ਨੂੰ ਵੀ ਰੱਦ ਕਰ ਦਿੱਤਾ ਕਿ ਮੈਕਸੀਕਨ ਸਰਕਾਰ ਦੇ ਅਪਰਾਧਿਕ ਸੰਗਠਨਾਂ ਨਾਲ ਸਬੰਧ ਹਨ। ਇਸ ਤੋਂ ਪਹਿਲਾਂ, ਟਰੰਪ ਨੇ ਵਾਸ਼ਿੰਗਟਨ ਵਿੱਚ ਪ੍ਰਧਾਨ ਮੰਤਰੀ ਮੋਦੀ ਨਾਲ ਆਪਣੀ ਮੁਲਾਕਾਤ ਤੋਂ ਪਹਿਲਾਂ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ ਅਤੇ ਕਿਹਾ ਸੀ ਕਿ ਭਾਰਤ ਦੁਨੀਆ ਵਿੱਚ ਸਭ ਤੋਂ ਵੱਧ ਟੈਰਿਫ ਲਗਾਉਣ ਵਾਲਾ ਦੇਸ਼ ਹੈ। ਹਾਲਾਂਕਿ, ਟਰੰਪ ਨਾਲ ਮੁਲਾਕਾਤ ਤੋਂ ਪਹਿਲਾਂ, ਭਾਰਤ ਨੇ ਟੈਰਿਫ ਨੂੰ 13 ਤੋਂ ਘਟਾ ਕੇ 11 ਪ੍ਰਤੀਸ਼ਤ ਕਰ ਦਿੱਤਾ ਸੀ।

ਲਗਜ਼ਰੀ ਕਾਰਾਂ ਵਰਗੀਆਂ ਵਸਤਾਂ 'ਤੇ 150 ਪ੍ਰਤੀਸ਼ਤ ਦੀ ਸਭ ਤੋਂ ਵੱਧ ਟੈਰਿਫ ਨੂੰ ਵੀ ਘਟਾ ਕੇ 70 ਪ੍ਰਤੀਸ਼ਤ ਕਰ ਦਿੱਤਾ ਗਿਆ। ਵੈਸੇ, ਵੱਡੀਆਂ ਅਰਥਵਿਵਸਥਾਵਾਂ ਵਾਲੇ ਦੇਸ਼ ਔਸਤਨ 3-4 ਪ੍ਰਤੀਸ਼ਤ ਟੈਰਿਫ ਲਗਾ ਰਹੇ ਹਨ।

### ਦੁਨੀਆ 'ਤੇ ਕੀ ਪ੍ਰਭਾਵ ਪਵੇਗਾ

ਟਰੰਪ ਨੇ ਯੂਰਪੀਅਨ ਯੂਨੀਅਨ ਨੂੰ ਵੀ ਇਹੀ ਚੇਤਾਵਨੀ ਦਿੱਤੀ ਹੈ। ਇਸ ਦੇ ਜਵਾਬ ਵਿੱਚ, ਯੂਰਪੀਅਨ ਯੂਨੀਅਨ ਨੇ ਵੀ ਟੈਰਿਫਾਂ ਨਾਲ ਜਵਾਬ ਦੇਣ ਦਾ ਐਲਾਨ ਕੀਤਾ ਹੈ। ਵੈਸੇ, ਟਰੰਪ ਦੁਆਰਾ ਦਸਤਖਤ ਕੀਤੇ ਗਏ ਕਾਰਜਕਾਰੀ ਆਦੇਸ਼ ਵਿੱਚ ਇਹ ਵੀ ਸ਼ਾਮਲ ਹੈ ਕਿ ਜੇਕਰ ਦੇਸ਼ ਅਮਰੀਕਾ ਵਿਰੁੱਧ ਜਵਾਬੀ ਕਾਰਵਾਈ ਕਰਦੇ ਹਨ ਤਾਂ ਦਰਾਂ ਵਧਾਈਆਂ ਜਾ ਸਕਦੀਆਂ ਹਨ।

ਮਤਲਬ ਸਪੱਸ਼ਟ ਹੈ ਕਿ 'ਟੈਰਿਫ ਯੁੱਧ' ਵਧਣ ਦੀ ਸੰਭਾਵਨਾ ਹੈ। ਵਧਦੀ ਟੈਰਿਫ ਵਾਰ ਦਾ ਪ੍ਰਭਾਵ ਇਹ ਹੋਵੇਗਾ ਕਿ ਲੋਕਾਂ ਨੂੰ ਵੱਧ ਕੀਮਤਾਂ 'ਤੇ ਚੀਜ਼ਾਂ ਮਿਲਣਗੀਆਂ। ਬਹੁਤ ਸਾਰੇ ਦੇਸ਼ਾਂ ਵਿੱਚ ਪਹਿਲਾਂ ਹੀ ਬਹੁਤ ਜ਼ਿਆਦਾ ਮਹਿੰਗਾਈ ਹੈ ਅਤੇ ਅਜਿਹੀ ਸਥਿਤੀ ਵਿੱਚ, ਸੰਕਟ ਤਾਂ ਹੀ ਵਧੇਗਾ ਜੇਕਰ ਵਸਤੂਆਂ ਦੀਆਂ ਕੀਮਤਾਂ ਵਧਦੀਆਂ ਹਨ। ਇਹ ਉਨ੍ਹਾਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਲਈ ਵੀ ਘਾਤਕ ਹੋਵੇਗਾ।

### ਅਮਰੀਕਾ 'ਤੇ ਕੀ ਪ੍ਰਭਾਵ ਪਵੇਗਾ ?

ਇਹ ਸਪੱਸ਼ਟ ਹੈ ਕਿ ਟਰੰਪ ਨੇ ਇੱਕ ਅਜਿਹਾ ਮੁੱਦਾ ਉਠਾਇਆ ਹੈ ਜੋ ਅਮਰੀਕਾ ਲਈ ਘੱਟ ਮਹਿੰਗਾ ਸਾਬਤ ਨਹੀਂ ਹੋਵੇਗਾ। ਟਰੰਪ ਦੇ ਇਸ ਫੈਸਲੇ ਨਾਲ ਮੈਕਸੀਕੋ, ਚੀਨ ਅਤੇ ਕੈਨੇਡਾ ਨਾਲ ਆਰਥਿਕ ਰੁਕਾਵਟ ਦਾ ਖ਼ਤਰਾ ਵਧ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਦੇਸ਼ ਅਮਰੀਕਾ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲ ਹਨ। ਜਦੋਂ ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਸਾਮਾਨਾਂ 'ਤੇ ਭਾਰੀ ਡਿਊਟੀ ਲਗਾਈ ਜਾਂਦੀ ਹੈ, ਤਾਂ ਇਹ ਅਮਰੀਕਾ ਵਿੱਚ ਮਹਿੰਗਾਈ ਦੀ ਸਥਿਤੀ ਨੂੰ ਕਾਫ਼ੀ ਵਿਗਾੜ ਸਕਦਾ ਹੈ।

ਇਸ ਗੱਲ ਦਾ ਸੰਕੇਤ ਖੁਦ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਦਿੱਤਾ ਹੈ। ਟਰੂਡੋ ਨੇ ਮੰਨਿਆ ਕਿ ਅਗਲੇ ਕੁਝ ਹਫ਼ਤੇ ਕੈਨੇਡੀਅਨਾਂ ਅਤੇ ਅਮਰੀਕੀਆਂ ਲਈ ਮੁਸ਼ਕਲ ਹੋਣਗੇ। ਟੈਰਿਫ ਵੱਡੀ ਆਰਥਿਕ ਰੁਕਾਵਟ ਪੈਦਾ ਕਰ ਸਕਦੇ ਹਨ। ਵਿਸ਼ਲੇਸ਼ਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਮਹਿੰਗਾਈ ਵਧ ਸਕਦੀ ਹੈ।

ਬੀਬੀਸੀ ਦੀ ਰਿਪੋਰਟ ਅਨੁਸਾਰ, ਅਰਥਸ਼ਾਸਤਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਆਯਾਤ ਕੀਤੇ ਸਾਮਾਨ ਵੇਚਣ ਵਾਲੀਆਂ ਕੰਪਨੀਆਂ ਟੈਰਿਫ ਦੀ ਲਾਗਤ ਨੂੰ ਪੂਰਾ ਕਰਨ ਲਈ ਅਮਰੀਕੀ ਖਪਤਕਾਰਾਂ ਲਈ ਕੀਮਤਾਂ ਵਧਾ ਸਕਦੀਆਂ ਹਨ। ਜੇਕਰ ਮੈਕਸੀਕਨ ਅਤੇ ਕੈਨੇਡੀਅਨ ਦਰਾਮਦਾਂ ਵਿਰੁੱਧ ਉਪਾਅ ਅੱਗੇ ਵਧਦੇ ਹਨ, ਤਾਂ ਉਨ੍ਹਾਂ ਦੁਆਰਾ ਪੈਦਾ ਕੀਤੇ ਜਾਣ ਵਾਲੇ ਸਮਾਨ ਦੇ ਵੀ ਮਹਿੰਗੇ ਹੋਣ ਦੀ ਸੰਭਾਵਨਾ ਹੈ।

ਵਸ਼ਿੰਗਟਨ ਟਾਈਮਜ ਦੀ ਰਿਪੋਰਟ ਅਨੁਸਾਰ, ਯੇਲ ਯੂਨੀਵਰਸਿਟੀ ਦੀ ਬਜਟ ਲੈਬ ਨੇ ਅੰਦਾਜ਼ਾ ਲਗਾਇਆ ਹੈ ਕਿ ਨਵੇਂ ਆਯਾਤ ਟੈਕਸਾਂ ਕਾਰਨ ਔਸਤ ਅਮਰੀਕੀ ਪਰਿਵਾਰ ਨੂੰ ਸਾਲਾਨਾ ਆਮਦਨ ਵਿੱਚ1,170 ਡਾਲਰਦਾ ਨੁਕਸਾਨ ਹੋਵੇਗਾ। ਇਸ ਤੋਂ ਇਲਾਵਾ, ਇਹ ਕਦਮ ਆਰਥਿਕ ਵਿਕਾਸ ਨੂੰ ਹੌਲੀ ਕਰ ਸਕਦਾ ਹੈ ਅਤੇ ਕਰਿਆਨੇ, ਪੈਟਰੋਲ, ਰਿਹਾਇਸ਼ ਅਤੇ ਆਟੋ ਦੀਆਂ ਕੀਮਤਾਂ ਨੂੰ ਹੋਰ ਵਧਾ ਸਕਦਾ ਹੈ।

# ਅਕਾਲੀ ਦਲ ਦਾ ਸੰਕਟ

3 ਸਫ਼ੇ ਦੀ ਬਾਕੀ

ਇਹ ਕਮੇਟੀ ਅੱਜ ਤੱਕ ਕੰਮ ਨਹੀਂ ਕਰ ਸਕੀ, ਅਤੇ ਸੁਖਬੀਰ ਸਿੰਘ ਬਾਦਲ ਦੇ ਧੜੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸਦੀ ਮੈਂਬਰਸ਼ਿਪ ਮੁਹਿੰਮ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਇਸ ਬਾਰੇ ਕੋਈ ਸਵਾਲ ਨਹੀਂ ਉਠਾਏ ਜਾਣੇ ਚਾਹੀਦੇ।

ਕਮੇਟੀ ਨੇ 13 ਫਰਵਰੀ ਨੂੰ ਚੰਡੀਗੜ੍ਹ ਸਥਿਤ ਸ਼੍ਰੋਮਣੀ ਕਮੇਟੀ ਦੇ ਉਪ-ਦਫ਼ਤਰ ਵਿੱਚ ਇੱਕ ਮੀਟਿੰਗ ਕੀਤੀ, ਧਾਮੀ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨਾਲ ਵੀ ਮੁਲਾਕਾਤ ਕੀਤੀ। ਇੱਕ ਦਿਨ ਬਾਅਦ, ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਇਸ ਕਮੇਟੀ ਦੇ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਕਾਰੀ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ ਨਿਗਰਾਨ ਵਜੋਂ ਕੰਮ ਕਰ ਸਕਦੇ ਹਨ, ਅਤੇ ਮੈਂਬਰਸ਼ਿਪ ਬਹੁਤ ਸੁਚਾਰੂ ਅਤੇ ਜੋਸ਼ ਨਾਲ ਚੱਲ ਰਹੀ ਹੈ। ਕਲੇਰ ਨੇ ਕਮੇਟੀ ਮੈਂਬਰਾਂ ਬਾਰੇ ਟਿੱਪਣੀ ਕੀਤੀ ਕਿ ਉਹ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਲਈ ਕਿਸੇ ਸਾਜ਼ਿਸ਼ ਤਹਿਤ ਕੰਮ ਕਰ ਰਹੇ ਜਾਪਦੇ ਹਨ। ਧਾਮੀ ਦੇ ਅਸਤੀਫ਼ੇ ਤੋਂ ਬਾਅਦ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹੁਣ ਇੱਕ ਹੋਰ ਚੁਣੌਤੀ ਅਤੇ ਇੱਕ ਔਖੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਸੰਕਟ ਹੱਲ ਹੋਣ ਦੀ ਬਜਾਏ, ਹੋਰ ਪੇਚੀਦਗੀਆਂ ਪੈਦਾ ਹੋ ਗਈਆਂ ਹਨ।

### ਭਰਤੀ ਕਮੇਟੀ ਦਾ ਨਜ਼ਰੀਆ

ਇਸ ਦੌਰਾਨ ਕਮੇਟੀ ਦੇ ਪੰਜ ਮੈਂਬਰਾਂ ਨੇ ਬੀਤੇ ਮੰਗਲਵਾਰ ਨੂੰ ਆਪਣੀ ਮੀਟਿੰਗ ਕਰ ਕੇ ਮੌਜੂਦਾ ਹਾਲਾਤ ਵਿੱਚ ਆਪਣੇ ਕੰਮ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੋਂ ਨਵੇਂ ਦਿਸ਼ਾ-ਨਿਰਦੇਸ਼ ਲੈਣ ਦਾ ਫ਼ੈਸਲਾ ਕੀਤਾ ਹੈ ਜਿਸ ਤੋਂ ਜ਼ਾਹਿਰ ਹੋਇਆ ਹੈ ਕਿ ਕਮੇਟੀ ਅਜੇ ਵੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸੌਂਪੇ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਇੱਛੁਕ ਹੈ।

ਹਾਲਾਂਕਿ ਅਸਤੀਫ਼ਾ ਦਿੱਤੇ ਹੋਣ ਕਰਕੇ ਇਸ ਦੌਰਾਨ ਕਮੇਟੀ ਦੇ ਮੁਖੀ ਵਜੋਂ ਹਰਜਿੰਦਰ ਸਿੰਘ ਧਾਮੀ ਅਤੇ ਮੈਂਬਰ ਵਜੋਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਮੀਟਿੰਗ 'ਚੋਂ ਗ਼ੈਰਹਾਜ਼ਰ ਰਹੇ। ਉਨ੍ਹਾਂ ਦੀ ਗ਼ੈਰਹਾਜ਼ਰੀ 'ਚ ਕਮੇਟੀ ਦੇ ਪੰਜ ਮੈਂਬਰਾਂ ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਯਾਲੀ, ਇਕਬਾਲ ਸਿੰਘ ਝੂੰਦਾਂ, ਸੰਤਾ ਸਿੰਘ ਉਮੈਦਪੁਰੀ ਤੇ ਬੀਬੀ ਸਤਵੰਤ ਕੌਰ ਨੇ ਮੀਟਿੰਗ ਕੀਤੀ। ਘੋਖ ਦੌਰਾਨ ਇਹ ਭਰਤੀ ਕਮੇਟੀ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਜਿਸ ਮਨੋਰਥ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਭਰਤੀ ਕਮੇਟੀ ਬਣਾਈ ਗਈ ਸੀ ਉਸ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਭਰਤੀ ਕਰਨ ਲਈ ਰਾਜ਼ੀ ਨਹੀਂ ਹੈ ਤੇ ਇਸ ਸਬੰਧੀ ਇਹ ਕਮੇਟੀ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੌਂਪ ਦੇਵੇਗੀ। ਮਨਪ੍ਰੀਤ ਇਯਾਲੀ ਨੇ ਕਿਹਾ ਕਿ ਭੂੰਦੜ ਦੇ ਦੂਜੀ ਮੀਟਿੰਗ 'ਚ ਨਾ ਆਉਣ ਮਗਰੋਂ ਉਹ ਉਨ੍ਹਾਂ ਦੇ ਘਰ ਵੀ ਗਏ ਪਰ ਉਨ੍ਹਾਂ ਨੇ ਸਹਿਯੋਗ ਨਹੀਂ ਦਿੱਤਾ।

## ਧਾਮੀ ਦੇ ਅਸਤੀਫੇ ਬਾਰੇ ਕੀ ਕਿਹਾ ਪੰਥਕ ਆਗੂਆਂ ਨੇ

ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਥੇ ਆਖਿਆ ਕਿ ਅਕਾਲ ਤਖ਼ਤ ਵੱਲੋਂ ਬਣਾਈ ਸੱਤ ਮੈਂਬਰੀ ਕਮੇਟੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਅਸਤੀਫ਼ਾ ਨਹੀਂ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇਹ ਅਕਾਲ ਤਖ਼ਤ ਵੱਲੋਂ ਸੌਂਪੀ ਹੋਈ ਸੇਵਾ ਹੈ ਅਤੇ ਇਸ ਤੋਂ ਪਿਛਾਂਹ ਨਹੀਂ ਹਟਣਾ ਚਾਹੀਦਾ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰਨ ਦੇ ਫੈਸਲੇ ਬਾਰੇ ਉਨ੍ਹਾਂ ਕਿਹਾ ਕਿ ਇਹ ਈਰਖਾ ਭਾਵਨਾ ਨਾਲ ਕੀਤਾ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਫੈਸਲਾ ਹੈ। ਉਨ੍ਹਾਂ ਕਿਹਾ ਕਿ ਦੋ ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਆਗੂਆਂ ਬਾਰੇ ਪੰਜ ਸਿੰਘ ਸਾਹਿਬਾਨ ਵੱਲੋਂ ਕੀਤਾ ਗਿਆ ਫੈਸਲਾ ਕਿਸੇ ਵੀ ਈਰਖਾ ਭਾਵਨਾ ਨਾਲ ਨਹੀਂ ਕੀਤਾ ਗਿਆ ਸੀ ਅਤੇ ਇਹ ਫੈਸਲਾ ਪੰਜ ਸਿੰਘ ਸਾਹਿਬਾਨ ਦਾ ਸੀ, ਨਾ ਕਿ ਕਿਸੇ ਵਿਅਕਤੀ ਦਾ। ਉਨ੍ਹਾਂ ਦਾਅਵਾ ਕੀਤਾ ਕਿ ਉਸ ਵੇਲੇ ਬਤੌਰ ਜਥੇਦਾਰ ਉਨ੍ਹਾਂ ਦੇ ਮਨ ਵਿੱਚ ਨਿੱਜੀ ਤੌਰ 'ਤੇ ਕਿਸੇ ਖ਼ਿਲਾਫ਼ ਕੋਈ ਈਰਖਾ ਨਹੀਂ ਸੀ ਪਰ ਜਿਨ੍ਹਾਂ ਨੂੰ ਤਨਖਾਹ ਲਾਈ ਗਈ ਸੀ ਉਨ੍ਹਾਂ ਦੇ ਮਨ ਵਿੱਚ ਜ਼ਰੂਰ ਈਰਖਾ ਸੀ, ਜਿਸ ਦਾ ਹੁਣ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰਨ ਦਾ ਮਾਮਲਾ ਸਮੁੱਚੇ ਤੌਰ 'ਤੇ ਹੀ ਯੋਜਨਾਬੱਧ ਸੀ। ਉਨ੍ਹਾਂ ਕਿਹਾ ਕਿ ਚੰਗਾ ਹੁੰਦਾ ਜੇ ਇਸ ਮਾਮਲੇ ਦੀ ਜਾਂਚ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਜਾਂ ਅਕਾਲ ਤਖ਼ਤ ਤੋਂ ਕਰਵਾਈ ਜਾਂਦੀ। ਉਨ੍ਹਾਂ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਬਣੀ ਇੱਕ ਸਰਾਂ ਤੇ ਲੰਗਰ ਘਰ ਦੇ ਮਾਮਲਿਆਂ ਦੀ ਮਿਸਾਲ ਦਿੰਦਿਆਂ ਕਿਹਾ ਕਿ ਜੇ ਇਨ੍ਹਾਂ ਮਾਮਲਿਆਂ ਦੀ ਜਾਂਚ ਕੀਤੀ ਜਾਵੇ ਤਾਂ ਉਨ੍ਹਾਂ ਖ਼ਿਲਾਫ਼ ਜਾਂਚ ਕਰਨ ਵਾਲੇ ਜ਼ਰੂਰ ਇਸ ਦੇ ਘੇਰੇ ਵਿੱਚ ਆਉਣਗੇ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਖ਼ਿਲਾਫ਼ ਕਈ ਗੰਭੀਰ ਦੋਸ਼ ਲਾਏ। ਜਿਨ੍ਹਾਂ ਵਿੱਚ ਹਰਿਆਣਾ ਵਿੱਚ ਵੱਖਰੀ ਕਮੇਟੀ ਬਣਾਉਣ ਲਈ ਵੀ ਜ਼ਿੰਮੇਵਾਰ ਠਹਿਰਾਇਆ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਇਸ ਵੇਲੇ ਫਰਜ਼ੀ ਭਰਤੀ ਹੋ ਰਹੀ ਅਤੇ ਅਜਿਹੀ ਭਰਤੀ ਨਾਲ ਪ੍ਰਧਾਨ ਵੀ ਫਰਜ਼ੀ ਹੀ ਚੁਣਿਆ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਜਿਸ ਵੇਲੇ ਉਨ੍ਹਾਂ ਨੇ ਸਥਿਤੀ ਨੂੰ ਸੰਭਾਲਣਾ ਸੀ, ਉਸ ਵੇਲੇ ਉਹ ਅਸਤੀਫਾ ਦੇ ਰਹੇ ਹਨ।

ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ, ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ ਨੇ ਕਿਹਾ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਨਾਲ ਸਿੱਖ ਜਥੇਬੰਦੀਆਂ ਵਿਚ ਨਿਰਾਸ਼ਾਜਨਕ ਮਾਹੌਲ ਬਣ ਗਿਆ ਹੈ ਅਤੇ ਉਨ੍ਹਾਂ ਦੇ ਅਸਤੀਫ਼ੇ ਕਾਰਨ ਮੈਨੂੰ ਬਹੁਤ ਦੁਖ ਮਹਿਸੂਸ ਹੋਇਆ ਹੈ। ਕਿਉਂ ਕਿ ਸਰਦਾਰ ਹਰਜਿੰਦਰ ਸਿੰਘ ਧਾਮੀ ਦਾ ਜੀਵਨ ਨਿਤਨੇਮੀ ਗੁਰਸਿੱਖਾਂ ਵਾਲਾ ਹੈ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਜਥੇਬੰਦੀ ਵਲੋਂ ਇਹੀ ਦਿਲੀ ਇੱਛਾ ਹੈ ਕਿ ਉਹ ਇਸ ਮੁਸ਼ਕਿਲ ਸਮੇਂ ਵਿਚ ਸਿਖ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਦੀ ਅਗਵਾਈ ਕਰਨ ਤਾਂ ਜੋ ਇਨ੍ਹਾਂ ਮੁਸ਼ਕਿਲ ਹਾਲਾਤ ਨਾਲ ਨਜਿੱਠਿਆ ਜਾ ਸਕੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਰਨਲ ਸਕੱਤਰ ਜਗਦੀਪ ਸਿੰਘ ਕਾਹਲੋ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਸਵਾਗਤ ਕਰਦੇ ਹੋਏ ਇਸ ਨੂੰ ਦੇਰ ਨਾਲ ਸਹੀ ਪਰ ਅੰਦਰੂਨੀ ਆਵਾਜ਼ ਸੁਣ ਕੇ ਲਿਆ ਗਿਆ ਫ਼ੈਸਲਾ ਦੱਸਿਆ ਹੈ। ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਹਾਲਾਂ ਕਿ ਧਾਮੀ ਨੂੰ 2 ਦਸੰਬਰ ਨੂੰ ਹੀ ਆਪਣਾ ਅਹੁਦਾ ਛੱਡਣਾ ਚਾਹੀਦਾ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਬਣਾਈ ਗਈ 7 ਮੈਂਬਰਾਂ ਦੀ ਟੀਮ ਦੇ ਗਠਨ ਸਮੇਤ ਹੋਰ ਫ਼ੈਸਲੇ ਨੂੰ ਪਾਸੇ ਕਰਕੇ ਸਿਰਫ਼ ਇਕ ਪਰਿਵਾਰ ਨੂੰ ਬਚਾਉਂਣ ਲਈ ਕੌਮ ਨੂੰ ਦਾਅ 'ਤੇ ਲਗਾ ਦਿੱਤਾ। ਉਸ ਤੋਂ ਬਾਅਦ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ 'ਤੇ ਬੇਬੁਨਿਆਦ ਦੋਸ਼ ਇਕ ਐਸੇ ਵਿਅਕਤੀ ਵੱਲੋਂ ਲਗਾਏ ਗਏ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਸੀ ਪਰ ਉਸ ਨੂੰ ਆਧਾਰ ਬਣਾ ਕੇ ਉਨ੍ਹਾਂ ਦੀ ਜਾਂਚ ਲਈ 3 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ। ਉਸ ਸਮੇਂ ਵੀ ਧਾਮੀ ਨੂੰ ਇਸ ਦਾ ਵਿਰੋਧ ਕਰਦੇ ਹੋਏ ਆਪਣਾ ਪਦ ਛੱਡ ਦੇਣਾ ਚਾਹੀਦਾ ਸੀ ਪਰ ਚਲੋ ਦੇਰ ਨਾਲ ਸਹੀ, ਜਿਸ ਤਰ੍ਹਾਂ ਧਾਮੀ ਨੇ ਆਪਣੀ ਅੰਦਰੂਨੀ ਆਵਾਜ਼ ਸੁਣ ਕੇ ਫ਼ੈਸਲਾ ਲਿਆ ਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ, ਉਸ ਨਾਲ ਉਹਨਾਂ ਦੀ ਇੱਜ਼ਤ ਵਿਚ ਵਾਧਾ ਹੋਇਆ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਹਿਤੈਸ਼ੀ ਲੀਡਰਸ਼ਿਪ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸੁਰਜੀਤ ਸਿੰਘ ਰੱਖੜਾ, ਸੁੱਚਾ ਸਿੰਘ ਛੋਟੇਪੁਰ, ਪ੍ਰਮਿੰਦਰ ਸਿੰਘ ਢੀਂਡਸਾ ਅਤੇ ਚਰਨਜੀਤ ਸਿੰਘ ਬਰਾੜ ਨੇ ਆਪਣੇ ਸਾਂਝੇ ਬਿਆਨ ਵਿੱਚ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਬਡੂੰਗਰ ਦੇ ਅਸਤੀਫ਼ੇ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਆਗੂਆਂ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਥਕ ਸੰਕਟ ਵਿਚਕਾਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਿਰੜ ਨਾਲ ਨਿਭਾਉਣ ਦੀ ਬਜਾਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਅਸਤੀਫ਼ਾ ਦੇਣਾ ਸੰਗਤ ਦੀਆਂ ਭਾਵਨਾਵਾਂ ਨਾਲ ਇਨਸਾਫ਼ ਨਹੀਂ ਹੋਵੇਗਾ।ਕਿਉਂਕਿ ਨੈਤਿਕਤਾ ਤਾਂ ਉਸ ਸਮੇਂ ਹੀ ਝਲਕਣੀ ਚਾਹੀਦੀ ਸੀ ਜਦ ਜਥੇਦਾਰ ਸ੍ਰੀ ਅਕਾਲ ਤਖ਼ਤ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਪ੍ਰਤੀ ਜਾਂਚ ਬੰਦ ਕਰਨ ਦੇ ਆਦੇਸ਼ ਦਿੱਤੇ ਸਨ। ਇਹਨਾਂ ਅਦੇਸਾਂ ਦੀ ਅਣਦੇਖੀ ਕਰਕੇ ਸਗੋਂ ਤਿੰਨ ਮੈਂਬਰੀ ਕਮੇਟੀ ਦੀ ਜਾਂਚ ਰਿਪੋਰਟ ਮਨਜ਼ੂਰ ਕਰ ਸਮੁੱਚੀ ਅੰਤ੍ਰਿੰਗ ਕਮੇਟੀ ਵੱਲੋਂ ਬੱਜਰ ਗਲਤੀ ਕੀਤੀ ਹੈ। ਆਗੂਆਂ ਨੇ ਹਰਜਿੰਦਰ ਸਿੰਘ ਧਾਮੀ ਨੂੰ ਪੁਰਜੋਰ ਅਪੀਲ ਕੀਤੀ ਕਿ, ਓਹ ਸੰਗਤ ਦੀਆਂ ਭਾਵਨਾਵਾਂ ਦੀ ਰਾਖੀ ਕਰਦੇ ਹੋਏ ਆਪਣਾ ਅਸਤੀਫਾ ਵਾਪਿਸ ਲੈਣ ਅਤੇ ਪਿਛਲੇ ਦਿਨਾਂ ਵਿੱਚ ਹੋਏ ਪੰਥ ਵਿਰੋਧੀ ਫੈਸਲਿਆਂ ਨੂੰ ਰੱਦ ਕਰਦੇ ਹੋਏ ਮਜ਼ਬੂਤ ਅਗਵਾਈ ਵਾਲੀ ਭੂਮਿਕਾ ਨਿਭਾਉਣ, ਜਿਸ ਲਈ ਸਮੁੱਚੀ ਕੌਮ ਉਮੀਦ ਕਰਦੀ ਹੈ।


# ਤਵੀਤ ਨੇ ਨਹੀਂ ਕੀਤਾ ਕੰਮ, ਲੋਕਾਂ ਨੇ ਕੁੱਟ ਕੱਢਿਆ ਤਾਂਤਰਿਕ ਬਾਬਾ

## ✪ ਪਰਿਵਾਰ ਵਿਚ ਪਾਇਆ ਸੀ ਪਾੜਾ

ਦੀਨਾਨਗਰ - ਸਰਹੱਦੀ ਖੇਤਰ ਦੀਨਾਨਗਰ ਕਸਬੇ ਨੇੜੇ ਸਥਿਤ ਪਿੰਡ ਕੁਲੀਆਂ 'ਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਥੇ ਪਿੰਡ ਦੇ ਇਕ ਪਰਿਵਾਰ ਨੇ ਆਪਣੇ ਰਿਸ਼ਤੇਦਾਰਾਂ ਦੇ ਘਰ 'ਚ ਆਉਂਦਾ ਤਾਤਰਿਕ ਬਾਬਾ ਘੇਰ ਕੇ ਬੁਰੀ ਤਰ੍ਹਾਂ ਕੁੱਟ ਛੱਡਿਆ। ਬਾਬੇ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਜਿਸ ਦੇ ਚਲਦੇ ਹੁਣ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਦੀਨਾਨਗਰ ਵਿਖੇ ਦਾਖਲ ਕਰਵਾਇਆ ਗਿਆ। ਉਧਰ ਬਾਬੇ ਨੂੰ ਕੁੱਟਣ ਵਾਲੇ ਪਿੰਡ ਦੇ ਰਹਿਣ ਵਾਲੇ ਨੌਜਵਾਨ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਇਕ ਬਾਬਾ ਆਇਆ ਸੀ ਜਿਸ ਨੂੰ ਉਹ ਮੰਨਦੇ ਹਨ ਜਦ ਉਹ ਵਾਪਸ ਜਾ ਰਿਹਾ ਸੀ ਤਾਂ ਘਰ ਤੋਂ ਕੁਝ ਦੂਰੀ 'ਤੇ ਹੀ ਉਸ ਦੇ ਚਾਚੇ ਨੇ ਬਾਬੇ ਨੂੰ ਰੋਕ ਕੇ ਪਹਿਲਾ ਚੰਗਾ ਮਾੜਾ ਕਿਹਾ ਅਤੇ ਫਿਰ ਮਾਰ ਕੁੱਟ ਕਰਨੀ ਸ਼ੁਰੂ ਕਰ ਦਿੱਤੀ। ਉਸ ਦੇ ਨਾਲ ਦੋ ਹੋਰ ਵੀ ਪਰਿਵਾਰ ਦੇ ਮੈਂਬਰ ਸਨ ਅਤੇ ਜਦ ਉਹ ਅਤੇ ਉਸਦੀ ਭੈਣ ਛਡਾਉਣ ਲਈ ਅੱਗੇ ਹੋਏ ਤਾਂ ਉਨ੍ਹਾਂ ਨਾਲ ਵੀ ਮਾਰ ਕੁੱਟ ਕੀਤੀ ਗਈ ਹੈ।




ਉਧਰ ਉਸਦੇ ਚਾਚੇ ਨਾਲ ਪੱਤਰਕਾਰ ਵੱਲੋਂ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਗੱਲਬਾਤ ਕਰਦਿਆਂ ਇਹ ਕਬੂਲ ਕੀਤਾ ਕਿ ਉਸ ਵਲੋਂ ਬਾਬੇ ਨੂੰ ਕੁੱਟਿਆ ਗਿਆ ਹੈ। ਉਸ ਨੇ ਦੱਸਿਆ ਕਿ ਬਾਬੇ ਨੂੰ ਕੁੱਟਣ ਦਾ ਕਾਰਨ ਇਹ ਹੈ ਕਿ ਬਾਬੇ ਨੇ ਉਨ੍ਹਾਂ ਦੋਵਾਂ ਪਰਿਵਾਰਾ 'ਚ ਪਾੜ ਪਾਇਆ ਹੈ। ਉਸ ਨੇ ਦੱਸਿਆ ਕਿ ਮੇਰਾ ਭਰਾ ਪਿਛਲੇ ਸਮੇਂ ਤੋਂ ਕਾਫ਼ੀ ਬਿਮਾਰ ਸੀ ਅਤੇ ਉਸ ਦਾ ਇਲਾਜ ਕਰਵਾਉਣ ਲਈ ਬਾਬੇ ਕੋਲੋਂ ਧਾਗਾ ਤਵੀਤ ਕਰਵਾ ਰਿਹਾ ਸੀ ਅਤੇ ਇਲਾਜ ਨਾ ਹੋਣ ਦੇ ਚਲਦੇ ਉਸ ਦੇ ਭਰਾ ਦੀ ਇਕ ਮਹੀਨੇ ਪਹਿਲਾਂ ਮੌਤ ਹੋ ਗਈ। ਇਸ ਦੌਰਾਨ ਬਾਬੇ ਨੇ ਉਸਦੇ ਭਤੀਜੇ ਅਤੇ ਪਰਿਵਾਰ ਨੂੰ ਵਹਿਮ ਪਾ ਦਿੱਤਾ ਹੈ ਕਿ ਰਿਸ਼ਤੇਦਾਰੀ ਵਿੱਚੋਂ ਹੀ ਕਿਸੇ ਨੇ ਉਨ੍ਹਾਂ ਤੇ ਜਾਦੂ ਟੂਣਾ ਕਰ ਦਿੱਤਾ ਹੈ, ਜਿਸ ਕਾਰਨ ਦੋਵਾਂ ਪਰਿਵਾਰਾਂ ਵਿੱਚ ਪਾੜ ਪੈ ਗਿਆ ਹੈ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*


**Respectable Arora Sikh family seeking a suitable match for their British born son, he is a doctor (GP), 46 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3066)**

## CHANGE OF NAME

I, ARUN KUMAR S/O OF MR KALYAN SINGH WHOSE PERMANENT ADDRESS IN INDIA IS B-4/2279, DARESI ROAD, LUDHIANA, PIN: 141008, PUNJAB AND NOW LIVING AT, 17 LATONA DRIVE, GRAVESEND, DA12 4RS, UK HEREBY GIVE NOTICE OF MY INTENTION TO CHANGE MY NAME TO ARUN RANA. (U/I)

I, KULWINDER AKA KUNDU KAUR D/O MR RANJIT SINGH WHOSE PERMANENT ADDRESS IN INDIA IS VPO DHANDOWAL, TEHSIL SHAHKOT, DISTT JALANDHAR, PUNJAB 144703 AND NOW LIVING AT 19 PENNYHILL LANE, WEST BROMWICH, WEST MIDLANDS B71 3RP HEREBY GIVE NOTICE OF MY INTENTION TO CHANGE MY NAME TO KULWINDER (GIVEN NAME) KAUR (SURNAME). (U/I)

# ਯੂਕਰੇਨ ਅਤੇ ਰੂਸ ਵਿਚਾਲੇ ਯੁੱਧ ਖਤਮ ਹੋਣ ਦੀ ਸੰਭਾਵਨਾ

## ✪ ਅਮਰੀਕਾ 'ਤੇ ਰੂਸ ਵਿਚਾਲੇ ਹੱਲ ਲਭਣ ਲਈ ਬਣੀ ਸਹਿਮਤੀ

ਵਸ਼ਿੰਗਟਨ-ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਅਮਰੀਕਾ-ਰੂਸ ਗੱਲਬਾਤ ਵਿੱਚ ਸ਼ਾਮਲ ਧਿਰਾਂ ਯੂਕਰੇਨ ਵਿੱਚ ਸ਼ਾਂਤੀ ਸਥਾਪਤ ਕਰਨ ਅਤੇ ਆਰਥਿਕ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਇੱਕ ਉੱਚ-ਪੱਧਰੀ ਟੀਮ ਬਣਾਉਣ ਲਈ ਸਹਿਮਤ ਹੋ ਗਈਆਂ ਹਨ। ਯੂਕਰੇਨ ਸੰਕਟ ਦਾ ਹੱਲ ਲੱਭਣ ਲਈ ਅਮਰੀਕਾ ਅਤੇ ਰੂਸੀ ਵਫ਼ਦਾਂ ਨੇ ਬੀਤੇ ਦਿਨੀਂ ਰਿਆਧ ਵਿੱਚ ਮੁਲਾਕਾਤ ਕੀਤੀ। ਇਸ ਦੌਰਾਨ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਵੀ ਮੌਜੂਦ ਸਨ। ਮੀਡੀਆ ਰਿਪੋਰਟਾਂ ਅਨੁਸਾਰ, ਰੂਬੀਓ ਨੇ ਕਿਹਾ ਕਿ ਦੂਤਾਵਾਸ ਵਿੱਚ ਕਰਮਚਾਰੀਆਂ ਦੀ ਗਿਣਤੀ ਬਹਾਲ ਕਰਨ 'ਤੇ ਵੀ ਇੱਕ ਸਮਝੌਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕਈ ਸਾਲਾਂ ਵਿੱਚ ਕੀਤੀਆਂ ਗਈਆਂ ਕਾਰਵਾਈਆਂ ਨੇ ਦੋਵਾਂ ਦੇਸ਼ਾਂ ਦੇ ਕੂਟਨੀਤਕ ਮਿਸ਼ਨਾਂ ਦੀ ਸੰਚਾਲਨ ਸਮਰੱਥਾ ਨੂੰ ਘਟਾ ਦਿੱਤਾ ਹੈ।


## CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______

SON / DAUGHTER / WIFE OF MR ______

WHOSE PERMANENT ADDRESS IN INDIA IS ______

______

AND IS NOW LIVING AT ______

______ HEREBY GIVE NOTICE OF MY INTENTION

TO CHANGE MY NAME TO ______

TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


# ਪੰਜਾਬ ਵਿਖੇ ਪ੍ਰਵਾਸੀ ਪੰਜਾਬਣ ਨੂੰ ਲੁਟੇਰਿਆਂ ਨੇ ਲੁਟਿਆ

## ✪ ਹਥਿਆਰਾਂ ਦੀ ਨੋਕ ਤੇ 25 ਤੋਲੇ ਸੋਨਾ ਲੁਟਕੇ ਲੈ ਗਏ

ਬਠਿੰਡਾ-ਬੀਤੀ ਰਾਤ ਜ਼ਿਲ੍ਹੇ ਦੇ ਥਾਣਾ ਨੇਹੀਆਂਵਾਲਾ ਅਧੀਨ ਪੈਂਦੇ ਪਿੰਡ ਕੋਠੇ ਨੱਥਾ ਸਿੰਘ ਵਾਲਾ ਦੀ ਮੁੱਖ ਸੜਕ 'ਤੇ ਇਕ ਆਰਟਿਕਾ ਸਵਾਰ ਲੁਟੇਰਿਆਂ ਨੇ ਅੱਗੇ ਜਾ ਰਹੀ ਕਾਰ ਨੂੰ ਰੋਕ ਕੇ ਹਥਿਆਰਾਂ ਦੀ ਨੋਕ 'ਤੇ ਕਾਰ 'ਚ ਸਵਾਰ ਪ੍ਰਵਾਸੀ ਭਾਰਤੀ ਔਰਤ ਕੋਲੋਂ ਕਰੀਬ 25 ਤੋਲੇ ਸੋਨਾ ਲੁੱਟ ਲਿਆ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਸਾਰੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਘਟਨਾ ਤੋਂ ਬਾਅਦ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਗੋਨਿਆਣਾ ਪੁਲਸ ਚੌਕੀ ਦੇ ਇੰਚਾਰਜ ਮੋਹਨਦੀਪ ਸਿੰਘ ਨੇ ਦੱਸਿਆ ਕਿ ਐੱਨ. ਆਰ. ਆਈ. ਮਹਿਲਾ ਰਜਿੰਦਰ ਕੌਰ ਕੁਝ ਦਿਨ ਪਹਿਲਾਂ ਹੀ ਆਸਟ੍ਰੇਲੀਆ ਤੋਂ ਆਪਣੇ ਪਿੰਡ ਚੱਕ ਬਖ਼ਤੂ ਆਈ ਸੀ। ਉਸ ਨੇ ਦੱਸਿਆ ਕਿ ਉਕਤ ਔਰਤ ਦੀ ਮਾਸੀ ਦੇ ਮੁੰਡੇ ਦਾ ਵਿਆਹ ਜੈਤੋ ਰੋਡ 'ਤੇ ਇਕ ਪੈਲੇਸ ਵਿਚ ਸੀ। ਜਿਸ ਵਿੱਚ ਐਤਵਾਰ ਨੂੰ ਐੱਨ. ਆਰ. ਆਈ. ਮਹਿਲਾ ਆਪਣੇ ਪੂਰੇ ਪਰਿਵਾਰ ਸਮੇਤ ਗਈ ਸੀ।

ਪੁਲਸ ਚੌਕੀ ਇੰਚਾਰਜ ਨੇ ਦੱਸਿਆ ਕਿ ਰਾਤ ਉਕਤ ਔਰਤ ਆਪਣੇ ਪਰਿਵਾਰ ਅਤੇ ਬੱਚਿਆਂ ਸਮੇਤ ਇਕ ਕਾਰ 'ਚ ਵਿਆਹ ਤੋਂ ਵਾਪਸ ਆ ਰਹੀ ਸੀ ਤਾਂ ਅਚਾਨਕ ਕਾਰ 'ਚ ਸਵਾਰ ਬੱਚਿਆਂ ਨੂੰ ਉਲਟੀਆਂ ਆਉਣ ਲੱਗੀਆਂ, ਇਸੇ ਦੌਰਾਨ ਜਦੋਂ ਉਕਤ ਔਰਤ ਕਾਰ ਰੋਕ ਕੇ ਬੱਚਿਆਂ ਨੂੰ ਉਲਟੀਆਂ ਕਰਾ ਰਹੀ ਸੀ ਤਾਂ ਪਿੱਛੇ ਤੋਂ ਇਕ ਆਰਟਿਕਾ ਕਾਰ 'ਚ ਸਵਾਰ ਵਿਅਕਤੀ ਹਥਿਆਰਾਂ ਸਮੇਤ ਆਏ ਅਤੇ ਪਰਿਵਾਰ ਤੋਂ ਕਰੀਬ 20 ਲੱਖ ਰੁਪਏ ਦੀ ਸੋਨਾ ਲੁੱਟ ਕੇ ਫ਼ਰਾਰ ਹੋ ਗਏ। ਪੁਲਸ ਚੌਕੀ ਇੰਚਾਰਜ ਨੇ ਦੱਸਿਆ ਕਿ ਪੁਲਸ ਨੇ ਪੀੜਤ ਐੱਨ. ਆਰ. ਆਈ. ਔਰਤ ਰਜਿੰਦਰ ਕੌਰ ਦੇ ਬਿਆਨ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

# ਬ੍ਰਿਟੇਨ ਦੀ ਰੇਲਵੇ ਵੱਲੋਂ "ਰੇਲਵੇ 200" ਜਸ਼ਨ ਬਾਲੀਵੁੱਡ ਫਿਲਮੀ ਅੰਦਾਜ਼ ਵਿੱਚ ਮਨਾਏ ਜਾਣਗੇ

## "ਦਿਲਵਾਲੇ ਦੁਲਹਨੀਆਂ ਲੇ ਜਾਏਂਗੇ" ਫਿਲਮ ਹੋਵੇਗੀ ਮੁੱਖ ਅਕਰਸ਼ਿਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਰੇਲਵੇ ਨੈਟਵਰਕ ਵੱਲੋਂ 200 ਸਾਲ ਪੂਰੇ ਹੋਣ ਦੇ ਜਸ਼ਨ ਮਨਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਬਰਤਾਨਵੀ ਰੇਲਵੇ ਨੇ 27 ਸਤੰਬਰ 1825 ਨੂੰ ਸ਼ਿਲਡਨ, ਡਾਰਲਿੰਗਟਨ ਅਤੇ ਸਟੌਕਟਨ ਤੱਕ ਭਾਫ ਵਾਲੇ ਇੰਜਨ ਨਾਲ 26 ਮੀਲ ਦਾ ਸਫ਼ਰ ਤੈਅ ਕਰਕੇ ਇਤਿਹਾਸਕ ਸੁਰੂਆਤ ਕੀਤੀ ਸੀ। ਜਿਸ ਨੂੰ ਲੈ ਕੇ ਬਰਤਾਨੀਆਂ ਦੇ ਰੇਲਵੇ ਨੇ ਇਸ ਸਾਲ 'ਰੇਲਵੇ 200' ਜਸ਼ਨ ਮਨਾਉਣ ਲਈ ਭਾਰਤੀ ਫਿਲਮ ਨਿਰਮਾਣ ਕੰਪਨੀ ਯਸ਼ ਰਾਜ ਫਿਲਮਜ਼ (ਵਾਈ.ਆਰ.ਐਫ.) ਨਾਲ ਸਾਂਝੇਦਾਰੀ ਕੀਤੀ ਹੈ, ਜੋ ਕਿ ਆਪਣੇ ਨੈਟਵਰਕ ਦੇ 200 ਸਾਲ ਪੂਰੇ ਹੋਣ 'ਤੇ ਮਨਾਇਆ ਜਾਵੇਗਾ।

ਇਹ ਵਿਲੱਖਣ ਭਾਰਤ-ਯੂ ਕੇ ਸੱਭਿਆਚਾਰਕ ਤਿਉਹਾਰ ਬਾਲੀਵੁੱਡ ਦੇ ਰੇਲਵੇ ਨਾਲ ਰੋਮਾਂਸ ਨੂੰ ਪ੍ਰਦਰਸ਼ਿਤ ਕਰੇਗਾ। ਦੁਨੀਆ ਭਰ ਵਿੱਚ 'ਡੀ ਡੀ ਐਲ ਜੇ' ਵਜੋਂ ਮਸ਼ਹੂਰ ਫਿਲਮ 'ਦਿਲਵਾਲੇ ਦੁਲਹਨੀਆ ਲੇ ਜਾਏਂਗੇ' ਦੀ ਸ਼ੂਟਿੰਗ ਵੀ ਬਰਤਾਨੀਆਂ ਵਿੱਚ ਹੋਈ ਸੀ। ਇਸ ਫਿਲਮ ਦਾ ਇੱਕ ਮਹੱਤਵਪੂਰਨ ਦ੍ਰਿਸ਼ ਲੰਡਨ ਦੇ ਕਿੰਗਜ਼ ਕਰਾਸ ਰੇਲਵੇ ਸਟੇਸ਼ਨ 'ਤੇ ਫਿਲਮਾਇਆ ਗਿਆ ਸੀ ਜਿੱਥੇ ਫਿਲਮ ਦੇ ਮੁੱਖ ਪਾਤਰ ਸ਼ਾਹਰੁਖ ਖਾਨ ਅਤੇ ਕਾਜੋਲ ਪਹਿਲੀ ਵਾਰ ਮਿਲਦੇ ਹਨ।

'ਰੇਲਵੇ 200' ਜਸ਼ਨਾਂ ਦੇ ਹਿੱਸੇ ਵਜੋਂ, ਮਾਨਚੈਸਟਰ ਅਤੇ ਲੰਡਨ ਰੇਲਵੇ ਸਟੇਸ਼ਨ 'ਤੇ ਇੱਕ ਪ੍ਰੋਗਰਾਮ ਆਯੋਜਿਤ ਕਰਨ ਦੀ ਯੋਜਨਾ ਬਣਾ ਰਹੇ ਹਨ। ਇਸ ਲਈ, ਯਸ਼ ਰਾਜ ਫਿਲਮਜ਼ ਨੇ ਮਈ ਵਿੱਚ ਹੋਣ ਵਾਲੇ ਆਪਣੇ 'ਕਮ ਫਾਲ ਇਨ ਲਵ - ਦ ਡੀ ਡੀ ਐਲ ਜੇ ਮਿਊਜ਼ੀਕਲ' ਲਈ ਕਲਾਕਾਰਾਂ ਦੀ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਰੇਲਵੇ 200 ਦੀ ਕਾਰਜਕਾਰੀ ਨਿਰਦੇਸ਼ਕ, ਸੁਜ਼ੈਨ ਡੋਨੇਲੀ ਨੇ ਕਿਹਾ, "ਅਸੀਂ ਯਸ਼ ਰਾਜ ਫਿਲਮਜ਼ ਨਾਲ ਸਾਂਝੇਦਾਰੀ ਕਰਕੇ ਬਹੁਤ ਖੁਸ਼ ਹਾਂ। ਉਨ੍ਹਾਂ ਕਿਹਾ, ਰੇਲਵੇ ਨੇ ਲੰਬੇ ਸਮੇਂ ਤੋਂ ਫਿਲਮ ਨਿਰਮਾਤਾਵਾਂ ਨੂੰ ਪ੍ਰੇਰਿਤ ਕੀਤਾ ਹੈ ਅਤੇ ਸਾਡੇ ਸੱਭਿਆਚਾਰਕ ਦ੍ਰਿਸ਼ ਨੂੰ ਆਕਾਰ ਦੇਣ ਵਿੱਚ ਮਦਦ ਕੀਤੀ ਹੈ।

ਯਸ਼ ਰਾਜ ਫਿਲਮਜ਼ ਦੇ ਸੀ ਈ ਓ ਅਕਸ਼ੈ ਵਿਧੀ ਨੇ ਕਿਹਾ, ਯਸ਼ ਰਾਜ ਫਿਲਮਜ਼ ਹਮੇਸ਼ਾ ਅਜਿਹੀਆਂ ਕਹਾਣੀਆਂ ਲਿਆਉਣ ਲਈ ਵਚਨਬੱਧ ਰਿਹਾ ਹੈ ਜੋ ਭਾਰਤ ਵਿੱਚ ਜੜ੍ਹਾਂ ਰੱਖਦੀਆਂ ਹਨ ਪਰ ਦੁਨੀਆ 'ਤੇ ਆਪਣੀ ਛਾਪ ਛੱਡਦੀਆਂ ਹਨ ਅਤੇ ਦਿਲਵਾਲੇ ਦੁਲਹਨੀਆ ਲੇ ਜਾਏਂਗੇ ਇਹ ਸਾਬਤ ਕਰਦੀ ਹੈ। ਉਨ੍ਹਾਂ ਕਿਹਾ, "ਡੀ ਡੀ ਐਲ ਜੇ ਦੇ 30 ਸਾਲ ਪੂਰੇ ਹੋਣ ਦਾ ਜਸ਼ਨ ਮਨਾਉਣ ਲਈ, ਫਿਲਮ 'ਕਮ ਫਾਲ ਇਨ ਲਵ - ਦ ਡੀ ਡੀ ਐਲ ਜੇ ਮਿਊਜ਼ੀਕਲ' ਦਾ ਪ੍ਰੀਮੀਅਰ 29 ਮਈ ਨੂੰ ਯੂ ਕੇ ਦੇ ਮਾਨਚੈਸਟਰ ਓਪੇਰਾ ਹਾਊਸ ਵਿਖੇ ਕੀਤਾ ਜਾਵੇਗਾ।"

# ਯੂਕੇ ਭੇਜਣ ਦੇ ਨਾਂ 'ਤੇ ਸਾਢੇ 4 ਲੱਖ ਰੁਪਏ ਦੀ ਮਾਰੀ ਠੱਗੀ

ਲੁਧਿਆਣਾ-ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਇੰਗਲੈਂਡ ਭੇਜਣ ਦੇ ਨਾਂ 'ਤੇ ਸਾਢੇ 4 ਲੱਖ ਦੀ ਠੱਗੀ ਮਾਰਨ ਦੇ ਦੋਸ਼ ਹੇਠ 2 ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਜਾਂਚ ਅਧਿਕਾਰੀ ਰਾਜਿੰਦਰ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਸ਼ਿਕਾਇਤਕਰਤਾ ਉਧਮ ਸਿੰਘ ਵਾਸੀ ਪਿੰਡ ਚੂਹੜਵਾਲ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਨੇ ਗੁਲਜ਼ਾਰ ਸਿੰਘ ਤੇ ਸੁਮਿਤ ਸਿੰਘ ਵਾਸੀ ਨਿਊ ਅਸ਼ੋਕ ਨਗਰ ਨੂੰ ਉਸ ਦੇ ਮੁੰਡਿਆਂ ਨੂੰ ਇੰਗਲੈਂਡ ਭੇਜਣ ਦੇ ਨਾਂ 'ਤੇ ਸਾਢੇ 4 ਲੱਖ ਰੁਪਏ ਦਿੱਤੇ ਸਨ, ਪਰ ਉਕਤ ਲੋਕਾਂ ਨੇ ਨਾ ਤਾਂ ਉਸ ਦੇ ਪੁੱਤ ਨੂੰ ਵਿਦੇਸ਼ ਭੇਜਿਆ ਤੇ ਨਾ ਹੀ ਪੈਸੇ ਵਾਪਸ ਕੀਤੇ। ਇਸ ਮਗਰੋਂ ਪੁਲਸ ਨੇ ਦੋਹਾਂ ਮੁਲਜ਼ਮਾਂ ਦੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।


MANAK
SOLICITORS
Jasdeep Singh Jandu
Conveyancing Director
Jas heads up our Property department and has developed a following of regular clients due to his calm nature, professional attitude and his practical knowledge of the areas in which he specialises.
Gravesend | Orpington | Sevenoaks | London
manaksolicitors.co.uk
0800 634 9726
Google
4.9/5 CUSTOMER REVIEWS
Lexcel
Legal Practice Quality Mark
Law Society Accredited
Rajbir Singh Manak MA (Hons)
Surinder Singh Manak LLB (Hons)

# ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ (ਲੰਡਨ) ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਜ਼ੀ ਦਾ 648ਵਾਂ ਪ੍ਰਕਾਸ਼ ਦਿਹਾੜਾ ਧੂਮ ਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ

## ਇਸ ਮੌਕੇ ਕੇਂਦਰੀ ਰਾਜ ਗ੍ਰਹਿ ਮੰਤਰੀ ਐਮ ਪੀ ਸੀਮਾ ਮਲਹੋਤਰਾ, ਭਾਰਤੀ ਹਾਈਕਮਿਸ਼ਨਰ ਵਿਕਰਮ ਦੁਰਾਏਸਵਾਮੀ, ਈਲਿੰਗ ਦੀ ਮੇਅਰ ਕੌਂਸਲਰ ਯਵੋਂਨ ਜੌਨਸਨ, ਸਥਾਨਕ ਪੁਲਿਸ ਅਫਸਰਾਂ ਅਤੇ ਹੋਰ ਬਹੁਤ ਸਾਰੀਆਂ ਅਹਿਮ ਸ਼ਖਸੀਅਤਾਂ ਨੇ ਹਾਜ਼ਰੀ ਭਰੀ

## ਗੁਰੂ ਘਰ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਜਨਰਲ ਸਕੱਤਰ ਸ਼ਿਵ ਰੱਤੂ, ਚੁੰਨੀ ਲਾਲ ਚੈਂਬਰ, ਮੋਹਨ ਹਾਲੈਂਡ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ



ਸ੍ਰੀ ਗੁਰੂ ਰਵਿਦਾਸ ਜੀ ਦਾ ਸਾਊਥਾਲ ਵਿਖੇ ਪ੍ਰਕਾਸ਼ ਦਿਹਾੜਾ ਮਨਾਉਣ ਸਮੇਂ ਦੀਆਂ ਝਲਕੀਆਂ, ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਅਤੇ ਸੰਗਤਾਂ ਦਾ ਭਾਰੀ ਇਕੱਠ

**ਜਾਰੀ ਕਰਤਾ – ਪ੍ਰਬੰਧਕ ਕਮੇਟੀ, SHRI GURU RAVIDASS TEMPLE SOUTHALL**

**282 Western Road, Southall, Middx, UB2 5JT. Tel: 020 8574 0245 / Fax: 020 8574 8967 / Website: www.sgrds.org**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਹੋਮਲੈਂਡ ਸਕਿਉਰਿਟੀ ਵਿਭਾਗ ਦੇ ਸਾਰੇ 6000 ਏਜੰਟਾਂ ਨੂੰ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਦੇ ਕੰਮ 'ਤੇ ਲਾਇਆ * ਟਰੰਪ ਦਾ ਦੇਸ਼ ਨਿਕਾਲਾ ਮਿਸ਼ਨ ਫੜੇਗਾ ਜੋਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਵਿਭਾਗ ( ਡੀ ਐਚ ਐਸ) ਨੇ ਆਪਣੀ ਸਮੁੱਚੀ ਜਾਂਚ ਡਵੀਜਨ ਜੋ 6000 ਏਜੰਟਾਂ 'ਤੇ ਅਧਾਰਤ ਹੈ, ਨੂੰ ਆਦੇਸ਼ ਦਿੱਤਾ ਹੈ ਕਿ ਉਹ ਆਪਣਾ ਧਿਆਨ ਡਰੱਗ ਡੀਲਰਾਂ, ਅੱਤਵਾਦੀਆਂ ਤੇ ਮਨੁੱਖੀ ਤਸਕਰੀ ਵੱਲੋਂ ਹਟਾ ਕੇ ਟਰੰਪ ਪ੍ਰਸ਼ਾਸਨ ਦੇ ਉਸ ਮਿਸ਼ਨ ਵੱਲ ਦੇਵੇ ਜਿਸ ਤਹਿਤ ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਉਨਾਂ ਦੇ ਮੂਲ ਦੇਸ਼ਾਂ ਵਿਚ ਵਾਪਿਸ ਭੇਜਿਆ ਜਾ ਰਿਹਾ ਹੈ। ਡੀ ਐਚ ਐਸ ਦੀ ਹੋਮਲੈਂਡ ਸਕਿਉਰਿਟੀ ਇਨਵੈਸਟੀਗੇਸ਼ਨ ਏਜੰਸੀ (ਐਚ ਐਸ ਆਈ) ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਹਾਲ ਹੀ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਜਾਰੀ ਕੀਤੇ ਕਾਰਜਕਾਰੀ ਆਦੇਸ਼ ਅਨੁਸਾਰ ਕੰਮ ਕਰ ਰਹੇ ਹਨ ਜਿਸ ਤਹਿਤ ਸੰਘੀ ਲਾਅ ਇਨਫੋਰਸਮੈਂਟ ਸਾਧਨਾਂ ਦੀ ਵਰਤੋਂ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਰਨ ਲਈ ਕਿਹਾ ਗਿਆ ਹੈ। ਇਸ ਲਈ ਆਉਣ ਵਾਲੇ ਦਿਨਾਂ ਵਿਚ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਫੜੋਫੜੀ ਤੇ ਉਨਾਂ ਦੇ ਦੇਸ਼ ਨਿਕਾਲੇ ਦੇ ਕੰਮ ਵਿਚ ਤੇਜੀ ਆਵੇਗੀ। ਇਨਾਂ ਅਧਿਕਾਰੀਆਂ ਨੇ ਚਿਤਾਵਨੀ ਵੀ ਦਿੱਤੀ ਹੈ ਕਿ ਟਰੰਪ ਪ੍ਰਸ਼ਾਸਨ ਦੇ ਇਸ ਤਾਜਾ ਆਦੇਸ਼ ਕਾਰਨ ਮੈਕਸੀਕਨ ਡਰੱਗ ਗਿਰੋਹ ਜੋ ਸਰਹੱਦ ਪਾਰੋਂ ਖਤਰਨਾਕ ਨਸ਼ਾ ਫੈਂਟਾਨਾਇਲ ਦੀ ਤਸਕਰੀ ਕਰਦੇ ਹਨ, ਸਮੇਤ ਅਮਰੀਕੀਆਂ ਨੂੰ ਦਰਪੇਸ਼ ਹੋਰ ਖਤਰਨਾਕ ਕੌਮਾਂਤਰੀ ਖਤਰਿਆਂ ਨਾਲ ਜੁੜੇ ਕਈ ਅਹਿਮ ਮਾਮਲਿਆਂ ਦੀ ਜਾਂਚ ਪ੍ਰਭਾਵਤ ਹੋਵੇਗੀ। ਐਚ ਐਸ ਆਈ ਦੇ ਇਕ ਸਾਬਕਾ ਸੁਪਰਵਾਈਜਰ ਏਜੰਟ ਕ੍ਰਿਸ




ਇਕ ਸੰਘੀ ਏਜੰਟ ਵੱਲੋਂ ਕਾਬੂ ਕੀਤਾ ਇਕ ਪ੍ਰਵਾਸੀ

ਕੈਪਨੇਲੀ ਨੇ ਕਿਹਾ ਹੈ ਕਿ ਮੇਰੇ ਸਾਥੀਆਂ ਨੂੰ ਪਹਿਲਾਂ ਹੀ ਡਰ ਸਤਾ ਰਿਹਾ ਸੀ ਕਿ ਜੇਕਰ ਟਰੰਪ ਚੋਣ ਜਿੱਤ ਗਏ ਤਾਂ ਪ੍ਰਵਾਸ ਸਬੰਧੀ ਸਖਤੀ ਹੋਵੇਗੀ। ਇਹ ਇਕ ਤਰਾਂ ਸਮੁੱਚੀ ਵਿਵਸਥਾ ਨੂੰ ਪੱਟੜੀ ਤੋਂ ਲਾਹ ਦੇਣ ਵਾਲੀ ਕਾਰਵਾਈ ਹੈ। ਉਨਾਂ ਕਿਹਾ ਕਿ '' ਕੁਝ ਦੋਸਤ ਡੀ ਐਚ ਐਸ ਤੋਂ ਬਾਹਰ ਹੋਰ ਲਾਅ ਇਨਫੋਰਸਮੈਂਟ ਏਜੰਸੀਆਂ ਵਿਚ ਨੌਕਰੀਆਂ ਲੱਭ ਰਹੇ ਹਨ ਜਿਥੇ ਉਨਾਂ ਨੂੰ ਪ੍ਰਵਾਸੀਆਂ ਮਗਰ ਭੱਜਣਾ ਨਾ ਪਵੇ। ਇਨਾਂ ਦੋਸਤਾਂ ਦਾ ਕਹਿਣਾ ਹੈ ਕਿ ਜੋ ਕੰਮ ਕਰਨ ਲਈ ਉਨਾਂ ਨੂੰ ਕਿਹਾ ਜਾ ਰਿਹਾ ਹੈ ਇਹ ਉਹ ਨਹੀਂ ਹੈ ਜਿਸ ਲਈ ਉਨਾਂ ਦੀ ਨਿਯੁਕਤੀ ਹੋਈ ਸੀ। ਇਹ ਸਾਡੇ ਹੁਨਰ ਤੇ ਤਜ਼ਰਬੇ ਦੀ ਯੋਗ ਵਰਤੋਂ ਨਹੀਂ ਹੈ।'' ਇਸ ਸਬੰਧੀ ਡੀ ਐਚ ਐਸ ਦੀ ਜਨਤਿਕ ਮਾਮਲਿਆਂ ਬਾਰੇ ਸਹਾਇਕ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਕਿਹਾ ਹੈ ਕਿ ਇਸ ਸਮੇ ਐਚ ਐਸ ਆਈ ਸਮੇਤ ਡੀ ਐਚ ਐਸ ਦੇ ਸਾਰੇ ਏਜੰਟ ਗੈਰ ਕਾਨੂੰਨੀ ਵਿਦੇਸ਼ੀਆਂ ਨੂੰ ਗ੍ਰਿਫਤਾਰ ਕਰਨ ਤੇ ਉਨਾਂ ਨੂੰ ਵਾਪਿਸ ਭੇਜਣ ਦੇ ਕੰਮ ਵਿਚ ਲੱਗੇ ਹੋਏ ਹਨ ਤਾਂ ਜੋ ਅਮਰੀਕਾ ਦੀ ਸੁਰੱਖਿਆ ਦੇ ਮੁੱਢਲੇ ਮਿਸ਼ਨ ਦੀ ਪੂਰਤੀ ਕੀਤੀ ਜਾ ਸਕੇ।

## ਲਾਪਤਾ ਟਰਾਂਸਜੈਂਡਰ ਵਿਅਕਤੀ ਦੀ ਤਸ਼ੱਦਦ ਉਪਰੰਤ ਹੋਈ ਮੌਤ, 5 ਵਿਅਕਤੀ ਗ੍ਰਿਫਤਾਰ





ਟਰਾਂਸਜੈਂਡਰ ਵਿਅਕਤੀ ਦੀ ਮੌਤ ਦੇ ਮਾਮਲੇ ਵਿਚ ਗ੍ਰਿਫਤਾਰ 5 ਲੋਕ

*ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਪੁਲਿਸ ਵੱਲੋਂ ਲਾਪਤਾ ਹੋਏ ਮਿਨੀਸੋਟਾ ਦੇ ਇਕ 24 ਸਾਲਾ ਟਰਾਂਸਜੈਂਡਰ ਵਿਅਕਤੀ ਦਾ ਮਾਮਲਾ ਹੱਲ ਕਰ ਲੈਣ ਦਾ ਦਾਅਵਾ ਕੀਤਾ ਗਿਆ ਹੈ। ਪੁਲਿਸ ਅਨੁਸਾਰ ਲਾਪਤਾ ਹੋਏ ਸੈਮ ਨਾਰਡਕੁਇਸਟ ਦੀ ਲਾਸ਼ ਬਰਾਮਦ ਕਰ ਲਈ ਗਈ ਹੈ ਤੇ ਇਸ ਸਬੰਧੀ ਨਿਊਯਾਰਕ ਵਿਚ 5 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਗ੍ਰਿਫਤਾਰ ਵਿਅਕਤੀਆਂ ਵਿਰੁੱਧ ਦੂਸਰਾ ਦਰਜਾ ਹੱਤਿਆ ਸਮੇਤ ਹੋਰ ਦੋਸ਼ ਲਾਏ ਗਏ ਹਨ। ਪੁਲਿਸ ਦਾ ਮੰਨਣਾ ਹੈ ਕਿ ਮੌਤ ਤੋਂ ਪਹਿਲਾਂ ਸੈਮ ਨਾਰਡਕੁਇਸਟ ਉਪਰ ਤਸ਼ਦਦ ਕੀਤਾ ਗਿਆ।*

ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਸੈਮ ਦੇ ਪਰਿਵਾਰ ਵੱਲੋਂ 9 ਫਰਵਰੀ ਨੂੰ ਬੇਨਤੀ ਕਰਨ ਉਪਰੰਤ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ ਸੀ। 13 ਫਰਵਰੀ ਨੂੰ ਰੋਚੈਸਟਰ ਦੇ ਦੱਖਣ ਪੂਰਬ ਵਿਚ ਤਕਰੀਬਨ 50 ਮੀਲ ਦੂਰ ਯਾਟਸ ਕਾਊਂਟੀ ਵਿਚ ਮਨੁੱਖੀ ਅੰਗ ਬਰਾਮਦ ਹੋਏ ਹਨ ਜੋ ਸਮਝਿਆ ਜਾਂਦਾ ਹੈ ਕਿ ਸੈਮ ਦੇ ਹਨ। ਇਸ ਉਪਰੰਤ ਪੁਲਿਸ ਦੇ ਹੱਥ ਅਜਿਹੇ ਸਬੂਤ ਲੱਗੇ ਜਿਨਾਂ ਤੋਂ ਪਤਾ ਲੱਗਾ ਕਿ ਦਸੰਬਰ 2024 ਤੇ ਫਰਵਰੀ 2025 ਦਰਮਿਆਨ ਸੈਮ ਉਪਰ ਤਸ਼ੱਦਦ ਕੀਤਾ ਗਿਆ। ਨਿਊਯਾਰਕ ਸਟੇਟ ਪੁਲਿਸ ਦੇ ਕੈਪਟਨ ਕੈਲੀ ਸਵਿਫਟ ਅਨੁਸਾਰ ਸੈਮ ਉਪਰ ਵਾਰ ਵਾਰ ਤਸ਼ੱਦਦ ਕੀਤਾ ਗਿਆ ਜਿਸ ਕਾਰਨ ਉਹ ਦਮ ਤੋੜ ਗਿਆ। ਪ੍ਰੈਸ ਬਿਆਨ ਅਨੁਸਾਰ ਗ੍ਰਿਫਤਾਰ ਲੋਕਾਂ ਦੀ ਉਮਰ 19 ਸਾਲ ਤੋਂ 38 ਸਾਲ ਦਰਮਿਆਨ ਹੈ ਜਿਨਾਂ ਵਿਚ ਪਰੀਸੀਅਸ ਅਰਜ਼ੂਆਗਾ (38), ਜੈਨੀਫਰ ਏ ਕੁਇਜਾਨੋ (30) ਕੀਲੇ ਸੇਜ (33), ਪੈਟਰਿਕ ਏ ਗੁੱਡਵਿਨ (30) ਤੇ ਏਮਿਲੀ ਮੋਟੀਕਾ (19) ਸ਼ਾਮਿਲ ਹਨ। ਸਵਿਟ ਨੇ ਕਿਹਾ ਹੈ ਕਿ ਜਾਂਚਕਾਰ ਗ੍ਰਿਫਤਾਰ 5 ਸ਼ੱਕੀਆਂ ਤੇ ਨਾਰਡਕੁਇਸਟ ਵਿਚਾਲੇ ਸਬੰਧਾਂ ਦੀ ਜਾਂਚ ਕਰ ਰਹੇ ਹਨ। ਓਨਟਾਰੀਓ ਕਾਊਂਟੀ ਡਿਸਟ੍ਰਿਕਟ ਅਟਾਰਨੀ ਜੇਮਜ਼ ਰਿਟਸ ਨੇ ਕਿਹਾ ਹੈ ਕਿ ਗ੍ਰਿਫਤਾਰ ਸ਼ੱਕੀ ਦੋਸ਼ੀਆਂ ਨੂੰ ਓਨਟਾਰੀਓ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ।

ਨਾਰਡਕੁਇਸਟ ਪਿਛਲੇ ਸਾਲ ਸਤੰਬਰ ਵਿਚ ਇਕ ਆਨਲਾਈਨ ਬਣੀ ਦੋਸਤ ਕੁੜੀ ਨੂੰ ਮਿਲਣ ਨਿਊਯਾਰਕ ਗਿਆ ਸੀ। 1 ਜਨਵਰੀ ਤੋਂ ਬਾਅਦ ਨਾਰਡਕੁਇਸਟ ਦੇ ਦੋਸਤਾਂ ਤੇ ਪਰਿਵਾਰ ਨਾਲ ਉਸ ਦਾ ਕੋਈ ਸੰਪਰਕ ਨਹੀਂ ਹੋਇਆ।

## ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ ਹੋਇਆ ਸਰਕਾਰੀ ਪ੍ਰਾਇਮਰੀ ਸਕੂਲ ਗੰਭੀਰਪੁਰ ਲੋਅਰ ਨਾਂ * ਮਾਸਟਰ ਸੰਜੀਵ ਧਰਮਾਣੀ ਦੀ ਮਿਹਨਤ ਲਿਆਈ ਰੰਗ * ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕੀਤਾ ਵਿਸ਼ੇਸ਼ ਤੌਰ 'ਤੇ ਸੰਜੀਵ ਧਰਮਾਣੀ ਨੂੰ ਸਨਮਾਨਿਤ



**ਸ੍ਰੀ ਅਨੰਦਪੁਰ ਸਾਹਿਬ– ਇਲਾਕੇ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਨਾਂ "ਇੰਡੀਆ ਬੁੱਕ ਆੱਫ਼ ਰਿਕਾਰਡਜ਼" ਵਿੱਚ ਦਰਜ ਹੋ ਗਿਆ ਹੈ। ਇਸ ਦੇ ਪਿੱਛੇ ਸਟੇਟ ਐਵਾਰਡੀ, ਪ੍ਰਸਿੱਧ ਲੇਖਕ, ਸਮਾਜ ਸੇਵੀ ਕਰਮਯੋਗੀ ਮਿਹਨਤੀ ਅਧਿਆਪਕ ਮਾਸਟਰ ਸੰਜੀਵ ਧਰਮਾਣੀ ਦੀ ਮਿਹਨਤ ਤੇ ਸਕੂਲ ਅਤੇ ਵਿਦਿਆਰਥੀਆਂ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਹੀ ਨਤੀਜਾ ਹੈ। ਇਹ ਐਵਾਰਡ ਉਹਨਾਂ ਨੂੰ "ਇੰਡੀਆ ਬੁੱਕ ਆਫ ਰਿਕਾਰਡਜ਼" ਦੇ ਦਫਤਰ ਦਿੱਲੀ ਤੋਂ ਪ੍ਰਾਪਤ ਹੋਇਆ ਅਤੇ ਅੱਜ ਇਹ ਅਵਾਰਡ ਉਹਨਾਂ ਨੂੰ ਆਪਣੇ ਹੱਥੀਂ ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦਿੱਤਾ ਅਤੇ ਵਿਸ਼ੇਸ਼ ਤੌਰ 'ਤੇ ਮਾਸਟਰ ਸੰਜੀਵ ਧਰਮਾਣੀ ਨੂੰ ਸ਼ਾਬਾਸ਼ ਤੇ ਵਧਾਈ ਦਿੱਤੀ। ਇਸ ਮੌਕੇ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਕਿ ਅੱਜ ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਮੇਰੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਨਾਂ ਮੇਰੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਸਾਹਿਤ ਵਿੱਚ ਕੀਤੇ ਗਏ ਵਿਸ਼ੇਸ਼ ਕਾਰਜ ਦੇ ਲਈ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋਇਆ ਹੈ। ਇਸ ਮੌਕੇ ਉਹਨਾਂ ਨੇ ਇਹ ਵੀ ਕਿਹਾ ਕਿ ਮੈਂ ਇਸ ਪ੍ਰੋਜੈਕਟ 'ਤੇ ਨਿਸ਼ਕਾਮ ਭਾਵਨਾ ਨਾਲ਼ ਲਗਭਗ ਇੱਕ ਸਾਲ ਸਿਰ ਤੋੜ ਮਿਹਨਤ ਕੀਤੀ ਹੈ। ਸੰਜੀਵ ਧਰਮਾਣੀ ਨੇ ਕਿਹਾ ਕਿ ਸ਼ਾਇਦ ਇਹ ਭਾਰਤ ਦਾ ਪਹਿਲਾ ਅਜਿਹਾ ਸਰਕਾਰੀ ਸਕੂਲ ਹੈ ਜਿਸਦਾ ਨਾਂ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋਇਆ ਹੈ। ਇਸ ਮੌਕੇ ਉਹਨਾਂ ਨੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਤੇ ਪਰਮਾਤਮਾ ਦਾ ਵੀ ਧੰਨਵਾਦ ਕੀਤਾ। ਇਹ ਵਿਸ਼ੇਸ਼ ਤੌਰ 'ਤੇ ਦੱਸਣਯੋਗ ਹੈ ਕਿ ਮਾਸਟਰ ਸੰਜੀਵ ਧਰਮਾਣੀ ਖੁਦ ਵੀ ਆਪਣੀ ਮਿਹਨਤ ਕਰਕੇ ਸਾਹਿਤ ਦੇ ਖੇਤਰ ਵਿੱਚ ਆਪਣਾ ਨਾਮ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ ਕਰਵਾ ਚੁੱਕੇ ਹਨ, ਉਹ ਕਈ ਸਮਾਜ – ਸੇਵੀ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ ਤੇ ਆਸਰਾ ਫਾਊਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਵੀ ਹਨ। ਇਸ ਤੋਂ ਇਲਾਵਾ ਉਹ ਕੁਰੱਪਸ਼ਨ ਐਂਡ ਕ੍ਰਾਈਮ ਕੰਟਰੋਲ ਟਰੱਸਟ ਇੰਡੀਆ ਦੇ ਪੰਜਾਬ ਇਕਾਈ ਦੇ ਸੈਕਟਰੀ ਵੀ ਹਨ। ਉਨ੍ਹਾਂ ਨੇ ਆਪਣਾ ਤਨ ਮਨ ਧਨ ਸਮਾਜ, ਸਿੱਖਿਆ, ਸਾਹਿਤ ਤੇ ਵਾਤਾਵਰਨ ਦੀ ਸੇਵਾ ਲਈ ਸਮਰਪਿਤ ਕੀਤਾ ਹੋਇਆ ਹੈ। ਇਸ ਮੌਕੇ ਸਰਪੰਚ ਲੱਕੀ ਕਪਿਲਾ, ਨਿਤਿਨ ਸ਼ਰਮਾ, ਅਜੇ ਕੁਮਾਰ, ਸੁਦਾਮਾ ਰਾਮ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।**



## (ਦਵੱਈਆ ਛੰਦ –ਮਾਂ ਬੋਲੀ ਪੰਜਾਬੀ)



–ਜਸਵਿੰਦਰ ਸਿੰਘ "ਰੁਪਾਲ" ਕੈਲਗਰੀ

1.ਬੜੇ ਚਿਰਾਂ ਤੋਂ ਰੌਲਾ ਪਾਉਂਦੇ, ਮਾਂ-ਬੋਲੀ ਦੇ ਬਾਰੇ।
ਮਰ ਨਾ ਜਾਏ ਕਿਤੇ ਵਿਚਾਰੀ, ਫਿਕਰ ਕਰੇਂਦੇ ਸਾਰੇ।
ਨ੍ਹੇਰਾ ਦੂਰ ਭਜਾਣਾ ਏ ਤਾਂ, ਦੀਵਾ ਇੱਕ ਜਗਾਓ ।
ਸਦਾ ਵਿਕਾਸ ਕਰੇ ਪੰਜਾਬੀ, ਐਸਾ ਕਦਮ ਉਠਾਓ।

2.ਘਰ ਵਿੱਚ ਸਦਾ ਬੋਲੀਏ ਆਪਾਂ,ਪਹਿਲਾਂ ਖੁਦ ਪੰਜਾਬੀ।
ਸੁਣ ਕੇ ਬੱਚੇ ਆਪੇ ਸਿੱਖਣ, ਹੱਥ ਜਿਨਾਂ ਦੇ ਚਾਬੀ।
ਗੈਰ-ਪੰਜਾਬੀ ਸ਼ਬਦਾਂ ਤੋਂ ਹੁਣ, ਖਹਿੜਾ ਤੁਸੀਂ ਛੁਡਾਓ।
ਸਦਾ ਵਿਕਾਸ ਕਰੇ ਪੰਜਾਬੀ, ਐਸਾ ਕਦਮ ਉਠਾਓ।

3.ਲਵੇ ਉਚੇਰੀ ਡਿਗਰੀ ਬੱਚਾ, ਮਾਂ-ਬੋਲੀ ਨਾ ਭੁੱਲੇ।
ਬੂਹਾ ਜੋ ਵੀ ਬੰਦ ਪਿਆ ਹੈ, ਏਸ ਬਿਨਾਂ ਨਾ ਖੁੱਲ੍ਹੇ।
ਉੱਚੇ ਅਹੁਦੇ ਤੇ ਜਾ ਕੇ ਵੀ, ਗੀਤ ਇਸੇ ਦੇ ਗਾਓ।
ਸਦਾ ਵਿਕਾਸ ਕਰੇ ਪੰਜਾਬੀ, ਐਸਾ ਕਦਮ ਉਠਾਓ।

4. ਸੱਭਿਆਚਾਰ ਬਿਨਾਂ ਨਾ ਕੋਈ ,ਬੋਲੀ ਜਿੰਦਾ ਰਹਿੰਦੀ।
ਖਾਣਾ, ਪਹਿਨਣ,ਰੀਤ, ਰਿਵਾਜਾਂ, ਧਾਰਾ ਏ ਇਕ ਵਹਿੰਦੀ।
ਬਣੇ ਰਹੋ ਪੰਜਾਬੀ ਪੂਰੇ, ਪੰਜਾਬੀ ਅਖਵਾਓ।
ਸਦਾ ਵਿਕਾਸ ਕਰੇ ਪੰਜਾਬੀ, ਐਸਾ ਕਦਮ ਉਠਾਓ।

5.ਭਾਸ਼ਾ ਐਕਟ ਜੋ ਬਣਿਆ ਏ, ਅਮਲ ਓਸ ਤੇ ਹੋਵੇ।
ਕੋਈ ਦਫ਼ਤਰ ਅਤੇ ਕਚਹਿਰੀ,ਕੰਮ ਨਾ ਕਿਤੇ ਖੜੋਵੇ।
ਭਾਸ਼ਾ ਬਣੇ ਰਾਜ ਦੀ ਕਿੱਦਾਂ, ਐਸਾ ਜ਼ੋਰ ਲਗਾਓ
ਸਦਾ ਵਿਕਾਸ ਕਰੇ ਪੰਜਾਬੀ, ਐਸਾ ਕਦਮ ਉਠਾਓ।

6.ਠੀਕ ! ਹੋਰ ਭਾਸ਼ਾਵਾਂ ਬਿਨ ਵੀ, ਮੂਲ ਨ ਸਾਡਾ ਸਰਨਾ।
ਵੰਡਿਆਂ ਵਧੇ ਗਿਆਨ ਹਮੇਸ਼ਾ, ਅਸਾਂ ਵੀ ਇਹੋ ਕਰਨਾ।
ਗਿਆਨ ਅਤੇ ਵਿਗਿਆਨ ਸਮੁੱਚਾ, ਇਸ ਦੇ ਵਿਚ ਉਲਥਾਓ।
ਸਦਾ ਵਿਕਾਸ ਕਰੇ ਪੰਜਾਬੀ, ਐਸਾ ਕਦਮ ਉਠਾਓ।

7.ਮਿੱਠੀ ਇਸ ਬੋਲੀ ਦਾ ਅਪਣਾ,ਭਰਿਆ ਇੱਕ ਖਜ਼ਾਨਾ।
ਕੋਨੇ ਕੋਨੇ ਵਿੱਚ ਪੁਚਾਣਾ, ਰੱਖੀਏ ਇਕ ਨਿਸ਼ਾਨਾ।
ਇਸ ਬੋਲੀ ਦੇ ਸਾਹਿਤ ਨੂੰ ਹਰ ,ਬੋਲੀ ਵਿੱਚ ਪੁਚਾਓ।
ਸਦਾ ਵਿਕਾਸ ਕਰੇ ਪੰਜਾਬੀ, ਐਸਾ ਕਦਮ ਉਠਾਓ।

8.ਮਿਲ ਕੇ ਸਾਰੇ ਕਸਮਾਂ ਖਾਓ, ਬਣ ਪੰਜਾਬੀ ਰਹਿਣਾ।
ਲਿਖੋ,ਪੜ੍ਹੋ, ਬੋਲੋ ਪੰਜਾਬੀ, ਹੋਰ ਨਾ ਕੁਝ ਮੈਂ ਕਹਿਣਾ।
ਨਾਂ ਪੰਜਾਬੀ ਜੱਗ ਦੇ ਉੱਤੇ,ਰੋਸ਼ਨ ਕਰ ਦਿਖਲਾਓ।
ਸਦਾ ਵਿਕਾਸ ਕਰੇ ਪੰਜਾਬੀ, ਐਸਾ ਕਦਮ ਉਠਾਓ।

* * * * * * * *

## ਮਾਂ ਬੋਲੀ (ਕਵਿਤਾ)

ਮਾਂ ਬੋਲੀ ਵਿਚ ਗੱਲਾਂ ਕਰੀਏ, ਪੜ੍ਹੀਏ ਅਤੇ ਪੜ੍ਹਾਈਏ।
ਮਾਂ ਬੋਲੀ ਵਿਚ ਲਿਖੀਏ ਸਾਰੇ, ਮਾਂ ਬੋਲੀ ਵਿਚ ਗਾਈਏ।
ਮਾਂ ਬੋਲੀ ਜੇ ਭੁੱਲ ਬੈਠੇ ਤਾਂ ਕੁਝ ਨਾ ਪੱਲੇ ਰਹਿਣਾ,
ਆਓ ਪਨੀਰੀ ਪੈਦਾ ਕਰੀਏ, ਘਰ ਘਰ ਬੂਟੇ ਲਾਈਏ,
ਮਾਂ ਬੋਲੀ ਵਿਚ ਗੱਲਾਂ ਕਰੀਏ ਪੜ੍ਹੀਏ ਅਤੇ -----।
ਜਦ ਤੱਕ ਮਾਵਾਂ ਨੇ ਨਾ ਸਾਂਭੀ, ਇਹ ਨਾ ਸਾਂਭੀ ਰਹਿਣੀ।
ਤਿੜਕੇ ਘੜੇ ਦਾ ਜੀਕਣ ਬਹੁਤਾ ਚਿਰ ਨਾ ਟਿਕਦਾ ਪਾਣੀ।
ਕੰਢੇ ਉੱਤੇ ਰੁੱਖੜੇ ਵਰਗਾ ਹਾਲ ਹੋ ਗਿਆ ਇਸ ਦਾ,
ਇਸ ਮੱਥੇ ਦੀ ਬਿੰਦੀ ਨੂੰ ਰਲ, ਡਿਗਣੋ ਅਸੀਂ ਬਚਾਈਏ,
ਮਾਂ ਬੋਲੀ ਵਿਚ ਗੱਲਾਂ ਕਰੀਏ ---------।
ਸ਼ਹਿਰੀ-ਕਰਨ,ਵਪਾਰੀ-ਕਰਨ ਤੇ ਦੌੜ ਵਿਦੇਸ਼ਾਂ ਵਾਲੀ।
ਲੈ ਡੁੱਬੇ ਸਭ ਵਿਰਸਾ ਸਾਡਾ, ਹੋ ਗਈ ਝੋਲੀ ਖਾਲੀ ।
ਰਹਿੰਦੀ ਕਸਰ ਮੋਬਾਈਲਾਂ ਕੱਢੀ, ਆਨਲਾਈਨ ਨੇ ਨਾਲੇ,
ਜਾਨ ਵਿਚਾਲੇ ਲਟਕੀ ਸਾਡੀ, ਕਿਹੜੇ ਪਾਸੇ ਜਾਈਏ ?
ਮਾਂ ਬੋਲੀ ਵਿਚ ਗੱਲਾਂ ਕਰੀਏ,-----------।
ਕਿਹੜੇ ਕਿਹੜੇ ਹੋਰ ਗਿਣਾਵਾਂ ਹਮਲੇ ਜੋ,ਜੋ ਹੋਏ।
ਅੱਜ ਕੱਲ ਮੇਰੀ ਪੋਤੀ ਵੀ ਅੰਗਰੇਜ਼ੀ ਦੇ ਵਿਚ ਰੋਏ ।
ਪੋਤਾ ਵੀ ਹੁਣ ਹੱਸਦਾ ਹੈ ਤਾਂ ਉਹ ਮਾਈ ਗੌਡ ਪੁਕਾਰੇ,
ਆਪਾਂ ਵੀ ਹੁਣ ਢੀਠ ਜਿਹੇ ਹੋ, ਗੀਤ ਅੰਗਰੇਜ਼ੀ ਗਾਈਏ,
ਮਾਂ ਬੋਲੀ ਵਿਚ ਗੱਲਾਂ ਕਰੀਏ,------------।
ਇਹ ਵੀ ਸੱਚ ਹੈ ਕਾਰੋਬਾਰ ਦੇ ਮਸਲੇ ਖ਼ੜੇ ਨੇ ਭਾਰੇ।
ਮਾਂ ਬੋਲੀ ਇਹ ਭਾਰ ਨਾ ਚੁੱਕੇ, ਇਹ ਗੱਲ ਆਖਣ ਸਾਰੇ।
ਕਾਹਨੂੰ ਹੱਥ ਖੜੇ ਕਰ ਬੈਠੇ, ਕੁਝ ਤੇ ਜੁਗਤ ਲੜਾਈਏ ,
ਕਿਓਂ ਨਾ ਮਾ ਬੋਲੀ ਵਿਚ ਕਾਰੋਬਾਰੀ ਸ਼ਬਦ ਬਣਾਈਏ,
ਮਾਂ ਬੋਲੀ ਵਿਚ ਗੱਲਾਂ ਕਰੀਏ ---------------।
ਕਾਲਜ਼ ਅਤੇ ਸਕੂਲ ਵੀ ਰਲ਼ਕੇ ਆਪਣਾ ਫ਼ਰਜ਼ ਪਛਾਣਨ।
ਅਸਲ ਮਹੱਤਵ ਮਾਂ ਬੋਲੀ ਦਾ ਸਮਝਣ ਤੇ ਸਮਝਾਵਣ।
ਬਾਬੇ ਨਾਨਕ, ਬੁੱਲ੍ਹੇ,ਵਾਰਸ ਲਾਇਆ ਸੀ ਇਹ ਬੂਟਾ,
ਸਾਡੀ ਹੁਣ ਅਣਗਹਿਲੀ ਕਰਕੇ ਹੋ ਨਾ ਜਾਏ ਕਰੂਟਾ ,
ਹੋ ਜਾਈਏ ਮਾਂ ਬੋਲੀ ਦੇ ਇਸ ਨੂੰ ਗਲ਼ੇ ਲਗਾਈਏ ,
ਮਾਂ ਬੋਲੀ ਵਿਚ ਗੱਲਾਂ ਕਰੀਏ -----------।
ਅੱਜ ਦੇ ਏਸ ਮੁਬਾਰਕ ਦਿਨ ਤੇ ਸਭ ਨੂੰ ਹੋਣ ਵਧਾਈਆਂ।
ਜਿਸ ਨੇ ਸਾਡੀਆਂ ਬੰਦ ਸੀ ਅੱਖਾਂ, ਮੁੜਕੇ ਆਣ ਖੁਲਾਈਆਂ।
ਯੂਨੈਸਕੋ ਦੇ ਉਪਰਾਲੇ ਨੂੰ ਵੀ ਕਰਦੇ ਹਾਂ ਅੱਜ ਯਾਦ ,
ਜਿਸ ਕੌਮਾਂਤਰੀ ਪੱਧਰ ਉੱਤੇ ਰਚਿਆ ਇੱਕ ਸੰਵਾਦ,
ਸਾਡਾ ਸਭ ਦਾ ਫਰਜ਼ ਹੈ ਬਣਦਾ ਸਾਰੇ ਕਸਮਾਂ ਖਾਈਏ ,

ਮਾਂ ਬੋਲੀ ਵਿਚ ਗੱਲਾਂ ਕਰੀਏ, ਪੜ੍ਹੀਏ ਅਤੇ ਪੜ੍ਹਾਈਏ।
ਮਾਂ ਬੋਲੀ ਵਿਚ ਲਿਖੀਏ ਸਾਰੇ, ਮਾਂ ਬੋਲੀ ਵਿਚ ਗਾਈਏ।
ਮਾਂ ਬੋਲੀ ਜੇ ਭੁੱਲ ਬੈਠੇ ਤਾਂ ਕੁਝ ਨਾ ਰਹਿਣਾ ਪੱਲੇ,
ਆਓ ਪਨੀਰੀ ਪੈਦਾ ਕਰੀਏ ਘਰ ਘਰ ਬੂਟੇ ਲਾਈਏ ।
ਮਾਂ ਬੋਲੀ ਵਿਚ ਗੱਲਾਂ ਕਰੀਏ, ਪੜ੍ਹੀਏ ਅਤੇ ਪੜ੍ਹਾਈਏ।
ਮਾਂ ਬੋਲੀ ਵਿਚ ਗੱਲਾਂ ਕਰੀਏ, ਪੜ੍ਹੀਏ ਅਤੇ ਪੜ੍ਹਾਈਏ।

ਮੰਗਤ ਚੰਚਲ ਪੰਜਾਬ।

## ਪੰਜਾਬੀ ਬੋਲੀ

ਪੈਂਤੀ ਅੱਖਰੀ ਦਾ ਬੀ ਬੋਇਆ
ਬਣਾ ਕੇ ਖ਼ੂਬਸੂਰਤ ਕਿਆਰੀਆਂ
ਉਸ ਵਿੱਚ ਹੋੜੇ ਕਨੌੜੇ ਨੇ ਉਗੇ
ਕੰਨੇ ਉਗੇ ਤੇ ਸਿਹਾਰੀਆਂ ਬਿਹਾਰੀਆਂ
ਉਸ ਦੀ ਖ਼ੁਸ਼ਬੂ ਹੈ ਸਭ ਨਾਲੋਂ ਵੱਖਰੀ
ਉਸ ਦਾ ਵੱਖਰਾ ਰੰਗ ਤੇ ਢੰਗ
ਜਦੋਂ ਦੀ ਮੈਂ ਹੋਸ਼ ਸੰਭਾਲੀ
ਪੰਜਾਬੀ ਮੇਰੇ ਅੰਗ ਤੇ ਸੰਗ
ਪੰਜਾਬੀ ਵਿੱਚ ਮੇਰਾ ਬਚਪਨ ਲੰਘਿਆ
ਪੰਜਾਬੀ ਨਾਲ ਹੀ ਵੱਡੀ ਹੋਈ
ਪੰਜਾਬੀ ਵਿੱਚ ਮੈਂ ਹੱਸਣਾ ਸਿੱਖਿਆ
ਤੇ ਪੰਜਾਬੀ ਵਿੱਚ ਰੋਈ
ਪੰਜਾਬੀ ਵਿੱਚ ਮੈਂ ਲੋਰੀਆਂ ਸੁਣੀਆਂ
ਤੇ ਪੰਜਾਬੀ ਵਿੱਚ ਹੀ ਗਾਈਆਂ
ਪੰਜਾਬੀ ਵਿੱਚ ਕਵਿਤਾਵਾਂ ਸੁਣੀਆਂ
ਪੰਜਾਬੀ ਵਿੱਚ ਸੁਣਾਈਆਂ
ਪੰਜਾਬੀ ਮੇਰੀ ਮਾਖਿਉਂ ਮਿੱਠੀ
ਪੰਜਾਬੀ ਬੋਲੀ ਦਾ ਕੀ ਕਹਿਣਾ
ਇਹ ਬੋਲੀ ਮੇਰੀ ਜਿੰਦ ਜਾਨ ਏ
ਇਹ ਬੋਲੀ ਹੈ ਮੇਰਾ ਗਹਿਣਾ
ਪੰਜਾਬੀ ਦੇ ਲਫ਼ਜ਼ਾਂ ਵਿੱਚੋਂ
ਮਹਿਕ ਹੈ ਆਉਂਦੀ ਲਾਜਵਾਬ
ਪੰਜਾਬੀ ਮੇਰੀ ਇਸ ਤਰ੍ਹਾਂ ਮਹਿਕੇ
ਜਿਸ ਤਰ੍ਹਾਂ ਮਹਿਕਦਾ ਹੈ ਗੁਲਾਬ
ਪੰਜਾਬੀ ਬੋਲੀ ਕੋਈ ਵਿਰਲਾ ਜਾਣੇ
ਪੰਜਾਬੀ ਨੂੰ ਕੋਈ ਕੋਈ ਪਛਾਣੇ
ਪੰਜਾਬੀ ਵਿੱਚ ਅਸੀਂ ਪੜ੍ਹੀਏ ਬਾਣੀ
ਪੰਜਾਬੀ ਵਿੱਚ ਗਾਈਏ ਗਾਣੇ
ਪੰਜਾਬੀ ਸਾਡਾ ਸਭ ਦਾ ਮਾਣ ਏ
ਪੰਜਾਬੀ ਪੰਜਾਬੀਆਂ ਦੀ ਸ਼ਾਨ ਏ

ਪੰਜਾਬੀ ਬੋਲੀ ਬਣੀ ਸਾਡਾ ਗੌਰਵ
ਪੰਜਾਬੀ ਹੀ ਸਾਡਾ ਧਰਮ ਈਮਾਨ ਏ
ਪੰਜਾਬੀ ਮੇਰੀ ਧੁੱਪ ਤੇ ਛਾਂ ਪੰਜਾਬੀ
ਮਿੱਠੀ ਇਹ ਬੋਲੀ ਮੇਰੀ ਮਾਂ ਪੰਜਾਬੀ
ਅਸੀਂ ਕਿਸੇ ਵੀ ਦੇਸ਼ ਵਿੱਚ
ਆ ਕੇ ਹਾਂ ਵੱਸ ਗਏ
ਪਰ ਮਾਣ ਨਾਲ ਕਹੀਏ
ਅਸੀਂ ਹਾਂ ਪੰਜਾਬੀ
ਪੰਜਾਬੀ ਬੋਲੀ ਦਾ ਇਹ ਬੂਟਾ
ਮਿਹਨਤ ਦੇ ਨਾਲ ਲਈਏ ਪਾਲ
ਮਨਜੀਤ ਕਹੇ ਸਾਡਾ ਸਭ ਦਾ ਫਰਜ਼ ਹੈ
ਮਾਂ ਬੋਲੀ ਲਈਏ ਸੰਭਾਲ
ਮਾਂ ਬੋਲੀ ਲਈਏ ਸੰਭਾਲ

## ਗ਼ਜ਼ਲ

ਦਿਲ ਨੂੰ ਚਾਹਤ ਹੈ ਜਿਦ੍ਹੇ ਦੀਦਾਰ ਦੀ,
ਉਸ ਦੇ ਵਿੱਚੋਂ ਆਵੇ ਬੋਅ ਹੰਕਾਰ ਦੀ।
ਸਾਲ ਪਿੱਛੋਂ ਵੀ ਮਿਲੀ ਉੱਘ ਸੁੱਘ ਨਹੀਂ,
ਘਰ ਤੋਂ ਕੰਮ ਭਾਲਣ ਗਈ ਮੁਟਿਆਰ ਦੀ।
ਬੰਦੇ ਨੂੰ ਨਾ ਜਿਉਣ ਦੇਵੇ ਚੈਨ ਨਾਲ,
ਗੱਲ ਕੀ ਕਰਦੇ ਹੋ ਇਸ ਸੰਸਾਰ ਦੀ।
ਚਾਹੇ ਨਿਰਧਨ ਹੋਵੇ ਜਾਂ ਹੋਵੇ ਧਨੀ,
ਲੋੜ ਸਭ ਨੂੰ ਹੁੰਦੀ ਹੈ ਸਤਿਕਾਰ ਦੀ।
ਜਿੱਤ ਉਸ ਨੂੰ ਯਾਰੋ ਕੀ ਮਿਲਣੀ ਭਲਾ,
ਗੱਲ ਪਹਿਲਾਂ ਹੀ ਕਰੇ ਜੋ ਹਾਰ ਦੀ।
ਕੰਮ ਹੋ ਜਾਂਦੇ ਕਈ ਥਾਂ ਪਿਆਰ ਨਾਲ,
ਲੋੜ ਹਰ ਥਾਂ ਪੈਂਦੀ ਨਾ ਤਲਵਾਰ ਦੀ।
ਪੱਗ ਸਿਰ ਤੇ ਬੰਨ੍ਹੇ ਜਦ ਉਹ ਠੋਕ ਕੇ,
ਟੌਹਰ ਵੇਖੀ ਜਾਵੇ ਨਾ ਸਰਦਾਰ ਦੀ। -ਮਹਿੰਦਰ ਸਿੰਘ ਮਾਨ



## ਮਾਣ ਬੋਲੀ ਪੰਜਾਬੀ

ਲਿਖ ਪੰਜਾਬੀ ਬੋਲ ਪੰਜਾਬੀ, ਪੂਰਾ ਪੂਰਾ ਤੋਲ ਪੰਜਾਬੀ।
ਓਭੜ ਬੋਲੀਆਂ ਬੋਲਣ ਨਾਲੋਂ, ਸੁਥਰੀ ਸਾਫ਼ ਨਿਰੋਲ ਪੰਜਾਬੀ।
ਕੰਨਾਂ ਦੇ ਵਿਚ ਮਿੱਠਾ ਮਿੱਠਾ, ਦਿੰਦੀ ਏ ਰਸ ਘੋਲ਼ ਪੰਜਾਬੀ।
ਇਸ ਵਰਗੀ ਕੋਈ ਬੋਲੀ ਨਾਹੀਂ, ਖੜਕਾ ਦਿੰਦੀ ਏ ਢੋਲ ਪੰਜਾਬੀ।
ਹੋਰ ਕੋਈ ਨਾ ਲੱਭਣ ਬੋਲੀ, ਜਿਹੜੇ ਲੈਂਦੇ ਟੋਲ਼ ਪੰਜਾਬੀ।
ਕਾਫ਼ੀਆਂ, ਦੋਹੜੇ, ਅੱਲ੍ਹਾ ਅੱਲ੍ਹਾ, ਹੈ ਸੀ ਬੁੱਲ੍ਹੇ ਕੋਲ ਪੰਜਾਬੀ।
ਵਾਰਸ ਸ਼ਾਹ ਦੀ ਭਾਗ ਪਰੀ ਏ, ਬਣੀ ਮਲੂਕ ਤੇ ਸੋਹਲ ਪੰਜਾਬੀ।
ਉਹੀਓ ਚਮਕਣ ਤਾਰਿਆਂ ਵਾਂਗੂੰ, ਪੀਤੀ ਜਿਹਨਾਂ ਘੋਲ਼ ਪੰਜਾਬੀ।
ਘੁੱਟ ਕੇ ਫੜ ਲਉ ਇਹਦਾ ਪੱਲਾ, ਜਾਵੇ ਨਾ ਕਿਤੇ ਡੋਲ ਪੰਜਾਬੀ।
ਸਾਲ ਹਜ਼ਾਰਾਂ ਹੋ ਗਏ ਇਹਨੂੰ, ਇਹਦੇ ਮਿੱਠੜੇ ਬੋਲ ਪੰਜਾਬੀ।
ਲਹਿੰਦੇ ਚੜ੍ਹਦੇ ਦੀ ਇਹ ਰਾਣੀ, ਇਹ ਨਾ ਮਾਰੇ ਝੋਲ ਪੰਜਾਬੀ।
ਮੂੰਹੋਂ ਕਿੰਨਾ ਸੋਹਣਾ ਲਗਦਾ, ਚੰਨ ਪੰਜਾਬੀ ਢੋਲ ਪੰਜਾਬੀ।

ਦਿਲਸ਼ਾਦ ਅਹਿਮਦ ਚੰਨ

# ਡਿਜੀਟਲ ਪਾੜਾ ਅਤੇ ਇਸ ਦੇ ਪ੍ਰਭਾਵ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਬਿਜਲਈ ਜਨ ਸੰਚਾਰ ਦੇ ਸਾਧਨ ਆਡੀਓ, ਵੀਡੀਓ, ਇੰਟਰਨੈੱਟ, ਮੋਬਾਈਲ ਅਤੇ ਸੋਸ਼ਲ ਮੀਡੀਆ ਵਗੈਰਾ ਜਨ ਸੰਚਾਰ ਦਾ ਆਦਾਨ ਪ੍ਰਦਾਨ ਕਰਦੇ ਹਨ। ਇਹ ਪ੍ਰਿੰਟ ਮੀਡੀਏ ਨੂੰ ਪਿੱਛੇ ਛੱਡ ਗਏ ਹਨ। ਅਜੋਕੇ ਸਮੇਂ ਵਿੱਚ ਇਸ ਦੀ ਵਧੇਰੇ ਮਹੱਤਤਾ ਹੈ। ਪਰ ਇਸ ਦਾ ਨਾਂਹ-ਪੱਖੀ ਪ੍ਰਭਾਵ ਇਹ ਵੀ ਹੈ ਕਿ ਜੋ ਮਰਜ਼ੀ ਇਹਨਾਂ ਰਾਹੀਂ ਫੈਲਾਈ ਜਾਵੇ, ਜਿੱਦਾਂ ਦੀ ਸੋਚ ਉਸਨੂੰ ਹੀ ਅੱਗੇ ਤੌਰੀ ਜਾਂਦੇ। ਅਗਲੇ ਪਾਸੇ ਵਾਲਾ ਵੀ ਨਿਤਾਰਾ ਕਰਨ ਦੀ ਬਜਾਏ ਬਿਨਾਂ ਸੋਚੇ ਸਮਝੇ ਆਪ ਪੜ੍ਹ ਸੁਣ ਕੇ ਅੱਗੇ ਤੋਰੀ ਜਾਂਦੇ ਹਨ। ਸ਼ੈਕਸਪੀਅਰ ਦਾ ਕਥਨ ਹੈ, "ਕੁੱਝ ਵੀ ਚੰਗਾ ਮਾੜਾ ਨਹੀਂ ਹੁੰਦਾ, ਕੇਵਲ ਸੋਚ ਹੀ ਇਸਨੂੰ ਅਜਿਹਾ ਬਣਾਉਂਦੀ ਹੈ" ਆਪਣੇ ਆਲੇ ਦੁਆਲੇ ਵਾਪਰਦੇ ਘਟਨਾ ਕ੍ਰਮ ਵਿੱਚ ਸਿਆਣੇ ਬਣਨ ਦੀ ਲੋੜ ਹੈ। ਫੈਸਲਾ ਵਿਚਾਰ ਕੇ ਕਰੋ। ਆਪਣੇ ਵਿਚਾਰ ਸੋਚ ਸਮਝ ਕੇ ਅੱਗੇ ਭੇਜਣੇ ਚਾਹੀਦੇ ਹਨ ਜੋ ਵਿਚਾਰ ਆਪਣੇ ਕੋਲ ਆਉਣ ਉਹਨਾਂ ਉੱਤੇ ਵਿਚਾਰ ਕਰਨੀ ਚਾਹੀਦੀ ਹੈ। ਗਲਤ ਵਿਚਾਰਾਂ ਨੂੰ ਪਰੇ ਸੁੱਟ ਦੇਣਾ ਚਾਹੀਦਾ ਹਨ। ਬਿਨਾਂ ਸੋਚੇ ਸਮਝੇ ਸੋਸ਼ਲ ਮੀਡੀਆ ਤੇ ਵਿਚਾਰ ਪੋਸਟ ਨੂੰ ਅੱਗੇ ਕਰ ਦੇਣ ਵਾਲੇ ਵਿਅਕਤੀ ਦੀ ਮਾਨਸਿਕਤਾ ਖੜ੍ਹੇ ਪਾਣੀ ਵਰਗੀ ਹੁੰਦੀ ਹੈ ਜਿਸ ਵਿੱਚ ਕੀੜੇ ਪੈਦਾ ਹੋਏ ਹੁੰਦੇ ਹਨ। ਅੱਜ ਮੋਬਾਈਲ ਫੋਨ ਖੋਲਦੇ ਹੀ ਅਨੇਕਾਂ ਅਸ਼ਲੀਲ ਪੋਸਟਾਂ, ਵੀਡੀਓਜ਼ ਅਤੇ ਕਾਰਟੂਨ ਸਾਹਮਣੇ ਆ ਜਾਂਦੇ ਹਨ , ਪ੍ਰੀਵਾਰ ਵਿੱਚ ਠਿੱਠ ਹੋਣਾ ਪੈਂਦਾ ਹੈ। ਇਹਨਾਂ ਨੂੰ ਇਗਨੋਰ ਕਰਨਾ ਜਾਂ ਕੱਟ ਦੇਣਾ ਹੀ ਬੁੱਧੀਮਾਨੀ ਹੈ।

ਅੱਜ ਦੇ ਡਿਜੀਟਲ ਯੁੱਗ ਵਿੱਚ ਚੰਗੇ ਮਾੜੇ ਪ੍ਰਭਾਵਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਸਮਾਜ ਵਿੱਚ ਅਸੰਤੁਲਨ ਨਾ ਬਣੇ, ਬਲਕਿ ਸ਼ਹਿਣਸ਼ੀਲਤਾ ਬਣੀ ਰਹੇ। ਬੇਲਗਾਮ ਸੋਸ਼ਲ ਮੀਡੀਏ ਨੂੰ ਕਿਸੇ ਦਾਇਰੇ ਅਧੀਨ ਕਰਨਾ ਚਾਹੀਦਾ ਹੈ ਤਾਂ ਜੋ ਅਸੱਭਿਅਕ ਅਤੇ ਬੁਰੇ ਵਿਚਾਰਾਂ ਨੂੰ ਨੱਥ ਪਾਈ ਜਾ ਸਕੇ। ਬੱਚਿਆਂ ਤੋਂ ਇਲੈਕਟ੍ਰਾਨਿਕ ਅੰਗਾਂ ਨੂੰ ਅਸ਼ਲੀਲਤਾ ਦੇ ਡਰੋਂ ਦੂਰ ਰੱਖਿਆ ਜਾਵੇ। ਇਸ ਡਿਜੀਟਲ ਯੁੱਗ ਵਿੱਚ ਸੋਸ਼ਲ ਮੀਡੀਏ ਦੀ ਦੁਰਵਰਤੋਂ ਕੂਟਨੀਤਕ ਅਤੇ ਸਥਾਨਕ ਸੰਬੰਧਾਂ ਨੂੰ ਪ੍ਰਭਾਵਿਤ ਕਰਦੀ ਹੈ। ਫਿਰਕੂ ਉਕਸਾਹਟ ਵਿੱਚ ਸੋਸ਼ਲ ਮੀਡੀਆ ਰਾਹੀਂ ਫੈਲਾਈਆਂ ਜਾਣਕਾਰੀਆਂ ਘਾਤਕ ਹੁੰਦੀਆਂ ਹਨ। ਫਿਰਕੂਵਾਦ ਵਿਕਾਸ ਦਾ ਰੋੜਾ ਬਣ ਜਾਂਦਾ ਹੈ।

ਸੋਸ਼ਲ ਮੀਡੀਏ ਨੂੰ ਜ਼ਾਬਤੇ ਦੇ ਅਧੀਨ ਰੱਖਣਾ ਹਰ ਸੂਝਵਾਨ ਨਾਗਰਿਕ ਦਾ ਫਰਜ਼ ਹੈ। ਨਾਂਹ -ਪੱਖੀ ਪ੍ਰਭਾਵਾਂ ਲਈ ਹਰ ਨੌਜਵਾਨ ਅੱਗੇ ਆਵੇ। ਇਸ ਦੀ ਨਜਾਇਜ਼ ਵਰਤੋਂ ਨਾਲ ਲੋਕਤੰਤਰ ਦੇ ਰੁਝਾਨ ਅਤੇ ਸ਼ਾਨੋ ਸ਼ੌਕਤ ਨੂੰ ਮੰਜ਼ਿਲ ਤੱਕ ਨਹੀਂ ਪਹੁੰਚਾਇਆ ਜਾ ਸਕਦਾ। ਇਸ ਵਰਤਾਰੇ ਨਾਲ ਆਮ ਲੋਕਾਈ ਵਿੱਚ ਨਿਰਾਸ਼ਾ ਦਾ ਆਲਮ ਪੈਦਾ ਹੁੰਦਾ ਹੈ। ਪੜ੍ਹੇ ਲਿਖੇ ਅਤੇ ਜਾਣਕਾਰ ਤਾਂ ਸਮਝ ਲੈਂਦੇ ਹਨ,ਪਰ ਅਣਜਾਣ ਵਿਅਕਤੀ ਇਸ ਦੀਆਂ ਪੋਸਟਾਂ ਨੂੰ ਸਹੀ ਹੀ ਮੰਨ ਕੇ ਬੇਲੋੜੀ ਬਹਿਸ ਵਿੱਚ ਹਿੱਸਾ ਲੈਂਦਾ ਹੈ। ਕਾਰਪੋਰੇਟ ਦੇ ਗਲਬੇ ਅਧੀਨ ਕਈ ਵਾਰ ਸੋਸ਼ਲ ਮੀਡੀਆ ਕਦਰਾਂ ਕੀਮਤਾਂ ਨੂੰ ਢਾਅ ਲਾ ਦਿੰਦਾ ਹੈ। ਕਈ ਦੇਸ਼ਾਂ ਨੇ ਤਾਂ ਇਸ ਉੱਤੇ ਸ਼ਿਕੰਜਾ ਕੱਸਿਆ ਹੈ। ਬਦਕਿਸਮਤੀ ਇਹ ਹੈ ਇਸ ਦੇ ਪ੍ਰਭਾਵ ਹੇਠ ਆਇਆ ਨੂੰ ਸਮਝਾਉਣਾ ਵਸੋ ਬਾਹਰ ਦੀ ਗੱਲ ਹੋ ਜਾਂਦੀ ਹੈ। ਇਹ ਲੋਕ ਸੋਸ਼ਲ ਮੀਡੀਆ ਦੇ ਪ੍ਰਚਾਰ ਪ੍ਰਸਾਰ ਨੂੰ ਸੱਚ ਮੰਨ ਲੈਂਦੇ ਹਨ। ਅਜਿਹੇ ਵਰਗ ਦੀ ਕਚਹਿਰੀ ਵਿੱਚ ਸਹੀ ਅਤੇ ਸੱਚੀ ਜਾਣਕਾਰੀ ਲੰਬਿਤ ਪਈ ਰਹਿੰਦੀ ਹੈ। ਚੁਸਤ ਚਲਾਕ ਲੋਕ ਅਜਿਹੀ ਮਾਨਸਿਕਤਾ ਨੂੰ ਆਪਣੇ ਹਿੱਤਾਂ ਲਈ ਵਰਤ ਲੈਂਦੇ ਹਨ। ਸੱਚੀ ਗੱਲ ਦੀ ਹਾਮੀ ਭਰਨ ਵਾਲੇ ਕੁੱਝ ਹੀ ਰਹਿ ਜਾਂਦੇ ਹਨ। ਫਿਰਕਾਪ੍ਰਸਤੀ,ਊਟ ਪਟਾਂਗ ਅਤੇ ਅਸ਼ਲੀਲਤਾ ਅਜਿਹੇ ਮੌਕਿਆਂ ਤੇ ਉੱਪਰ ਚਲੀ ਜਾਂਦੀ ਹੈ। ਸਾਂਝੀਵਾਲਤਾ ਅਤੇ ਕੌਮੀ ਪਿਆਰ ਨੂੰ ਤਿਲਾਂਜਲੀ ਦੇ ਦਿੱਤੀ ਜਾਂਦੀ ਹੈ। ਸਮਾਜ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਆਊਟਸੋਰਸ ਅਤੇ ਠੇਕੇ ਤੇ ਅਧਾਰਿਤ ਮੁਲਾਜ਼ਮ ਵਰਗ ਆਪਣੀ ਅਸੁਰੱਖਿਆ ਦੇਖਦੇ ਹੋਏ ਇਸ ਦੀ ਦੁਰਵਰਤੋਂ ਕਰਦੇ ਹਨ।

ਸਾਡੇ ਮੁਲਕ ਦਾ ਪ੍ਰਭਾਵ ਵਿਦੇਸ਼ਾਂ ਵਿੱਚ ਕਾਫ਼ੀ ਵੱਧ ਰਿਹਾ ਹੈ। ਇਸ ਲਈ ਸੋਸ਼ਲ ਮੀਡੀਆ ਦੀ ਦੁਰਵਰਤੋਂ ਅਤੇ ਪ੍ਰਭਾਵਾਂ ਨੂੰ ਸੋਚ ਵਿਚਾਰ ਕੇ ਹੀ ਕਰਨਾ ਚਾਹੀਦਾ ਹੈ। ਕਈ ਵਾਰ ਪੁਆੜਾ ਡਿਜੀਟਲ ਦੀ ਦੁਰਵਰਤੋਂ ਵਿੱਚੋਂ ਉਪਜਦਾ ਹੈ। ਸਕੂਲ ਪੱਧਰ ਤੇ ਡਿਜੀਟਲ ਪਾੜਾ ਖ਼ਤਮ ਹੋਣਾ ਚਾਹੀਦਾ ਹੈ। ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿੱਚ ਇਹ ਪਾੜਾ ਦਿੱਖਦਾ ਹੈ। ਪਿਛਲੇ ਸਾਲ ਦੀ ਰਿਪੋਰਟ ਅਨੁਸਾਰ ਪੰਜਾਬ ਦੇ 47% ਸਕੂਲਾਂ ਵਿੱਚ ਇੰਟਰਨੈਟ ਦੀ ਸਹੂਲਤ ਹੈ ਜਦ ਕਿ ਗਵਾਂਢੀ ਸੂਬੇ ਹਰਿਆਣਾ ਦੇ 29% ਸਕੂਲਾਂ ਵਿੱਚ ਇੰਟਰਨੈਟ ਦੀ ਸਹੂਲਤ ਹੈ। ਪੰਜਾਬ ਮੁਕਾਬਲਤਨ ਵਧੀਆ ਹੈ। ਇਹ ਵਰਤਾਰਾ ਸਮਾਜਿਕ ਨਾ ਬਰਾਬਰੀ ਨੂੰ ਹੱਲਾਸ਼ੇਰੀ ਦਿੰਦਾ ਹੈ,ਜੋ ਅੱਗੇ ਜਾ ਕੇ ਕਈ ਅਲਾਮਤਾਂ ਨੂੰ ਜਨਮ ਦਿੰਦਾ ਹੈ। ਭਾਰਤ ਦਾ ਡਿਜੀਟਲ ਇੰਡੀਆ ਸੰਕਲਪ ਹੈ। ਪਰ 2023 ਵਿੱਚ ਭਾਰਤ ਵਿੱਚ 24.2% ਸਕੂਲਾਂ ਵਿੱਚ ਇੰਟਰਨੈਟ ਦੀ ਸਹੂਲਤ ਹੈ। ਵਿਦਿਆਰਥੀਆਂ ਲਈ ਇਹ ਗਿਆਨ ਦੇ ਸਰੋਤ ਦਾ ਮੌਕਾ ਹੁੰਦਾ ਹੈ। ਇਹ ਗਰੀਬੀ ਅਮੀਰੀ ਦੇ ਪਾੜ ਵਿੱਚ ਫਸ ਜਾਂਦਾ ਹੈ। ਸੂਚਨਾ ਮਨੁੱਖ ਦੇ ਹਰ ਪੱਖ ਲਈ ਜ਼ਰੂਰੀ ਹੈ। ਇਸ ਲਈ ਇਹ ਹਰ ਗਰੀਬ ਅਮੀਰ ਤੱਕ ਪੁੱਜਣੀ ਚਾਹੀਦੀ ਹੈ। ਕਈ ਤੱਥ ਤੋੜ ਮਰੋੜ ਕੇ ਅਤੇ ਕਈ ਤੱਥ ਸਮੇਂ ਦੇ ਬਦਲਦੇ ਹਾਲਾਤ ਲਈ ਪ੍ਰਚਾਰ ਪ੍ਰਸਾਰ ਕੀਤੇ ਜਾਂਦੇ ਹਨ। ਸਾਡੇ ਦੇਸ਼ ਵਿੱਚ ਪੀਣ ਵਾਲੇ ਪਾਣੀ ਦਾ ਪਾੜਾ ਸਮਾਜਿਕ ਪੁਆੜਾ, ਪਾੜੇ ਦੇ ਅਧੀਨ ਹੈ। ਇਸ ਦੇ ਨਾਲ ਵਿਗਿਆਨ ਅਤੇ ਤਕਨਾਲੋਜੀ ਤਾਂ ਹੋਰ ਵੀ ਵੱਡੇ ਪਾੜੇ ਦੇ ਅਧੀਨ ਹਨ। ਸਰਕਾਰ ਨੇ ਪਿਛਲੇ ਸਾਲਾਂ ਵਿੱਚ ਪੰਚਾਇਤਾਂ ਨੂੰ ਬ੍ਰਾਡ ਬੈਂਡ ਦੇ ਕੁਨੈਕਸ਼ਨ ਦਿੱਤੇ ਜੋ ਜਾਰੀ ਹਨ। ਇਹਨਾਂ ਦਾ ਬਹੁਤਾ ਯੋਗਦਾਨ ਨਹੀਂ ਹੈ। ਦੂਰ ਦੁਰੇਡੀਆਂ ਪੰਚਾਇਤਾਂ ਅਜੇ ਇੰਟਰਨੈਟ ਨੂੰ ਉਡੀਕਦੀਆਂ ਹਨ। ਅੱਜ ਸੜਕਾਂ ਨਾਲੋਂ ਇੰਟਰਨੈਟ ਜ਼ਰੂਰੀ ਹੈ। ਗੈਰਇੰਟਰ ਨੈੱਟ ਵਾਲੇ ਇਲਾਕੇ ਬਾਕੀ ਇਲਾਕਿਆਂ ਨਾਲੋਂ ਟੁੱਟੇ ਰਹਿੰਦੇ ਹਨ। 23-11-1997 ਨੂੰ ਪ੍ਰਸਾਰ ਭਾਰਤੀ ਸੰਵਿਧਾਨਕ ਸੰਸਥਾ ਬਣੀ ਸੀ ਇਹ ਕਾਇਦੇ ਅਧੀਨ ਸੀ। ਇੱਥੋਂ ਇਲੈਕਟ੍ਰਾਨਿਕ ਮੀਡੀਆ ਦੇ ਹੋਰ ਅੰਗ ਫੈਲਦੇ ਅਤੇ ਇਜ਼ਾਦ ਹੁੰਦੇ ਗਏ ਪਰ ਜ਼ਾਬਤੇ ਤੋਂ ਬਾਹਰ ਵੀ ਹੁੰਦੇ ਰਹਿੰਦੇ ਹਨ। ਸੋਸ਼ਲ ਮੀਡੀਆ ਦੀ ਬੇਲਗਾਮਤਾ ਨੂੰ 1860 ਦੀ ਤਾਜ਼ੇਰਾਤ-ਏ-ਹਿੰਦ ਦੇ ਨਵੇਂ ਰੂਪਾਂ ਅਧੀਨ ਕਰਕੇ ਇਸ ਤੇ ਲਗਾਮ ਕੱਸੀ ਚਾਹੀਦੀ ਹੈ।

ਉਂਝ ਇਹ ਇਲੈਕਟ੍ਰਾਨਿਕ ਮੰਚ ਸੱਚ ਤਰਾਸ਼ਣ ਲਈ ਅਤੇ ਆਪਣੀਆਂ ਭਾਵਨਾਵਾਂ ਦਾ ਪ੍ਰਸਾਰ ਕਰਨ ਲਈ ਵਧੀਆ ਪਲੇਟ ਫਾਰਮ ਹੈ। ਮਿਖ਼ਾਇਲ ਬਾਖਤਿਕ ਦਾ ਕਥਨ ਹੈ, "ਸੱਚ ਕਿਸੇ ਇੱਕ ਮਨੁੱਖ ਦੇ ਮਨ ਵਿੱਚ ਜਨਮ ਨਹੀਂ ਲੈਂਦਾ,ਇਹ ਮਨੁੱਖਾਂ ਵਿੱਚਕਾਰ ਸੰਵਾਦ ਚੋਂ ਪੈਦਾ ਹੁੰਦਾ ਹੈ" ਇਹਨਾਂ ਰਾਹੀਂ ਸਾਰਥਿਕ ਪਹੁੰਚ ਅਪਣਾ ਕੇ ਹੀ ਸਹੀ ਨਕਸ਼ਾ ਨਜ਼ਰੀਆ ਚਿਤਰਿਆ ਜਾ ਸਕਦਾ ਹੈ। ਗਲਤ ਵਿਚਾਰਾਂ ਰਾਹੀਂ ਅਜ਼ਾਦੀ ਦਾ ਗਲਾ ਘੁੱਟਿਆ ਜਾਂਦਾ ਹੈ। 2023 ਵਿੱਚ ਕੇਂਦਰ ਸਰਕਾਰ ਨੇ ਇੰਟਰਨੈਟ ਤੇ ਪਾਈ ਜਾਣ ਵਾਲੀ ਹਰੇਕ ਸਮਗਰੀ ਦੇ ਨਿਯਮਾਂ ਵਿੱਚ ਸੋਧ ਕੀਤੀ। ਗੱਲ ਇੰਨੀ ਹੈ ਕਿ ਜੇ ਕੋਈ ਖ਼ਬਰ ਸੂਚਨਾ ਗਲਤ ਹੈ ਤਾਂ ਸੋਸ਼ਲ ਮੀਡੀਆ ਤੋਂ ਹਟਾ ਦਿੱਤੀ ਜਾਵੇਗੀ। ਇਹ ਵੀ ਸ਼ੰਕਾਵਾਂ ਦੇ ਘੇਰੇ ਵਿੱਚ ਹਨ। ਇਸ ਨਾਲ ਸੋਸ਼ਲ ਮੀਡੀਆ ਪਲੇਟਫਾਰਮ ਦੀ ਜ਼ਿੰਮੇਵਾਰੀ ਵਧੀ। ਅਖ਼ਬਾਰੀ ਐਡੀਟਰਾਂ ਨੇ ਇਸ ਦਾ ਵਿਰੋਧ ਕੀਤਾ। ਇਹਨਾਂ ਨੇ ਕੁਦਰਤੀ ਨਿਆਂ ਦੇ ਵਿਰੁੱਧ ਅਤੇ ਸੈਂਸਰ ਵਰਗਾ ਦੱਸਿਆ। ਦੂਜੇ ਪਾਸੇ ਇੱਕ ਵਾਰ ਫੈਲੀ ਖ਼ਬਰ ਉਹੀ ਰਹਿੰਦੀ ਹੈ ਜੋ ਪਹਿਲੇ ਮਾਰਕੀਟ ਵਿੱਚ ਆ ਗਈ। ਸਰਕਾਰ ਨੇ ਵਿਆਪਕ ਅਤੇ ਆਲਮੀ ਪੱਧਰ ਤੇ ਦੇਖਣਾ ਹੁੰਦਾ ਹੈ ਜਦੋਂ ਕਿ ਹਟਾਏ ਤੱਥ ਇੱਕ ਵਰਗ ਨਾਲ ਸੰਬੰਧਿਤ ਹੁੰਦੇ ਹਨ। ਅਫਵਾਹਾਂ ਫੈਲਾਈਆਂ ਜਾਣਾ ਇਲੈਕਟ੍ਰਾਨਿਕ ਅੰਗਾਂ ਦਾ ਘਿਨਾਉਣਾ ਅਪਰਾਧ ਹੈ। ਇਹ ਜ਼ਿੰਮੇਵਾਰੀ ਨਾਲ ਕੰਮ ਕਰਨ। ਸਰਕਾਰ ਵੀ ਇਹਨਾਂ ਅੰਗਾਂ ਤੇ ਸੱਚੀ ਜਾਣਕਾਰੀ ਦੀ ਆਸ ਰੱਖੇ, ਨਾਲ ਹੀ ਖਾਹ ਮਖਾਹ ਇਹਨਾਂ ਦੇ ਕੰਮਾਂ ਵਿੱਚ ਦਖਲ ਨਾ ਦੇਵੇ। ਇਸ ਦਿਸ਼ਾ ਵੱਲ ਸਹੀ ਅਤੇ ਪੁੱਖਤਾ ਕਦਮ ਉਠਾਉਣਾ ਜ਼ਰੂਰੀ ਹੈ। ਇਹ ਭਰੋਸੇਯੋਗਤਾ ਨਾਲ ਜੁੜਿਆ ਮਾਮਲਾ ਹੈ। ਵਿਗਿਆਨਕ ਤਰੱਕੀ ਦੇ ਤੌਰ ਤੇ ਇਲੈਕਟ੍ਰਾਨਿਕ ਅੰਗਾਂ ਦੀ ਲੋੜ ਹੁੰਦੀ ਹੈ ਇਸ ਤੋਂ ਬਿਨਾਂ ਅਧੂਰਾ ਜਿਹਾ ਲੱਗਦਾ ਹੈ। ਇਹਨਾਂ ਦੀਆਂ ਤਰੰਗਾਂ, ਉਮੰਗਾਂ ਅਤੇ ਮੰਗਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਸਮੇਂ ਦਾ ਹਾਣੀ ਬਣਨ ਲਈ ਇਹਨਾਂ ਦੇ ਚੰਗੇ ਮਾੜੇ ਪ੍ਰਭਾਵਾਂ ਨੂੰ ਦੇਖਣਾ ਪਰਖਣਾ ਨੌਜਵਾਨ ਵਰਗ ਦੀ ਤਰਜੀਹ ਹੋਣੀ ਚਾਹੀਦੀ ਹੈ।

ਇਲੈਕਟ੍ਰਾਨਿਕ ਅੰਗਾਂ ਦੀਆਂ ਖੁਸ਼ੀਆਂ ਅਤੇ ਸੁਖਦ ਪਲਾਂ ਵਿੱਚ ਗਵਾਚ ਕੇ ਮਨੁੱਖ ਦੀ ਸਥਿਤੀ ਹਨੇਰੇ ਵਿੱਚ ਭਟਕੇ ਪੰਛੀ ਵਰਗੀ ਹੁੰਦੀ ਹੈ। ਮਾਪੇ ਆਪਣੇ ਬੱਚਿਆਂ ਨਾਲ ਖਿੱਝ ਖਿਝਾਉਣ ਵਿੱਚ ਪੈਣ ਨਾਲੋਂ ਉਹਨਾਂ ਨੂੰ ਮੋਬਾਈਲ, ਟੀਵੀ ਅਤੇ ਕੰਪਿਊਟਰ ਨੂੰ ਇੱਕ ਖੇਲ ਵਜੋਂ ਪੇਸ਼ ਕਰ ਦਿੰਦੇ ਹਨ। ਇੱਥੋਂ ਡਿਜੀਟਲ ਕੜਵਾਹਟ ਦੀ ਸ਼ੁਰੂਆਤ ਹੁੰਦੀ ਹੈ। ਐਂਡਰਿਊ ਬਰਾਊਨ ਕਹਿੰਦੇ ਹਨ ਕਿ, "ਇੰਟਰਨੈਟ ਇੰਨਾ ਵੱਡਾ, ਇੰਨਾ ਤਾਕਤਵਰ ਅਤੇ ਦਿਸ਼ਾਹੀਣ ਹੈ ਕਿ ਕੁੱਝ ਲੋਕਾਂ ਵਾਸਤੇ ਇਹ ਜ਼ਿੰਦਗੀ ਬਣ ਗਿਆ ਹੈ" ਨੌਜਵਾਨੀ ਲਈ ਨਸ਼ੇ ਦਾ ਇਹ ਦੂਜਾ ਰੂਪ ਹੈ। ਮੁੱਠੀ ਵਿੱਚ ਕੀਤੀ ਦੁਨੀਆਂ ਨਾਲ ਇਸ ਤੋਂ ਇਲਾਵਾ ਦੁਨੀਆ ਹੀ ਅਧੂਰੀ ਲੱਗਦੀ ਹੈ। ਇਹ ਮਾਨਸਿਕਤਾ ਨਾਲ ਨੇੜਿਓਂ ਜੁੜੇ ਹੋਏ ਹਨ। ਇਹ ਮਾਨਸਿਕਤਾ ਦੇ ਰੋਗੀਆਂ ਦੀ ਗਿਣਤੀ ਵਧਾ ਰਿਹਾ ਹੈ। ਮਾਰਕ ਫਿਸ਼ਰ ਨੇ ਇਸ ਨੂੰ ਇਉਂ ਪ੍ਰਮਾਣਿਤ ਕੀਤਾ, "ਇਹ ਅਤੀਅੰਤ ਨਿਰਾਸ਼ਾ ਵਿੱਚ ਦੱਬਣ ਵਾਲੀ ਖੁਸ਼ੀ ਹੈ,ਦੋਵੇਂ ਆਪਾਂ ਵਿਰੋਧੀ ਹਨ ਵਰਤੋਂਕਾਰ ਇਸ ਵਿੱਚੋਂ ਖੁਸ਼ੀ ਲੱਭਦੇ ਹੋਏ ਨਿਰਭਰ ਹੋ ਰਹੇ ਹਨ ਅਜੋਕੇ ਸਮੇਂ ਮਨੁਖੀ ਜੀਵਨ ਵਿੱਚ ਇਸ ਵਲੋਂ ਕੀਤੀ ਘੁਸਪੈਠ ਨੇ ਇਸ ਨੂੰ ਸਵੀਕਾਰਨ ਲਈ ਮਜਬੂਰ ਕਰ ਦਿੱਤਾ ਹੈ ਇਸ ਤੋਂ ਬਿਨਾਂ ਚਕਾਚੌਂਧ ਲੱਗਦਾ ਹੈ" ਇਹ ਅੰਗ ਨੌਜਵਾਨੀ ਨੂੰ ਅਸਲੀਅਤ ਤੱਕ ਜਾਣ ਤੋਂ ਰੋਕ ਕੇ ਫ਼ਰਜ਼ੀਵਾੜੇ ਦਾ ਲੇਪਨ ਕਰਕੇ ਅੱਗੇ ਜਾਣ ਤੋਂ ਰੋਕ ਦਿੰਦੇ ਹਨ। ਬੇਗਾਨਗੀ ਦੀ ਭਾਵਨਾ ਪੈਦਾ ਕਰਕੇ ਕੋਲ ਬੈਠਿਆਂ ਨੂੰ ਦੂਰੀ ਦਾ ਅਹਿਸਾਸ ਕਰਵਾਉਂਦੇ ਹਨ। ਇਹ ਬੁਰਾਈ ਆਦਤ ਸਮਝੀ ਜਾਂਦੀ ਹੈ। ਦਿੱਕਤ ਇਹ ਹੈ ਕਿ ਇਸ ਬੁਰੀ ਆਦਤ ਦੇ ਧਾਰਨੀ ਇਸ ਨੂੰ ਬੁਰੀ ਆਦਤ ਮੰਨਣ ਲਈ ਤਿਆਰ ਨਹੀਂ ਹਨ। ਸਗੋਂ ਸਹੀ ਸਿੱਧ ਕਰਨ ਦੀ ਵਕਾਲਤ ਕਰਦੇ ਹਨ।

ਸਵਾਲ ਇਹ ਉੱਠਦਾ ਹੈ ਕਿ ਇਲੈਕਟ੍ਰਾਨਿਕ ਅੰਗਾਂ ਨੂੰ ਅੱਖੋ ਉਹਲੇ ਕਰ ਦੇਣਾ ਚਾਹੀਦਾ ਹੈ ? ਜਾਂ ਨਾਂਹ -ਪੱਖੀ ਪ੍ਰਭਾਵ ਕਰਕੇ ਨੌਜਵਾਨੀ ਤੋਂ ਕੋਈ ਆਸ ਨਹੀਂ ਰੱਖਣੀ ਚਾਹੀਦੀ ? ਖੈਰ ਅਜਿਹਾ ਨਹੀਂ। ਸਮੇਂ ਦਾ ਹਾਣੀ ਬਣਨ ਦੀ ਕਾਫ਼ੀ ਲੋੜ ਹੈ। ਇਸ ਨੂੰ ਮਾਨਸਿਕ ਗੁਲਾਮੀ ਹੀ ਸਮਝ ਲੈਣਾ ਠੀਕ ਨਹੀਂ ਹੈ। ਇਸ ਦੇ ਹਾਂ ਪੱਖੀ ਪਹਿਲੂ ਵੀ ਤਰੱਕੀ ਨੂੰ ਗਤੀਸ਼ੀਲ ਕਰਦੇ ਹਨ। ਅੱਜ ਦੀ ਜਵਾਨੀ ਇਸ ਦੀ ਗੁਲਾਮੀ ਦੇ ਤੱਥ ਤਰਾਸ਼ ਕੇ ਇਹਨਾਂ ਦੇ ਹਾਂ ਪੱਖੀ ਪਹਿਲੂਆਂ ਨੂੰ ਵਿਚਾਰ ਕੇ ਇਹਨਾਂ ਵਿਰੁੱਧ ਮਜ਼ਬੂਤ ਇੱਛਾ ਸ਼ਕਤੀ ਨਾਲ ਨਜਿੱਠਣ ਦੀ ਸਖ਼ਤ ਲੋੜ ਹੈ। ਫੇਸਬੁੱਕ, ਇੰਟਰਨੈਟ, ਵਟਸਐਪ, ਸੋਸ਼ਲ ਮੀਡਿਆ ਅਤੇ ਮੋਬਾਈਲ ਜ਼ਰੀਏ ਇਸ ਦੀ ਨਫ਼ਰਤ ਤੇ ਅਸ਼ਲੀਲ ਉਤੇਜਨਾ ਪੈਦਾ ਕਰਨ ਵਾਲੇ ਤੱਥਾਂ ਨੂੰ ਪਛਾਣ ਕੇ ਗਿਆਨ ਵਰਧਕ ਅਤੇ ਹਾਂ ਪੱਖੀ ਉਤੇਜਨਾ ਪੈਦਾ ਕਰਨ ਦੀ ਲੋੜ ਹੈ। ਡਿਜੀਟਲ ਅਰੈਸਟ ਨਵਾਂ ਸੱਪ ਨਿਕਲ ਆਇਆ ਹੈ। ਇਸ ਦੀਆਂ ਅਨੇਕਾਂ ਠੱਗੀਆਂ ਸਾਹਮਣੇ ਆਈਆਂ ਹਨ। ਇਹਨਾਂ ਦੇ ਡੰਬੇ ਖੁਦਕੁਸ਼ੀਆਂ ਵਲ ਵੀ ਜਾਂਦੇ ਹਨ। ਇਸ ਨੇ ਸਮਾਂ ਘਟਾ ਕੇ ਜਲਦੀ ਮੇਲ ਜੋਲ ਕਰਾਏ। ਬਟਵਾਰੇ ਦੇ ਵਿਛੜੇ ਵੀ ਮਿਲਾਏ। ਇਸ ਦੀ ਗੁਲਾਮੀ ਦੀ ਪਛਾਣ ਕਰਨ ਲਈ ਨੌਜਵਾਨ ਖੁਦ ਅੱਗੇ ਆਉਣ ਇਹ ਵੀ ਵਿਚਾਰ ਕਰਨ ਕਿ ਗਿਆਨ ਅਤੇ ਤਰੱਕੀ ਵੀ ਇਸ ਵਿੱਚ ਹੀ ਛੁਪੀ ਬੈਠੀ ਹੈ। ਇਸ ਦੀ ਸਹੀ ਵਰਤੋਂ ਯਕੀਨੀ ਬਣੇ।

* * * * * * * *

# • ਪੰਜਾਬੀ ਫ਼ਿਲਮ ਦਰਪਣ •

## ਪਾਲੀ ਮਾਂਗਟ ਬਾਲੀਵੁੱਡ ਫਿਲਮਾਂ ਵੀ ਪਰ ਵੱਡੀ ਬ੍ਰੇਕ ?



ਅਜੇ ਦੇਵਗਨ, ਸਲਮਾਨ ਖਾਨ ਨਾਲ ਫ਼ਿਲਮਾਂ ਵੀ ਕੀਤੀਆਂ ਹਨ ਤੇ ਹੁਣੇ ਜਾਨ ਅਬ੍ਰਾਹਮ ਨਾਲ "ਡਿਪਲੋਮੈਟ" ਪਾਲੀ ਮਾਂਗਟ ਦੀ ਫ਼ਿਲਮ ਆਈ ਹੈ ਪਰ ਇਸ ਦੇ ਬਾਵਜੂਦ ਗਿੱਪੀ ਗਰੇਵਾਲ, ਐਮੀ ਵਿੱਰਕ, ਕਾਰਜ ਗਿੱਲ ਦੀਆਂ ਫ਼ਿਲਮਾਂ ਓਸ ਨੂੰ ਕਿਉਂ ਨਹੀਂ ? ਪਾਲੀ ਮਾਂਗਟ ਨੇ ਦੇਵ ਖਰੋੜ ਨਾਲ "ਰੁਪਿੰਦਰ ਗਾਂਧੀ" ਵੱਡੇ ਕਿਰਦਾਰ ਨਾਲ ਕੀਤੀ ਪਰ ਫਿਰ ਵੀ ਓਹ ਨਵੇਂ ਨਿਰਮਾਤਾ ਤੇ ਨਿਰਦੇਸ਼ਕਾਂ ਦੀਆਂ ਫ਼ਿਲਮਾਂ ਤੇ ਕਰ ਰਹੇ ਹਨ। ਹੁਣੇ "ਕਬੂਤਰਬਾਜ਼" ਆਈ ਤੇ "ਮਿੱਠਾ ਜ਼ਹਿਰ" ਆ ਰਹੀ ਹੈ। ਪਾਲੀ ਡੀਲ ਡੌਲ ਤੇ ਐਕਟਰ ਚੋਟੀ ਦਾ ਹੈ। ਵੱਡੇ ਬੈਨਰ ਓਸ ਨੂੰ ਮੌਕਾ ਜ਼ਰੂਰ ਦੇਣ ਤਾਂ ਓਹ ਚੋਟੀ ਦਾ ਵਿਲੇਨ ਬਣ ਸਕਦਾ ਹੈ। ਪਾਲੀ ਦਾ ਸੁਭਾਅ ਵੀ ਚੰਗਾ ਹੈ ਤੇ ਖਾਸ ਮੰਗ ਵੀ ਨਹੀਂ, ਇਸ ਲਈ ਵੱਡੇ ਬੈਨਰ ਜ਼ਰੂਰ ਪਾਲੀ ਮਾਂਗਟ ਨੂੰ ਮੌਕਾ ਦੇਣ।

## ਪ੍ਰਭਜੋਤ ਰੰਧਾਵਾ ਇਸ ਸਾਲ ਸਟਾਰ ਐਕਟ੍ਰੈਸ ਬਣੇਗੀ



ਗੋਲ ਚਿਹਰਾ ਤੇ ਚਮਕਦੀਆਂ ਅੱਖਾਂ ਪ੍ਰਭਜੋਤ ਰੰਧਾਵਾ ਦੀ ਪਿਆਰੀ ਦਿੱਖ ਦਾ ਪ੍ਰਤੀਕ ਹਨ ਤੇ ਪ੍ਰਭ ਇੰਟਰਨੈੱਟ ਤੇ ਦਿਨ ਬ ਦਿਨ ਛਾਅ ਰਹੀ ਹੈ। ਪ੍ਰਭਜੋਤ ਰੰਧਾਵਾ ਪਤਲੀ ਪਤੰਗ ਜੱਟੀ ਲੱਗਦੀ ਹੈ ਤੇ ਭਗਵੰਤ ਕੰਗ ਦੇ ਨਿਰਦੇਸ਼ਨ ਨੇ ਓਸ ਨੂੰ ਚਰਚਿਤ ਅਭਿਨੇਤਰੀ ਬਣਾ ਦਿੱਤਾ ਹੈ। "ਉੱਜੜੇ ਖ਼ੂਹ ਦਾ ਪਾਣੀ" ਵਿੱਚ ਓਸ ਦਾ ਕੰਮ ਲਾਜਵਾਬ ਰਿਹਾ ਤੇ ਹੁਣ ਓਹ "ਕੇਰਮ ਬੋਰਡ" ਦੀ ਵੀ ਇੱਕ ਤਰਾਂ ਨਾਲ ਨਾਇਕਾ ਹੈ। ਓਹ ਆਖਦੀ ਹੈ ਕਿ ਭਗਵੰਤ ਕੰਗ ਬਹੁਤ ਹੀ ਸੁਲਝੇ ਫਿਲਮਕਾਰ ਨੇ ਤੇ ਓਸ ਦੇ ਫ਼ਿਲਮੀ ਕੈਰੀਅਰ ਨੂੰ ਸੰਵਾਰਨ ਵਿੱਚ ਓਹਨਾਂ ਦਾ ਅਥਾਹ ਯੋਗਦਾਨ ਹੈ। ਪ੍ਰਭਜੋਤ ਰੰਧਾਵਾ ਇਸ ਸਾਲ ਵੱਡੀਆਂ ਪੰਜਾਬੀ ਫ਼ਿਲਮਾਂ ਵਿੱਚ ਵੀ ਨਜ਼ਰ ਆਏਗੀ ਓਸ ਦਾ ਕੰਮ ਦੇਖ ਕਿਹਾ ਜਾ ਸਕਦਾ ਹੈ।

## ਰਾਮ ਭੋਗਪੁਰ ਭਾਰਤੀ ਅੱਛੀ ਐਕਟ੍ਰੈਸ, ਫ਼ਿਲਮ ਕਰਾਂਗੇ



ਇਸ ਵਕਤ ਰਾਮ ਭੋਗਪੁਰ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਸ਼ਹਿਨਸ਼ਾਹ ਹਨ ਰਾਮ ਭੋਗਪੁਰ। ਹਰੇਕ ਧਰਮ ਦੇ ਉਤਸਵ ਮੌਕੇ ਭਗਤੀ ਤੇ ਧਾਰਮਿਕ ਗੀਤ ਪੇਸ਼ ਕਰਨ ਵਾਲੇ ਰਾਮ ਖ਼ੁਦ ਅੱਛੇ ਅਦਾਕਾਰ ਵੀ ਰਹੇ ਹਨ ਤੇ ਭਾਰਤੀ ਸਿੰਘ ਦੀ ਕਮੇਡੀ ਓਹਨਾਂ ਨੂੰ ਪ੍ਰਭਾਵਿਤ ਕਰਦੀ ਹੈ। ਰਾਮ ਜਿੱਥੇ ਅਨੁਰਾਧਾ ਪੌਡਵਾਲ, ਸੁਰੇਸ਼ ਵਾਦੇਕਰ, ਸਾਧਨਾ ਸਰਗਮ ਬਾਲੀਵੁੱਡ ਤੇ ਫਿਰੋਜ਼ ਖਾਨ, ਮਨਜੀਤ ਪੱਪੂ ਪਾਲੀਵੁੱਡ ਦੇ ਟਰੈਕ ਪੇਸ਼ ਕਰਦੇ ਨੇ ਓਥੇ ਓਹਨਾਂ ਕਿਹਾ ਕਿ ਸਮਾਂ ਆਉਣ ਤੇ ਓਹ ਆਪਣੇ ਫਿਲਮ ਪੱਤੇ ਵੀ ਖੋਹਲ ਦੇਣਗੇ। ਰਾਮ ਕੋਲ ਬੰਨੀ ਸ਼ਰਮਾ, ਸੁੱਖ ਵਾਲੀਆ, ਮਨੀਸ਼ ਸ਼ਰਮਾ ਤੇ ਬਾਬਾ ਕਮਲ ਇੱਕ ਵਧੀਆ ਫ਼ਿਲਮੀ ਟੀਮ ਵੀ ਹੈ। ਇਸ ਵੇਲੇ "ਡਮਰੂ" ਓਹਨਾਂ ਦਾ ਨਵਾਂ ਪੇਸ਼ ਟਰੈਕ ਹੈ।

## ਸਿੰਮੀਪ੍ਰੀਤ ਕੌਰ ਨੌਜਵਾਨ ਨਿਰਦੇਸ਼ਕ ਕਰੇਗੀ ਫ਼ਿਲਮਾਂ



ਸਿੰਮੀ ਪ੍ਰੀਤ ਕੌਰ ਦੇ ਉਤਸ਼ਾਹ ਨੂੰ ਸਲਾਮ ਕਹਿਣਾ ਬਣਦਾ ਹੈ ਤੇ ਸਿੰਮੀ ਪ੍ਰੀਤ ਨੂੰ ਕੈਮਰੇ ਨਾਲ ਬਚਪਨ ਤੋਂ ਪਿਆਰ ਓਸ ਨੂੰ ਡਾਇਰੈਕਟਰ ਬਣਾ ਗਿਆ ਹੈ। ਜਿੱਥੇ ਓਹ ਵੀਡਿਓ ਐਲਬਮ ਗਾਣੇ ਡਾਇਰੈਕਟ ਕਰ ਰਹੀ ਹੈ ਉੱਥੇ ਪੰਜਾਬੀ ਫ਼ਿਲਮਾਂ ਸਬੰਧੀ ਵੀ ਤਜ਼ਰਬੇ ਹਾਸਿਲ ਕਰ ਰਹੀ ਹੈ। ਸਿੰਮੀ ਹਰੇਕ ਨਵੀਂ ਪੰਜਾਬੀ ਫ਼ਿਲਮ ਦੇਖਦੀ ਹੈ ਤੇ ਤਾਜ ਜਿਹੇ ਫਿਲਮ ਨਿਰਦੇਸ਼ਕ ਓਸ ਲਈ ਮਾਰਗ ਦਰਸ਼ਕ ਹਨ। ਸਿੰਮੀ ਅੱਛੀ ਲੇਖਕ ਵੀ ਹੈ ਤੇ ਓਸ ਦੀ ਭਾਸ਼ਾ ਵਿੱਚ ਠੇਠਕ ਤੇ ਸਾਹਿਤ ਦੋਵੇਂ ਹੁੰਦੇ ਹਨ। ਸਿੰਮੀ ਪ੍ਰੀਤ ਕੌਰ ਇੱਕ ਦਿਨ ਪੰਜਾਬੀ ਫ਼ਿਲਮਾਂ ਵੀ ਡਾਇਰੈਕਟ ਕਰੇਗੀ ਤੇ ਲਘੂ ਫ਼ਿਲਮਾਂ ਤੋਂ ਓ ਟੀ ਤੇ ਫ਼ਿਰ ਸਿਨੇਮਾ ਲਈ ਫ਼ਿਲਮਾਂ ਡਾਇਰੈਕਟ ਕਰ ਕਿ ਪਾਲੀਵੁੱਡ ਦੀ ਕਾਮਯਾਬ ਨਾਰੀ ਨਿਰਦੇਸ਼ਕ ਬਣੇਗੀ।

## ਬਿੱਟੂ ਮਾਨ ਇਸ ਸਾਲ ਵਾਅਦਾ ਵੱਡੇ ਪ੍ਰੋਜੈਕਟਾਂ ਦਾ



ਬਿੱਟੂ ਮਾਨ ਬਹੁਤ ਮਿਹਨਤੀ ਲੜਕਾ ਹੈ ਤੇ ਸੈੱਟ ਤੇ ਡਾਇਰੈਕਟਰ ਬਣ ਓਹ ਖੁਦ ਸਪੌਟ ਬੁਆਏ ਵਾਲੇ ਕੰਮ ਕਰ ਕੰਮ ਵਿੱਚ ਤੇਜ਼ੀ ਲਿਆਉਣ ਲਈ ਪ੍ਰਸਿੱਧ ਹਨ। ਬਿੱਟੂ ਮਾਨ ਦਾ ਸੁਖਵਿੰਦਰ ਪੰਛੀ ਲਈ ਨਿਰਦੇਸ਼ਤ ਗਾਣਾ "ਯਾਰ ਕਮੀਣੇ" ਵਧੀਆ ਚਰਚਾ ਪ੍ਰਾਪਤ ਕਰ ਗਿਆ। ਬਿੱਟੂ ਮਾਨ ਨੇ "ਰਾਣੋ" ਓ ਟੀ ਲਈ ਬਣਾ ਰਲੀਜ਼ ਕੀਤੀ। "ਰਾਣੋ 2" ਵੀ ਬਿੱਟੂ ਮਾਨ ਦੀ ਆ ਚੁੱਕੀ ਹੈ। ਇਸ ਸਾਲ ਬਿੱਟੂ ਮਾਨ ਵੱਡੇ ਕਲਾਕਾਰਾਂ ਦੇ ਵੀਡਿਓ ਐਲਬਮ ਗਾਣੇ ਲਿਆ ਸਕਦੇ ਹਨ ਤੇ ਕਿਸੇ ਵੱਡੀ ਫਿਲਮ ਨੂੰ ਵੀ ਕਰਨਗੇ। ਮਹਿਕ ਸ਼ਰਮਾ ਤੇ ਪੂਜਾ ਕੌਸ਼ਲ ਨੂੰ ਅੰਬਰਾਂ ਤੇ ਓਹਨਾਂ ਲਿਆਂਦਾ ਹੈ।

## ਅਮਰ ਨਿਮਾਣਾ ਕੰਮ ਲਈ ਵੀ ਨਿਮਾਣਾ ਬਣ ਕਾਮਯਾਬੀ ਵੱਲ

ਅਮਰ ਨਿਮਾਣਾ ਵੈਸੇ ਹਰਫਨ ਮੌਲਾ ਹਨ। ਗੀਤਕਾਰ ਬਣ ਓਹ ਫ਼ਿਲਮਾਂ ਤੱਕ ਪਹੁੰਚੇ ਹਨ



ਤੇ ਗਾਇਕ ਬਣ ਓਹਨਾਂ ਕਈ ਸ਼ੋ ਲਾਏ ਹਨ। ਅਮਰ ਨਿਮਾਣਾ ਚੋਟੀ ਦੇ ਐਡੀਟਰ ਵੀ ਹਨ ਤੇ ਵੀਡਿਓ ਐਲਬਮ ਨਿਰਦੇਸ਼ਕ ਵੀ ਹਨ। ਅਮਰ ਨਿਮਾਣਾ ਇਸ ਵੇਲੇ ਸਹਿਜ ਤੇ ਪਰੀ ਨੂੰ ਸੰਗੀਤ ਬਜ਼ਾਰ ਲਿਆ ਰਹੇ ਹਨ। ਅਮਰ ਨਿਮਾਣਾ ਦਾ ਮਕਸਦ ਵੱਡੀਆਂ ਫ਼ਿਲਮਾਂ ਕਰਨਾ ਹੈ ਤੇ ਜਲਦੀ ਹੀ ਅਮਰ ਨਿਮਾਣਾ ਵੱਲੋਂ ਇਸ ਦੀ ਅਧਿਕਾਰਤ ਰਲੀਜ਼ ਆਏਗੀ।

-ਅੰਮ੍ਰਿਤ ਪਵਾਰ

# ਮਨਜੀਤ ਕੌਰ ਮੀਸ਼ਾ ਦਾ ਗ਼ਜ਼ਲ ਸੰਗ੍ਰਹਿ ਆਸਾਂ ਦੇ ਤਾਰੇ ਹੋਇਆ ਲੋਕ ਅਰਪਣ



ਜਲੰਧਰ -(ਤੇਜਿੰਦਰ ਮਨਚੰਦਾ)- ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਰਜਿ. ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ.ਦੇ ਸਹਿਯੋਗ ਨਾਲ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਇਕ ਸ਼ਾਨਦਾਰ ਤੇ ਪ੍ਰਭਾਵਸ਼ੀਲ ਸਾਹਤਿਕ ਪ੍ਰੋਗਰਾਮ ਕਰਵਾ ਕੇ ਚਰਚਿਤ ਸ਼ਾਇਰਾ ਮਨਜੀਤ ਕੌਰ ਮੀਸ਼ਾ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਆਸਾਂ ਦੇ ਤਾਰੇ ਲੋਕ ਅਰਪਣ ਕੀਤਾ ਗਿਆ। ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨ ਸਕੱਤਰ ਪ੍ਰੋ.ਸੰਧੂ ਵਰਿਆਣਵੀ, ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ, ਡਾ.ਸੋਮਾ ਸਬਲੋਕ, ਡਾ. ਬਲਦੇਵ ਸਿੰਘ ਬੱਦਨ (ਸਾਬਕਾ ਨਿਰਦੇਸ਼ਕ ਨੈਸ਼ਨਲ ਬੁੱਕ ਟਰੱਸਟ ਇੰਡੀਆ), ਹਰਬੰਸ ਸਿੰਘ ਅਕਸ ਅਤੇ ਲੋਕ ਸ਼ਾਇਰ ਜਗਦੀਸ਼ ਰਾਣਾ ਸੁਸ਼ੋਭਿਤ ਹੋਏ। ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ ਨੇ ਸਭ ਨੂੰ ਜੀ ਆਇਆਂ ਨੂੰ ਆਖਦੇ ਹੋਏ ਮੰਚ ਦੀਆਂ ਸਾਹਤਿਕ ਗਤੀਵਿਧੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਮੰਚ ਸੰਚਾਲਨ ਕਰਦਿਆਂ ਮੰਚ ਦੇ ਜਨਰਲ ਸਕੱਤਰ ਜਗਦੀਸ਼ ਰਾਣਾ ਨੇ ਦੱਸਿਆ ਕਿ ਮੰਚ ਵਲੋਂ ਜਿੱਥੇ ਨਵੀਆਂ ਕਲਮਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਂਦੀ ਹੈ ਓਥੇ ਹੀ ਸਥਾਪਿਤ ਕਲਮਕਾਰਾਂ ਦਾ ਵੀ ਸਮੇਂ ਸਮੇਂ ਤੇ ਸਨਮਾਨ ਕੀਤਾ ਜਾਂਦਾ ਹੈ। ਪੁਸਤਕ ਆਸਾਂ ਦੇ ਤਾਰੇ ਬਾਰੇ ਵਿਚਾਰ ਸਾਂਝੇ ਕਰਦਿਆਂ ਪ੍ਰੋ.ਸੰਧੂ ਵਰਿਆਣਵੀ ਨੇ ਕਿਹਾ ਕਿ ਮੀਸ਼ਾ ਦੀ ਬਹੁਤੀ ਸ਼ਾਇਰੀ ਸ਼ਿੰਗਾਰ ਰਸ ਤੇ ਪਿਆਰ ਮੁਹੱਬਤ ਨਾਲ਼ ਲਬਰੇਜ਼ ਹੈ। ਡਾ.ਬਲਦੇਵ ਸਿੰਘ ਬੱਦਨ ਨੇ ਕਿਹਾ ਕਿ ਮੀਸ਼ਾ ਦੀ ਸ਼ਾਇਰੀ ਦੇ ਅਲੱਗ ਅਲੱਗ ਰੰਗ ਹਨ। ਡਾ.ਸੋਮਾ ਸਬਲੋਕ, ਡਾ.ਕੰਵਲ ਭੱਲਾ ਅਤੇ ਜਗਦੀਸ਼ ਰਾਣਾ ਨੇ ਕਿਹਾ ਕਿ ਮਨਜੀਤ ਕੌਰ ਮੀਸ਼ਾ ਤੋਂ ਭਵਿੱਖ ਵਿੱਚ ਹੋਰ ਵੀ ਉਮੀਦਾਂ ਹਨ। ਇਸ ਮੌਕੇ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵਲੋਂ ਮਨਜੀਤ ਕੌਰ ਮੀਸ਼ਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਮਨਜੀਤ ਕੌਰ ਮੀਸ਼ਾ ਨੇ ਆਪਣੇ ਗ਼ਜ਼ਲ ਸੰਗ੍ਰਹਿ ਵਿੱਚੋਂ ਦੋ ਗ਼ਜ਼ਲਾਂ ਸਾਂਝੀਆਂ ਕੀਤੀਆਂ। ਮੀਸ਼ਾ ਦੀ ਬੇਟੀ ਜਸਪ੍ਰੀਤ ਕੌਰ ਨੇ ਵੀ ਮੀਸ਼ਾ ਦੀ ਇਕ ਗ਼ਜ਼ਲ ਪੇਸ਼ ਕਰ ਕੇ ਵਾਹ ਵਾਹ ਖੱਟੀ। ਇਸ ਦੌਰਾਨ ਹੋਏ ਸ਼ਾਨਦਾਰ ਕਵੀ ਦਰਬਾਰ ਵਿਚ ਪ੍ਰਧਾਨਗੀ ਮੰਡਲ ਦੇ ਨਾ਼ਲ ਨਾ਼ਲ ਗੁਰਦੀਪ ਸਿੰਘ ਸੈਣੀ, ਨਵਤੇਜ ਗੜ੍ਹਦੀਵਾਲਾ, ਪ੍ਰੋ.ਬਲਬੀਰ ਸਿੰਘ ਬੱਲੀ, ਕੀਮਤੀ ਕੈਸਰ, ਵਿਜੈ ਵਾਜਿਦ, ਸਾਹਿਬਾ ਜੀਟਨ ਕੌਰ, ਵਿਜੈ ਫ਼ਿਰਾਕ, ਮਾਧਵੀ ਅੱਗਰਵਾਲ, ਜਰਨੈਲ ਸਾਖੀ, ਮਨਜੀਤ ਸਿੰਘ, ਮਨੋਜ ਫਗਵਾੜਵੀ, ਸੁਖਦੇਵ ਗੰਢਵਾਂ, ਦਲਜੀਤ ਮਹਿਮੀ, ਸਵਿੰਦਰ ਸੰਧੂ, ਦਿਲਬਹਾਰ ਸ਼ੌਕਤ, ਹਰਜਿੰਦਰ ਜਿੰਦੀ, ਰੀਤੂ ਕਲਸੀ,ਜਸਪਾਲ ਜੀਰਵੀ, ਤਰਸੇਮ ਜਲੰਧਰੀ, ਕੁਲਵਿੰਦਰ ਗਾਖਲ, ਨਗੀਨਾ ਸਿੰਘ ਬਲੱਗਣ,ਰੋਹਿਤ ਸਿੱਧੂ, ਆਸ਼ੀ ਈਸਪੁਰੀ, ਲਾਡੀ ਭੁੱਲਰ, ਕੇ.ਕੇ. ਸਮੇਤ ਤਿੰਨ ਦਰਜਨ ਤੋਂ ਵੱਧ ਕਵੀਆਂ ਨੇ ਆਪਣੀਆਂ ਰਚਨਾਵਾਂ ਜ਼ਰੀਏ ਖ਼ੂਬ ਰੰਗ ਬੰਨ੍ਹਿਆ। ਇਸ ਮੌਕੇ ਗ਼ਜ਼ਲ ਗਾਇਕ ਸੁਰਿੰਦਰ ਗੁਲਸ਼ਨ ਨੇ ਮਨਜੀਤ ਕੌਰ ਮੀਸ਼ਾ ਦੀ ਗ਼ਜ਼ਲ ਸਮੇਤ ਉਲਫ਼ਤ ਬਾਜਵਾ ਦੀ ਇਕ ਗ਼ਜ਼ਲ ਸੁਣਾ ਕੇ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨਲ ਜਗਬੀਰ ਸਿੰਘ ਸੰਧੂ,ਗੀਤਾ ਵਰਮਾ, ਮੋਹਨ ਸਿੰਘ ਮੋਤੀ, ਪ੍ਰੀਤ ਮੋਹੱਦੀਪੁਰੀਆ, ਹਰੀਸ਼ ਭੰਡਾਰੀ, ਲੱਕੀ ਬੰਗੜ ਆਦਿ ਵੀ ਹਾਜ਼ਰ ਰਹੇ।

# ਖਾਣ-ਪਾਣ ਦੇ ਬਿਗਾੜ ਨਾਲ ਵੱਧ ਰਹੀਆਂ ਬਿਮਾਰੀਆਂ

**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



"ਈਟਿੰਗ ਡਿਸਆਰਡਰ ਜਾਗਰੁਕਤਾ ਹਫਤਾ 2025 ਦਾ ਥੀਮ ਹੈ- ਕੀ ਕੋਈ ਵੀ ਖਾਣ-ਪੀਣ ਦੇ ਬਿਗਾੜ ਨਾਲ ਪ੍ਰਭਾਵਿਤ ਹੋ ਸਕਦਾ ਹੈ ? ਖਾਣ-ਪੀਣ ਦੇ ਬਿਗਾੜ ਵਾਲੇ ਲੋਕ ਆਮ ਨਾਲੋਂ 5 ਗੁਣਾ ਵੱਧ ਅਲਕੋਹਲ ਅਤੇ ਨਾਜਾਇਜ਼ ਦਵਾਈਆਂ ਦਾ ਇਸਤੇਮਾਲ ਕਰ ਰਹੇ ਹਨ। ਡਾਇਬਟੀਜ਼ ਦੇ ਰੋਗੀ ਜੋ ਖਾਣ-ਪੀਣ ਬਿਗਾੜ ਦੇ ਸ਼ਿਕਾਰ ਹਨ, ਆਪਣੀ ਸ਼ੂਗਰ ਕੰਟਰੋਲ ਕਰਨ 'ਚ ਸੰਘਰਸ਼ ਕਾਰਨ ਸ਼ੂਗਰ ਦੀਆਂ ਪੇਚੀਦਗੀਆਂ ਯਾਨਿ ਦਿਲ ਦੇ ਰੋਗ, ਸਟ੍ਰੋਕ, ਨਿਊਰੋਪੈਥੀ, ਅੱਖਾਂ ਦੀ ਘੱਟ ਹੋ ਰਹੀ ਰੋਸ਼ਨੀ ਅਤੇ ਗੁਰਦੇ ਦੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ"

ਹੈਲਥ ਮੀਡੀਆ ਕੇਨੈਡਾ : ਫਰਵਰੀ 2025 ਦੌਰਾਨ ਵਿਸ਼ਵ ਭਰ ਵਿਚ ਈਟਿੰਗ ਡਿਸਆਰਡਰ ਅਵੇਅਰਨੈਸ ਵੀਕ ਦੌਰਾਨ ਬੱਚਿਆਂ ਤੋਂ ਲੈ ਕੇ ਸੀਨੀਅਰਜ਼ ਨੂੰ ਖਾਣ-ਪੀਣ ਦੇ ਵਿਵਹਾਰ ਬਾਰੇ ਜਾਗਰੁਕ ਕੀਤਾ ਜਾ ਰਿਹਾ ਹੈ। ਮਾੜਾ ਖਾਣ-ਪਾਣ ਸਰੀਰ 'ਤੇ ਮਨ ਨੂੰ ਬਿਮਾਰ ਕਰ ਰਿਹਾ ਹੈ। ਐਨੋਰੈਕਸੀਆ ਨਰਵੋਸਾ, ਬੁਲੀਮੀਆ ਅਤੇ ਬਿੰਜ ਈਟਿੰਗ ਵਗੈਰਾ ਦਾ ਆਮ ਅਸਰ ਦੇਖਿਆ ਜਾਂਦਾ ਹੈ। ਵਿਸ਼ਵ ਭਰ 'ਚ ਭੋਜਨ ਦਾ ਹਰ ਆਦਮੀ ਨਾਲ ਇੱਕ ਵੱਖਰਾ ਹੀ ਰਿਸ਼ਤਾ ਹੁੰਦਾ ਹੈ। ਜ਼ਿੰਦਗੀ ਵਿਚ ਸਰੀਰਕ-ਮਾਨਸਿਕ ਸਮੱਸਿਆਵਾਂ ਦਾ ਕਾਰਨ ਗਲਤ ਖਾਣਾ-ਪੀਣਾ, ਨਕਾਰਾਤਮਕ ਸੋਚ, ਸਦਮਾ, ਗੈਰ-ਸਿਹਤਮੰਦ ਰਿਸ਼ਤਾ ਅਤੇ ਜੈਨੇਟਿਕਸ ਵਗੈਰਾ, ਦਾ ਅਸਰ ਦੇਖਿਆ ਜਾ ਰਿਹਾ ਹੈ। ਕਰੀਬਨ 30 ਮਿਲੀਅਨ ਅਮਰੀਕਾ ਵਿੱਚ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਔਰਤਾਂ 'ਚ ਘੱਟ ਉਮਰ ਦੀ ਔਰਤਾਂ 'ਚ ਅਤੇ 10 ਮਿਲੀਅਨ ਆਦਮੀ, ਇਹ ਬਿਗਾੜ ਦੇ ਅਸਰ ਹੇਠ ਹਨ। ਵਿਸ਼ਵ ਭਰ 'ਚ ਅੱਜ ਕਰੀਬਨ 72 ਮਿਲੀਅਨ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਛੋਟੀ ਉਮਰ ਵਿੱਚ ਜ਼ਿਆਦਾ ਅਸਰ ਦੇਖਿਆ ਜਾ ਰਿਹਾ ਹੈ। ਐਨੋਰੈਕਸੀਆ ਖਤਰਨਾਕ ਮਾਨਸਿਕ ਬਿਮਾਰੀ ਕਾਰਨ ਆਤਮ ਹੱਤਿਆ ਦਾ ਅੰਕੜਾ ਵੀ ਵੱਧਿਆ ਹੈ।

ਖਾਣ-ਪੀਣ ਦੇ ਬਿਗਾੜ ਦੌਰਾਨ ਕਈ ਬਾਰ ਲੱਛਣ: ਮਾਹਵਾਰੀ ਦਾ ਬੰਦ ਹੋ ਜਾਣਾ, ਡੀਹਾਈਡਰੇਸ਼ਨ ਤੋਂ ਚੱਕਰ ਆਉਣਾ ਜਾਂ ਬੇਹੋਸ਼ ਹੋਣਾ, ਭੁਰਭੁਰੇ ਨਾਖੁਨ, ਅਸਹਿਣਸ਼ੀਲਤਾ, ਮਾਸਪੇਸ਼ੀ ਦੀ ਕਮਜ਼ੋਰੀ, ਦਿਲ ਦੀ ਜਲਨ, ਭੋਜਨ ਤੋਂ ਬਾਅਦ ਕਬਜ਼, ਪੇਟ ਅੰਦਰ ਹਵਾ ਪੈਦਾ ਹੋਣਾ, ਕਿਡਨੀ ਦੇ ਰੋਗ, ਓਸਟੀਓਪੇਨੀਆ, ਓਸਟੀਓਪੋਰੋਸਿਸ, ਉਦਾਸੀ, ਚਿੜਚਿੜਾਪਨ, ਥਕਾਵਟ, ਮਾੜੀ ਇਕਾਗਰਤਾਵਗੈਰਾ ਸਾਹਮਣੇ ਆ ਸਕਦੇ ਹਨ।

ਐਨੋਰੈਕਸੀਆ ਨਰਵੋਸਾ, ਜੋ ਕਿ ਬਹੁਤ ਜ਼ਿਆਦਾ ਖੁਰਾਕ ਯਾਨਿ ਇੱਕ ਬੈਠਕ ਵਿੱਚ ਜ਼ਿਆਦਾ ਮਾਤਰਾ ਵਿਚ ਭੋਜਨ ਕਰਨਾ,




ਭੁੱਖਮਰੀ, ਜਾਂ ਲੋੜ ਤੋਂ ਵੱਧ ਕਸਰਤ ਦੁਆਰਾ ਵਜ਼ਨ ਘਟਾਉਣ ਜਾਂ ਦੇਖਭਾਲ ਆਉਂਦੀ ਹੈ। ਬੁਲੀਮੀਆ ਨਰਵੋਸਾ ਵਿੱਚ ਜ਼ਿਆਦਾ ਖਾਣ-ਪੀਣ ਤੋਂ ਬਾਅਦ ਵਜ਼ਨ ਦੇ ਵੱਧਣ ਤੋਂ ਬਚਣ ਲਈ ਕਸਰਤ ਕਰਨਾ, ਖਾਲੀ ਪੇਟ ਰਹਿਣਾ ਅਤੇ ਜੁਲਾਬ ਲੈਣ ਤੋਂ ਹੈ। ਬਿੰਜ ਈਟਿੰਗ ਡਿਸਆਰਡਰ ਦੌਰਾਨ ਵਿਅਕਤੀ ਭੁੱਖ ਤੋਂ ਵੱਧ ਖਾਣ-ਪੀਣ ਬਾਰੇ ਖੁੱਦ ਨੂੰ ਕੰਟ੍ਰੋਲ ਤੋਂ ਬਾਹਰ ਮਹਿਸੂਸ ਕਰਦਾ ਹੈ। ਐਨੋਰੈਕਸੀਆ ਨਰਵੋਸਾ ਵਾਲੇ ਕੁੱਝ ਵਿਅਕਤੀ ਵੀ ਰੁੱਕ-ਰੁੱਕ ਕੇ ਖਾਂਦੇ ਹਨ ਜਾਂ ਉਲਟੀਆਂ ਜਾਂ ਜੁਲਾਬ ਦੀ ਦੁਰਵਰਤੋਂ ਕਰਕੇ ਖਾ ਲੈਂਦੇ ਹਨ।

ਪਿਕਾ ਇੱਕ ਈਟਿੰਗ ਡਿਸਆਰਡਰ ਹੈ ਜਿਸ 'ਚ ਪੀੜਿਤ ਵਾਰ-ਵਾਰ ਅਜਿਹਾ ਭੋਜਨ ਲੈਂਦਾ ਹੈ ਜਿਸ ਵਿੱਚ ਕੋਈ ਪੋਸ਼ਕ ਤੱਤ ਨਹੀਂ ਹੈ। ਅਜਿਹਾ ਵਿਵਹਾਰ ਕਈ ਮਹੀਨੇ ਤੱਕ ਰਹਿ ਸਕਦਾ ਹੈ। ਆਮਤੌਰ 'ਤੇ ਲਏ ਗਏ ਪਦਾਰਥ ਉਮਰ ਅਤੇ ਉਪਲਬਧਤਾ ਦੇ ਨਾਲ ਬਦਲਦੇ ਹਨ ਅਤੇ ਇਸ ਵਿਚ ਕਾਗਜ਼, ਪੇਂਟ ਚਿਪਸ, ਸਾਬਣ, ਕਪੜਾ, ਵਾਲ, ਚਾਕ, ਕੰਕਰ, ਕੋਲਾ, ਅਤੇ ਮਿੱਟੀ ਹੋ ਸਕਦੇ ਹਨ। ਪੀਕਾ ਵਾਲੇ ਆਮ ਤੌਰ 'ਤੇ ਭੋਜਨ ਪ੍ਰਤੀ ਨਫਰਤ ਨਹੀਂ ਹੁੰਦੀ। ਅਜਿਹਾ ਛੋਟੀ ਉਮਰ ਵਿੱਚ ਹੋ ਸਕਦਾ ਹੈ। ਰੁਮੀਨੇਸ਼ਨ ਡਿਸਆਰਡਰ ਵਿੱਚ ਖਾਣਾ ਖਾਣ ਤੋਂ ਬਾਅਦ ਦੁਹਰਾਇਆ ਜਾਣਾ ਅਤੇ ਭੋਜਨ ਨੂੰ ਦੁਬਾਰਾ ਚਬਾਉਣਾ ਅਤੇ ਨਿਗਲਿਆ ਹੋਇਆ ਭੋਜਨ ਆਪਣੀ ਮਰਜੀ ਨਾਲ ਮੂੰਹ ਵਿੱਚ ਨਿਗਲਨਾ, ਚਬਾਉਣ ਅਤੇ ਥੁੱਕਣ ਦੀ ਕ੍ਰਿਆ ਦੇਖੀ ਜਾਂਦੀ ਹੈ। ਅਜਿਹਾ ਬਚਪਨ ਜਾਂ ਕਿਸ਼ੋਰ ਅਵਸਥ ਵਿੱਚ ਹੋ ਸਕਦਾ ਹੈ। ਇੱਕ ਮਹੀਨੇ ਦੌਰਾਣ ਵਾਰ-ਵਾਰ ਹੋ ਸਕਦਾ ਹੈ।

### ਦੇਖਭਾਲ ਦੀ ਲੋੜ

- ਸਰੀਰ, ਦਿਮਾਗ 'ਤੇ ਖਾਣ-ਪੀਣ ਦੀਆਂ ਬਿਮਾਰੀਆਂ ਦੇ ਅਸਰ ਕਾਰਨ ਮਨੋਵਿਗਿਆਨਕ ਅਤੇ ਪੋਸ਼ਣ ਸੰਬੰਧੀ ਸਲਾਹ ਅਤੇ ਨਿਗਰਾਨੀ ਦੀ ਲੋੜ ਹੁੰਦੀ ਹੈ। ਮਾਹਿਰ ਵੱਲੋਂ ਮਾਨਸਿਕ ਇਲਾਜ਼ ਦੇ ਨਾਲ ਪੋਸ਼ਣ ਸੰਬੰਧੀ ਸੈਸ਼ਨ, ਅਤੇ ਕਦੇ-ਕਦੇ ਸਾਈਕੋਫਾਰਮਕੋਲੋਜੀ ਦੀ ਵੀ ਲੋੜ ਪੈ ਜਾਂਦੀ ਹੈ।
- ਐਨੋਰੈਕਸੀਆ ਨਰਵੋਸਾ ਨਾਲ ਪੀੜਿਤਾਂ ਨੂੰ ਖਾਣ-ਪੀਣ 'ਤੇ ਵਜ਼ਨ ਕੰਟ੍ਰੋਲ ਕਰਨ ਦੇ ਵਿਵਹਾਰ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।
- ਮਾਂ-ਬਾਪ ਦੀ ਜ਼ਿੰਮੇਵਾਰੀ ਬਚਪਨ 'ਤੇ ਗ੍ਰੋ ਹੋ ਰਹੇ ਬੱਚਿਆਂ ਨੂੰ ਪੋਸ਼ਟਿਕ ਖੁਰਾਕ ਬਾਰੇ ਜਾਗਰੁਕ ਕਰਨ ਬੱਚੇ ਦੀ ਸਿਹਤ ਮੁਤਾਬਿਕ ਮਾਹਿਰ ਨਾਲ ਸਲਾਹ ਕਰਦੇ ਰਹਿਣਾ ਚਾਹੀਦਾ ਹੈ।
- ਅੰਤਰਰਾਸ਼ਟਰੀ ਪੱਧਰ 'ਤੇ ਗੰਭੀਰ ਐਨੋਰੈਕਸੀਆ ਦੇ ਪੀੜਿਤਾਂ ਦੇ ਵਜ਼ਨ ਨੂੰ ਬਹਾਲ ਕਰਨ ਅਤੇ ਖਾਣ-ਪੀਣ ਦੇ ਵਿਵਹਾਰ ਨੂੰ ਆਮ ਬਣਾਉਣ ਵਿੱਚ ਵਿਸ਼ੇਸ਼ ਪ੍ਰੋਗਰਾਮ ਕੰਮ ਕਰਦੇ ਹਨ। ਹਾਲਾਂਕਿ ਪ੍ਰੋਗਰਾਮ ਡਿਸਚਾਰਜ ਤੋਂ ਬਾਅਦ ਪਹਿਲੇ ਸਾਲ ਵਿੱਚ ਦੁਬਾਰਾ ਹੋਣ ਦਾ ਜੋਖਮ ਮਹੱਤਵਪੂਰਨ ਮੰਨਿਆ ਜਾਂਦਾ ਹੈ।
- ਬਚਪਨ ਤੋਂ ਹੀ ਸੰਤੁਲਿਤ ਪੌਸ਼ਟਿਕ ਖੁਰਾਕ 'ਤੇ ਧਿਆਣ ਦੇਣ ਦੀ ਲੋੜ ਹੈ। ਕਿਉਂ ਕਿ ਪ੍ਰਭਾਵਿਤ ਵਿਅਕਤੀ ਦੀ ਉਮਰ ਦੇ ਬਾਵਜੂਦ ਰੋਗੀ ਦੀ ਟੈਨਸ਼ਨ ਦੇ ਨਾਲ ਪਰਿਵਾਰ ਲਈ ਵੀ ਮੁਸ਼ਕਲਾਂ ਵੱਧ ਜਾਂਦੀਆਂ ਹਨ।
- ਬੁਲੀਮੀਆ ਨਰਵੋਸਾ ਵਾਲੇ ਆਮਤੌਰ 'ਤੇ ਵਿਕਲਪਕ ਡਾਈਟਿੰਗ ਕਰਦੇ ਹਨ ਜਾਂ ਸਿਰਫ ਘੱਟ ਕੈਲੋਰੀ ਵਾਲੇ ਸੇਫ ਭੋਜਨ ਲੈਂਦੇ ਹਨ ਅਤੇ ਵਰਜਿਤ ਉੱਚ ਕੈਲੋਰੀ ਵਾਲੀ ਖੁਰਾਕ 'ਤੇ ਬਹੁਤ ਜ਼ਿਆਦਾ ਭੋਜਨ ਕਰਦੇ ਹਨ। ਕਈ ਬਾਰ ਗੰਭੀਰ ਹਾਲਤ ਵਿੱਚ ਈਸੋਫੀਗਲ ਹੰਝੂ, ਗੈਸਟ੍ਰਿਕ ਫਟਣਾ ਅਤੇ ਖਤਰਨਾਕ ਕਾਰਡੀਅਕ ਐਰੀਥਮੀਆ ਦੀ ਸੰਭਾਵਨਾ ਹੋ ਸਕਦੀ ਹੈ। ਮਾਹਿਰ ਵੱਲੋਂ ਡਾਇਗਨੋਜ਼ ਅਤੇ ਇਲਾਜ਼ ਜਰੂਰੀ ਹੋ ਜਾਂਦਾ ਹੈ।

ਨੋਟ : ਖਾਣ-ਪੀਣ ਨਾਲ ਜੁੜੇ ਰੋਗਾਂ ਦੀ ਹਾਲਤ ਵਿੱਚ ਬਿਨਾ ਦੇਰੀ ਮਾਹਿਰ ਦੀ ਸਲਾਹ ਲੈਣ ਅਤੇ ਇਲਾਜ਼ ਦੌਰਾਣ ਲਾਪ੍ਰਵਾਹੀ ਖਤਰਨਾਕ ਸਾਬਿਤ ਹੋ ਸਕਦੀ ਹੈ। ਬਿਮਾਰੀ ਦੀ ਹਾਲਤ ਵਿੱਚ ਸਾਈਕੋ-ਥੈਰੇਪੀ, ਐਂਟੀ-ਡਿਪ੍ਰੈਸੈਂਟਸ ਅਤੇ ਰਜਿਸਟਰਡ ਪੋਸ਼ਣ ਮਾਹਿਰ ਹੈਲਪ ਕਰ ਸਕਦਾ ਹੈ।

## ਸੰਘੀ ਜੱਜ ਵੱਲੋਂ ਮੁਲਾਜ਼ਮਾਂ ਦੀ ਛਾਂਟੀ ਵਿਰੁੱਧ ਦਾਇਰ ਪਟੀਸ਼ਨ 'ਤੇ ਸੁਣਵਾਈ ਤੋਂ ਨਾਂਹ

### ਟਰੰਪ ਪ੍ਰਸ਼ਾਸਨ ਨੂੰ ਨੀਤੀ ਲਾਗੂ ਕਰਨ ਦੀ ਮਿਲੀ ਖੁੱਲ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਮਾਸਾਚੂਸੈਟਸ ਦੀ ਇਕ ਅਦਾਲਤ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੰਘੀ ਮੁਲਾਜ਼ਮਾਂ ਸਬੰਧੀ ਨੀਤੀ ਨੂੰ ਲਾਗੂ ਕਰਨ ਦੀ ਖੁਲ ਦਿੱਤੀ ਗਈ ਹੈ। ਜੱਜ ਦਾ ਇਹ ਫੈਸਲਾ ਵੱਡੀ ਪੱਧਰ 'ਤੇ ਸੰਘੀ ਮੁਲਾਜ਼ਮਾਂ ਦੀ ਕਟੌਤੀ ਦਾ ਵਿਰੋਧ ਕਰਨ ਵਾਲਿਆਂ ਲਈ ਵੱਡਾ ਝਟਕਾ ਹੈ। ਯੂ ਐਸ ਡਿਸਟ੍ਰਿਕਟ ਜੱਜ ਜਾਰਜ ਓ ਟੂਲ ਨੇ ਇਕ ਲਿਖਤੀ ਆਦੇਸ਼ ਵਿਚ ਕਿਹਾ ਕਿ ਸੰਘੀ ਮੁਲਾਜ਼ਮ ਯੂਨੀਅਨਾਂ ਵੱਲੋਂ ਪ੍ਰੋਗਰਾਮ ਰੋਕਣ ਲਈ ਦਾਇਰ ਪਟੀਸ਼ਨ 'ਤੇ ਸੁਣਵਾਈ ਲਈ ਆਧਾਰ ਮੌਜੂਦ ਨਹੀਂ ਹੈ ਕਿਉਂਕਿ ਇਸ ਮੁੱਦੇ 'ਤੇ ਸੁਣਵਾਈ ਕਰਨਾ ਇਸ ਅਦਾਲਤ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ। ਜੱਜ ਨੇ ਪ੍ਰੋਗਰਾਮ ਲਾਗੂ ਕਰਨ ਉਪਰ ਪਿਛਲੇ ਹਫਤੇ ਲਾਈ ਰੋਕ ਖਤਮ ਕਰ ਦਿੱਤੀ ਹੈ। ਟਰੰਪ ਪ੍ਰਸ਼ਾਸਨ ਨੇ ਤਕਰੀਬਨ 23 ਲੱਖ ਸੰਘੀ ਮੁਲਾਜ਼ਮਾਂ ਨੂੰ ਪੇਸ਼ਕਸ਼ ਕੀਤੀ ਹੈ ਕਿ ਜੇਕਰ ਉਹ ਖੁਦ ਅਸਤੀਫਾ ਦੇ ਦਿੰਦੇ ਹਨ ਤਾਂ ਉਨਾਂ ਨੂੰ 8 ਮਹੀਨੇ ਦੀ ਤਨਖਾਹ ਤੇ ਹੋਰ ਲਾਭ ਦਿੱਤੇ ਜਾਣਗੇ। ਸੰਘੀ ਵਰਕਰਾਂ ਨੂੰ ਇਸ ਸਬੰਧੀ ਫੈਸਲਾ ਲੈਣ ਵਾਸਤੇ 6 ਫਰਵਰੀ ਤੱਕ ਦਾ ਸਮਾਂ ਦਿੱਤਾ ਗਿਆ ਹੈ। ਜੱਜ ਟੂਲ ਨੇ ਪਿਛਲੇ ਹਫਤੇ ਸੁਣਵਾਈ ਦੌਰਾਨ ਇਸ ਸਮਾਂ ਸੀਮਾ ਨੂੰ ਰੱਦ ਕਰ ਦਿੱਤਾ ਸੀ। ਟਰੰਪ ਪ੍ਰਸ਼ਾਸਨ ਨੂੰ ਹੁਣ ਸੰਘੀ ਵਰਕਰਾਂ ਦੇ ਜਵਾਬ ਲਈ ਨਵੀਂ ਸਮਾਂ ਸੀਮਾ ਮਿਥਣੀ ਪਵੇਗਾ। ਵਾਈਟ ਹਾਊਸ ਪ੍ਰੈਸ ਸਕੱਤਰ ਕਾਰੋਲਾਈਨ ਲੀਵਿਟ ਨੇ ਜੱਜ ਦੇ ਆਦੇਸ਼ ਦਾ ਸਵਾਗਤ ਕਰਦਿਆਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਪੱਸ਼ਟ ਹੈ ਕਿ 7.7 ਕਰੋੜ ਤੋਂ ਵਧ ਅਮਰੀਕੀਆਂ ਜਿਨਾਂ ਨੇ ਰਾਸ਼ਟਰਪਤੀ ਟਰੰਪ ਤੇ ਉਨਾਂ ਦੀਆਂ ਤਰਜੀਹਾਂ ਦਾ ਸਮਰਥਨ ਕੀਤਾ ਹੈ, ਦੀ ਜਿੱਤ ਹੋਈ ਹੈ। ਜਿਕਰਯੋਗ ਹੈ ਕਿ ਪਿਛਲੇ ਹਫਤੇ 60 ਹਜਾਰ ਤੋਂ ਵਧ ਵਰਕਰ ਟਰੰਪ ਪ੍ਰਸ਼ਾਸਨ ਦੇ ਪ੍ਰੋਗਰਾਮ ਉਪਰ ਸਹਿਮਤੀ ਪ੍ਰਗਟਾ ਚੁੱਕੇ ਹਨ ਹਾਲਾਂ ਕਿ ਇਹ ਵਰਕਰ ਕੁਲ ਸੰਘੀ ਵਰਕਰਾਂ ਦਾ 2.6% ਹੀ ਹਨ। ਵਾਈਟ ਹਾਊਸ ਦਾ ਅਨੁਮਾਨ ਹੈ ਕਿ 5 ਤੋਂ 10% ਤੱਕ ਵਰਕਰ ਇਸ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਤਿਆਰ ਹੋ ਜਾਣਗੇ।



# ਕੀ ਪੰਜਾਬੀ ਹੱਡ ਹਰਾਮੀ ਹੋ ਗਏ ਹਨ... ?

ਸੰਦੀਪ ਕੁਮਾਰ
7009807121



ਪੰਜਾਬੀ ਕੌਮ ਦੇਸ਼ ਭਰ ਵਿੱਚ ਆਪਣੀ ਦਲੇਰੀ, ਮਿਹਨਤ, ਅਤੇ ਸੇਵਾ-ਭਾਵ ਲਈ ਮਸ਼ਹੂਰ ਹੈ। ਗੁਰੂ ਨਾਨਕ ਦੇਵ ਜੀ ਦੇ "ਕਿਰਤ ਕਰੋ" ਦੇ ਸਿੱਧਾਂਤ ਨੇ ਸਾਡੀ ਕੌਮ ਨੂੰ ਮਿਹਨਤ ਦੀ ਰਾਹ ਦਿਖਾਈ ਸੀ। ਪਰ, ਅੱਜ ਇਸ ਸਿੱਧਾਂਤ ਨੂੰ ਇੱਕ ਨਵੀਂ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਖਿਰ ਕੀ ਅਸਲ ਸੱਚਾਈ ਹੈ ? ਕੀ ਸਾਡੇ ਪੰਜਾਬੀ ਲੋਕ ਮਿਹਨਤ ਕਰਨ ਤੋਂ ਪਿੱਛੇ ਹਟ ਗਏ ਹਨ ? ਜਾਂ ਸਿਰਫ ਫੁਕਰ ਗਰਦੀ ਅਤੇ ਹੋਰਾਂ ਦੀ ਨਿੰਦਾ ਹੀ ਸਾਡਾ ਨਵਾਂ ਰਵੱਈਆ ਬਣ ਗਿਆ ਹੈ ? ਇਹ ਸਵਾਲ ਸਾਡੇ ਚਰਿੱਤਰ ਅਤੇ ਆਤਮ-ਮਨਥਨ ਦੀ ਲੋੜ ਨੂੰ ਦੱਸਦੇ ਹਨ। ਅੱਜ ਪੰਜਾਬ ਦੇ ਹਰ ਕੋਨੇ ਵਿੱਚ ਦੇਖਣ ਨੂੰ ਮਿਲਦਾ ਹੈ ਕਿ ਸਾਡੀ ਜ਼ਮੀਨ ਤੇ ਰਹਿਣ ਵਾਲੇ ਪਰਵਾਸੀ ਲੋਕ ਮਿਹਨਤ ਕਰਕੇ ਆਪਣੇ ਪਰਿਵਾਰਾਂ ਦਾ ਪੇਟ ਭਰ ਰਹੇ ਹਨ। ਜੇਕਰ ਕੋਈ ਪਰਵਾਸੀ ਰੇੜੀ ਲਗਾ ਕੇ ਸਬਜ਼ੀ ਵੇਚ ਰਿਹਾ ਹੈ ਜਾਂ ਖੇਤਾਂ ਵਿੱਚ ਮਿਹਨਤ ਕਰ ਰਿਹਾ ਹੈ, ਤਾਂ ਉਹ ਸੱਚਮੁੱਚ ਗੁਰੂਆਂ ਦੇ ਉਪਦੇਸ਼ 'ਕਿਰਤ ਕਰੋ' ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਰਿਹਾ ਹੈ। ਇਸਦੇ ਉਲਟ, ਸਾਡੀ ਕੌਮ ਦੇ ਬਹੁਤ ਸਾਰੇ ਲੋਕ ਮਿਹਨਤ ਕਰਨ ਦੀ ਬਜਾਏ ਪਰਵਾਸੀਆਂ ਨੂੰ ਦੋਸ਼ ਦੇ ਰਹੇ ਹਨ ਕਿ ਇਹਨਾਂ ਨੇ ਸਾਡੇ ਰੋਜਗਾਰ ਖੋਹ ਲਏ ਹਨ । ਇਹ ਦੋਸ਼ ਦੇਣਾ ਕਿੰਨਾ ਸਹੀ ਹੈ ?

ਪਰਵਾਸੀ ਵਿਅਕਤੀ ਸਾਡੇ ਸੂਬੇ ਵਿੱਚ



ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ ਮਿਹਨਤ ਕਰ ਰਿਹਾ ਹੈ। ਉਹ ਸਾਨੂੰ ਕੋਈ ਦਬਾਅ ਨਹੀਂ ਪਾ ਰਿਹਾ ਕਿ ਅਸੀਂ ਉਸ ਤੋਂ ਕੁਝ ਖਰੀਦ ਲਈਏ ਜਾਂ ਅਸੀਂ ਉਹਨਾਂ ਨੂੰ ਆਪਣੇ ਖੇਤਾਂ ਵਿੱਚ ਕੰਮ ਕਰਨ ਲਈ ਕਹੀਏ। ਇਹ ਅਸਲ ਵਿੱਚ ਸਾਡੀ ਕੌਮ ਦੀ ਕਮਜ਼ੋਰੀ ਹੈ ਕਿ ਅਸੀਂ ਉਹਨਾਂ ਤੋਂ ਕੰਮ ਲੈਣ ਲਈ ਮਜਬੂਰ ਹਾਂ ਕਿਉਂਕਿ ਉਹ ਮਿਹਨਤ ਕਰਨ ਵਿੱਚ ਕੋਈ ਸ਼ਰਮ ਮਹਿਸੂਸ ਨਹੀਂ ਕਰਦੇ ਹਨ। ਜੇ ਅਸੀਂ ਸੋਚੀਏ, ਤਾਂ ਸਾਡੇ ਆਪਣੇ ਹੀਂ ਲੋਕ ਕਿਉਂ ਮਿਹਨਤ ਕਰਨ ਤੋਂ ਆਪਣੇ ਹੱਥ ਪਿੱਛੇ ਖਿੱਚ ਰਹੇ ਹਨ ? ਕੀ ਇਸਦੀ ਵਜ੍ਹਾ ਸਿਰਫ਼ ਸਾਡਾ ਹੱਡ ਹਰਾਮੀ ਹੋਣਾ ਹੈ ? ਅੱਜ ਸਾਡੇ ਨੌਜਵਾਨ ਮੋਟਰਸਾਇਕਲਾਂ, ਬੁਲਟਾਂ, ਫੈਸ਼ਨ ਅਤੇ ਬਣਾਵਟੀ ਸਿਹਤਮੰਦ ਜ਼ਿੰਦਗੀ ਦੀ ਨਕਲੀ ਸ਼ਾਨ ਵਿੱਚ ਫਸੇ ਹੋਏ ਹਨ। ਜਿੱਥੇ ਪਹਿਲਾਂ ਖੇਤਾਂ ਵਿੱਚ ਮਿਹਨਤ ਕਰਨਾ ਸਨਮਾਨ ਦੀ ਗੱਲ ਮੰਨੀ ਜਾਂਦੀ ਸੀ, ਉੱਥੇ ਅੱਜ ਇਹ ਕਮਜ਼ੋਰੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਇਸੇ ਕਾਰਨ, ਅੱਜ ਖੇਤਾਂ ਵਿੱਚ ਕੰਮ ਕਰਨ ਲਈ ਯੂਪੀ ਅਤੇ ਬਿਹਾਰ ਦੀ ਮਜ਼ਦੂਰ ਲੇਬਰ ਨੂੰ ਸੱਦਣਾ ਪੈਂਦਾ ਹੈ। ਇਹ ਸਾਫ ਦੱਸਦਾ ਹੈ ਕਿ ਸਾਡੀ ਕੌਮ ਦੇ ਬਹੁਤ ਸਾਰੇ ਲੋਕ ਮਿਹਨਤ ਤੋਂ ਪਿੱਛੇ ਹਟ ਗਏ ਹਨ।

ਮੌਜੂਦਾ ਹਾਲਾਤਾਂ ਦੀ ਸੱਚਾਈ ਇਹ ਹੈ ਕਿ ਅੱਜ ਪੰਜਾਬ ਵਿੱਚ ਬੇਰੁਜ਼ਗਾਰੀ ਇੱਕ ਵੱਡਾ ਮੁੱਦਾ ਬਣਿਆ ਹੋਇਆ ਹੈ। ਪਰ ਇਹ ਵੀ ਸਮਝਣ ਯੋਗ ਹੈ ਕਿ ਇਹ ਬੇਰੁਜ਼ਗਾਰੀ ਸਿਰਫ ਸਰਕਾਰ ਦੀਆਂ ਨੀਤੀਆਂ ਦੀ ਨਤੀਜਾ ਨਹੀਂ ਹੈ। ਕਈ ਲੋਕ ਆਪਣੀ ਬੇਰੁਜ਼ਗਾਰੀ ਦਾ ਦੋਸ਼ ਪਰਵਾਸੀ ਮਜ਼ਦੂਰਾਂ ਨੂੰ ਦੇਣ ਲੱਗੇ ਹਨ। ਅਗਰ ਸੱਚ-ਮੁੱਚ ਸੂਬੇ ਵਿੱਚ ਰੋਜਗਾਰ ਦੀ ਕਮੀ ਹੈ ਤਾਂ ਪ੍ਰਵਾਸੀ ਕਿਉਂ ਨਿਰੰਤਰ ਸੂਬੇ ਵਿੱਚ ਆ ਕੇ ਵੱਸ ਰਹੇ ਹਨ ? ਸੱਚਾਈ ਇਹ ਹੈ ਕਿ ਜੇਕਰ ਸਾਡੇ ਨੌਜਵਾਨ ਖੁਦ ਮਿਹਨਤ ਕਰਨ ਲੱਗਣ, ਤਾਂ ਉਹਨਾਂ ਨੂੰ ਕੰਮ ਦੀ ਕੋਈ ਕਮੀ ਨਹੀਂ ਹੋਵੇਗੀ। ਮਸਲਾ ਇਹ ਹੈ ਕਿ ਅਸੀਂ ਮਿਹਨਤ ਵਾਲੇ ਕੰਮ ਨੂੰ ਆਪਣੀ ਸ਼ਾਨ ਨੂੰ ਹੇਠਾਂ ਲਿਆਉਣ ਵਾਲੀ ਗੱਲ ਮੰਨ ਲਿਆ ਹੈ। ਜਦੋਂ ਸਾਡੇ ਪੰਜਾਬੀ ਵਿਦੇਸ਼ਾਂ ਵਿੱਚ ਜਾ ਕੇ ਨੌਕਰੀ ਅਤੇ ਕਾਰੋਬਾਰ ਕਰਦੇ ਹਨ, ਉਹ ਮਿਹਨਤ ਕਰਕੇ ਆਪਣਾ ਨਾਮ ਕਮਾਉਂਦੇ ਹਨ। ਕਈ ਪ੍ਰਵਾਸੀ ਪੰਜਾਬੀ ਉਦਯੋਗਪਤੀ ਬਣੇ ਹਨ ਅਤੇ ਵਿਦੇਸ਼ਾਂ ਵਿੱਚ ਸਾਡੇ ਸਮਾਜ ਦੀ ਨੁਮਾਇੰਦਗੀ ਕਰਦੇ ਹਨ। ਪਰ ਇਹ ਕਮਾਲ ਉਹ ਮਿਹਨਤ ਨਾਲ ਹੀ ਕਰਦੇ ਹਨ। ਫਿਰ ਇੱਥੇ ਪੰਜਾਬ ਵਿੱਚ ਇਹ ਮਿਹਨਤ ਕਿਉਂ ਨਹੀਂ ਕੀਤੀ ਜਾ ਰਹੀ ? ਸੱਚ ਪੁੱਛੋ ਤਾਂ ਇਹ ਸਵਾਲ ਸਾਡੀ ਕੌਮ ਦੀ ਸੋਚ ਅਤੇ ਸੱਭਿਆਚਾਰਕ ਬਦਲਾਅ ਵੱਲ ਇਸ਼ਾਰਾ ਕਰਦਾ ਹੈ।

ਸਾਡੀ ਕੌਮ ਨੂੰ ਸਮਝਣਾ ਹੋਵੇਗਾ ਕਿ ਸਖ਼ਤ ਮਿਹਨਤ ਜੀਵਨ ਦੀ ਅਸਲ ਸਫਲਤਾ ਹੈ। ਇਸ ਸਵਾਲ ਨੂੰ ਹੱਲ ਕਰਨ ਲਈ ਸਾਡੇ ਵਲੋਂ ਨੌਜਵਾਨਾਂ ਨੂੰ ਜ਼ਿਮ੍ਮੇਦਾਰ ਬਣਾਉਣ ਅਤੇ ਮਿਹਨਤ ਦੀ ਮਹੱਤਤਾ ਸਿੱਖਾਉਣ ਦੀ ਜ਼ਰੂਰਤ ਹੈ। ਖੇਤੀਬਾੜੀ ਵਿੱਚ ਮਿਹਨਤ ਵਾਲੇ ਕੰਮਾਂ ਨੂੰ ਦੁਬਾਰਾ ਅਪਨਾਉਣਾ ਹੋਵੇਗਾ ਅਤੇ ਕਿਰਤ ਕਰਨ ਨੂੰ ਫਾਲਤੂ ਸਮਝਣ ਵਾਲੀ ਸੋਚ ਦਾ ਖਾਤਮਾ ਕਰਨਾ ਪਵੇਗਾ। ਜੇ ਸਾਡੇ ਨੌਜਵਾਨ ਸਿਰਫ ਚਿੱਟੇ ਕੱਪੜੇ ਪਹਿਨਣ ਅਤੇ ਫੁਕਰਪੰਥੀ ਕਰਨ ਤੋਂ ਹਟ ਕੇ ਹੱਥੀ ਕੰਮ ਕਰਨਾ ਸ਼ੁਰੂ ਕਰਨ, ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੇ ਸੂਬੇ ਨੂੰ ਕਿਸੇ ਪਰਵਾਸੀ ਮਜ਼ਦੂਰ ਦੀ ਲੋੜ ਨਹੀਂ ਰਹੇਗੀ। ਸਾਡੀ ਕੌਮ ਦੇ ਲੋਕਾਂ ਨੂੰ ਸਮਝਣਾ ਪਵੇਗਾ ਕਿ ਕਿਸੇ ਨੂੰ ਦੋਸ਼ ਦੇਣ ਨਾਲ ਕੋਈ ਫਾਇਦਾ ਨਹੀਂ। ਜੇਕਰ ਪਰਵਾਸੀ ਵਿਅਕਤੀ ਮਿਹਨਤ ਕਰਕੇ ਆਪਣੇ ਪਰਿਵਾਰ ਦਾ ਗੁਜਾਰਾ ਕਰ ਰਹੇ ਹਨ, ਤਾਂ ਇਹ ਸਾਡੇ ਲਈ ਚੇਤਾਵਨੀ ਹੈ ਕਿ ਅਸੀਂ ਵੀ ਮਿਹਨਤ ਦਾ ਇਹ ਰਾਹ ਫੜੀਏ। ਸਾਡਾ ਸੱਚਾ ਸਨਮਾਨ ਮਿਹਨਤ ਅਤੇ ਸਚਾਈ ਵਿੱਚ ਹੈ, ਨਾ ਕਿ ਕਿਸੇ ਹੋਰ 'ਤੇ ਦੋਸ਼ ਲਗਾਉਣ ਵਿੱਚ ਹੈ। ਸਾਡੇ ਪੰਜਾਬੀ ਜਮਾਂਦਰੂ ਹੱਡ ਹਰਾਮੀ ਨਹੀਂ ਸਨ। ਪੰਜਾਬੀ ਦਲੇਰ, ਮਿਹਨਤੀ ਅਤੇ ਸੱਚ ਦੇ ਰਾਹੀ ਸਨ। ਪਰ, ਅੱਜ ਦੀਆਂ ਸੋਚਾਂ ਅਤੇ ਆਲਸ ਨੇ ਸਾਨੂੰ ਹੱਡ ਹਰਾਮੀ ਦੇ ਦੋਸ਼ ਤੱਕ ਪਹੁੰਚਾ ਦਿੱਤਾ ਹੈ। ਇਸ ਨੂੰ ਸਹੀ ਕਰਨ ਲਈ ਮਿਹਨਤ ਦੀ ਸਿਰਜਣਾ ਦੁਬਾਰਾ ਕਰਨੀ ਹੋਵੇਗੀ। ਸਿਰਫ ਤਦ ਹੀ ਅਸੀਂ ਆਪਣੇ ਗੁਰੂਆਂ ਦੇ ਸੱਚੇ ਸਿਧਾਂਤਾਂ ਦੇ ਰਾਖੇ ਬਣ ਸਕਾਂਗੇ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

## ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਨਾਂ "ਇੰਡੀਆ ਬੁੱਕ ਆੱਫ਼ ਰਿਕਾਰਡਜ਼" 'ਚ ਦਰਜ



ਸ੍ਰੀ ਅਨੰਦਪੁਰ ਸਾਹਿਬ-ਇਲਾਕੇ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਨਾਂ "ਇੰਡੀਆ ਬੁੱਕ ਆੱਫ਼ ਰਿਕਾਰਡਜ਼" ਵਿੱਚ ਦਰਜ ਹੋ ਗਿਆ ਹੈ। ਇਸ ਦੇ ਪਿੱਛੇ ਸਟੇਟ ਐਵਾਰਡੀ, ਪ੍ਰਸਿੱਧ ਲੇਖਕ, ਸਮਾਜ ਸੇਵੀ ਕਰਮਯੋਗੀ ਮਿਹਨਤੀ ਅਧਿਆਪਕ ਮਾਸਟਰ ਸੰਜੀਵ ਧਰਮਾਣੀ ਦੀ ਮਿਹਨਤ ਤੇ ਸਕੂਲ ਅਤੇ ਵਿਦਿਆਰਥੀਆਂ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਹੀ ਨਤੀਜਾ ਹੈ। ਇਹ ਐਵਾਰਡ ਉਹਨਾਂ ਨੂੰ "ਇੰਡੀਆ ਬੁੱਕ ਆਫ ਰਿਕਾਰਡਜ਼" ਦੇ ਦਫਤਰ ਦਿੱਲੀ ਤੋਂ ਪ੍ਰਾਪਤ ਹੋਇਆ ਅਤੇ ਅੱਜ ਇਹ ਅਵਾਰਡ ਉਹਨਾਂ ਨੂੰ ਆਪਣੇ ਹੱਥੀਂ ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦਿੱਤਾ ਅਤੇ ਵਿਸ਼ੇਸ਼ ਤੌਰ 'ਤੇ ਮਾਸਟਰ ਸੰਜੀਵ ਧਰਮਾਣੀ ਨੂੰ ਸ਼ਾਬਾਸ਼ ਤੇ ਵਧਾਈ ਦਿੱਤੀ। ਇਸ ਮੌਕੇ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਕਿ ਅੱਜ ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਮੇਰੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਨਾਂ ਮੇਰੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਸਾਹਿਤ ਵਿੱਚ ਕੀਤੇ ਗਏ ਵਿਸ਼ੇਸ਼ ਕਾਰਜ ਦੇ ਲਈ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋਇਆ ਹੈ। ਇਸ ਮੌਕੇ ਉਹਨਾਂ ਨੇ ਇਹ ਵੀ ਕਿਹਾ ਕਿ ਮੈਂ ਇਸ ਪ੍ਰੋਜੈਕਟ 'ਤੇ ਨਿਸ਼ਕਾਮ ਭਾਵਨਾ ਨਾਲ਼ ਲਗਭਗ ਇੱਕ ਸਾਲ ਸਿਰ ਤੋੜ ਮਿਹਨਤ ਕੀਤੀ ਹੈ। ਸੰਜੀਵ ਧਰਮਾਣੀ ਨੇ ਕਿਹਾ ਕਿ ਸ਼ਾਇਦ ਇਹ ਭਾਰਤ ਦਾ ਪਹਿਲਾ ਅਜਿਹਾ ਸਰਕਾਰੀ ਸਕੂਲ ਹੈ ਜਿਸਦਾ ਨਾਂ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋਇਆ ਹੈ। ਇਸ ਮੌਕੇ ਉਹਨਾਂ ਨੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਤੇ ਪਰਮਾਤਮਾ ਦਾ ਵੀ ਧੰਨਵਾਦ ਕੀਤਾ। ਇਹ ਵਿਸ਼ੇਸ਼ ਤੌਰ 'ਤੇ ਦੱਸਣਯੋਗ ਹੈ ਕਿ ਮਾਸਟਰ ਸੰਜੀਵ ਧਰਮਾਣੀ ਖੁਦ ਵੀ ਆਪਣੀ ਮਿਹਨਤ ਕਰਕੇ ਸਾਹਿਤ ਦੇ ਖੇਤਰ ਵਿੱਚ ਆਪਣਾ ਨਾਮ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ ਕਰਵਾ ਚੁੱਕੇ ਹਨ।

## ਨਵੀਂ ਦਿੱਲੀ ਰੇਲਵੇ ਸਟੇਸ਼ਨ ਤੇ ਮਚੀ ਭਾਜੜ ਚ 15 ਲੋਕਾਂ ਦੀ ਮੌਤ, ਕਈਆਂ ਦੀ ਹਾਲਤ ਗੰਭੀਰ

ਨਵੀਂ ਦਿੱਲੀ -ਨਵੀਂ ਦਿੱਲੀ ਰੇਲਵੇ ਸਟੇਸ਼ਨ ਤੇ ਸ਼ਨੀਵਾਰ ਰਾਤ ਨੂੰ ਭਾਜੜ ਮਚਣ ਕਾਰਨ 15 ਲੋਕਾਂ ਦੀ ਮੌਤ ਹੋ ਗਈ ਹੈ। ਕਈ ਹੋਰ ਲੋਕ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਇਲਾਜ ਲਈ ਐੱਲਐੱਨਜੇਪੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਦਿੱਲੀ ਦੇ ਲ਼ਘ ਵੀਕੇ ਸਕਸੈਨਾ ਨੇ ਯ ਫ਼ਲਸਤੂੱਤੇ ਇੱਕ ਪੋਸਟ ਵਿੱਚ ਮੌਤਾਂ ਦੀ ਪੁਸ਼ਟੀ ਕੀਤੀ। ਇਹ ਭਾਜੜ ਰਾਤ 10 ਵਜੇ ਦੇ ਕਰੀਬ ਪਲੇਟਫਾਰਮ ਨੰਬਰ 13 ਅਤੇ 14 ਫ਼ਲਸਤੂੱਤੇ ਉਦੋਂ ਵਾਪਰੀ ਜਦੋਂ ਹਜ਼ਾਰਾਂ ਸ਼ਰਧਾਲੂ ਪ੍ਰਯਾਗਰਾਜ ਮਹਾਕੁੰਭ ਜਾਣ ਲਈ ਰੇਲਗੱਡੀ ਵਿੱਚ ਚੜ੍ਹਨ ਦੀ ਕੋਸ਼ਿਸ਼ ਕਰ ਰਹੇ ਸਨ। ਦਿੱਲੀ ਦੇ ਲ਼ਘ ਵੀਕੇ ਸਕਸੈਨਾ ਨੇ ਇੱਕ ਯ ਪੋਸਟ ਵਿੱਚ ਕਿਹਾ, ਨਵੀਂ ਦਿੱਲੀ ਰੇਲਵੇ ਸਟੇਸ਼ਨ ਤੇ ਇੱਕ ਮੰਦਭਾਗੀ ਅਤੇ ਦੁਖਦਾਈ ਘਟਨਾ ਵਾਪਰੀ ਹੈ ਜਿਸ ਵਿੱਚ ਹਫੜਾ-ਦਫੜੀ ਅਤੇ ਭਾਜੜ ਕਾਰਨ ਕਈ ਜਾਨਾਂ ਗਈਆਂ ਅਤੇ ਕਈ ਜ਼ਖਮੀ ਹੋਏ ਹਨ। ਇਸ ਦੁਖਾਂਤ ਦੇ ਪੀੜਤਾਂ ਦੇ ਪਰਿਵਾਰਾਂ ਪ੍ਰਤੀ ਮੇਰੀ ਡੂੰਘੀ ਸੰਵੇਦਨਾ ਹੈ। ਮੈਂ ਮੁੱਖ ਸਕੱਤਰ ਅਤੇ ਪੁਲਸ ਕਮਿਸ਼ਨਰ ਨਾਲ ਗੱਲ ਕੀਤੀ ਹੈ ਅਤੇ ਉਨ੍ਹਾਂ ਨੂੰ ਸਥਿਤੀ ਨੂੰ ਹੱਲ ਕਰਨ ਅਤੇ ਹੱਲ ਕਰਨ ਲਈ ਕਿਹਾ ਹੈ।

# ਲਿਓਨਾਰਡੋ ਦਾ ਵਿੰਚੀ !

ਸੰਧਰ ਵਿਸਾਖਾ, ਕਨੇਡਾ
+1 (647) 234-7466


ਆਉ ਦੁਨੀਆ ਦੀਆਂ ਮਹਾਨ ਸ਼ਖ਼ਸੀਅਤਾਂ ਦੀਆਂ ਜੀਵਨੀਆਂ ਫਰੋਲੀਏ ਤਾਂ ਜੋ ਸਾਡੇ ਵਿੱਚ ਵੀ ਆਤਮ ਨਿਰਭਰਤਾ ਦੇ ਗੁਣ ਮੌਜੂਦ ਹੋਣ ਤੇ ਅਸੀਂ ਵੀ ਦੁਨੀਆ ਨੂੰ ਸੋਹਣੀਆਂ ਨਜ਼ਰਾਂ ਨਾਲ ਵੇਖੀਏ।

ਲਿਓਨਾਰਡੋ ਦਾ ਵਿੰਚੀ ਦੁਨੀਆ ਦੀ ਉਹ ਮਹਾਨ ਸ਼ਖ਼ਸੀਅਤ ਹੈ ਜਿਸ ਬਾਰੇ ਕੋਈ ਸਹੀ ਅਨੁਮਾਨ ਹੀ ਨਹੀ ਲਗਾਇਆ ਜਾ ਸਕਿਆ ਕਿ ਉਸ ਦੀ ਪਕੜ ਕਿੰਨਿਆਂ ਵਿਸ਼ਿਆਂ ਤੇ ਸੀ। ਵਿੰਚੀ ਬਹੁਤ ਸਾਰੇ ਵਿਸ਼ਿਆਂ ਵਿੱਚ ਨਿਪੁੰਨ ਸੀ। ਉਹ ਗਣਿਤ-ਸ਼ਾਸਤਰੀ, ਲੇਖਕ, ਇੰਜੀਨੀਅਰਿੰਗ, ਹੇਅਰਮੋਨਿਸਟ, ਵਿਗਿਆਨੀ, ਚਿੱਤਰਕਾਰ, ਆਰਕੀਟੈਕਟ ਆਦਿ ਦਾ ਬਹੁਤ ਜ਼ਿਆਦਾ ਡੂੰਘਾ ਗਿਆਨ ਰੱਖਦਾ ਸੀ। ਕਹਿੰਦੇ ਹਨ ਕਿ ਵਿੰਚੀ

ਦੋਵੇਂ ਹੱਥਾਂ ਨਾਲ ਇੱਕੋ ਸਮੇਂ ਵੱਖ ਵੱਖ ਕਾਗਜ਼ਾਂ ਤੇ ਲਿਖ ਸਕਦਾ ਸੀ। ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਵਿੰਚੀ ਮਿਰਰ ਲਿਖਣਾ ਵੀ ਬਹੁਤ ਚੰਗੀ ਤਰਾਂ ਜਾਣਦਾ ਸੀ। ਮਿਰਰ ਲਿਖਣ ਤੋਂ ਭਾਵ ਜੋ ਉਲਟਾ ਲਿਖਿਆ ਗਿਆ ਹੋਵੇ ਤਾਂ ਉਹ ਸਿਰਫ ਸ਼ੀਸ਼ੇ ਵਿੱਚ ਵੇਖ ਕੇ ਪੜ੍ਹਿਆ ਜਾ ਸਕੇ। ਵਿੰਚੀ ਦੁਨੀਆ ਦਾ ਉਹ ਚਿੱਤਰਕਾਰ ਹੋ ਨਿੱਬੜਿਆਂ ਜੋ ਆਪਣਿਆਂ ਬਣਾਈਆਂ ਕਲਾਂ ਕਿਰਤਾ ਵਿੱਚ ਮੁਰਦਿਆਂ ਨੂੰ ਵੀ ਬੋਲਣ ਲਾ ਦਿੰਦਾ ਸੀ। ਵਿੰਚੀ ਦੇ ਹੱਥੀ ਬਣਾਈਆਂ ਗਈਆਂ ਬਹੁਤ ਸਾਰੀਆਂ ਤਸਵੀਰਾਂ ਸਾਂਭੀਆਂ ਹੀ ਨਹੀਂ ਗਈਆਂ। ਪਰ ਇਸ ਸਭ ਦੇ ਬਾਵਜੂਦ ਵੀ ਦੋ ਤਸਵੀਰਾਂ ਅੱਜ ਵੀ ਆਪਣੀ ਵਿਸ਼ਾਲ ਅਹਿਮੀਅਤ ਰੱਖਦੀਆਂ ਹਨ। ਇਹ ਦੋਵੇਂ ਤਸਵੀਰਾਂ ਸੰਸਾਰ ਪ੍ਰਸਿੱਧ ਤੇ ਬੇਸ਼ਕੀਮਤੀ ਹਨ। ਪਹਿਲੀ ਤਸਵੀਰ ਹੈ "ਦੀ ਲਾਸਟ ਸਫਰ" ਅਤੇ ਦੂਜੀ ਹੈ "ਮੋਨਾਲੀਜਾ"।

ਅੱਜ ਦੇ ਸਾਇੰਸ ਦੇ ਅਹਿਲਕਾਰਾਂ ਨੂੰ ਵਿੰਚੀ ਨੇ 300 ਸਾਲ ਪਹਿਲਾਂ ਹੀ ਆਪਣੀ ਕਿਤਾਬ ਵਿੱਚ ਲਿਖ ਦਿੱਤਾ ਸੀ ਜੋ ਕਿ 1994 ਵਿੱਚ ਮਾਈਕਰੋ ਸਾਫਟ ਦੇ ਮਾਲਕ ਨੇ 30 ਮਿਲੀਅਨ ਡਾਲਰ ਲਗਭਗ ਢਾਈ ਸੋ ਕਰੋੜ ਰੁਪਏ ਵਿੱਚ ਖਰੀਦ ਲਿਆ ਸੀ। ਇਸ ਕਿਤਾਬ ਵਿੱਚ ਵੀ ਵਿੰਚੀ ਨੇ ਮਿਰਰ ਲਿਖਣ ਦੀ ਕਲਾ ਵਰਤੀ ਹੈ। ਕਹਿਣ ਤੋਂ ਭਾਵ ਹੈ ਕਿ ਇਸ ਕਿਤਾਬ ਨੂੰ ਕੇਵਲ ਤੇ ਕੇਵਲ ਸ਼ੀਸ਼ੇ ਵਿੱਚ ਵੇਖ ਕੇ ਹੀ ਪੜ੍ਹਿਆ ਜਾ ਸਕਦਾ ਹੈ। ਇਸ ਕਿਤਾਬ ਵਿੱਚ ਵਿੰਚੀ ਨੇ ਟੈਂਕ, ਤੋਪ, ਹੈਲੀਕਾਪਟਰ, ਪੈਰਾਸ਼ੂਟ ਆਦਿ ਸਾਇੰਸ ਦੀਆਂ ਕਾਢਾਂ ਬਾਰੇ ਵਿਸਥਾਰ ਪੂਰਵਕ ਲਿਖ ਦਿੱਤਾ ਸੀ। "ਦੀ ਲਾਸਟ ਸਫ਼ਰ" ਜੋ ਕਿ ਵਿੰਚੀ ਨੇ 1494 ਤੋਂ 1498 ਵਿੱਚ ਪੂਰੀ ਕੀਤੀ। ਇਸ ਕਿਤਾਬ ਵਿੱਚ ਯਿਸ਼ੂ ਮਸੀਹ ਆਪਣੇ ਉਪਾਸ਼ਕਾਂ ਨਾਲ ਖਾਣਾ ਖਾਂਦੇ ਦਿਖਾਈ ਦੇ ਰਹੇ ਹਨ ਅਤੇ ਉਹ ਨਾਲ ਹੀ ਕਹਿ ਰਹੇ ਹੋਣ ਕਿ ਤੁਹਾਡੇ ਵਿੱਚੋਂ ਹੀ ਕੋਈ ਇੱਕ ਮੈਨੂੰ ਧੋਖਾ ਦੇਵੇਗਾ। ਵਿੰਚੀ ਦਾ ਕਿਹਾ ਸੱਚ ਵੀ ਹੋਇਆ।

ਵਿੰਚੀ ਦੀ ਦੂਸਰੀ ਪ੍ਰਸਿੱਧ ਕਲਾ ਕਿਰਤ ਹੈ ਉਸ ਦੁਆਰਾ ਬਣਾਈ ਗਈ ਮੋਨਾਲੀਜਾ ਨਾਮਕ ਤਸਵੀਰ। ਇਹ ਤਸਵੀਰ ਅਕਾਰ ਵਿੱਚ 77×53 ਸੈਂਟੀਮੀਟਰ ਹੈ ਜੋ ਕਿ ਫਰਾਂਸ ਦੇ ਮਸ਼ਹੂਰ ਲੂਵਰ ਅਜਾਇਬ ਘਰ ਵਿੱਚ



ਲਗਾਈ ਗਈ ਹੈ। ਮੋਨਾਲੀਜਾ ਦੀ ਇਹ ਤਸਵੀਰ ਦਰਸ਼ਕਾਂ ਅਤੇ ਵਿਦਵਾਨਾਂ ਲਈ ਬ੍ਰਹਿਮੰਡ ਦੀ ਤਰਾਂ ਅਭੇਦ ਹੈ। ਜਿਸ ਦਾ ਭੇਦ ਪਾਉਣਾ ਅਸੰਭਵ ਹੈ। ਮੈਨੂੰ ਜਿੰਨੀ ਵਾਰ ਵੀ ਲੂਵਰ ਅਜਾਇਬ ਘਰ ਫਰਾਂਸ ਜਾਣ ਦਾ ਮੌਕਾ ਮਿਲਿਆ ਮੈਂ ਹਰ ਵਾਰ ਮੋਨਾਲੀਜਾ ਦੀ ਤਸਵੀਰ ਨੂੰ ਵੱਖ ਵੱਖ ਕੋਣਾਂ ਤੋਂ ਤੱਕਿਆ, ਤੇ ਹਰ ਵਾਰ ਮੇਰੇ ਮੂੰਹੋਂ ਨਿਕਲਿਆ "ਵਾਹ ਵਿੰਚੀ ਕਮਾਲ ਦੀ ਕਲਾਕਾਰੀ ਕੀਤੀ ਹੈ ਤੂੰ"। ਮੋਨਾਲੀਜਾ ਦੀ ਇਸ ਕੀਮਤੀ ਤਸਵੀਰ ਦੀ ਕੀਮਤ ਅੱਜ ਲਗਭਗ 22 ਬਿਲੀਅਨ ਡਾਲਰ ਦੱਸੀ ਜਾ ਰਹੀ ਹੈ। ਵਿੰਚੀ ਨੇ ਇਹ ਤਸਵੀਰ 1503 ਤੋਂ 1506 ਦੇ ਸਮੇਂ ਦੌਰਾਨ ਫਲੋਰੈਂਸ ਸ਼ਹਿਰ ਵਿੱਚ ਰਹਿ ਕੇ ਬਣਾਈ ਸੀ। ਫਲੋਰੈਂਸ, ਇਟਲੀ ਦਾ ਇੱਕ ਘੁੱਗ ਵੱਸਦਾ ਸ਼ਹਿਰ ਹੈ। ਵਿੰਚੀ ਨੇ ਮੋਨਾਲੀਜਾ ਦਾ ਮੁਜੱਸਮਾ ਜਾਂ ਕਹਿ ਲਵੋ ਤਲਿੱਸਮ ਇਸ ਤਰਾਂ ਆਪਣੇ ਕੈਨਵਸ ਤੇ ਉਤਾਰਿਆ ਕਿ ਉਹ ਆਪ ਤਾਂ ਸਦਾ ਲਈ ਅਮਰ ਹੋ ਹੀ ਗਿਆ ਨਾਲ ਹੀ ਮੋਨਾਲੀਜਾ ਨੂੰ ਵੀ ਅਮਰ ਕਰ ਗਿਆ।

ਬਹੁਤ ਸਾਰੇ ਇਤਿਹਾਸਕਾਰਾਂ ਦਾ ਮੱਤ ਹੈ ਕਿ ਇਟਲੀ ਦੇ ਇੱਕ ਧਨਾਢ ਵਪਾਰੀ ਫਰਾਸਿਸਕੋ ਡੇਲ ਜੀਓ ਕੋਨਡੋ ਦੀ ਪਤਨੀ ਜਿਸ ਦਾ ਪੂਰਾ ਨਾਂ ਮੋਨਾਲੀਜਾ ਡੇਲ ਜੀਓ ਕੋਨਡੋ ਦੀ ਤਸਵੀਰ ਵਿੰਚੀ ਨੇ ਬਣਾਈ ਸੀ। ਮੋਨਾਲੀਜਾ ਦੀ ਮੁਸਕਾਨ ਕਈ ਖੋਜਾਂ ਦਾ ਵਿਨਾਸ਼ ਕਰ ਰਹੀ ਹੈ, ਉਸ ਦੀ ਚੁੱਪ ਵੀ ਬਹੁਤ ਕੁਝ ਕਹਿ ਰਹੀ ਹੈ, ਇਸ ਤਰਾਂ ਲੱਗਦਾ ਹੈ ਕਿ ਵਿੰਚੀ ਦੀ ਰੂਹ ਹਰ ਵਕਤ ਮੋਨਾਲੀਜਾ ਦੇ ਇਰਦ ਗਿਰਦ ਹੀ ਘੁੰਮ ਰਹੀ ਹੈ। ਵਿੰਚੀ ਨੇ ਮਨੁੱਖੀ ਸਰੀਰ ਤੇ ਵੀ ਬਹੁਤ ਅਧਿਐਨ ਕੀਤਾ। ਵਿੰਚੀ ਨੇ ਮਨੁੱਖੀ ਸਰੀਰ ਦੇ ਅੰਗਾਂ ਬਾਰੇ ਆਪਣੀਆਂ ਕਿਤਾਬਾਂ ਵਿੱਚ ਬਹੁਤ ਕੁਝ ਅਜਿਹਾ ਲਿਖਿਆ ਜੋ ਉਸ ਤੋਂ ਪਹਿਲਾਂ ਕਿਸੇ ਹੋਰ ਨੇ ਨਹੀਂ ਲਿਖਿਆ।

ਕਹਿੰਦੇ ਨੇ ਕੁਦਰਤ ਆਪਣਾ ਭੇਦ ਸਦਾ ਹੀ ਆਪਣੇ ਕੋਲ ਰੱਖਦੀ ਹੈ। ਕਹਿੰਦੇ ਨੇ ਵਿੰਚੀ ਅਤੇ ਉਸ ਦਾ ਸਮਕਾਲੀ ਦਾਰਸ਼ਨਿਕ ਨਿਕੋਲੋ ਮਾਚੀਆਕੇਲੀ ਦੋਵਾਂ ਨੇ ਇਟਲੀ ਦੇ ਸ਼ਹਿਰ ਫਲੋਰੈਂਸ ਵਿੱਚ ਵਗਦੀ ਅਰਨੋ ਨਾਮਕ ਨਦੀ ਦਾ ਬਹਾਅ ਬਦਲਣ ਦੀ ਵੀ ਕੋਸ਼ਿਸ਼ ਕੀਤੀ ਪਰ ਅਸਫਲ ਰਹੇ। ਵਿੰਚੀ ਦੀ ਬਣਾਈ ਪਹਿਲੀ ਤਸਵੀਰ ਵੀ ਅਰਨੋ ਨਦੀ ਦੀ ਹੀ ਹੈ ਜੋ ਉਸ ਨੇ 1473 ਵਿੱਚ ਬਣਾਈ ਸੀ। ਵਿੰਚੀ ਕਦੇ ਵੀ ਸਕੂਲ ਨਹੀਂ ਸੀ ਗਿਆ। ਉਸ ਨੇ ਪੜ੍ਹਨਾ ਲਿਖਣਾ ਸਭ ਆਪਣੀ ਘਾਲਣਾ ਘਾਲ ਕੇ ਸਿੱਖਿਆ ਸੀ। ਵਿੰਚੀ ਦੀ ਤੇਜ ਤਰਾਰ ਸੋਚ ਤੇ ਚਾਲ ਨੂੰ ਵੇਖ ਕੇ ਉਸ ਦੇ ਪਿਤਾ ਨੇ ਉਸ ਨੂੰ ਪ੍ਰਸਿੱਧ ਮੂਰਤੀਕਾਰ ਅਤੇ ਚਿੱਤਰਕਾਰ ਐਂਡਰਲੋ ਡੇਲ ਵੇਰੋਚਿਓ ਕੋਲ ਭੇਜਿਆ। ਉਹ ਹੀ ਵਿੰਚੀ ਦਾ ਗੁਰੂ ਸੀ। ਵਿੰਚੀ ਹੀ ਉਹ ਪਹਿਲਾ ਇਨਸਾਨ ਸੀ ਜਿਸ ਨੇ ਦੱਸਿਆ ਕਿ ਅਕਾਸ਼ ਨੀਲਾ ਕਿਉਂ ਹੁੰਦਾ ਹੈ? ਵਿਨਸੀ ਨੇ ਦੱਸਿਆ ਕਿ ਹਵਾ ਸੂਰਜ ਤੋਂ ਆਉਣ ਵਾਲੀਆਂ ਕਿਰਨਾ ਨੂੰ ਬਖੇਰ ਦਿੰਦੀ ਹੈ। ਦੂਜੇ ਰੰਗਾ ਨਾਲੋਂ ਨੀਲਾ ਰੰਗ ਜ਼ਿਆਦਾ ਫੈਲਦਾ ਹੈ, ਇਸ ਕਰਕੇ ਨੀਲਾ ਰੰਗ ਸਾਨੂੰ ਜ਼ਿਆਦਾ ਵਿਖਾਈ ਦਿੰਦਾ ਹੈ। 1516 ਈਸਵੀ ਨੂੰ ਵਿੰਚੀ ਫਰਾਂਸ ਦੇ ਰਾਜੇ ਦੇ ਸੱਦਣ ਤੇ ਇਟਲੀ ਨੂੰ ਸਦਾ ਲਈ ਛੱਡ ਗਿਆ ਸੀ। ਉਹ ਆਪਣੀਆਂ ਸਾਰੀਆਂ ਕਲਾ ਕਿਰਤਾਂ ਆਪਣੇ ਨਾਲ ਹੀ ਫਰਾਂਸ ਨੂੰ ਲੈ ਗਿਆ ਸੀ। ਕਹਿੰਦੇ ਹਨ ਕਿ ਵਿੰਚੀ ਦੀ ਜ਼ਿੰਦਗੀ ਦੇ ਆਖ਼ਰੀ ਦਿਨ ਉਸ ਲਈ ਬਹੁਤ ਦਰਦ ਭਰੇ ਸਾਬਤ ਹੋਏ। ਵਿੰਚੀ ਦਾ ਅਸਲ ਦੋਸਤ ਮਿਲਜੀ ਸਦਾ ਹੀ ਉਸ ਦੇ ਨਾਲ ਰਿਹਾ। ਆਪਣੇ ਆਖ਼ਰੀ ਸਾਹਾ ਵਿੱਚ ਵਿੰਚੀ ਨੇ ਆਪਣੀ ਸਾਰੀ ਧੰਨ ਦੌਲਤ ਆਪਣੇ ਦੋਸਤ ਮਿਲਜੀ ਨੂੰ ਹੀ ਸੌਂਪ ਦਿੱਤੀ ਸੀ। 1519 ਈਸਵੀ ਨੂੰ ਵਿੰਚੀ ਸਦਾ ਸਦਾ ਲਈ ਇਸ ਜਹਾਨ ਤੋਂ ਸਰੀਰਕ ਰੂਪ ਚ ਅਲੋਪ ਹੋ ਗਿਆ। ਦੁਨੀਆ ਤੋਂ ਜਾਣ ਲੱਗੇ ਪਤਾ ਨਹੀਂ ਵਿੰਚੀ ਹੋਰ ਕਿੰਨੇ ਭੇਦ ਕਿੰਨੀਆਂ ਖੋਜਾਂ ਆਪਣੇ ਨਾਲ ਹੀ ਲੈ ਗਿਆ। ਦੁਨੀਆ ਦੀ ਇਸ ਮਹਾਨ ਸਖਸੀਅਤ ਲਿਓਨਾਰਡੋ ਦਾ ਵਿੰਚੀ ਨੂੰ ਫਰਾਂਸ ਦੇ ਸੇਂਟ-ਫਲੋਰੈਂਟਿਨ ਚਰਚ ਵਿੱਚ ਦਫ਼ਨਾਇਆ ਗਿਆ। 1800 ਈਸਵੀ ਵਿੱਚ ਫਰਾਂਸ ਦੀ ਕ੍ਰਾਂਤੀ ਦੌਰਾਨ ਇਹ ਚਰਚ ਢਹਿ ਢੇਰੀ ਕਰ ਦਿੱਤਾ ਗਿਆ ਸੀ। ਇਸ ਚਰਚ ਦੇ ਨਾਲ ਹੀ ਵਿੰਚੀ ਦੀ ਕਬਰ ਵੀ ਮਲੀਆਂ ਮੇਟ ਕਰ ਦਿੱਤੀ ਗਈ।

ਵਿੰਚੀ ਆਉਣ ਵਾਲੀਆਂ ਮਨੁੱਖੀ ਨਸਲਾਂ ਦਾ ਵੀ ਮਾਰਗ ਦਰਸ਼ਨ ਕਰਦਾ ਰਹੇਗਾ। ਵਿੰਚੀ ਹਮੇਸ਼ਾ ਹੀ ਕਲਾ ਪ੍ਰੇਮੀਆਂ ਦੇ ਦਿਲਾਂ ਤੇ ਮਹਿਬੂਬ ਬਣ ਰਾਜ ਕਰਦਾ ਰਹੇਗਾ। ਵਿਨਸੀ ਆਪ ਤਾਂ ਮਰ ਕੇ ਵੀ ਅਮਰ ਹੋ ਗਿਆ ਤੇ ਨਾਲ ਹੀ ਅਮਰ ਕਰ ਗਿਆ ਮੋਨਾਲੀਜਾ ਨੂੰ।

## ਅਮਰੀਕਾ ਤੇ ਭਾਰਤ ਵਿਚਾਲੇ ਟੈਕਸ, ਦੁਪਾਸੜ ਸਬੰਧ ਤੇ ਪ੍ਰਵਾਸ ਨਾਲ ਜੁੜੇ ਮੁੱਦਿਆਂ ਦਾ ਹੱਲ ਜਰੂਰੀ-ਸ਼੍ਰੀ ਥਾਨੇਦਾਰ



ਸੈਕਰਾਮੈਂਟੋ, ਕੈਲਫੋਰਨੀਆ (ਹੁਸਨ ਲੜੋਆ ਬੰਗਾ)-ਸਾਂਸਦ ਸ੍ਰੀ ਥਾਨੇਦਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੀਟਿੰਗ ਤੋਂ ਪਹਿਲਾਂ ਟੈਕਸ ਦੇ ਮੁੱਦੇ ਨੂੰ ਉਭਾਰਦਿਆਂ ਕਿਹਾ ਹੈ ਕਿ ਵਪਾਰ, ਦੁਪਾਸੜ ਸਬੰਧ ਤੇ ਪ੍ਰਵਾਸ ਪ੍ਰਮੁੱਖ ਮੁੱਦੇ ਹਨ ਜਿਨਾਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ।

ਸ਼੍ਰੀ ਥਾਨੇਦਾਰ ਨੇ ਕਿਹਾ ਕਿ ਇਹ ਬਹੁਤ ਉਤਸੁਕਤਾ ਵਾਲਾ ਸਮਾਂ ਹੈ, ਪ੍ਰਧਾਨ ਮੰਤਰੀ ਮੋਦੀ ਤੇ ਡੋਨਾਲਡ ਟਰੰਪ ਇਸ ਤੋਂ ਪਹਿਲਾਂ ਦੋ ਵਾਰ ਮਿਲ ਚੁੱਕੇ ਹਨ, ਮੈ ਹੁਣ ਇਸ ਮੀਟਿੰਗ ਤੋਂ ਆਸਵੰਦ ਹਾਂ ਜਿਸ ਵਿਚ ਕੁਝ ਅਹਿਮ ਮੁੱਦਿਆਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਉਨਾਂ ਕਿਹਾ ਕਿ ਟੈਕਸ, ਆਪਸੀ ਸਬੰਧ , ਵਣਜ ਤੇ ਪ੍ਰਵਾਸ ਅਹਿਮ ਹਨ। ਮੈ ਆਸ ਕਰਦਾ ਹਾਂ ਕਿ ਇਨਾਂ ਮੁੱਦਿਆਂ ਬਾਰੇ ਗੱਲ ਕੀਤੀ ਜਾਵੇਗੀ ਤੇ ਫੈਸਲਾ ਲਿਆ ਜਾਵੇਗਾ।

ਜਦੋਂ ਪੁੱਛਿਆ ਗਿਆ ਕਿ ਕੀ ਮੀਟਿੰਗ ਦੌਰਾਨ ਬੰਗਲਾਦੇਸ਼ ਦੇ ਮੁੱਦੇ 'ਤੇ ਵੀ ਵਿਚਾਰ ਹੋ ਸਕਦੀ ਹੈ ਤਾਂ ਸ੍ਰੀ ਥਾਨੇਦਾਰ ਨੇ ਕਿਹਾ ਮੈਨੂੰ ਆਸ ਹੈ ਕਿ ਅਜਿਹਾ ਹੋਵੇਗਾ। ਉਨਾਂ ਕਿਹਾ ਰਾਸ਼ਟਰਪਤੀ ਬਾਈਡਨ ਦੇ ਕਾਰਜਕਾਲ ਵੇਲੇ ਵਿਦੇਸ਼ ਵਿਭਾਗ ਨੇ ਬੰਗਲਾਦੇਸ਼ ਵਿਰੁੱਧ ਕੁਝ ਆਰਥਕ ਪਾਬੰਦੀਆਂ ਲਾਈਆਂ ਸਨ ਜਿਨਾਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਦੇ ਪੁੱਤਰ ਧਰੁਵ ਜੈਸ਼ੰਕਰ ਕਾਰਜਕਾਰੀ ਡਾਇਰੈਕਟਰ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਅਮੇਰਿਕਾ ਕਹਿ ਚੁੱਕੇ ਹਨ ਕਿ ਭਾਰਤ ਤੇ ਅਮਰੀਕਾ ਵਿਚਾਲੇ ਵਪਾਰ ਟਕਰਾਅ ਰੋਕਣ ਲਈ ਸਮਝੌਤਾ ਹੋਣਾ ਜਰੂਰੀ ਹੈ। ਉਨਾਂ ਕਿਹਾ ਕਿ ਭਾਰਤ ਸਟੀਲ ਦਾ ਪ੍ਰਮੁੱਖ ਉਤਪਾਦਕ ਹੈ ਇਸ ਲਈ ਟਕਰਾਅ ਸੰਭਵ ਹੈ। ਜਿਕਰਯੋਗ ਹੈ ਕਿ ਟਰੰਪ ਸਟੀਲ ਦਰਾਮਦ ਉਪਰ 25% ਟੈਕਸ ਲਾਉਣ ਦਾ ਐਲਾਨ ਕਰ ਚੁੱਕੇ ਹਨ। ਜੈਸ਼ੰਕਰ ਨੇ ਗੈਰ ਕਾਨੂੰਨੀ ਭਾਰਤੀ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੇ ਮੁੱਦੇ ਨੂੰ ਵੀ ਹੱਲ ਕਰਨ 'ਤੇ ਜੋਰ ਦਿੱਤਾ ਹੈ।

# ਸਿੱਖ ਭਾਈਚਾਰੇ ਵਿਚੋਂ ਜਾਤੀ-ਸਿਸਟਮ ਖ਼ਤਮ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਯਤਨ

**ਤਲਵਿੰਦਰ ਸਿੰਘ ਬੁੱਟਰ**
ਮੋਬਾਈਲ : 98780-70008



ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਵੇਲੇ ਸਿੱਖ ਧਰਮ ਦੀ ਨੀਂਹ ਰੱਖੀ ਸੀ ਤਾਂ ਉਸ ਵੇਲੇ ਸਮਾਜ ਅਤੇ ਧਰਮ ਜਾਤ-ਪਾਤ ਦੇ ਵਿਤਕਰਿਆਂ 'ਚ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ। ਜਾਤ-ਵਰਣ ਦੇ ਵੰਡ-ਵਿਤਕਰਿਆਂ ਵਾਲੇ ਸਮਾਜ 'ਚ ਅਖੌਤੀ ਨੀਚ ਜਾਤ ਆਖੇ ਜਾਣ ਵਾਲੇ ਲੋਕਾਂ ਕੋਲੋਂ ਉਨ੍ਹਾਂ ਦੇ ਸਾਰੇ ਮਨੁੱਖੀ ਹਕੂਕ ਅਤੇ ਧਰਮ ਕਰਮ ਦੇ ਅਧਿਕਾਰ ਖੋਹ ਲਏ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਦਾ ਖੰਡਨ ਕੀਤਾ ਅਤੇ ਹਰੇਕ ਮਨੁੱਖ ਨੂੰ ਇਕ ਰਬੀ ਜੋਤ ਜਾਣ ਕੇ ਮਨੁੱਖੀ ਭਾਈਚਾਰੇ ਨੂੰ ਆਪਸੀ ਸਦਭਾਵਨਾ ਅਤੇ ਪਿਆਰ ਦਾ ਸੁਨੇਹਾ ਦਿੱਤਾ। ਗੁਰੂ ਸਾਹਿਬ ਨੇ ਬੁਲੰਦ ਆਵਾਜ਼ ਵਿਚ ਫ਼ਰਮਾਇਆ:

*ਜਾਣਹੁ ਜੋਤਿ ਨ ਪੂਛਹੁ ਜਾਤੀ*
*ਆਗੈ ਜਾਤਿ ਨ ਹੇ ॥* (ਅੰਗ: 349)

ਗੁਰੂ ਸਾਹਿਬ ਨੇ ਜਾਤ ਨਾਲੋਂ ਮਨੁੱਖ ਦੇ ਕਰਮਾਂ ਦੀ ਪ੍ਰਧਾਨਤਾ 'ਤੇ ਜ਼ੋਰ ਦਿੰਦਿਆਂ ਆਖਿਆ ਕਿ ਰੱਬ ਦੀ ਦਰਗਾਹ 'ਚ ਕਿਸੇ ਦੀ ਉੱਚੀ-ਨੀਵੀਂ ਜਾਤ ਨਹੀਂ ਦੇਖੀ ਜਾਂਦੀ, ਉੱਥੇ ਸਿਰਫ਼ ਮਨੁੱਖ ਦੇ ਕੀਤੇ ਭਲੇ ਕਰਮਾਂ ਨੂੰ ਹੀ ਆਦਰ ਮਿਲਦਾ ਹੈ-

*ਅਗੈ ਜਾਤਿ ਨ ਜੋਰੁ ਹੈ*
*ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ*
*ਚੰਗੇ ਸੇਈ ਕੇਇ ॥* (ਅੰਗ: 469)

ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਚਹੁੰ ਵਰਣਾਂ ਦੇ ਲੋਕਾਂ ਨੂੰ ਇਕ ਬਾਟੇ ਵਿਚੋਂ ਅੰਮ੍ਰਿਤ ਛਕਾਇਆ। ਜਾਤ-ਪਾਤ ਭਿੰਨ-ਭੇਦ ਮਿਟਾ ਦਿੱਤਾ। ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਅੱਜ ਤੋਂ ਤੁਸੀਂ 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ' (ਅੰਗ: 938) ਹੈ ਅਤੇ ਪਿਛਲੀ ਕੁਲ, ਵੰਸ਼, ਜਾਤ, ਦੇਸ਼ ਅਤੇ ਕਰਮ ਦਾ ਖ਼ਿਆਲ ਤੱਕ ਤਿਆਗ ਦੇਣਾ ਹੈ। ਜਿਹੜਾ ਸਿੱਖ, ਸਿੱਖ ਨੂੰ ਉਸ ਦੀ ਜਾਤ ਪੁੱਛੇਗਾ, ਸੋ ਤਨਖ਼ਾਹੀਆ ਹੋਵੇਗਾ। ਉਹ ਗੁਰੂ ਦੀ ਪ੍ਰਸੰਨਤਾ ਹਾਸਿਲ ਨਹੀਂ ਕਰ ਸਕਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਚ ਪਹਾੜੀ ਰਾਜਿਆਂ ਨੇ ਸੁਲ੍ਹਾ-ਸਫ਼ਾਈ ਲਈ ਬਾਸ਼ਰਤ ਤਜਵੀਜ਼ ਭੇਜੀ ਕਿ, (ਅਖਨਤੀ) ਸਵਰਨ ਜਾਤਾਂ ਨੂੰ 'ਸ਼ੂਦਰਾਂ' ਤੋਂ ਵੱਖਰੇ ਬਾਟੇ ਵਿਚ ਅੰਮ੍ਰਿਤ ਛਕਾਇਆ ਜਾਵੇ ਅਤੇ (ਅਖੌਤੀ) ਸਵਰਨ ਜਾਤਾਂ ਲਈ ਪੰਗਤ ਛੋਟੀਆਂ ਜਾਤਾਂ ਤੋਂ ਵੱਖਰੀ ਲਗਾਈ ਜਾਵੇ, ਤਾਂ ਗੁਰੂ ਸਾਹਿਬ ਨੇ ਇਨ੍ਹਾਂ ਸ਼ਰਤਾਂ ਨੂੰ ਮੁੱਢੋਂ ਹੀ ਖਾਰਜ ਕਰਕੇ ਫ਼ਰਮਾਇਆ,

*ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ,*
*ਯਿਹ ਯਾਦ ਰਖੈਂ ਹਮਰੀ ਗੁਰਿਆਈ ॥*
(ਪੰਥ ਪ੍ਰਕਾਸ਼)

ਅਠ੍ਹਾਰਵੀਂ ਸਦੀ 'ਚ ਅਕਾਲੀ ਫ਼ੂਲਾ ਸਿੰਘ ਦੇ ਅਕਾਲ ਚਲਾਣੇ ਤੋਂ ਉਪਰੰਤ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ



ਅਤੇ ਬਾਅਦ ਵਿਚ ਗੁਰਦੁਆਰਿਆਂ ਦੀ ਸੇਵਾ-ਸੰਭਾਲ ਉਨ੍ਹਾਂ ਮਹੰਤਾਂ ਕੋਲ ਚਲੀ ਗਈ, ਜਿਨ੍ਹਾਂ ਵਿਚ ਬ੍ਰਾਹਮਣੀ ਕਰਮ-ਕਾਂਡਾਂ ਅਤੇ ਰੀਤੀ-ਰਿਵਾਜਾਂ ਦਾ ਬੋਲਬਾਲਾ ਸੀ। ਅੰਗਰੇਜ਼ਾਂ ਨੇ ਵੀ ਸਿੱਖਾਂ ਦੀ ਪੰਥਕ ਏਕਤਾ ਨੂੰ ਖੇਰੂੰ-ਖੇਰੂੰ ਕਰਨ ਦੇ ਮਕਸਦ ਲਈ ਇਨ੍ਹਾਂ ਮਹੰਤਾਂ ਨੂੰ ਥਾਪੜਾ ਦਿੱਤਾ ਅਤੇ 'ਜਾਤ-ਪਾਤ' ਨੂੰ ਉਤਸ਼ਾਹਿਤ ਕਰਨ 'ਚ ਲੁਕਵੀਂ ਭੂਮਿਕਾ ਨਿਭਾਈ।

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮਿਬਸਰ 'ਤੇ ਕਾਬਜ਼ ਪੁਜਾਰੀਆਂ ਨੇ ਦਲਿਤ ਆਖੇ ਜਾਣ ਵਾਲੇ ਸਿੱਖਾਂ ਦਾ ਕੜਾਹ ਪ੍ਰਸ਼ਾਦ ਕਬੂਲ ਕਰਨਾ ਬੰਦ ਕਰ ਦਿੱਤਾ। ਵੀਹਵੀਂ ਸਦੀ ਦੀ ਸ਼ੁਰੂਆਤ ਦਨਰਾਨ ਸਿੰਘ ਸਭਾ ਲਹਿਰ, ਅਕਾਲੀ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈਪ ਇਸ ਦਨਰਾਨ 10 ਤੋਂ 12 ਅਕਤੂਬਰ 1920 ਨੂੰ ਗੁਰਦੁਆਰਾ ਸੁਧਾਰ ਲਹਿਰ ਤਹਿਤ ਜਲ੍ਹਿਆਂਵਾਲਾ ਬਾਗ਼ 'ਚ ਕਥਿਤ ਪੱਛੜੀਆਂ ਜਾਤਾਂ ਦੇ ਸਿੱਖਾਂ ਦਾ ਇਕ ਵੱਡਾ ਇਕੱਠ ਬੁਲਾਇਆ ਗਿਆ। ਇਸ ਦੌਰਾਨ ਵੀ ਉਨ੍ਹਾਂ ਸਿੱਖਾਂ ਨੂੰ ਲੰਗਰ ਵਾਸਤੇ ਭਾਂਡੇ ਨਾ ਦਿੱਤੇ ਗਏ। 11 ਅਕਤੂਬਰ ਨੂੰ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਕਥਿਤ ਪੱਛੜੀਆਂ ਜਾਤਾਂ ਦੇ ਸਿੱਖ ਸ੍ਰੀ ਦਰਬਾਰ ਸਾਹਿਬ ਪ੍ਰਸ਼ਾਦ ਲੈ ਕੇ ਜਾਣਗੇ। ਅਗਲੇ ਦਿਨ ਬਹੁਤ ਸਾਰੇ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੇ ਅੰਮਿਬ ਛਕਿਆ ਅਤੇ ਬਾਅਦ ਵਿਚ ਸਾਰੇ ਸਿੰਘ ਇਕੱਠੇ ਹੋ ਕੇ ਸ੍ਰੀ ਦਰਬਾਰ ਸਾਹਿਬ ਗਏ। ਉਨ੍ਹਾਂ ਦਾ ਪ੍ਰਸ਼ਾਦ ਪੁਜਾਰੀਆਂ ਨੇ ਕਬੂਲ ਨਾ ਕੀਤਾਪ ਪ੍ਰੋ. ਹਰਕਿਸ਼ਨ ਸਿੰਘ ਬਾਵਾ ਨੇ ਗਲ ਵਿਚ ਪੱਲਾ ਪਾ ਕੇ ਤਿੰਨ ਵਾਰੀ ਪੁਜਾਰੀਆਂ ਨੂੰ ਅਰਜ ਕੀਤੀ, ਪਰ ਉਨ੍ਹਾਂ ਨੇ ਫਿਰ ਵੀ ਪ੍ਰਸ਼ਾਦ ਕਬੂਲ ਨਾ ਕੀਤਾ। ਇਸ ਦੌਰਾਨ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ 'ਚ ਸੰਗਤਾਂ ਨੇ ਇਸ ਕੁਰੀਤੀ ਦੇ ਖ਼ਿਲਾਫ਼ ਮੋਰਚਾ ਲਾ ਲਿਆ। ਪੁਜਾਰੀ ਆਪਣੀ ਗੱਲ 'ਤੇ ਅੜੇ ਰਹੇਪ ਅਖ਼ੀਰ ਫ਼ੈਸਲਾ ਹੋਇਆ ਕਿ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਲਿਆ ਜਾਵੇਪ ਹੁਕਮ ਆਇਆ:

ਸੋਰਠਿ ਮ: 3 ਦੁਤੁਕੀ
ਨਿਗੁਣਿਆ ਨੋ ਆਪੇ ਬਖਸਿ ਲਏ
ਭਾਈ ਸਤਿਗੁਰ ਕੀ ਸੇਵਾ ਲਾਇ ॥
ਸਤਿਗੁਰ ਕੀ ਸੇਵਾ ਊਤਮ ਹੈ
ਭਾਈ ਰਾਮ ਨਾਮਿ ਚਿਤੁ ਲਾਇ ॥
(ਅੰਗ: 638)

ਸੰਗਤਾਂ ਇਹ ਇਲਾਹੀ ਹੁਕਮ ਸੁਣ ਕੇ ਵਿਸਮਾਦ 'ਚ ਆ ਗਈਆਂਪ ਅਖ਼ੀਰ ਪੁਜਾਰੀਆਂ ਨੂੰ ਕਥਿਤ ਪੱਛੜੀਆਂ ਜਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲ ਕਰਨਾ ਪਿਆ ਅਤੇ ਪ੍ਰਸ਼ਾਦ ਸਾਰੀ ਸੰਗਤ 'ਚ ਵਰਤਾਇਆ ਗਿਆ। ਇਸ ਤਰ੍ਹਾਂ ਗੁਰਦੁਆਰਾ ਸੁਧਾਰ ਲਹਿਰ ਦੀ ਇਕ ਪਵਿੱਤਰ ਭਾਵਨਾ ਗੁਰਦੁਆਰਿਆਂ ਅਤੇ ਸਿੱਖ ਸਮਾਜ ਅੰਦਰੋਂ ਜਾਤ-ਪਾਤ ਦੇ ਪੈਦਾ ਹੋਏ ਵਿਤਕਰੇ ਨੂੰ ਦੂਰ ਕਰਨਾ ਵੀ ਸੀਪ ਅਖ਼ੀਰ ਮਹੰਤਾਂ ਨੂੰ ਗੁਰਦੁਆਰੇ ਛੱਡਣੇ ਪਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ।

ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਨਾਲ ਹੀ ਸਿੱਖ ਪੰਥ ਨੇ ਜਾਤ-ਪਾਤ ਦੀ ਕੁਰੀਤੀ ਖ਼ਤਮ ਕਰਨ ਲਈ ਕਥਿਤ ਨੀਵੀਆਂ ਜਾਤਾਂ ਸਮਝੇ ਜਾਣ ਵਾਲੇ ਲੋਕਾਂ ਨੂੰ ਅੰਮਿਬ ਛਕਾ ਕੇ ਖ਼ਾਲਸਾ ਪੰਥ 'ਚ ਸ਼ਾਮਿਲ ਕਰਨ ਦੀ ਜ਼ੋਰਦਾਰ ਮੁਹਿੰਮ ਆਰੰਭੀ। ਇਨ੍ਹਾਂ ਨਵੇਂ ਸਜੇ ਸਿੰਘਾਂ ਨਾਲ ਵੀ ਕੁਝ ਕੁ ਥਾਵਾਂ 'ਤੇ ਵਿਤਕਰਾ ਕਰਨ ਦੀਆਂ ਪੰਥ ਨੂੰ ਖ਼ਬਰਾਂ ਮਿਲੀਆਂ ਤਾਂ ਸ਼੍ਰੋਮਣੀ ਕਮੇਟੀ ਨੇ 14 ਮਾਰਚ 1927 ਨੂੰ ਸਰਬਸੰਮਤੀ ਨਾਲ ਗੁਰਮਤਾ ਪਾਸ ਕੀਤਾ ਕਿ, 'ਸਿੱਖਾਂ 'ਚ ਜਾਤ-ਪਾਤ ਦੇ ਖ਼ਿਆਲ ਨਾਲ ਕਿਸੇ ਵਿਅਕਤੀ ਨੂੰ ਉੱਚਾ ਜਾਂ ਨੀਵਾਂ ਨਹੀਂ ਮੰਨਿਆ ਜਾਂਦਾਪ ਇਸ ਲਈ ਹਰ ਇਕ ਜਾਤ 'ਚੋਂ ਸਜ ਕੇ ਆਏ ਸਿੱਖ ਨਾਲ ਸੰਗਤ ਪੰਗਤ ਦੁਆਰਾ ਅਭੇਦ ਵਰਤਿਆ ਜਾਵੇ।' ਇਸੇ ਤਰ੍ਹਾਂ ਜਾਤ-ਪਾਤ ਦੇ ਫ਼ਰਕ ਨੂੰ ਮਿਟਾਉਣ ਲਈ ਇਕ ਹੋਰ ਮਤਾ 15 ਮਾਰਚ 1927 ਨੂੰ ਪਾਸ ਕੀਤਾ ਗਿਆ, ਜਿਸ ਵਿਚ ਪੰਜਾਬ ਸਰਕਾਰ ਨੂੰ ਕਿਹਾ ਗਿਆ ਕਿ ਉਹ ਸਿੱਖਾਂ ਲਈ ਸਰਕਾਰੀ ਕਾਗਜ਼ਾਂ 'ਚ ਜਾਤ-ਪਾਤ ਨਾ ਲਿਖੇ। ਸ਼੍ਰੋਮਣੀ ਕਮੇਟੀ ਵਲੋਂ ਇਨ੍ਹਾਂ ਕਥਿਤ ਦਲਿਤ ਜਾਂ ਪੱਛੜੀਆਂ ਆਖੀਆਂ ਜਾਣ ਵਾਲੀਆਂ ਜਾਤਾਂ ਤੋਂ ਸਿੰਘ ਸਜੇ ਲੋਕਾਂ ਦੇ ਜੀਵਨ ਨੂੰ ਹਰ ਪੱਖ ਤੋਂ ਉੱਚਾ ਚੁੱਕਣ ਅਤੇ ਗੁਰਦੁਆਰਾ ਸੇਵਾ-ਸੰਭਾਲ ਵਿਚ ਬਰਾਬਰ ਭਾਈਵਾਲ ਬਣਾਉਣ ਲਈ ਕਮੇਟੀ ਦੇ ਮੈਂਬਰਾਂ ਵਿਚ ਵੀ ਇਨ੍ਹਾਂ ਦਾ ਰਾਖ਼ਵਾਂਕਰਨ ਆਰੰਭ ਕੀਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 28 ਅਪ੍ਰੈਲ 1985 ਨੂੰ ਪੰਜ ਸਿੰਘ ਸਾਹਿਬਾਨ ਵਲੋਂ ਇਕ ਆਦੇਸ਼ ਕੀਤਾ ਗਿਆ ਸੀ ਕਿ, 'ਕੋਈ ਸਿੰਘ ਜਾਂ ਸਿੰਘਣੀ ਆਪਣੇ ਨਾਮ ਨਾਲ ਜਾਤ, ਗੋਤ ਦੀ ਵਰਤੋਂ ਨਾ ਕਰੇ। ਜਾਤ, ਗੋਤ ਦੀ ਵਰਤੋਂ ਕਰਨੀ ਮਨਮਤ ਹੈ ਅਤੇ ਗੁਰੂ ਸਾਹਿਬ ਦੇ ਸਿਧਾਂਤਾਂ ਦੇ ਉਲਟ ਹੈ।'

ਪਰ ਦੁੱਖ ਦੀ ਗੱਲ ਹੈ ਕਿ ਅੱਜ ਬਹੁਤ ਸਾਰੀਆਂ ਸਿੱਖ ਸੰਸਥਾਵਾਂ, ਸੰਪਰਦਾਵਾਂ ਅਤੇ ਜਥੇਬੰਦੀਆਂ 'ਤੇ ਉਨ੍ਹੀਵੀਂ ਸਦੀ 'ਚ ਕਾਬਜ਼ ਰਹੇ 'ਮਹੰਤਾਂ' ਵਲੋਂ ਚਲਾਈਆਂ ਗਈਆਂ, ਗੁਰਮਤਿ ਵਿਰੋਧੀ ਕੁਰੀਤੀਆਂ ਅੱਜ ਵੀ, ਕਈ ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ 'ਚ 'ਪਰੰਪਰਾ' ਬਣ ਕੇ ਬੇਰੋਕ ਜਾਰੀ ਹਨ ਅਤੇ ਇਨ੍ਹਾਂ 'ਚੋਂ ਹੀ ਇਕ ਵੱਡੀ ਕੁਰੀਤੀ ਜਾਤ-ਪਾਤ ਦਾ ਵਰਤਾਰਾ ਹੈ। ਇਸ ਤਹਿਤ ਕਥਿਤ ਦਲਿਤ ਆਖੇ ਜਾਣ ਵਾਲੇ ਲੋਕਾਂ ਨਾਲ ਮਨੂੰਵਾਦੀ ਸਲੂਕ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਅੰਮਿਬ ਛਕਾਉਣ ਵੇਲੇ ਵੱਖਰੇ ਬਾਟੇ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਲਈ ਲੰਗਰ ਦੀ ਵੱਖਰੀ ਪੰਗਤ ਲਗਾਈ ਜਾਂਦੀ ਹੈ। ਇਹ ਸਿੱਖ ਕਨਮ ਦੇ ਭਵਿੱਖ ਲਈ ਬੇਹੱਦ ਖ਼ਤਰਨਾਕ ਵਰਤਾਰਾ ਹੈ। ਪਿੰਡਾਂ ਵਿਚ ਤੇਜ਼ੀ ਨਾਲ ਜਾਤਾਂ 'ਤੇ ਆਧਾਰਿਤ ਗੁਰਦੁਆਰੇ ਬਣ ਰਹੇ ਹਨ, ਜਿਨ੍ਹਾਂ ਵਿਚ ਦੂਜੀ ਜਾਤ ਦੇ ਸਿੱਖਾਂ ਦੇ ਦਾਖ਼ਲ ਹੋਣ ਤੱਕ ਪਾਬੰਦੀਆਂ ਲੱਗ ਰਹੀਆਂ ਹਨ। ਗੁਰੂ ਸਾਹਿਬਾਨ ਨੇ ਜਿਸ ਜਾਤ-ਪਾਤ ਨੂੰ ਖ਼ਤਮ ਕਰਨ ਲਈ ਸੰਗਤ ਅਤੇ ਪੰਗਤ, ਸਾਂਝੇ ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਬਣਾ ਕੇ ਚਾਰੇ ਵਰਣਾਂ, ਚਾਰੇ ਦਿਸ਼ਾਵਾਂ ਤੋਂ ਆਉਣ ਵਾਲੇ ਲੋਕਾਂ ਨੂੰ ਗਲੇ ਨਾਲ ਲਗਾਇਆ ਸੀ, ਅੱਜ ਉਹ ਜਾਤ-ਪਾਤ ਸਿੱਖ ਸਮਾਜ ਨੂੰ ਬੁਰੀ ਤਰ੍ਹਾਂ ਜਕੜ ਚੁੱਕੀ ਹੈ।

ਸਿੱਖ ਧਰਮ ਦਾ ਭਵਿੱਖ ਇਸ ਗੱਲ ਦੀ ਮੰਗ ਕਰਦਾ ਹੈ ਕਿ ਅੱਜ ਮੁੜ ਸਿੱਖ ਸਮਾਜ ਨੂੰ ਜਾਤ-ਪਾਤ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਪਣੀ ਇਤਿਹਾਸਕ ਭੂਮਿਕਾ ਤੋਂ ਸੇਧ ਲੈਂਦਿਆਂ ਵੱਡੇ ਉਦੇਸ਼ਾਂ 'ਤੇ ਆਧਾਰਿਤ ਧਰਮ ਪ੍ਰਚਾਰ ਲਹਿਰ ਆਰੰਭ ਕੀਤੀ ਜਾਵੇ, ਤਾਂ ਜੋ ਗੁਰੂ ਸਾਹਿਬਾਨ ਦੇ 'ਸਰਬ ਸਾਂਝੀਵਾਲਤਾ' ਵਾਲੇ ਮਹਾਨ ਫ਼ਲਸਫ਼ੇ ਨੂੰ ਵਿਸ਼ਵ ਸਮਾਜ ਅਤੇ ਮਨੁੱਖੀ ਭਾਈਚਾਰੇ ਦੇ ਪ੍ਰਸੰਗ ਵਿਚ ਰੱਖ ਕੇ ਸਹੀ ਰੂਪ 'ਚ ਸਮਝਣ ਦੀਆਂ ਅੰਤਰ-ਦ੍ਰਿਸ਼ਟੀਆਂ ਖੋਲ੍ਹੀਆਂ ਜਾ ਸਕਣ। ਸਿੱਖੀ ਤੋਂ ਟੁੱਟ ਰਹੇ ਭਾਈਚਾਰਿਆਂ ਨੂੰ ਗੁਰਮਤਿ ਸੱਭਿਆਚਾਰ ਨਾਲ ਜੋੜ ਕੇ 'ਚਾਰਿ ਵਰਨ ਇਕ ਵਰਨੁ ਕਰਾਇਆ' ਅਨੁਸਾਰ ਗੁਰੂ ਨਾਨਕ ਸਾਹਿਬ ਦੇ ਚਿਤਵੇ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਕੀਤੀ ਜਾਵੇ। ਰੰਘਰੇਟੇ ਸਿੱਖ, ਰਵਿਦਾਸੀਏ ਸਿੱਖ, ਕਬੀਰ ਪੰਥੀ ਸਿੱਖ, ਸ਼ਿਕਲੀਗਰ ਅਤੇ ਵਣਜਾਰੇ ਆਦਿ ਸਿੱਖਾਂ ਨੂੰ ਸਿੱਖ ਪੰਥ ਦਾ ਅਟੁੱਟ ਅੰਗ ਸਮਝ ਕੇ ਬਰਾਬਰ ਸਥਾਨ ਅਤੇ ਸਤਿਕਾਰ ਦਿੱਤਾ ਜਾਵੇ।